
# ਕਹਾਣੀ ਧਾਰਾ

35 ISSN 2321- 4449

ਵਿਸ਼ੇਸ਼ ਅੰਕ | ਮਰਾਠੀ ਦਲਿਤ ਕਹਾਣੀ



ਅਕਤੂਬਰ-ਦਸੰਬਰ, 2014

ਮੁੱਲ : 40/-

Year: 9 Issue No. 35

'KAHANI DHARA'(PUNJABI QUARTERLY) Oct-Dec., 2014 R.N.I. Regd No. PUN PUN 2006 / 19971


## ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ)
ਮੋਹਨ ਸਿੰਘ ਕੁੱਕੜਪਿੰਡੀਆਂ ਮੁੱਲ :260 ਰੁ., ਪੰਨੇ :255
ISBN:978-81-922343-0-4, Year:2011

2. ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ)
ਸਰੂਪ ਸਿਆਲਵੀ, ਮੁੱਲ: 150, ਪੰਨੇ: 160
ISBN:978-81-922343-1-1, Year:2011

3. ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ (ਆਲੋਚਨਾ)
ਸੰਪ. ਰਜਨੀਸ਼ ਬਹਾਦਰ ਸਿੰਘ, ਮੁੱਲ:150 ਰੁ., ਪੰਨੇ:112
ISBN:978-81-922343-2-8, Year:2012

4. ਕਦਮ ਕਦਮ ਚੌਰਾਹੇ (ਕਹਾਣੀ ਸੰਗ੍ਰਹਿ)ਬਿੰਦਰ ਬਸਰਾ,
ਮੁੱਲ:100 ਰੁ., ਪੰਨੇ: 112
ISBN:978-81-922343-3-5, Year:2012

5. ਮੇਰਾ ਬਚਪਨ ਮੇਰੇ ਮੋਢੇ (ਸਵੈ ਜੀਵਨੀ)
ਸ਼ਿਓਰਾਜ ਸਿੰਘ ਬੇਚੈਨ, ਅਨੁ. ਬਲਬੀਰ ਮਾਧੋਪੁਰੀ
ਮੁੱਲ: 200 ਰੁ., ਪੰਨੇ :192
ISBN:978-81-922343-4-2, Year:2012

6. ਪ੍ਰਤੀਨਿੱਧ ਦਲਿਤ ਕਹਾਣੀਆਂ (ਕਹਾਣੀ ਸੰਗ੍ਰਹਿ)
ਸੰਪਾਦਕ ਭਗਵੰਤ ਰਸੂਲਪੁਰੀ, ਮੁੱਲ:100, ਪੰਨੇ :192
ISBN:978-81-922343-5-9, Year:2013

7. 47-ਏ ਦਿੱਲੀ (ਕਹਾਣੀ ਸੰਗ੍ਰਹਿ)
ਮਹਿੰਦਰ ਸਿੰਘ ਤਤਲਾ, ਮੁੱਲ :150 ਰੁ., ਪੰਨੇ :144
ISBN:978-81-922343-6-6, Year:2013

8. ਕੁਵੇਲੇ ਤੁਰਿਆ ਪਾਂਧੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ, ਮੁੱਲ: 160, ਪੰਨੇ :112
ISBN:978-81-922343-7-3, Year:2013

9. ਮੈਂ ਸ਼ੈਤਾਨ ਤੇ ਇੰਦੂਮਣੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ, ਮੁੱਲ: 180, ਪੰਨੇ: 144
ISBN:978-81-922343-8-0, Year:2013

10. ਪਰਵਾਸ ਤੋਂ ਆਵਾਸ ਵੱਲ (ਕਹਾਣੀ ਸੰਗ੍ਰਹਿ)
ਸੰਪਾਦਕ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ,
ਹਰਜਿੰਦਰ ਪੰਧੇਰ, ਮੁੱਲ: 340 ਰੁ. ਪੰਨੇ :336
ISBN:978-81-922343-9-7, Year:2013

11. ਜ਼ਲਾਲਤ (ਸਵੈ ਜੀਵਨੀ) ਸਰੂਪ ਸਿਆਲਵੀ,
ਮੁੱਲ: 260 ਰੁਪੇ, ਪੰਨੇ :224
ISBN:978-93-83716-00-5, Year:2013

12. ਤੁਰਿਆ ਚੱਲ (ਕਵਿਤਾ) ਕਰਮ ਚੰਦ ਸੇਖੋਂ,
ਮੁੱਲ: 100 ਰੁ., ਪੰਨੇ: 144
ISBN:978-93-83716-01-2, Year:2013

13. ਵਿਦਰੋਹੀ ਸੁਰ (ਇਤਿਹਾਸ)
ਮਾ. ਮਲਕੀਤ ਸਿੰਘ+ਕਰਮ ਸਿੰਘ ਵਕੀਲ,
ਪੰਨੇ: 232, ਮੁੱਲ: 350
ISBN:978-93-83716-02-9, Year:2014

14. ਮੈਂ ਕੋਈ ਕੁਫ਼ਰ ਤੋਲਿਆ (ਵਿਅੰਗ)
ਬਲਰਾਜ ਸਿੰਘ, ਪੰਨੇ: 144, ਮੁੱਲ :150 ਰੁਪੇ.
ISBN:978-93-83716-03-6, Year:2014

15. ਦਾਨਾਬਾਦ ਬਨਾਮ ਸਿੰਘੋਵਾਲ (ਕਵਿਤਾ ਸੰਗ੍ਰਹਿ)
ਮੋਹਨ ਮਤਿਆਲਵੀ, ਪੰਨੇ: 112, ਮੁੱਲ: 150
ISBN:978-93-83716-04-3, Year:2014

16. ਮੈਂ ਕਿਉਂ ਜੀਅ ਰਿਹਾ (ਕਹਾਣੀ ਸੰਗ੍ਰਹਿ)
ਕਰਮਜੀਤ ਸਿੰਘ ਨਡਾਲਾ, ਪੰਨੇ: 144, ਮੁੱਲ: 160
ISBN:978-93-83716-05-0, Year:2014

17. ਦਾਰੋ ਘਤਿਤੀ (ਕਹਾਣੀ ਸੰਗ੍ਰਹਿ)
ਪ੍ਰੀਤ ਨੀਤਪੁਰ, ਪੰਨੇ: 160, ਮੁੱਲ: 200
ISBN:978-93-83716-06-7, Year:2014

18. ਸਾਹਿਤਕਾਰੀ ਅਤੇ ਸਾਹਿਤਕ ਪਰਿਪੇਖ(ਆਲੋਚਨਾ)
ਨਰਿੰਜਨ ਤਸਨੀਮ (ਪ੍ਰੋ.) ਪੰਨੇ: 160, ਮੁੱਲ: 230
ISBN:978-93-83716-07-4, Year:2014

19. ਅਣਖੀ ਬਿਰਤਾਂਤ ਦਾ ਸਮਾਜ ਸ਼ਾਸਤਰ
(ਆਲੋਚਨਾ)ਡਾ. ਨੀਲਮ ਸ਼ਰਮਾ, ਪੰਨੇ: 96, ਮੁੱਲ: 180
ISBN:978-93-83716-08-1, Year:2014

20. ਸਭਿਆਚਾਰਕ ਬਦਲਾਓ ਅਤੇ ਪੰਜਾਬੀ ਕਹਾਣੀ
(ਆਲੋਚਨਾ) ਡਾ.ਨੀਲਮ ਸ਼ਰਮਾ, ਪੰਨੇ:160, ਮੁੱਲ:230
ISBN:978-93-83716-09-8, Year:2014

21. ਡਾ. ਅੰਬੇਡਕਰ ਵਿਚਰਾਧਾਰਾ ਅਤੇ ਕਾਰਜ (ਚਿੰਤਨ)
ਮੁਖਤਿਆਰ ਸਿੰਘ ਅਰਸ਼ੀ, ਪੰਨੇ : 96, ਮੁੱਲ :150
ISBN:978-93-83716-10-4, Year:2014

22. ਮਾਂਏਂ ਮੇਰਾ ਦਿਲ ਕੰਬਿਆ (ਕਵਿਤਾਵਾਂ)
ਸੁਰਜੀਤ ਸੁਮਨ, ਪੰਨੇ : 96, ਮੁੱਲ : 150
ISBN:978-93-83716-11-1, Year:2014

23. ਪੰਜਾਬੀ ਦਲਿਤ ਕਹਾਣੀ ਅਧਾਰ ਤੇ ਅਧਿਐਨ
(ਆਲੋਚਨਾ) ਰਜਨੀਸ਼ ਬਹਾਦਰ ਸਿੰਘ,
ਪੰਨੇ :256 ਮੁੱਲ :375
ISBN:978-93-83716-12-8, Year:2014

24. ਪਰਵਾਸੀ ਪੰਜਾਬੀ ਕਹਾਣੀ ਸੰਵੇਦਨਾ (ਆਲੋਚਨਾ)
ਡਾ. ਰਿਪਨਜੀਤ ਕੌਰ, ਪੰਨੇ :128, ਮੁੱਲ: 200
ISBN:978-93-83716-13-5, Year:2014

ਪੁਸਤਕਾਂ ਮੰਗਵਾਉਣ ਲਈ ਸੰਪਰਕ ਕਰੋ

E.mail:parwazparkashan@gmail.com, Mob. 94170-64350

***ਅਕਤੂਬਰ-ਦਸੰਬਰ,2014 ਅੰਕ :35***

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

e-mail:
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**10 ਅੰਕ: ਡਾਲਰ:40, ਤੇ ਪੌਂਡ: 35**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ**
**(ਪ੍ਰਕਾਸ਼ਨ ਮਿਤੀ 28 ਨਵੰਬਰ, 2014)**

## ਤਰਤੀਬ

ਸੰਪਾਦਕੀ
ਲੇਖ:ਮਰਾਠੀ ਦਲਿਤ ਸਾਹਿਤ ਦੀ ਵਿਚਾਰਧਾਰਕ ਪਿੱਠਭੂਮੀ-ਡਾ. ਸੁਰੇਯਾ ਨਰਾਇਣ ਰਣਸੁੰਭੇ , ਡਾ. ਗੰਗਾਵਣੇ-2
ਮੁਲਾਕਾਤ-"ਹੁਣ ਭਾਰਤੀ ਸਾਹਿਤ ਵਿਚ ਵਿਆਪਕ ਵਿਦਰੋਹ ਹੋਵੇਗਾ" -ਸ਼ਰਣ ਕੁਮਾਰ ਲਿੰਬਾਲੇ-5
ਮਰਾਠੀ ਕਹਾਣੀਆਂ
1. ਕਬਰਿਸਤਾਨ ਦਾ ਸੋਨਾ/- ਅੰਣਾ ਭਾਊ-18
2. ਜਾਲ਼/- ਅੰਣਾ ਭਾਊ ਸਾਠੇ -24
3. ਸਾਰਾ ਅਕਾਸ਼ ਫਟ ਚੁੱਕਾ ਹੈ !/-ਮਾਧਵ-32
4. ਮੈਂ ਆਪਣਾ ਪਿੰਡ ਲੱਭ ਰਿਹਾਂ / -ਖਰਾਤ -38
5. ਪਰਉਪਕਾਰੀ/ - ਕੇਸ਼ਵ ਮੇਸ਼ਰਾਮ-44
6. ਉਦਾਸੀ / - ਸੁਧਾਕਰ ਗਾਇਕਵਾੜ -58
7. ਤਬਾਹੀ / - ਯੋਗੀਰਾਜ ਬਾਘਮਾਰੇ -70
8. ਪਡ / - ਅਮਿਤਾਭ -74
9. ਬਦਲਾ / - ਯੋਗਿੰਦਰ ਮੇਸ਼ਰਾਮ -79
10.ਦੁਬਿਧਾ/ - ਭੀਮਰਾਓ ਸ਼ਿਰਵਾਲੇ -89
11.ਇਹਨੂੰ ਛੱਡ ਕੇ ਕੋਈ ਵੀ.../ - ਸ਼ੰਕਰਰਾਓ ਸੁਰਡਕਰ -97
12.ਸ਼ਮਸ਼ਾਨ / - ਭਾਸਕਰ ਚੰਦਨਸ਼ਿਵ-103
13.ਨਿਆਮਤ / - ਸ਼੍ਰੀਰਾਮ ਗੁਨਦੇਕਰ-112
14.ਗਾਂਧੀ ਜੀ ਦੀ ਬੱਕਰੀ/ - ਲਕਸ਼ਮਣ ਗਾਇਕਵਾੜ -116
15.ਆਪਣੀਆਂ ਆਪਣੀਆਂ ਹੱਦਾਂ / - ਸ਼ਰਨ ਕੁਮਾਰ ਲਿੰਬਾਲੇ -121

*ਸਾਰੀ ਸਮੱਗਰੀ ਦਾ ਅਨੁਵਾਦ ਭਗਵੰਤ ਰਸੂਲਪੁਰੀ*

**ਇਹ ਅੰਕ**
**www.**
**Bhashavidha.**
**com**
**ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ**

**ਟਾਇਟਲ ਪੇਟਿੰਗ: ਸਾਵੀ ਸਵਰਕਰ**



## ਸੰਪਾਦਕੀ ਮਰਾਠੀ ਦਲਿਤ ਸਾਹਿਤ ਤੇ ਕਹਾਣੀ ਦੀ ਪਿੱਠ ਭੂਮੀ

1947 ਦੇ ਆਸ-ਪਾਸ ਮਹਾਂਰਾਸ਼ਟਰ ਵਿਚ ਦਲਿਤ ਸਮਾਜ 'ਚ ਵੱਡੀ ਪੱਧਰ ਤੇ ਸਮਾਜਿਕ, ਰਾਜਨੀਤਿਕ ਧਾਰਮਿਕ ਅਤੇ ਸਾਹਿਤਕ ਮੁੱਦਿਆਂ ਤੇ ਸੰਵਾਦ, ਵਿਚਾਰਾਂ ਅਤੇ ਇਸ ਸਬੰਧੀ ਹਲਚਲ ਹੋਣ ਲੱਗ ਪਈ ਸੀ। ਇਸ ਦੀ ਪਿੱਠਭੂਮੀ 'ਤੇ ਜੋਤੀਬਾ ਫੂਲੇ, ਸ਼ਤਰਪਤੀ ਸ਼ਾਹੂ ਜੀ ਮਹਾਰਾਜ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਕਾਰਜ ਸ਼ੀਲ ਸੀ। ਦਲਿਤ ਸਮਾਜ ਪ੍ਰਤੀ ਚਿੰਤਤ ਇਨ੍ਹਾਂ ਬੁੱਧੀਜੀਵੀਆਂ ਨੇ ਦਲਿਤ ਸਮਾਜ ਵਿਚਲੀਆਂ ਅਨੇਕਾਂ ਖਿੰਡੀਆਂ ਹੋਈਆਂ ਜਾਤੀਆਂ ਦੇ ਲੋਕਾਂ ਦਾ ਸਮਾਜਿਕ ਤੇ ਆਰਥਿਕ ਪੱਧਰ ਉੱਚਾ ਚੁੱਕਣ ਲਈ ਜ਼ਮੀਨੀ ਪੱਧਰ 'ਤੇ ਕਾਰਜ ਕਰਨਾ ਆਰੰਭ ਕਰ ਦਿੱਤਾ। ਵਿਦਿਆ ਦਾ ਪਸਾਰ ਇਕ ਅਹਿਮ ਕਾਰਜ ਸੀ ਜਿਹੜਾ ਇਹਨਾਂ ਦੇ ਯਤਨਾ ਨਾਲ ਆਰੰਭ ਹੋਇਆ। ਆਜ਼ਾਦੀ ਉਪਰੰਤ ਡਾ. ਅੰਬੇਡਕਰ ਦੇ ਕਾਨੂੰਨ ਮੰਤਰੀ ਬਣਨ ਤੇ ਭਾਰਤੀ ਸੰਵਿਧਾਨ 'ਚ ਦਲਿਤ ਸਮਾਜ ਨੂੰ ਉੱਚਾ ਚੁੱਕਣ ਲਈ ਅਧਿਕਾਰਾਂ ਦੀ ਮਦ ਪਾਉਣ ਅਤੇ ਉਨ੍ਹਾਂ ਨੂੰ ਬਰਾਬਰ ਦਾ ਦਰਜਾ ਦੇਣਾ, ਵਿਦਿਆ ਵਿਚ ਹਿੱਸੇਦਾਰੀ ਅਤੇ ਰਾਜਨੀਤੀ 'ਚ ਹਿੱਸੇਦਾਰੀ ਵਰਗੇ ਵੱਡੇ ਕਾਰਜ ਕਰਕੇ ਦਲਿਤ ਸਮਾਜ 'ਚ ਚੇਤਨਾ ਭਰੀ। ਭਾਵੇਂ ਇਹ ਚੇਤਨਾ ਪੂਰੇ ਦੇਸ਼ ਦੇ ਦਲਿਤ ਸਮਾਜ ਲਈ ਸੀ ਪਰ ਅੰਬੇਡਕਰ ਦੀ ਬੋਧਿਕ ਲਹਿਰ ਦਾ ਮਹਾਂਰਾਸ਼ਟਰ ਵਿਚ ਉਭਾਰ ਹੋਇਆ। ਉਥੋਂ ਦੇ ਦਲਿਤ ਲੋਕ ਜੋ ਪੜ੍ਹ ਲਿਖ ਕੇ ਚਿੰਤਨਸ਼ੀਲ ਬਣੇ ਅਤੇ ਇਨ੍ਹਾਂ 'ਚੋਂ ਸਾਹਿਤ ਤੇ ਰਾਜਨੀਤੀ ਵੱਲ ਵੀ ਆਏ। ਸਾਹਿਤਕਾਰਾਂ ਦੀਆਂ ਲਿਖਤਾਂ ਪਿੱਛੇ ਅੰਬੇਡਕਰ ਦਾ ਚਿੰਤਨ ਕਾਰਜਸੀਲ ਸੀ। ਜਿਸ ਕਾਰਨ 1960 ਦੇ ਆਸ ਪਾਸ ਮਰਾਠੀ ਭਾਸ਼ਾ ਵਿਚ ਦਲਿਤ ਸਾਹਿਤ ਦੀ ਗੱਲ ਉਭਰ ਕੇ ਸਾਹਮਣੇ ਆਈ। ਉਸ ਸਮੇਂ ਦਲਿਤ ਸਾਹਿਤ ਨੂੰ ਲੈ ਇਕ ਵੱਡਾ ਸੰਮੇਲਨ ਹੋਇਆ ਅਤੇ ਉਪਰੰਤ ਕੁਝ ਦਲਿਤ ਸਾਹਿਤ ਤੇ ਕੇਂਦਰਤ ਮੈਗਜ਼ੀਨ ਵੀ ਆਰੰਭ ਹੋ ਗਏ। ਪਿੰਡਾਂ 'ਚ ਵਿਦਿਆ ਦੇ ਪਸਾਰ ਨੇ ਇਨ੍ਹਾਂ ਪੇਂਡੂ ਖੇਤਰਾਂ ਵਿਚੋਂ ਉਹ ਲੇਖਕ ਸਾਹਮਣੇ ਆਉਣ ਲੱਗੇ ਜਿਨ੍ਹਾਂ ਨੇ ਜਾਤ-ਪਾਤ, ਛੂਆ-ਛੂਤ, ਕੰਗਾਲੀ ਅਤੇ ਭੁੱਖ-ਮਰੀ, ਸਮਾਜਿਕ ਤ੍ਰਿਸ਼ਕਾਰੀ, ਜ਼ਲਾਲਤ ਆਪਣੇ ਹੱਢਾ ਤੇ ਹੰਢਾਈ ਸੀ। ਇਨ੍ਹਾਂ ਦੇ ਸਾਹਿਤ ਨੇ ਮਰਾਠੀ ਸਾਹਿਤ 'ਚ ਇਕ ਤਰ੍ਹਾਂ ਨਾਲ ਹਲਚਲ ਪੈਦਾ ਕਰ ਦਿੱਤੀ। ਜਦੋਂ ਇਹ ਸਾਹਿਤ ਆਪਣੇ ਅਛੂਤੇ ਯਥਾਰਥ ਤੇ ਵਿਲੱਖਣ ਸਰੋਕਾਰਾਂ ਕਾਰਨ ਮਰਾਠੀ ਸਾਹਿਤ 'ਚ ਸਪੇਸ ਬਣਾਉਣ ਲੱਗ ਪਿਆ ਤਾਂ ਪ੍ਰੰਪਰਕ ਕਿਸਮ ਦੀਆਂ ਰਵਾਇਤੀ ਲੀਹਾਂ ਤੇ ਲਿਖਣ ਵਾਲੇ ਸਾਹਿਤਕਾਰਾਂ ਨੇ ਇਸ ਸਾਹਿਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਇਸਦੀ ਭਾਸ਼ਾ ਨੂੰ ਲੈ ਕੇ, ਕਲਾ ਪੱਖ ਨੂੰ ਲੈ ਕੇ, ਸੁਹਜ ਸਾਸ਼ਤਰ ਦੇ ਰਵਾਇਤੀ ਮਾਪਦੰਡਾਂ ਨੂੰ ਲੈ ਕੇ ਇਸ ਸਾਹਿਤ ਨੂੰ ਕਿਨਾਰੇ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹਦੇ ਬਾਵਜੂਦ ਆਪਣੀ ਸ਼ਕਤੀ ਨਾਲ ਇਹ ਸਾਹਿਤ ਉਭਰਿਆ। ਅੱਜ ਸਮਾਂ ਇਹ ਹੈ ਕਿ ਮਰਾਠੀ ਦਲਿਤ ਸਾਹਿਤ ਹੋਰ ਭਾਰਤੀ ਭਾਸ਼ਾਵਾਂ ਵਿਚ ਲਿਖੇ ਦਲਿਤ ਸਾਹਿਤ ਦਾ ਅਧਾਰ ਬਣਨ ਲੱਗਾ ਹੈ। ਮਰਾਠੀ ਦਲਿਤ ਸਾਹਿਤ ਦੀ ਪ੍ਰੇਰਨਾ ਨਾਲ ਹੋਰ ਭਾਰਤੀ ਜ਼ੁਬਾਨਾ 'ਚ ਦਲਿਤ ਸਾਹਿਤ ਲਿਖਿਆ ਜਾਣ ਲੱਗਾ। ਆਪਣੀ ਸਮਰੱਥਾ ਨਾਲ ਮਰਾਠੀ ਭਾਸ਼ਾ ਦੇ 30-35 ਲੇਖਕ ਅਜਿਹੇ ਹਨ ਜਿਹੜੇ ਭਾਰਤੀ ਭਾਸ਼ਾਵਾਂ 'ਚ ਅਨੁਵਾਦ ਹੋ ਕੇ ਪੂਰੇ ਭਾਰਤ 'ਚ ਚਰਚਿਤ ਹੋਏ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਉਨ੍ਹਾਂ ਦੀ ਪਛਾਣ ਗਲੋਬਲ ਪੱਧਰ ਤੇ ਬਣੀ। ਮਰਾਠੀ ਦਲਿਤ ਸਾਹਿਤ ਦੀ ਸ਼ਕਤੀ ਨੂੰ ਪਛਾਣਦਿਆਂ ਪੰਜਾਬੀ'ਚ ਦਲਿਤ ਸਾਹਿਤ ਖਾਸ ਕਰਕੇ ਸਵੈ-ਜੀਵਨੀਆਂ ਅਨੁਵਾਦ ਹੋ ਕੇ ਪਾਠਕਾਂ ਤੱਕ ਪਹੁੰਚੀਆਂ। ਇਸੇ ਧਾਰਾ ਨੂੰ ਅੱਗੇ ਤੋਰਦਿਆਂ 'ਕਹਾਣੀ ਧਾਰਾ' ਦਾ 'ਮਰਾਠੀ ਦਲਿਤ ਕਹਾਣੀ ਅੰਕ' ਤਿਆਰ ਕਰਨ ਦੀ ਵਿਊਂਤ ਉਲੀਕੀ ਗਈ ਹੈ।

ਮਰਾਠੀ ਭਾਸ਼ਾ 'ਚ 50 ਕੁ ਕਹਾਣੀਕਾਰ ਹਨ ਜਿਨ੍ਹਾਂ ਨੇ ਦਲਿਤ ਕਹਾਣੀ ਵਿਧਾ 'ਚ ਆਪਣਾ ਠੋਸ ਨਾਂ ਬਣਾਇਆ ਹੈ। ਪ੍ਰੰਤੂ ਇਥੇ ਅਸੀਂ ਆਪਣੀ ਸੀਮਤ ਸਮਰੱਥਾ ਦੇ ਕਾਰਨ 15 ਕੁ ਕਹਾਣੀਕਾਰਾਂ ਦੀਆਂ ਕਹਾਣੀਆਂ ਅਨੁਵਾਦ ਕਰਕੇ ਛਾਪ ਰਹੇ ਹਾਂ। ਇਹ ਕਹਾਣੀਆਂ 1960 ਤੋਂ ਲੈ ਕੇ ਹੁਣ ਤੱਕ ਦੇ ਕਹਾਣੀਕਾਰਾਂ ਦੀਆਂ ਉਹ ਕਹਾਣੀਆਂ ਹਨ ਜਿਨ੍ਹਾਂ ਨੇ ਦਲਿਤਾਂ ਦੀ ਬਦਲ ਰਹੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਗਤੀ ਨੂੰ ਆਪਣੀ ਭਾਸ਼ਾ ਰਾਹੀਂ ਆਪਣੇ ਘੜੇ ਹੋਏ ਸੁਹਜ਼ ਸਾਸ਼ਤਰ ਰਾਹੀਂ ਫੜਿਆ ਹੈ।

ਇਨ੍ਹਾਂ ਕਹਾਣੀਆਂ ਵਿਚ ਮਹਾਂਰਾਸ਼ਟਰ ਦੇ ਦਲਿਤ ਸਮਾਜ ਦੀਆਂ ਬੜੀਆਂ ਲੂੰ ਕੰਡੇ ਖੜੇ ਕਰ ਦੇਣ ਵਾਲੀਆਂ ਝਾਕੀਆਂ, ਪ੍ਰਸੰਗ ਅਤੇ ਘਟਨਾਵਾਂ ਨੂੰ ਬਿਆਨ ਕੀਤਾ ਗਿਆ ਹੈ। ਕਹਾਣੀਕਾਰਾਂ ਨੇ ਦਲਿਤ ਸਮਾਜ 'ਚ ਹਾਸ਼ੀਏ ਤੇ ਧਕੇਲ ਦਿੱਤੀਆਂ ਗਈਆਂ ਜਾਤਾਂ ਦੀ ਜ਼ਲੀਲਤਾਂ ਨੂੰ ਪੇਸ਼ ਕੀਤਾ ਹੈ। ਉਸ ਸਮਾਜ ਨੂੰ ਪੇਸ ਕੀਤਾ ਹੈ ਜਿਥੇ ਬੰਦੇ ਨੂੰ ਬੰਦਾ ਨਹੀਂ ਸਮਝਿਆ ਗਿਆ। ਜਿਸ ਸਮਾਜ ਵਿਚ ਬੰਦੇ ਨਾਲ ਪਸ਼ੂਆਂ ਵਰਗਾ ਵਿਹਾਰ ਹੁੰਦਾ ਹੈ। ਉਹਦੇ ਕੋਲ ਢਿੱਡ ਭਰਨ ਲਈ ਇਕ ਰੋਟੀ ਵੀ ਨਹੀਂ। ਇਨ੍ਹਾਂ ਕਹਾਣੀਆਂ 'ਚ ਉਹ ਸਮਾਜ ਪੇਸ਼ ਹੋਇਆ ਹੈ ਜਿਹਦੇ ਕੋਲ ਰੋਟੀ, ਕੱਪੜਾ, ਮਕਾਨ ਦੀਆਂ ਮੁੱਢਲੀਆਂ ਸਹੂਲਤਾਂ ਵੀ ਨਹੀਂ ਹਨ। ਇਸ ਸਮਾਜ 'ਚ ਜਦੋਂ ਵਿਦਿਆ ਦੇ ਅਧਿਕਾਰ ਨਾਲ ਇਕ ਪੀੜ੍ਹੀ ਵਿਚੋਂ ਵਿਰਲੇ ਵਿਰਲੇ ਲੋਕ ਪੜ੍ਹ ਗਏ ਅਤੇ ਉਨ੍ਹਾਂ 'ਚੋ ਕੁਝ ਨੌਕਰੀਆਂ 'ਚ ਆਉਂਦੇ ਹਨ, ਕੁਝ ਰਾਜਨੀਤੀ ਵਿਚ ਜਾਂਦੇ ਹਨ ਅਤੇ ਕੁਝ ਸਾਹਿਤ 'ਚ ਜਾਂਦੇ ਹਨ। ਇਨ੍ਹਾਂ ਨੇ ਆਪਣੇ ਆਪਣੇ ਪੱਧਰ ਤੇ ਆਪਣੇ ਆਪਣੇ ਪਲੇਟਫਾਰਮ ਤੇ ਇਸ ਸਮਾਜ ਨੂੰ ਪੇਸ਼ ਕੀਤਾ। ਭਾਵੇਂ ਕਿ ਇਹਨਾਂ ਦੀ ਗਿਣਤੀ ਬਹੁਤ ਥੋੜੀ ਸੀ। ਸਾਹਿਤ ਵਿਚ ਜਿਹੜੇ ਨੌਜਵਾਨ ਆਏ ਉਨ੍ਹਾਂ ਨੇ ਆਪਣੇ ਆਪਣੇ ਸਮਾਜ ਦੇ ਕਰੂਰ ਚਿਹਰੇ ਲੈ ਕੇ ਆਂਦੇ। ਸ਼ਰਣ ਕੁਮਾਰ ਲਿੰਬਾਲੇ, ਲਕਸ਼ਮਣ ਗਾਇਕਵਾਡ, ਕਿਸ਼ੋਰ ਸ਼ਾਂਤਾਬਾਈ ਕਾਲੇ, ਦਯਾ ਪਵਾਰ ਅਤੇ ਸੋਨਕਾਂਬਲੇ ਆਪਣੀਆਂ ਸਵੈ-ਜੀਵਨੀਆਂ ਵਿਚ ਆਪਣੇ ਆਪਣੇ ਸਮਾਜ ਦੀ ਕਲਚਰਲ ਹਿਸਟਰੀ ਨੂੰ ਲੈ ਕੇ ਆਏ। ਇਹ ਗੱਲਾਂ ਪਹਿਲਾਂ ਸਾਹਿਤ ਵਿਚ ਆਈਆਂ ਹੀ ਨਹੀਂ ਸਨ।

ਇਨ੍ਹਾਂ ਵਿਚੋਂ ਕੁਝ ਕਹਾਣੀਆਂ ਵੀ ਲਿਖਣ ਲੱਗ ਪਏ। ਉਨ੍ਹਾਂ ਨੇ ਆਪਣੇ ਆਪਣੇ ਸਮਾਜ ਦੀ ਵੇਦਨਾ ਤੇ ਸੰਵੇਦਨਾ ਨੂੰ ਕਹਾਣੀ ਰਾਹੀਂ ਪੇਸ਼ ਕੀਤਾ। ਇਨ੍ਹਾਂ ਕਹਾਣੀਆਂ ਵਿਚ ਲੇਖਕਾਂ ਨੇ ਉਹ ਪਾਤਰ ਪਹਿਲੀ ਵਾਰ ਲੈ ਕੇ ਆਂਦੇ ਜਿਨ੍ਹਾਂ ਬਾਰੇ ਕਲਪਨਾ ਵੀ ਨਹੀਂ ਕੀਤੀ ਜਾਂਦੀ ਸੀ ਕਿ ਇਹ ਕਦੇ ਸਾਹਿਤ ਦੇ ਪਾਤਰ ਬਣਨਗੇ। ਕਹਾਣੀਆਂ ਵਿਚ ਉਹ ਬੰਦਾ ਪੇਸ਼ ਹੋਇਆ ਜਿਹਦੇ ਕੋਲ ਕੋਈ ਧੰਦਾ ਹੀ ਨਹੀਂ ਸੀ, ਜਿਹਦੇ ਕੋਲ ਇਕ ਡੰਗ ਦੀ ਰੋਟੀ ਵੀ ਨਹੀਂ ਸੀ। ਉਹ ਕਬਰਿਸਤਾਨ ਵਿਚੋਂ ਦੱਬੇ ਮੁਰਦੇ ਪੁੱਟਦਾ ਹੈ, ਉਨ੍ਹਾਂ ਦੇ ਹੱਥਾਂ 'ਚ ਪਾਇਆ ਸੋਨਾ ਕੱਢਦਾ ਹੈ, ਉਸ ਨੂੰ ਵੇਚ ਕੇ ਆਪਣੇ ਘਰਦਾ ਢਿੱਡ ਭਰਦਾ ਹੈ। ਉਹ ਆਪਣੇ ਕਿੱਤੇ ਵਿਚ ਐਨਾ ਕੁਸ਼ਲ ਹੈ ਕਿ ਸੜੇ ਹੋਏ ਮੁਰਦੇ ਦੀ ਰਾਖ਼ 'ਚੋਂ ਵੀ ਸੋਨਾ ਕੱਢ ਲੈਂਦਾ ਹੈ। ਉਹ ਸਮਾਜ ਦੀਆਂ ਸਿਰਜੀਆਂ ਕਈ ਮਿੱਥਾਂ ਨੂੰ ਤੋੜਦਾ ਹੈ। ਅਜਿਹੇ ਪਾਤਰ ਵੀ ਆਉਂਦੇ ਹਨ ਜਿਹੜੇ ਪਿੰਡਾਂ 'ਚ ਥੋੜਾ ਬਹੁਤ ਪੜ੍ਹ ਕੇ ਸ਼ਹਿਰ ਦੀਆਂ ਬਸਤੀਆਂ 'ਚ ਆ ਕੇ ਲੀਡਰ ਬਣ ਜਾਂਦੇ ਹਨ। ਆਪਣੀ ਸਪੇਸ ਬਣਾ ਲੈਂਦੇ ਹਨ। ਇਨ੍ਹਾਂ ਦੇ ਨਾਹ ਪੱਖੀ ਪਹਿਲੂ ਨੂੰ ਵੀ ਲੇਖਕ ਪੇਸ ਕਰਦਾ ਹੈ।

ਕੁਝ ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਅਜਿਹੇ ਦਲਿਤ ਸਾਧਨ ਹੀਣ ਟੱਬਰਾਂ ਦੀ ਕਹਾਣੀ ਦਾ ਬਿਰਤਾਂਤ ਸਿਰਜਦੇ ਹਨ ਜਿਸ ਦੇ ਸਾਰੇ ਜੀਅ ਭੁੱਖ ਮਰੀ ਦਾ ਸ਼ਿਕਾਰ ਹਨ। ਇਸ ਭੁੱਖ ਮਰੀ 'ਚ ਟੱਬਰ ਦੇ ਵੱਖ ਵੱਖ ਪਾਤਰ ਜੋ ਬੇਰੋਜਗਾਰੀ 'ਚ ਕੰਮ ਲਈ ਭਟਕ ਰਹੇ ਹਨ ਪਰ ਉਨ੍ਹਾਂ ਅੰਦਰ ਕਾਮ ਦੀ ਭੁੱਖ ਕਿਵੇਂ ਭੜਕਦੀ ਤੇ ਬੁੱਝਦੀ ਹੈ ਇਹ ਅਹਿਸਾਸ ਪੇਸ਼ ਹੁੰਦੇ ਹਨ। ਅਜਿਹੇ ਪਾਤਰ ਵੀ ਆਉਂਦੇ ਹਨ ਜੋ ਪੜ੍ਹ ਲਿਖ ਕੇ ਬੇਰੋਜਗਾਰੀ ਦੀ ਚੱਕੀ ਵਿਚ ਪਿਸਦੇ ਹੋਏ ਪੈਂਥਰ ਵਰਗੀ ਦਲਿਤ ਜਥੇਬੰਦੀ 'ਚ ਸਾਮਿਲ ਹੁੰਦੇ



ਹਨ। ਇਹ ਕਹਾਣੀਆਂ ਦਲਿਤ ਔਰਤ ਦੀ ਤ੍ਰਾਸਦੀ ਵੀ ਉਭਾਰਦੀਆਂ ਹਨ। ਕਿਵੇਂ ਉੱਚ ਜਾਤੀ ਦੇ ਅਧਿਕਾਰੀ ਵਾਸਤੇ ਦਲਿਤ ਔਰਤ ਨੂੰ ਪਰੋਸਿਆ ਜਾਂਦਾ ਹੈ। ਦਲਿਤ ਔਰਤ ਦੀ ਕਰੁਣਾ ਨੂੰ ਹਰ ਲੇਖਕ ਪੇਸ਼ ਕਰਦਾ ਹੈ। ਕੁਝ ਕਹਾਣੀਆਂ ਪੜ੍ਹੇ ਲਿਖੇ ਦਲਿਤ ਪੀੜ੍ਹੀ ਦੇ ਨੌਜਵਾਨਾਂ ਨੂੰ ਚਿਤਰਦੀਆਂ ਹਨ। ਜੋ ਬੰਧੂਆਂ ਮਜਦੂਰ ਦੀ ਜਕੜ ਤੋਂ ਆਜ਼ਾਦ ਹੋ ਕੇ ਮਹਾਂਨਗਰ ਵਿਚ ਪਰਵਾਸ ਕਰਦੇ ਹਨ। ਉਥੇ ਭੁੱਖਮਰੀ ਦਾ ਵੱਖਰੀ ਤਰ੍ਹਾਂ ਦਾ ਵਿਕਰਾਲ ਰੂਪ ਦੇਖ ਕੇ ਉਹ ਜ਼ਰਾਇਮ ਪੇਸ਼ੇ ਵੱਲ ਤਿਲਕ ਜਾਂਦੇ ਹਨ। ਸਮਾਜਿਕ ਦਰਜਾਬੰਦੀ ਕਹਾਣੀਆਂ ਦੀ ਅਹਿਮ ਕੜੀ ਵਜੋਂ ਉਭਰਦੀ ਹੈ। ਜਿਸ ਵਿਚ ਸ਼ਮਸ਼ਾਨ ਘਾਟ ਵਿਚ ਨਿਮਨ ਜਾਤ ਦੇ ਲੋਕ ਮੁਰਦੇ ਦਫ਼ਨ ਨਹੀਂ ਕਰ ਸਕਦੇ। ਜਦੋਂ ਅਜਿਹਾ ਹੁੰਦਾ ਹੈ ਤੇ ਕਿਵੇਂ ਉਨ੍ਹਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ। ਜ਼ਰਾਇਮ ਪੇਸ਼ਾ ਕਬੀਲਿਆਂ ਦੇ ਵਿਕਰਾਲ ਦ੍ਰਿਸ਼ ਵੀ ਕਹਾਣੀਆਂ ਵਿਚ ਉਭਰਦੇ ਹਨ ਅਤੇ ਉਹ ਪਾਤਰ ਵੀ ਪੇਸ਼ ਹੁੰਦੇ ਹਨ ਜਿਹੜੇ ਪੜ੍ਹ ਲਿਖ ਕੇ ਦਲਿਤ ਲੇਖਕ ਬਣ ਜਾਂਦੇ ਹਨ ਅਤੇ ਫਿਰ ਉਹ ਦਲਿਤ ਤੇ ਦਲਿਤਾਂ ਬਾਰੇ ਲਿਖੇ ਸਾਹਿਤ ਦੇ ਨਾਂ ਤੇ ਹਰ ਸੁੱਖ-ਅਰਾਮ ਭੋਗਦੇ ਹਨ।

ਇਨ੍ਹਾਂ ਕਹਾਣੀਆਂ ਨੂੰ ਅਨੁਵਾਦ ਕਰਦਿਆਂ ਮੈਂ ਅਨੇਕਾਂ ਦਿਨ ਸੁੰਨ ਹੋਇਆ ਰਿਹਾ। ਇਹ ਕਹਾਣੀਆਂ ਦੇ ਪਾਤਰ ਤੇ ਕਹਾਣੀਆਂ ਦੇ ਦ੍ਰਿਸ਼ ਮੇਰੇ ਸੁਪਨਿਆਂ 'ਚ ਆਉਣ ਲੱਗ ਪਏ। ਕਈ ਦਿਨ ਮੈਂ ਬਹੁਤ ਉਦਾਸ ਰਿਹਾ। ਖਾਸ ਕਰਕੇ 'ਪਡ' ਕਹਾਣੀ ਦੇ ਬਿਰਤਾਂਤਕ ਦ੍ਰਿਸ਼ ਮੇਰੇ ਜ਼ਿਹਨ ਵਿਚ ਜੰਮ ਗਏ। ਜਿਸ 'ਚ ਇਕ ਦਲਿਤ ਜਾਤ ਦੀ ਬਸਤੀ ਭੁੱਖ ਮਰੀ ਨਾਲ ਪੀੜਤ ਹੈ ਅਤੇ ਜਦੋਂ ਉਨ੍ਹਾਂ ਨੂੰ ਇਕ ਮਰੇ ਹੋਏ ਪਸ਼ੂ ਦਾ ਪਤਾ ਲੱਗਦਾ ਹੈ ਤਾਂ ਉਹ ਉਸ ਮਰੇ ਡੰਗਰ ਦਾ ਮਾਸ ਲੈਣ ਲਈ ਵਹੀਰਾ ਘੱਤ ਕੇ ਦੌੜਦੇ ਹਨ। ਜੋ ਤਕੜਾ ਹੈ ਉਹ ਵੱਧ ਮਾਸ ਲੈਂਦਾ ਹੈ ਜੋ ਕਮਜ਼ੋਰ ਹੈ ਉਹ ਘੱਟ। ਉਸ ਬਸਤੀ ਦੇ ਲੋਕਾਂ ਲਈ ਢਿੱਡ ਦੀ ਭੁੱਖ ਮੁੱਖ ਮੁੱਦਾ ਹੈ। ਫਿਰ ਇੱਲ੍ਹਾਂ ਤੇ ਕਾਂਵਾਂ ਦੀ ਭੁੱਖ ਉਨ੍ਹਾਂ ਦੀ ਭੁੱਖ ਤੇ ਹਾਵੀ ਹੁੰਦੀ ਹੈ, ਉਹ ਭਾਂਢਿਆਂ ਵਿਚੋਂ ਮਾਸ ਚੁੱਕਣ ਲੱਗਦੇ ਹਨ। ਭੁੱਖ ਤੇ ਕੇਂਦਰਤ ਇਹ ਕਹਾਣੀ ਮੇਰੇ ਜ਼ਿਹਨ ਵਿਚ ਅਜੇ ਤੱਕ ਜੰਮੀ ਹੋਈ ਹੈ। ਅਜਿਹੇ ਸਮਾਜ ਦਾ ਜੀਵਨ ਪੱਧਰ ਕਿਵੇਂ ਉੱਚਾ ਚੁੱਕਿਆ ਜਾ ਸਕਦਾ ਹੈ। ਇਹ ਕਹਾਣੀਆਂ ਉਨ੍ਹਾਂ ਸਮਾਜਾਂ ਅਤੇ ਵੱਖ ਵੱਖ ਜਾਤਾਂ ਵਿਚ ਵੰਡੇ ਹੋਏ ਦਲਿਤਾਂ ਦੀ ਕਹਾਣੀ ਹੈ ਜਿਹਨੂੰ ਸਮਾਜ ਦਾ ਅੰਗ ਹੀ ਨਹੀਂ ਮੰਨਿਆ ਗਿਆ। ਇਸ ਦੀ ਭਾਸ਼ਾ ਤੇ ਸੁਹਜ ਨੂੰ ਲੈ ਕੇ ਬਹੁਤ ਨੁਕਤਿਆਂ ਤੇ ਸੰਵਾਦ ਤੁਰ ਸਕਦਾ ਹੈ। ਇਨ੍ਹਾਂ ਕਹਾਣੀਆਂ ਨੂੰ ਕਹਾਣੀ ਵਿਧਾ ਦੇ ਰਵਾਇਤੀ ਮਾਪਦੰਡਾਂ ਰਾਹੀਂ ਨਹੀਂ ਪਰਖਿਆ ਜਾ ਸਕਦਾ।

ਪਿਛਲੇ ਦਿਨੀਂ ਮੇਰੀ ਕਹਾਣੀ 'ਸੁੱਕੀਆਂ ਕੁੰਨਾਂ' ਤੇ ਗੋਸ਼ਟੀ ਵਿਚ ਕਹਾਣੀ ਦੇ ਵੱਡੇ ਨਾਂ ਪ੍ਰੇਮ ਪ੍ਰਕਾਸ਼ ਨੇ ਇਸ ਕਹਾਣੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਨ੍ਹਾਂ ਮੁਸ਼ਕ ਮਾਰਦੀਆਂ ਕੁੰਨਾਂ ਨੂੰ ਹੁਣ ਦਲਿਤ ਕਹਾਣੀਕਾਰਾਂ ਨੂੰ ਛੱਡ ਦੇਣਾ ਚਾਹੀਦਾ ਹੈ, ਹੁਣ ਸਮਾਜ ਅੱਗੇ ਚਲੇ ਗਿਆ ਅਜਿਹੀ ਗੰਦਗੀ ਕਾਰਨ ਇਸ ਕਹਾਣੀ ਨੂੰ ਦੂਜੇ ਲੋਕ ਨਹੀਂ ਪੜ੍ਹਨਗੇ। ਪ੍ਰੇਮ ਪ੍ਰਕਾਸ਼ ਇਸ ਦੀ ਭਾਸ਼ਾ ਤੇ ਘਟਨਾਵਾਂ ਨੂੰ ਲੈ ਕੇ ਇਹ ਟਿਪਣੀ ਆਪਣੀ ਜਾਤੀ ਚੇਤਨਾ ਦੇ ਭਾਰੂ ਹੋਣ ਕਰਕੇ ਕਰ ਰਿਹਾ ਸੀ। ਇਹੋ ਜਿਹੀਆਂ ਟਿਪਣੀਆਂ ਮਰਾਠੀ ਦਲਿਤ ਸਾਹਿਤ ਪ੍ਰਤੀ ਵੀ ਹੁੰਦੀਆਂ ਰਹੀਆਂ ਹਨ। ਜਦੋਂ ਮਰਾਠੀ ਦਲਿਤ ਲੇਖਕਾਂ ਦੀਆਂ ਲਿਖਤਾਂ ਆਉਣ ਲੱਗੀਆਂ ਤਾਂ ਮੁੱਖ ਧਾਰਾ ਦੇ ਲੇਖਕਾਂ ਨੇ ਉਨ੍ਹਾਂ ਦੀ ਭਾਸ਼ਾ ਨੂੰ ਲੈ ਕੇ, ਉਸ ਦੇ ਗੰਦੇ ਸਮਾਜ ਨੂੰ ਲੈ ਕੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਰਤੀ ਦਲਿਤ ਸਾਹਿਤ ਦੇ ਸੌਂਦਰਿਆ ਸਾਸ਼ਤਰ ਤੇ ਬਹੁਤ ਕੁਝ ਲਿਖਿਆ ਗਿਆ ਹੈ। ਲਿੰਬਾਲੇ ਨੇ ਇਹ ਮੁੱਦੇ ਪ੍ਰਮੁੱਖਤਾ ਨਾਲ ਉਭਾਰੇ ਹਨ। ਪੰਜਾਬੀ ਦਲਿਤ ਸਾਹਿਤ ਨੂੰ ਲੈ ਕੇ ਅਜਿਹੀਆਂ ਟਿਪਣੀਆਂ ਦਾ ਹੋਣਾ ਸੁਭਾਵਿਕ ਹੈ।

**ਇਹ ਅੰਕ www.Bhashavidha.com ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ।**

**-ਭਗਵੰਤ ਰਸੂਲਪੁਰੀ**

ਲੇਖ-

# ਮਰਾਠੀ ਦਲਿਤ ਸਾਹਿਤ ਦੀ ਵਿਚਾਰਧਾਰਕ ਪਿੱਠਭੂਮੀ

**-ਡਾ. ਸੁਰੇਯਾ ਨਰਾਇਣ ਰਣਸੁੰਭੇ / ਡਾ. ਕਮਲਾਕਰ ਗੰਗਾਵਣੇ**

Suryanarayan Ransubhe




**-ਡਾ. ਸੁਰੇਯਾ ਨਰਾਇਣ ਰਣਸੁੰਭ**

ਸੰਵਿਧਾਨਿਕ ਸੁਰੱਖਿਆ ਅਤੇ ਸਹੂਲਤਾਂ ਤੋਂ ਬਾਅਦ ਇਸ ਦੇਸ਼ ਦੀ ਵਰਣ ਵਿਵਸਥਾ 'ਚ ਸਾਰਿਆਂ ਤੋਂ ਥੱਲੇ ਦੀ ਸ਼੍ਰੇਣੀ ਦਾ ਵਰਣ ਅਤੇ ਉਸ ਨਾਲ ਸੰਬੰਧਤ ਵਿਭਿੰਨ ਜਾਤੀਆਂ ਅਤੇ ਵਰਣ ਤੋਂ ਵੀ ਬਾਹਰ ਜੀਉਣ ਵਾਲੀਆਂ ਜਨਜਾਤੀਆਂ ਸਿੱਖਿਆ ਦੇ ਦਾਇਰੇ ਵਿਚ ਆਉਣ ਲੱਗੀਆਂ। ਇਹ ਬਹੁਤ ਹੀ ਥੋੜੀ ਸੰਖਿਆ ਵਿਚ ਕਿਉਂ ਨਾ ਹੋਣ ਇਸ ਵਰਗ ਦੇ ਨੌਜਵਾਨ ਪੜ੍ਹ ਲਿਖ ਕੇ ਤਿਆਰ ਹੋਣ ਲੱਗੇ ਅਤੇ ਜੀਵਨ ਦੇ ਭਿੰਨ ਭਿੰਨ ਖੇਤਰਾਂ ਵਿਚ ਕਾਰਜ ਕਰਨ ਲੱਗੇ। ਇਸ ਵਰਗ ਦੇ ਸਿੱਖਿਆਕ ਯੁਵਕਾਂ ਦੇ ਅਸਤਿਤਵ ਨੂੰ ਹੀ ਨਕਾਰਿਆ ਗਿਆ। ਵਿਸ਼ੇਸ਼ ਕਰਕੇ ਪੇਂਡੂ ਖੇਤਰਾਂ ਵਿਚ ਇਹ ਸਥਿਤੀ ਭਿਆਨਿਕ ਰਹੀ ਅਤੇ ਅੱਜ ਵੀ ਹੈ। ਇਸ ਸਦੀ ਦੇ ਛੇਵੇਂ ਦਹਾਕੇ ਤੋਂ ਅੰਤ ਤੱਕ ਮਹਾਂਨਗਰਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਬੜੀ ਤੇਜ਼ੀ ਨਾਲ ਇਹਨਾਂ ਦੀ ਸੰਖਿਆ ਵਧਦੀ ਗਈ। ਇਥੋਂ ਤੱਕ ਇਸ ਹੀ ਗੱਲ ਦੀ ਸਹੂਲਤ ਸੀ। ਰੋਜਗਾਰ ਅਤੇ ਨੌਕਰੀ ਦੀ। ਇਥੇ ਵਸਣ ਤੋਂ ਬਾਅਦ ਜਾਂ ਉਹ ਆਪਣੇ ਪਿਛੋਕੜ ਤੋਂ ਕੱਟ ਕੇ ਜੀਉਣ ਲੱਗੇ ਅਤੇ ਆਪਣੇ ਵਿਦਰੋਹ ਅਤੇ ਹੋਂਦ ਦੀ ਲੜਾਈ ਦੇ ਲਈ ਸੰਗਰਸ਼ ਕਰਨ ਲੱਗੇ। ਅਸਤਿਤਵ ਦੀ ਇਸ ਲੜਾਈ ਦੇ ਵੱਖਰੇ ਨਤੀਜੇ ਹਨ। ਇਕ ਪਾਸੇ ਤਾਂ ਉਹ ਰਾਜਨੀਤਿਕ ਸੱਤਾ ਪ੍ਰਾਪਤ ਕਰਨਾ ਚਾਹੁੰਦਾ ਹੈ। ਸਾਂਸਦ ਅਤੇ ਵਿਧਾਨ ਸਭਾਵਾ ਵਿਚ ਉਨ੍ਹਾਂ ਲਈ ਸਥਾਨ ਸੁਰੱਖਿਅਤ ਹੋਣ ਤੇ ਸੱਤਾ ਪ੍ਰਾਪਤੀ ਲਈ ਉਹ ਸੰਗਰਸ ਕਰਦਾ ਹੈ। ਸੱਤਾ ਦੇ ਰਾਹੀ ਦਲਿਤਾਂ ਦਾ ਜੀਵਨ ਪੱਧਰ ਉੱਚਾ ਬਹੁਤ ਘੱਟ ਹੋਇਆ ਹੈ। ਇਹ ਸੱਚਾਈ ਹੈ। ਰਾਜਨੀਤਿਕ ਪੱਧਰ ਦਾ ਇਹ ਕਾਰਜ ਸਮਝੌਤਾਵਾਦੀ ਵਧੇਰੇ ਰਿਹਾ ਹੈ।

ਸੰਘਰਸ਼ ਦੀ ਦੂਜੀ ਦਿਸ਼ਾ ਅਰਥਾਤ ਆਰਥਿਕ ਖੇਤਰ ਦੀ ਹੈ। ਦਲਿਤਾਂ ਦੀ ਆਰਥਿਕ ਸਥਿਤੀ ਦੀ ਪੜਤਾਲ ਇਸ ਵਰਗ ਦੇ ਨੌਜਵਾਨਾ ਨੇ ਕੀਤੀ। ਰਾਖਵੇਂਕਰਨ ਨੂੰ ਭਰਨ ਸਮੇਂ ਹੋਈ ਬੇਈਮਾਨੀ, ਸ਼ੋਸ਼ਣ ਦੇ ਵਿਰੁੱਧ ਉਨ੍ਹਾਂ ਨੇ ਅਵਾਜ਼ ਉੱਠਾਈ। ਇਸ ਤਰ੍ਹਾਂ ਸੰਘਰਸ਼ ਵਿਚ ਵਧੇਰੇ ਕਰਕੇ ਨੌਜਵਾਨ ਮਾਰਕਸ ਤੋਂ ਪ੍ਰੇਰਤ ਰਹੇ ਅਤੇ ਪੂੰਜੀਵਾਦੀ ਵਿਵਸਥਾ ਦੇ ਵਿਰੋਧ ਵਿਚ ਸ਼ੋਸ਼ਣ ਵਾਲੀ ਅਰਥ ਵਿਵਸਥਾ ਹੀ ਦਲਿਤਾਂ ਦੀ ਇਸ ਸਥਿਤੀ ਲਈ ਜਿੰਮੇਵਾਰ ਰਹੀ ਹੈ। ਅਜਿਹਾ ਇਨ੍ਹਾਂ ਦਾ ਦਾਅਵਾ ਹੈ।

ਦਲਿਤ ਸਮਤਾ ਅਤੇ ਸੰਘਰਸ਼ ਦਾ ਸਭ ਤੋਂ ਮਹੱਤਵ ਪੂਰਨ ਪਹਿਲੂ ਸਮਾਜਿਕ ਰਿਹਾ ਹੈ। ਸੂਦਰਾਂ ਦੇ ਪ੍ਰਤੀ ਸਵਰਨਾਂ ਦਾ ਅੱਜ ਜਿਹੜਾ ਰਵੱਈਆਂ ਹੈ ਉਹ ਸਾਰੇ ਦੇਸ਼ ਦੇ ਚਿੰਤਕਾਂ ਦੇ ਸਾਹਮਣੇ ਚੁਣੌਤੀ ਦੇ ਰੂਪ ਵਿਚ ਖੜਾ ਹੈ। ਜਦੋਂ ਅਸੀਂ ਇਕ ਨਵੇਂ ਸੰਵਿਧਾਨ ਨੂੰ ਸਵੀਕਾਰ ਕਰ ਚੁੱਕੇ ਹਾਂ ਅਤੇ ਸਮਾਨਤਾ ਦੇ ਨਾਅਰੇ ਲਗਾ ਰਹੇ ਹਾਂ ਉਦੋਂ ਸਾਡੇ ਹੀ ਵਿਚ ਸਾਹ ਲੈਣ ਵਾਲਿਆਂ ਦੇ ਪ੍ਰਤੀ ਨਫ਼ਰਤ ਘਿਰਣਾ ਦਾ ਸਾਡਾ ਜਿਹੜਾ ਵਿਹਾਰ ਉਹ ਦੋਹਾਂ ਦੇ ਲਈ ਖਤਰਨਾਕ ਹੈ। ਇਕ ਪਾਸੇ ਉਸ ਨੂੰ ਆਪਣੀ ਹੋਂਦ ਦੀ ਪਹਿਚਾਣ ਹੋਣ ਲੱਗੀ ਤਾਂ ਦੂਜੇ ਪਾਸੇ ਉਹ ਸਵਰਣਾਂ ਦੀਆਂ ਕਮਜ਼ੋਰੀਆਂ ਨੂੰ ਸਪੱਸਟ ਰੂਪ ਵਿਚ ਅਨੁਭਵ ਕਰਨ ਲੱਗਾ। ਅਤੇ





ਅੰਣਾ ਭਾਊ ਸਾਠੇ


ਜਿਉਂ ਹੀ ਉਨ੍ਹਾਂ ਨੇ ਇਨ੍ਹਾਂ ਕਮਜੋਰੀਆਂ ਨੂੰ ਲੱਭ ਕੇ ਸਵਾਲ ਕਰਨੇ ਸ਼ੁਰੂ ਕੀਤੇ (ਧਰਮ, ਇਤਿਹਾਸ, ਸੰਸਕ੍ਰਿਤੀ, ਕਰਮਕਾਂਡ ਆਦਿ) ਤਾਂ ਸਵਰਨ ਚਿੜ ਗਏ ਅਤੇ ਫਿਰ ਉਨ੍ਹਾਂ ਉੱਤੇ ਨਵੇਂ ਸਿਰੇ ਤੋਂ ਅਤਿਆਚਾਰ ਸ਼ੁਰੂ ਹੋਇਆ।

ਆਪਣੀ ਸੁਤੰਤਰਤ ਪਹਿਚਾਣ ਦੀ ਇਸ ਲੜਾਈ ਦੇ ਅੰਤਿਮ ਅਤੇ ਠੋਸ ਨਤੀਜਾ ਸਾਹਿਤਕ ਪ੍ਰਗਟਾਵੇ ਦਾ ਰਿਹਾ। ਕਿਉਂਕਿ ਜਿਸ ਤਰ੍ਹਾਂ ਜੀਵਨ ਦੇ ਹੋਰ ਖੇਤਰਾਂ ਵਿਚ ਸ਼ੂਦਰ ਹਾਸ਼ੀਏ ਤੇ ਰਹੇ ਠੀਕ ਉਸੇ ਤਰ੍ਹਾਂ ਸਾਹਿਤ ਵਿਚ ਵੀ ਉਹ ਨਕਾਰੇ ਗਏ ਸੀ। ਪਿਛਲੇ ਸੈਕੜੇ ਸਾਲਾਂ ਵਿਚ ਲਿਖੇ ਗਏ ਸਾਹਿਤ ਨੇ ਸਵਰਨਾ ਦੀ ਪਹਿਚਾਣ ਨੂੰ ਹੀ ਠੋਸ ਰੂਪ ਵਿਚ ਬਣਾਇਆ ਹੈ। ਮਾਨਵਵਾਦ ਦਾ ਸੰਦੇਸ਼ ਦੇਣ ਵਾਲੇ ਇਸ ਸਾਹਿਤ ਵਿਚ ਕੇਵਲ ਦੋ ਜਾਤਾਂ ਨਾਲ ਜੁੜੇ ਹੋਏ ਜੀਵਨ ਦੀ ਪੇਸ਼ਕਾਰੀ ਹੋਈ ਹੈ। ਸ਼ੂਦਰ ਵਰਣ ਦੇ ਮਰਦ ਜਿੱਥੇ ਦਾਸ ਹਨ, ਮਛਿਆਰੇ ਹਨ, ਜਲਾਦ ਹਨ ਅਤੇ ਇਸਤਰੀਆਂ ਦਾਸੀਆਂ ਹਨ, ਗੁਲਾਮ ਹਨ ਭੋਗ ਦੇ ਸਾਧਨ ਹਨ। ਮਨੁੱਖ ਦੇ ਰੂਪ ਵਿਚ ਉਸ ਨੂੰ ਨਾ ਪੇਸ਼ ਕੀਤਾ ਗਿਆ ਤੇ ਨਾ ਹੀ ਸਵੀਕਾਰ ਕੀਤਾ ਗਿਆ। ਇਸ ਤਰ੍ਹਾਂ ਦੇ ਸਾਹਿਤ ਨੂੰ ਨਕਾਰ ਕੇ ਇਸ ਵਰਗ ਦੀ ਸੰਵੇਦਨਾ, ਪੀੜਾ ਅਤੇ ਉਸ ਉੱਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਅਭਿਵਿਅਕਤੀ ਦੇਣੀ ਜ਼ਰੂਰੀ ਸੀ। ਕਥਾ, ਭਾਸ਼ਾ ਅਤੇ ਸ਼ਿਲਪ ਦੇ ਪੱਧਰ ਤੇ ਪਰੰਪਰਾ ਤੋਂ ਇਕ ਦਮ ਅਲੱਗ ਹੋ ਜਾਣ ਦੇ ਕਾਰਨ ਸ਼ੁਰੂ ਸ਼ੁਰੂ ਵਿਚ ਇਸ ਸਾਹਿਤ ਦੀ ਖਿੱਲੀ ਉਡਾਈ ਗਈ, ਗਹਿਰੀ ਸੰਵੇਦਨਾ ਦੇ ਕਾਰਨ ਇਸਨੂੰ ਸਵਿਕਾਰ ਕਰ ਲਿਆ ਗਿਆ।

ਮਹਾਂਰਾਸ਼ਟਰ ਦੇ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਦਲਿਤਾਂ ਦੀ ਵਿੱਥਿਆ ਮਾਤਰ ਸਿਰਜਣਾਤਮਕ ਪੱਧਰ ਤੇ ਵਿਅਕਤ ਨਹੀਂ ਹੋਈ ਹੈ ਅਰਥਾਤ ਸੰਘਰਸ਼, ਵਿਦਰੋਹ, ਰਿਜੇਕਸ਼ਨ-ਇਨ੍ਹਾਂ ਤਿੰਨਾਂ ਪੱਥਰਾਂ ਉੱਤੇ ਗੈਰ ਸਾਹਿਤਕ ਅੰਦੋਲਨ ਦੁਆਰਾ ਵੀ ਉਭਰਨ ਲੱਗੀ। ਇਸ ਤਿੰਨ ਪੱਧਰੀ ਅੰਦੋਲਨ ਨੇ ਹੀ ਇਥੇ ਸਿਰਜਣਾ ਦੇ ਲਈ ਜ਼ਰੂਰੀ ਭੂਮੀ ਤਿਆਰ ਕਰ ਦਿੱਤੀ। ਡਾ. ਬਾਬਾ ਸਾਹਿਬ ਅੰਬੇਡਕਰ ਦੀ ਅਗਵਾਈ ਵਿਚ ਅਛੂਤਾਂ ਦਾ ਸਮਾਜਿਕ ਬਰਾਬਰੀ ਦਾ ਜਿਹੜਾ ਅੰਦੋਲਨ ਚਲ ਰਿਹਾ ਸੀ, ਉਸਦੀ ਸਾਹਿਤਕ ਪ੍ਰਤੀਕ੍ਰਿਆ ਹੀ 'ਦਲਿਤ ਸਾਹਿਤ' ਹੈ। ਇਹ ਸਾਹਿਤਕ ਅੰਦੋਲਨ ਸਮਾਜਿਕ ਅੰਦੋਲਨ ਵਿਚੋਂ ਉਭਰਿਆ ਹੈ। ਵਿਦਰੋਹ ਦੀ ਇਹ ਆਵਾਜ਼ ਸਭ ਤੋਂ ਪਹਿਲਾਂ ਮਹਾਂਰਾਸ਼ਟਰ ਵਿਚ ਜੋਤੀ ਰਾਓ ਫੂਲੇ ਨੇ ਉਭਾਰੀ। ਉਸਦਾ ਵਿਸ਼ਵਾਸ ਸੀ ਕਿ ਨਿਮਨ ਵਰਗ ਦੇ ਲੋਕਾਂ ਨੂੰ ਆਪਣੀ ਸਥਿਤੀ ਆਪਣੇ ਹਥਿਆਰਾਂ ਨਾਲ ਬਦਲਣੀ ਚਾਹੀਦੀ ਹੈ। ਕੋਹਲਾਪੁਰ ਦੇ ਮਹਾਰਾਜ ਸ਼ਾਹੂ ਮਹਾਰਾਜ ਨੇ ਫੂਲੇ ਦੀ ਵਿਚਾਰਿਕ ਪਰੰਪਰਾ ਨੂੰ ਆਤਮਸਾਤ ਕੀਤਾ ਸੀ। ਆਪਣੇ ਰਾਜ ਵਿਚ ਉਸ ਨੇ ਅਛੂਤਾਂ ਨੂੰ ਸਿੱਖਿਆ ਵਿਚ ਸਹੂਲਤ ਦਿੱਤੀ। ਜੋਤੀਬਾ ਫੂਲੇ ਅਤੇ ਸ਼ਾਹੂ ਮਹਾਰਾਜ ਦੇ ਇਕ ਕਾਰਜ ਨੂੰ ਡਾ ਬਾਬਾ ਸਾਹਿਬ ਅੰਬੇਡਕਰ ਨੇ ਵਧੇਰੇ ਤੇਜੀ ਨਾਲ ਅੱਗੇ ਵਧਾਇਆ। ਮ੍ਰਿਤੂ ਦੇ ਕੁਝ ਮਹੀਨੇ ਪਹਿਲਾਂ ਉਨ੍ਹਾਂ ਨੇ ਬੁੱਧ ਧਰਮ ਸਵੀਕਾਰ ਕਰ ਲਿਆ। ਬੁੱਧ ਧਰਮ ਤੇ ਤਿਨ ਸੂਤਰ ਦੇ ਅਧਾਰ ਉੱਤੇ (ਬੁੱਧਮ ਸ਼ਰਮਣ ਗੱਛਮ, ਧਰਮਮ ਸ਼ਰਣਮ ਗੱਛਮ, ਸੰਘਮ ਸ਼ਰਣਮ ਗੱਛਮ) ਕਿਹਾ ਕਿ Agitate ਲਈ ਤਿਆਰ ਹੋ ਜਾਵੋ। ਮਹਾਂਰਾਸ਼ਟਰ ਦੇ ਦਲਿਤ ਅੰਦੋਲਨ ਨੇ ਇਨ੍ਹਾਂ ਤਿੰਨਾਂ ਸੂਤਰਾਂ ਨੂੰ ਸਵੀਕਾਰ ਕੀਤਾ ਹੈ। ਦਲਿਤ ਸਾਹਿਤ ਦੀ ਵਿਚਾਰਕ ਪਿਛੋਕੜ ਵਿਚ ਵੀ ਇਹ ਤਿੰਨ ਸੂਤਰ ਹਨ।

ਬਾਬਾ ਸਾਹਿਬ ਦੇ ਸਦੀਵੀਂ ਵਿਛੋੜੇ ਤੋਂ ਬਾਅਦ ਦਲਿਤ ਲੇਖਕਾਂ ਦਾ ਪਹਿਲਾਂ ਸੰਮੇਲਨ ਬੰਬਈ ਵਿਚ ਹੋਇਆ। 'ਪ੍ਰਬੁੱਧ ਭਾਰਤ' ਨਾ ਦਲਿਤਾਂ ਦੀ ਇਕ ਮਾਤਰ ਸਾਹਿਤਕ ਪੱਤ੍ਰਿਕਾ ਨੇ ਆਪਣੇ ਸੰਪਾਦਕੀ ਵਿਚ

ਲਿਖਿਆ, "ਇਸ ਵਿਚੱਤਰ ਸਮਾਜਿਕ ਵਿਵਸਥਾ ਦੇ ਵਿਰੁੱਧ ਦਲਿਤ ਸਮਾਜ ਨੂੰ ਨਿਰੰਤਰ ਵਿਦਰੋਹ ਕਰਨਾ ਹੋਵੇਗਾ। ਇਸ ਵਿਦਰੋਹ ਦਾ ਇਤਿਹਾਸ ਹੀ 'ਦਲਿਤ ਸਾਹਿਤ' ਹੈ।'



ਦਯਾ ਪਵਾਰ

ਪ੍ਰਗਤੀਵਾਦੀ ਸਾਹਿਤਕ ਅੰਦੋਲਨ ਦਾ ਅਜਿਹਾ ਵਿਸ਼ਵਾਸ ਹੈ ਕਿ ਆਰਥਿਕ ਕ੍ਰਾਂਤੀ ਤੋਂ ਬਾਅਦ ਆਰਥਿਕ ਸਮਤਾ ਦੀ ਸਥਾਪਨਾ ਹੋਵੇਗੀ ਅਤੇ ਸਾਰੇ ਤਰ੍ਹਾਂ ਦੀਆਂ ਸਮਾਜਿਕ ਸਮੱਸਿਆਵਾਂ ਸੁਲਝ ਜਾਣਗੀਆਂ। ਮਾਰਕਸਵਾਦੀ ਇਹ ਮੰਨਦੇ ਹਨ ਕਿ ਅਛੂਤਾਂ ਦੀ ਇਹ ਸਥਿਤੀ ਦੇ ਲਈ ਆਰਥਿਕ ਕਾਰਨ ਹੀ ਜਿੰਮੇਵਾਰ ਹਨ। ਇਥੇ ਸਾਨੂੰ ਮਾਰਕਸ ਅਤੇ ਅੰਬੇਡਕਰ ਦੇ ਵਿਚਾਰਿਕ ਅੰਤਰ ਨੂੰ ਵੀ ਸਪੱਸ਼ਟ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ। ਕਿਉਂਕਿ ਅੱਜ ਦੇ ਦਲਿਤ ਲੇਖਕਾਂ ਵਿਚੋਂ ਇਨ੍ਹਾਂ ਦੋਹਾਂ ਦੇ ਵਿਚਾਰਾਂ ਨੂੰ ਲੈ ਕੇ ਦੋ ਦਲ ਉਭਰ ਆਏ ਹਨ। ਇਕ ਵਰਗ ਮਾਰਕਸ ਅਤੇ ਅੰਬੇਡਕਰ ਇਨ੍ਹੇ ਦੋਹਾਂ ਨੂੰ ਸਵੀਕਾਰ ਕਰਦਾ ਹੈ। ਇਨ੍ਹਾਂ ਦੋਹਾਂ ਵਿਚ ਉਸ ਨੂੰ ਵਿਚਾਰਧਾਰਿਕ ਅੰਤਰਵਿਰੋਧ ਵਿਖਾਈ ਨਹੀਂ ਦਿੰਦਾ। ਸਨਾਤਨੀ ਹਿੰਦੂ ਮਾਨਸਿਕਤਾ, ਆਰਥਿਕਤਾ ਅਤੇ ਪੂੰਜੀਵਾਦੀ ਵਿਵਸਥਾ ਇਨ੍ਹਾਂ ਤਿੰਨਾਂ ਨੂੰ ਇਹ ਵਰਗ ਅਛੂਤਾਂ ਦੀ ਸਥਿਤੀ ਦੇ ਲਈ ਜਿੰਮੇਵਾਰ ਮੰਨਦਾ ਹੈ। ਪ੍ਰੰਤੂ ਦੂਜਾ ਵਰਗ ਕੇਵਲ ਡਾ. ਬਾਬਾ ਸਾਹਿਬ ਅੰਬੇਡਕਰ ਦੇ ਵਿਚਾਰਾ ਨੂੰ ਹੀ ਸਵੀਕਾਰ ਕਰਦਾ ਹੈ। ਭਾਰਤ ਵਿਚ ਸਵਰਣਾਂ ਦੇ ਮਾਰਕਸ ਦਾ ਉਪਯੋਗ ਆਪਣੇ ਸਵਾਰਥ ਦੇ ਲਈ ਹੀ ਕੀਤਾ ਹੈ, ਹੁਣ ਮਾਰਕਸ ਦੀ ਇਥੇ ਪ੍ਰਸੰਗਕਤਾ ਨਹੀਂ ਰਹੀ। ਅਜਿਹੀ ਇਨ੍ਹਾਂ ਦੀ ਧਾਰਨਾ ਹੈ।

ਇਸ ਤਰ੍ਹਾਂ ਸੰਨ 1968 ਤੱਕ ਦਲਿਤ ਸਾਹਿਤ ਆਪਣੀ ਵਿਚਾਰਧਾਰਕ ਬੁਨਿਆਦ ਬਣਾਉਣ ਦੀ ਪ੍ਰਕ੍ਰਿਆ ਤੋਂ ਲੰਘ ਰਿਹਾ ਸੀ। ਫੂਲੇ, ਸਾਹੂ ਮਹਾਰਾਜ, ਮਾਰਕਸ ਅਤੇ ਵਿਦਰੋਹੀ ਨੀਗਰੋ ਸਾਹਿਤ ਨੂੰ ਆਪਣੀ ਵਿਚਾਰਕ ਪਿੱਠਭੂਮੀ ਦੇ ਰੂਪ ਵਿਚ ਉਹ ਸਵੀਕਾਰ ਕਰ ਚੁੱਕਾ ਸੀ। ਇਨ੍ਹਾਂ ਸਾਲਾਂ ਵਿਚ ਔਰੰਗਾਬਾਦ (ਮਰਾਠਵਾੜਾ, ਮਹਾਂਰਾਸ਼ਟਰ) ਵਿਚ ਮਿਲਿੰਦ ਸਾਹਿਤ ਪਰਿਸ਼ਦ ਦੀ ਸਥਾਪਨਾ ਹੋਈ ਅਤੇ ਦਲਿਤਾਂ ਦੀ ਅਭਿਵਿਅਕਤੀ ਦੇ ਲਈ 'ਅਸਿਮਤਾ' ਨਾਂ ਦੀ ਤ੍ਰੈਮਾਸਿਕ ਪੱਤ੍ਰਿਕਾ ਦਾ ਪ੍ਰਕਾਸ਼ਨ ਸ਼ੁਰੂ ਹੋਇਆ। ਇਸਦੇ ਮੁਢਲੇ ਸੰਪਾਦਕਾਂ ਵਿਚ ਡਾ ਮਨੋਹਰ ਬਾਨਖੇਡੇ, ਪ੍ਰੋ. ਗੰਗਾਧਰ ਪਾਨਤਵਣੇ, ਪ੍ਰੋ. ਰਾ. ਗ. ਜਾਘਵ, ਪ੍ਰੋ. ਲ. ਬਾ. ਰਾਏਮਾਨੇ, ਸ੍ਰੀ ਵਾਮਨ ਨਿਬਾਂਣੇਕਰ ਅਤੇ ਸੁਖਰਾਮ ਹਿਵਰਾਲੇ ਸਨ। ਬਾਅਦ ਵਿਚ ਪ੍ਰੋ. ਗੰਗਾਧਰ ਪਾਨਤਾਵਣੇ ਇਸਦੇ ਸੰਪਾਦਕ ਬਣ ਗਏ। ਹੁਣ ਤੱਕ ਇਹ ਪੱਤ੍ਰਿਕਾ ਨਿਕਲ ਰਹੀ ਹੈ। ਹੁਣ ਇਸ ਦਾ ਨਾਂ 'ਅਸ਼ਿਮਤਾਦਰਸ਼' ਹੈ ਅਤੇ ਇਹ ਪੱਤ੍ਰਿਕਾ ਦਲਿਤ ਸਾਹਿਤ ਅੰਦੋਲਨ ਦੀ ਪ੍ਰਤਿਨਿਧ ਪੱਤ੍ਰਿਕਾ ਬਣ ਗਈ ਹੈ। ਇਸ ਪੱਤ੍ਰਿਕਾ ਨੇ ਹੀ ਇਸ ਅੰਦੋਲਨ ਨੂੰ ਸਹੀ ਦਿਸ਼ਾ ਦਿੱਤੀ।

ਸੰਨ 1969 ਵਿਚ 'ਦਲਿਤ ਸਾਹਿਤ' ਇਹ ਸ਼ਬਦ ਸਵੀਕਾਰਨ ਯੋਗ ਹੋ ਗਿਆ। ਸ਼ਬਦ ਸਵੀਕਾਰਨ ਤੋਂ ਬਾਅਦ ਇਸ ਸ਼ਬਦ ਦੀ ਪਰਿਭਾਸ਼ਾ ਅਤੇ ਉਸਦੇ ਖੇਤਰ ਦੀ ਸੀਮਾ-ਵਿਸ਼ਾਲਤਾ ਨੂੰ ਲੈ ਕੇ ਬਹਿਸ ਸ਼ੁਰੂ ਹੋਈ। ਅੱਜ ਵੀ ਇਸ ਸਬੰਧ ਵਿਚ ਅਨੇਕ ਮੱਤਭੇਦ ਹਨ।

1. ਇਹ ਸਾਹਿਤ ਵਿਦਰੋਹੀ ਸਮਾਜ ਨੂੰ ਵੱਖਰੇ ਤੌਰ 'ਤੇ ਸਵਿਕਾਰਨ ਦੀ ਸਹੂਲਤ ਪ੍ਰਦਾਨ ਕਰਦਾ ਹੈ ਅਤੇ ਵਿਦਰੋਹੀ ਸਮਾਜ ਨੂੰ ਆਤਮ ਪਰਿਵਰਤਨ ਲਈ ਕਹਿੰਦਾ ਹੈ। ਇਸਦੀ ਸਿਰਜਣਾ ਦੋਹਾਂ ਵਰਗਾਂ ਦੇ ਲਈ ਹੋਈ ਹੈ।

2. ਜਿਹੜਾ ਸਾਹਿਤ ਸਮਾਜਿਕ ਤਬਦੀਲੀ ਲਈ ਕਹਿੰਦਾ ਹੈ ਅਤੇ ਜਿਹੜਾ ਸਾਹਿਤ ਕ੍ਰਾਂਤੀ ਦੇ ਵੱਲ ਪ੍ਰੇਰਦਾ ਹੈ ਉਹ ਸਾਹਿਤ ਦਲਿਤ ਸਾਹਿਤ ਹੈ।



3. ਦਲਿਤਾਂ ਦੀ ਸਮੱਸਿਆ ਮਾਨਵੀ ਸੁਤੰਤਰਤਾ ਦੀ ਸਮੱਸਿਆ ਹੈ। ਇਨ੍ਹਾਂ ਦੀ ਸਮੱਸਿਆ ਦਾ ਅਨੁਭਵ ਆਏ ਬਗੈਰ ਮਾਨਵੀ ਸੁਤੰਤਰਤਾ ਦੀ ਸਮੱਸਿਆ ਦਾ ਅਰਥ ਸਮਝ ਵਿਚ ਨਹੀਂ ਆਵੇਗਾ। ਇਸ ਤਰ੍ਹਾਂ ਦਾ ਵਿਆਪਿਕ ਅਨੁਭਵ ਜਿਸ ਸਾਹਿਤ ਦੇ ਮੂਲ ਵਿਚ ਹੈ ਉਹ ਦਲਿਤ ਸਾਹਿਤ ਹੈ। ਇਹ ਸਾਹਿਤ ਜਿਸ ਤਰ੍ਹਾਂ ਦਲਿਤਾਂ ਦਾ ਹੁੰਦਾ ਹੈ ਠੀਕ ਉਸੇ ਤਰ੍ਹਾਂ ਸਮੁੱਚੇ ਮਾਨਵਤਾ ਦਾ ਵੀ ਹੁੰਦਾ ਹੈ।

4. ਦਲਿਤ ਸੰਵੇਦਨਾ ਨਾਲ ਜਿਸ ਸਾਹਿਤ ਦਾ ਨਿਰਮਾਣ ਹੁੰਦਾ ਹੈ ਉਹ ਦਲਿਤ ਸਾਹਿਤ ਹੈ। ਮਨੁੱਖ ਦੀ ਸੁਤੰਤਰਤਾ ਇਸ ਸੰਵੇਦਨਾ ਦੀ ਮੂਲ ਪ੍ਰੇਰਨਾ ਹੁੰਦੀ ਹੈ। ਦਲਿਤ ਦ੍ਰਿਸ਼ਟੀਕੋਣ ਅਤੇ ਉਸ ਦ੍ਰਿਸ਼ਟੀਕੋਣ ਪ੍ਰਤੀ ਤਿੱਖੀ ਆਸਥਾ ਦਾ ਅਰਥ ਹੈ ਦਲਿਤ ਸੰਵੇਦਨਾ।

ਸਮੀਖਿਆਕਾਰਾਂ ਵਿਚ ਇਕ ਅਜਿਹਾ ਵੀ ਵਰਗ ਹੈ ਜਿਹੜਾ ਇਹ ਮੰਨਦਾ ਹੈ ਕਿ 'ਦਲਿਤਾਂ ਵੱਲੋਂ ਦਲਿਤਾਂ ਦੇ ਲਈ ਲਿਖਿਆ ਸਾਹਿਤ ਹੀ ਦਲਿਤ ਸਾਹਿਤ ਕਿਹਾ ਜਾਣਾ ਚਾਹੀਦਾ ਹੈ' ਭਾਵ ਕਿ ਸੰਵੇਦਨਸ਼ੀਲਤਾ ਅਤੇ ਵਿਦਰੋਹ, ਸੰਘਰਸ਼ ਅਤੇ ਪਰਿਵਰਤਨ ਦੀ ਪ੍ਰੇਰਨਾ ਜਿਸ ਵਿਚ ਹੋਵੇ ਉਸ ਨੂੰ ਦਲਿਤ ਸਾਹਿਤ ਕਿਹਾ ਜਾਵੇਗਾ ਭਾਵ ਕਿ ਲੇਖਕ ਕਿਸ ਵਰਗ ਵਿਚੋਂ ਆਇਆ ਹੈ ਇਸ ਨੂੰ ਵੇਖ ਕੇ ਦਲਿਤ ਸਾਹਿਤ ਦੀ ਕੋਟੀ ਵਿਚ ਉਸੇ ਨੂੰ ਰੱਖਿਆ ਜਾਵੇਗਾ? ਮਾਰਕਸਵਾਦੀ ਅਤੇ ਉਦਾਰ ਮਤਵਾਦੀ ਦਲਿਤ ਸਮੀਖਿਅਕ ਕੇਵਲ ਸੰਵੇਦਨਸ਼ੀਲਤਾ, ਚਿਤ੍ਰਣ ਦੇ ਯਥਾਰਥ ਅਤੇ ਸੰਘਰਸ਼ ਦੀ ਪ੍ਰਕ੍ਰਿਤੀ ਨੂੰ ਦਲਿਤ ਸਾਹਿਤ ਦੇ ਮਾਪਦੰਡ ਦੇ ਰੂਪ ਵਿਚ ਸਵੀਕਾਰ ਕਰਦੇ ਹਨ। ਪਰੰਤੂ ਕੱਟੜ ਅੰਬੇਡਕਰਵਾਦੀ ਇਸ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦਾ ਤਰਕ ਹੈ ਕਿ ਦਲਿਤ ਹੀ ਚਾਤੁਰਵਰਣ ਵਿਵਸਥਾ ਨੂੰ ਕਰੂਰਤਾ ਨਾਲ ਭੋਗਦਾ ਹੈ, ਇਸ ਕਾਰਨ ਉਹੀ ਉਸ ਨੂੰ ਵਿਦਰੋਹੀ ਭਾਸ਼ਾ ਵਿਚ ਵਿਅਕਤ ਕਰ ਸਕਦਾ ਹੈ। ਸਵਰਣਾਂ ਦੀ ਹਮਦਰਦੀ ਜਾਂ ਤਾਂ ਓਪਰੀ (second-hand) ਹੋਵੇਗੀ ਭਾਵ ਕਾਲਪਨਿਕ। ਫਿਰ ਉਸ ਦਾ ਸੁਰ ਵਿਦਰੋਹੀ ਨਹੀਂ ਹੋ ਸਕਦਾ। ਕਿਤੇ ਨਾ ਕਿਤੇ ਆਪਣੇ ਵਰਣ ਦੀ ਹਉਮੇ, ਅਤੇ ਦਲਿਤਾਂ ਪ੍ਰਤੀ ਹਮਦਰਦੀ, ਦਾਇਆ ਦੀ ਗੱਲ ਆਵੇਗੀ ਹੀ। ਇਸੇ ਲਈ ਸਵਰਣਾ ਵਲੋਂ ਇਸ ਵਿਸ਼ੇ ਉੱਤੇ ਲਿਖੇ ਸਾਹਿਤ ਨੂੰ ਦਲਿਤ ਸਾਹਿਤ ਨਹੀਂ ਕਿਹਾ ਜਾ ਸਕਦਾ। ਇਸ ਪ੍ਰਭਿਾਸ਼ਾ ਨੂੰ ਸਵੀਕਾਰਨ ਵਿਚ ਕਈ ਤਰ੍ਹਾਂ ਦੇ ਸੰਕਟ ਖੜੇ ਹੋ ਜਾਂਦੇ ਹਨ।

ਡਾ ਬਾਬਾ ਸਾਹਿਬ ਅੰਬੇਡਕਰ ਦੇ ਮੁਕਤ ਸੰਗਰਾਮ ਦੇ ਨਾਲ ਹੀ ਦਲਿਤ ਕਹਾਣੀ ਦਾ ਆਰੰਭ ਹੋ ਜਾਂਦਾ ਹੈ। ਆਰੰਭਿਕ ਕਹਾਣੀਕਾਰ ਵਿਚੋਂ ਨਾ. ਰੇ. ਸ਼ੇਡੇ, ਤੁਕਾਰਾਮ ਅੰਬਾਦਾਸ ਪਰੋਹਿਤ, ਨਾਰਾਇਣ ਯਾਦਵ, ਭਿਵਾਜੀ ਗਾਂਗੁਡੇਂ, ਹਿੰਦੂ ਗੋਵਿੰਦ ਬਨਸੋਡੇ ਆਦਿ ਪ੍ਰਮੁੱਖ ਸਨ। ਉਸ ਸਮੇਂ ਪ੍ਰਕਾਸ਼ਤ ਦਲਿਤਾਂ ਦੀ ਇਕ ਪਤ੍ਰਿਕਾ 'ਜਨਤਾ' ਵਿਚ ਇਸ ਤਰ੍ਹਾਂ ਦੀਆਂ ਕਹਾਣੀਆਂ ਛਪ ਰਹੀਆਂ ਸਨ। ਅੰਣਾ ਭਾਊ ਸਾਠੇ ਵਰਗੇ ਪ੍ਰਤਿਭਾਸ਼ੀਲ ਲੇਖਕ ਜਦੋਂ ਕਹਾਣੀ ਲਿਖਣ ਲੱਗੇ ਉਦੋਂ ਦਲਿਤ ਕਹਾਣੀ ਸਥਾਪਿਤ ਹੋਣ ਲੱਗ ਪਈ। ਦਲਿਤਾਂ ਦਾ ਜੀਵਨ ਸੁਦਰ, ਗੰਦਾ ਅਤੇ ਨਫ਼ਰਤ ਵਾਲਾ ਹੀ ਨਹੀਂ ਹੈ ਉਸਦੇ ਜੀਵਨ ਵਿਚ ਜੀਉਣ ਦੀ ਤਮੰਨਾ, ਮਾਨਵਤਾ, ਖਾਹਿਸ਼ਾ ਆਦਿ ਮੁੱਲ ਵਿਧਾਨ ਹਨ। ਇਹ ਉਨ੍ਹਾਂ ਨੇ ਆਪਣੀ ਕਹਾਣੀ ਰਾਹੀਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਸੰਨ 1930 ਤੋਂ ਨਾ. ਰਾ. ਸ਼ੇਡੇ ਕਹਾਣੀਆਂ ਲਿਖ ਰਹੇ ਸਨ। ਇਨ੍ਹਾਂ ਦੀਆਂ ਕਹਾਣੀਆਂ ਦੀ ਪ੍ਰਕ੍ਰਿਤੀ ਵਿਦਰੋਹੀ-ਸੰਘਰਸ਼ ਦੀ ਨਹੀਂ ਹੈ, ਕੇਵਲ ਅਹਿਸਾਸ ਦੀ ਪ੍ਰਮਾਣਿਕਤਾ ਨਾਲ ਜੁੜੀ ਹੋਈ ਹੈ।

ਬੰਧੂ ਮਾਘਵ ਸੰਨ 1946 ਤੋਂ ਬਾਅਦ ਕਹਾਣੀਆਂ ਲਿਖ ਰਹੇ ਸਨ। ਇਨ੍ਹਾਂ ਦੀਆਂ ਕਹਾਣੀਆਂ ਵਿਚ ਦਲਿਤ ਜੀਵਨ ਦੀ ਕਰੂਰ ਤਸਵੀਰ, ਦਲਿੱਦਰਤਾ, ਅਪਮਾਨ ਅਤੇ ਲਾਚਾਰੀ ਦਾ ਭਿਆਨਿਕ ਚਿਤ੍ਰਣ ਹੋਇਆ ਹੈ।

ਸੰਨ 1960 ਤੋਂ ਬਾਬੂ ਰਾਵ ਬਾਗੁਲ ਦੀ ਕਹਾਣੀਆਂ ਆਪਣੇ ਸੁਤੰਤਰਤ ਵਿਅਕਤੀਤਿਵ ਨੂੰ ਲੈ ਕੇ ਪੇਸ਼ ਹੁੰਦੀ ਹੈ। ਇਸ ਧਾਰਾ ਦੇ ਸਭ ਤੋਂ ਪ੍ਰਤਿਭਾਸ਼ੀਲ, ਸੰਵੇਦਨਸ਼ੀਲ ਅਤੇ ਵਿਦਰੋਹੀ ਕਹਾਣੀਕਾਰ ਦੇ ਰੂਪ ਵਿਚ ਬਾਗੁਲ ਦਾ ਨਾਮ ਲਿਆ ਜਾਂਦਾ ਹੈ। ਪਿੰਡਾਂ ਅਤੇ ਬਸਤੀਆਂ ਵਿਚੋਂ ਖਦੇੜੇ ਹੋਏ ਦਲਿਤ ਜਦੋਂ ਮਹਾਂਨਗਰਾਂ ਵਿਚ ਆਉਂਦੇ ਹਨ ਉਦੋਂ ਜਿਸ ਤਰ੍ਹਾਂ ਦੀ ਨਰਕੀ ਜ਼ਿੰਦਗੀ ਜਿਉਂਦੇ ਹਨ ਉਸ ਦਾ ਬੜਾ ਖੁੱਲ੍ਹਾ ਅਤੇ ਕਲਾਤਮਿਕ ਚਿਤ੍ਰਣ ਇਨ੍ਹਾਂ ਦੀਆਂ ਕਹਾਣੀਆਂ ਵਿਚ ਮਿਲਦਾ ਹੈ। ਇਨ੍ਹਾਂ ਦੀਆਂ ਕਹਾਣੀਆਂ ਨੇ ਮਰਾਠੀ ਦੀ ਪਰੰਪਰਾਗਤ ਕਹਾਣੀ ਨੂੰ ਪਰਿਵਾਰ, ਮੱਧਵਰਗ, ਸਫੈਦਪੋਸ਼ ਸਮਾਜ, ਮਨੋਵਿਸ਼ਲੇਸ਼ਣ, ਮਨੋਵਿਗਿਆਨਕ, ਆਦਰਸ਼ਵਾਦ ਆਦਿ ਵਲਗਣਾਂ ਵਿਚੋਂ ਕੱਢ ਕੇ ਮੁਕਤ ਕਰਕੇ ਉਸ ਨੂੰ ਇਕ ਦ੍ਰਿੜ ਪਰੰਤੂ ਹਾਸ਼ੀਏ ਤੇ ਧਕੇਲ ਦਿੱਤੇ ਸਮਾਜ ਨਾਲ ਜੋੜਿਆ। ਸ਼ੰਕਰ ਰਾਓ ਖਰਾਤ ਇਸ ਕਾਲ ਦਾ ਇਕ ਹੋਰ ਕਹਾਣੀਕਾਰ ਹੈ। ਇਸ ਦੀਆਂ ਕਹਾਣੀਆਂ ਮਹਾਂਨਗਰਾ ਵਿਚ ਵਿਕਸਿਤ ਝੁੱਗੀਆਂ ਦੇ ਜੀਵਨ ਉੱਤੇ ਘੱਟ ਅਤੇ ਪਿੰਡਾਂ 'ਚ ਵੱਖਰੇ ਰਹਿ ਕੇ ਨਰਕੀ ਜੀਵਨ ਜੀਅ ਰਹੇ ਅਛੂਤਾਂ ਨਾਲ ਵਧੇਰੇ ਜੁੜੀ ਹੋਈ ਹੈ।

ਅੰਣਾ ਭਾਊ ਸਾਠੇ, ਬੰਧੁ ਮਾਘਵ, ਬਾਬੂ ਰਾਵ ਬਾਗੁਲ ਅਤੇ ਸ਼ੰਕਰਰਾਓ ਖਰਾਤ ਤੋਂ ਬਾਅਦ ਕਹਾਣੀ ਦੇ ਖੇਤਰ ਵਿਚ ਮਹਾਂਰਾਸ਼ਟਰ ਦੇ ਵਿਵਿਧ ਵਿਭਾਗਾਂ ਵਿਚ ਪ੍ਰਤਿਭਾ ਵਾਲੇ ਨੌਜਵਾਨ ਕਹਾਣੀਕਾਰ ਸਰਗਰਮ ਹੁੰਦੇ ਹਨ। ਪ੍ਰੋ. ਕੇਸ਼ਵ ਮੇਛਾਮ ਮੂਲ ਰੂਪ ਵਿਚ ਕਵੀ ਹੈ ਪ੍ਰੰਤੂ ਉਨ੍ਹਾਂ ਦੀਆਂ ਕਹਾਣੀਆਂ ਸੰਵੇਦਨਾ ਦੇ ਨਵੇਂ ਰਾਹ ਖੋਹਲਦੀਆਂ ਹਨ। ਦਲਿਤਾਂ ਦੀਆਂ ਯਾਤਨਾਵਾਂ ਦੇ ਨਾਲ ਨਾਲ ਉਨ੍ਹਾਂ ਦੇ ਅੰਧਵਿਸ਼ਵਾਸ, ਵਿਕਾਰ, ਈਰਖਾ-ਕੱਟੜਤਾ, ਸਵਾਰਥੀ ਦਲਿਤ ਨੇਤਾ ਆਦਿ ਦੇ ਵੀ ਪ੍ਰਮਾਨਿਕ ਚਿੱਤਰ ਮਿਲਦੇ ਹਨ।

ਯੋਗੀਰਾਜ ਬਾਘਮਾਰੇ ਦੀਆਂ ਕਹਾਣੀਆਂ ਇਸ ਧਾਰਾ ਦੀਆਂ ਵਿਸ਼ੇਸ਼ ਕਹਾਣੀਆਂ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿਚ ਦਲਿਤ ਯੁਵਕ ਕੇਂਦਰ ਵਿਚ ਹਨ। ਪੜ੍ਹੇ ਲਿਖੇ ਦਲਿਤਾਂ ਦਾ ਬੜੀ ਤੇਜ਼ੀ ਨਾਲ ਸੰਸਕ੍ਰਿਤੀਕਰਨ ਹੋ ਰਿਹਾ ਹੈ। ਇਸ ਕਾਰਨ ਉਨ੍ਹਾਂ ਵਿਚ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਵਿਚ ਇਕ ਖੱਪਾ ਪੈ ਰਿਹਾ ਹੈ। ਇਸ ਦੂਰੀ ਨੂੰ ਲੰਘਣਾ ਮੌਤ ਨੂੰ ਲੰਘਣ ਬਰਾਬਰ ਹੈ। ਪੜ੍ਹ ਲਿਖਣ ਤੋਂ ਬਾਅਦ ਜੇਕਰ ਉਸ ਨੂੰ ਨੌਕਰੀ ਲੱਗ ਜਾਵੇ ਤਾਂ ਫਿਰ ਉਹ 'ਸਵਰਨ ਵਰਗ' ਦਾ ਹੋ ਜਾਂਦਾ ਹੈ। ਆਪਣੀ ਹੀ ਜਾਤੀ ਵਿਚ ਪਰਾਇਆ ਬਣ ਜਾਂਦਾ ਹੈ। ਉਸ ਦੀ ਇਸ ਬਦਲਦੀ ਮਾਨਸਿਕਤਾ ਨੂੰ ਯੋਗੀਰਾਜ ਬਾਘਮਾਰੇ ਬਹੁਤ ਸਹਿਜਤਾ ਨਾਲ ਫੜਦਾ ਹੈ। ਦਲਿਤਾਂ ਦੇ ਨੌਜਵਾਨ ਨੇਤਾਵਾਂ ਦੇ ਢੌਂਗੀ ਅਤੇ ਸਵਾਰਥੀ ਬਿਰਤੀ ਦਾ ਇਨ੍ਹਾਂ ਨੇ ਪਰਦਾਫਾਸ਼ ਕੀਤਾ ਹੈ।

ਯੋਗੇਂਨਦਰ ਮੇਛਾਰਮ ਦੀਆਂ ਕਹਾਣੀਆਂ ਕਾਵਿਕ ਸ਼ੈਲੀ ਦਾ ਹੁੰਦੀਆਂ ਹਨ। ਉਹ ਅੰਤਰਮੁਖੀ ਹੋ ਕੇ ਆਪਣੇ ਪਰਿਵੇਸ਼ ਨੂੰ ਮਹਿਸੂਸ ਕਰਦਾ ਹੈ। ਇਸ ਕਾਰਨ ਘਟਨਾ ਦੀ ਵੱਖ-ਵੱਖ ਮਨੋ ਸਥਿਤੀ ਹੀ ਇਨ੍ਹਾਂ ਦੀਆਂ ਕਹਾਣੀਆਂ ਦੇ ਕੇਂਦਰ ਬਿੰਦੂ ਹੁੰਦੀਆਂ ਹਨ।

ਮਾਸਕਰ ਚੰਨਦਨ ਸ਼ਿਵ ਦੀਆਂ ਕਹਾਣੀਆਂ ਅਛੂਤਾਂ ਦੀਆਂ ਅੰਦਰੂਨੀ ਪਸ਼ੂ ਬਿਰਤੀਆਂ ਨੂੰ ਸਪੱਸ਼ਟ ਕਰਦੀ ਹੈ। ਦਲਿਤਾਂ ਵਿਚੋਂ ਵੀ ਸਭ ਤੋਂ ਬੁਰੀ ਸਥਿਤੀ ਦਲਿਤ ਔਰਤਾਂ ਦੀ ਹੈ। ਸਵਰਣਾਂ ਦੇ ਲਈ ਉਹ ਅਸਾਨੀ ਨਾਲ ਭੋਗਣ ਵਾਲੀ ਚੀਜ਼ ਹੈ ਅਤੇ ਦਲਿਤਾਂ ਦੇ ਲਈ ਉਹ ਕੰਮ ਕਰਨ ਦਾ ਇਕ ਯੰਤਰ। ਉਸਦੀ ਹੋਂਦ ਨੂੰ ਦੋਹਾਂ ਨੇ ਨਕਾਰਿਆ ਹੈ। ਦਲਿਤ ਇਸਤਰੀ ਦੀ ਇਸ ਭਿਆਨਿਕ ਸਥਿਤੀ ਦਾ ਵਰਨਣ ਸਾਰੇ ਕਹਾਣੀਕਾਰਾਂ ਨੇ ਘੱਟ ਵੱਧ ਪੱਧਰ ਤੇ ਕੀਤਾ ਹੈ। ਭੀਮਰਾਓ ਸ਼ਿਰਵਾਲੇ, ਅਮਿਤਾਭ, ਸੁਖਰਾਮ ਹਿਵਰਾਲੇ, ਅਵਿਨਾਸ਼ ਢੋਲਸ ਦੀਆਂ ਕਹਾਣੀਆਂ ਇਸ ਦ੍ਰਿਸਟੀ ਤੋਂ ਵਰਣਨਯੋਗ ਹਨ।

ਇਸ ਤਰ੍ਹਾਂ ਕਹਾਣੀ ਵਿਧਾ ਵਿਚ ਸਮੁੱਚਾ ਦਲਿਤ ਜੀਵਨ-ਪ੍ਰਗਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਕਹਾਣੀਕਾਰ ਆਪਣੀਆਂ ਸੰਵੇਦਨਾ ਨਾਲ ਵੱਧ ਤੋਂ ਵੱਧ ਇਮਾਨਦਾਰ ਹਨ। ਫਲ ਸਰੂਪ



ਇਹ ਵਿਦਰੋਹ ਨਹੀਂ, ਪ੍ਰਚਾਰ ਨਹੀਂ। ਬਲਕਿ ਤਰਕ ਨਾਲ ਦਲਿਤ ਮਾਨਸਿਕਤਾ ਨੂੰ ਫੜਨ ਦਾ ਯਤਨ ਇਹ ਕਹਾਣੀਕਾਰ ਕਰ ਰਹੇ ਹਨ। ਉਂਝ ਵਿਦਰੋਹ, ਸੰਘਰਸ਼ ਅਤੇ ਤਬਦੀਲੀ ਦੀ ਆਸ ਵੀ ਹੈ। ਕਵਿਤਾ ਨਾਲੋਂ ਕਹਾਣੀ ਵਧੇਰੇ ਅੰਤਰਮੁਖੀ ਹੈ। ਉਹ ਦਲਿਤ ਮਨੁੱਖ ਦੀ ਅੰਦਰਨੀ ਸੰਵੇਦਨਾ ਲਈ ਭਟਕ ਰਹੀ ਹੈ। ਜੀਵਨ ਦੇ ਮੂਲ ਸਵਾਲਾਂ ਦੇ ਪ੍ਰਤੀ ਉਸਦੀ ਜਬਰਦਸਤ ਆਸਥਾ ਹੈ। ਜੀਵਨ ਦੇ ਬਹੁਤ ਅੰਦਰ ਉਤਰਨ ਵਾਲੇ ਅਲੰਕਾਰ ਅਤੇ ਕਰੂਰ ਭਾਸ਼ਾ ਦੇ ਮੋਹ ਤੋਂ ਮੁਕਤ-ਕੇਵਲ ਮਨੁੱਖ ਦੀ ਹੋਂਦ ਅਤੇ ਉੱਤਮ ਮੁੱਲ ਮੰਨਣ ਵਾਲੀ ਇਹ ਕਹਾਣੀ ਆਪਣੇ ਆਪ ਵਿਚ ਵਿਸ਼ੇਸ਼ ਹੈ।

ਦਲਿਤ ਕਹਾਣੀ ਮਰਾਠੀ ਕਹਾਣੀ ਸਾਹਿਤ ਨਾਲ ਜੁੜ ਕੇ ਜੀਉਣਾ ਚਾਹੁੰਦੀ ਹੈ। ਇਹ ਉਸ ਤੋਂ ਕੱਟ ਕੇ ਆਪਣੀ ਸੁਤੰਤਰ ਹੋਂਦ ਬਣਾਈ ਰੱਖਣਾ ਨਹੀਂ ਚਾਹੁੰਦੀ। ਦਲਿਤਾਂ ਵਲੋਂ ਲਿਖੇ ਗਏ ਸਾਹਿਤ ਨੂੰ ਹੀ ਦਲਿਤ ਸਾਹਿਤ ਕਿਹਾ ਜਾਵੇ ਇਸ ਪ੍ਰੀਭਾਸਾ ਦੇ ਸਮਾਂਤਰ ਸਾਡਾ ਵਿਸ਼ਵਾਸ ਇਸ ਪ੍ਰੀਭਾਸ਼ਾ ਵਿਚ ਹੈ ਕਿ ਜਿਸ ਸਾਹਿਤ ਵਿਚ ਦਲਿਤ ਜੀਵਨ ਦੀ ਸੰਵੇਦਨਾ ਨੂੰ ਪ੍ਰਮੁੱਖਤਾ ਨਾਲ ਫੜਿਆ ਜਾਂਦਾ ਹੈ ਉਹ ਦਲਿਤ ਸਾਹਿਤ ਹੈ। ਫਿਰ ਉਹ ਕਿਸੇ ਵੀ ਵਰਣ ਜਾਂ ਜਾਤੀ ਦੇ ਲੇਖਕ ਵਲੋਂ ਕਿਉਂ ਨਾ ਲਿਖਿਆ ਗਿਆ ਹੋਵੇ। ਇਨ੍ਹਾਂ ਕਹਾਣੀਆਂ ਵਿਚ ਦਲਿਤ ਜਾਤੀਆਂ (ਮਹਾਰ, ਮਾਤੰਗ, ਚਮਾਰ, ਢੇਡ, ਨੰਕੀਬੈਲਵਾਲੇ, ਕੈਕਾੜੀ, ਪੋਤਰਾਜ ਆਦਿ) ਆਪਣੀ ਸੰਪੂਰਨ ਸੰਸਕ੍ਰਿਤੀ ਨਾਲ ਖੜੀਆਂ ਹਨ।

ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਵਾਚਦਿਆਂ ਹੋਇਆ ਇਹ ਵੀ ਪਤਾ ਲੱਗਾ ਕਿ ਅਹਿਸਾਸ ਦਾ ਇਕ ਵਿਸ਼ਾਲ ਖੇਤਰ ਦਲਿਤ ਕਹਾਣੀ ਦੇ ਲਈ ਖੁੱਲ੍ਹਾ ਹੈ। ਇਸਤਰੀ ਸਿੱਖਿਆ ਦੀਆਂ ਸਾਰੀਆਂ ਸਹੂਲਤਾਂ ਦੇ ਬਾਵਜੂਦ ਦਲਿਤ ਇਸਤਰੀ ਦਾ ਕਹਾਣੀ ਦੇ ਖੇਤਰ ਵਿਚ ਨਾ ਦਿਖਾਈ ਦੇਣਾ ਆਪਣੇ ਆਪ ਵਿਚ ਹੈਰਾਨੀ ਕਰਨ ਵਾਲੀ ਗੱਲ ਹੈ। ਦਲਿਤ ਕਹਾਣੀ ਦੀ ਇਹ ਇਕ ਵਿਸ਼ੇਸ਼ਤਾ ਹੈ ਕਿ ਕਾਮੁਕ ਸਬੰਧਾਂ ਨੂੰ ਇਸ ਕਹਾਣੀ ਵਿਚ ਬਹੁਤ ਘੱਟ ਛੇੜਿਆ ਗਿਆ ਹੈ। ਇਕ ਤਾਂ ਦਲਿਤ ਜੀਵਨ ਵਿਚ ਯੌਨ ਵਰਗੇ ਨਾਜ਼ੁਕ ਵਿਸ਼ੇ ਨੂੰ ਕੇਵਲ ਸਿਰਜਣਾ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਸੂਖ਼ਮ ਸੰਵੇਦਨਸ਼ੀਲਤਾ ਦੀ ਅਣਹੋਂਦ ਇਸ ਕਹਾਣੀ ਦੀ ਇਕ ਹੋਰ ਪਹਿਚਾਣ ਹੈ। ਹਜ਼ਾਰਾਂ ਸਾਲ ਤੋਂ ਇਸ ਵਰਣ ਦੀ ਸੰਵੇਦਨਸ਼ੀਲਤਾ ਨੂੰ ਹੀ ਸਵਰਨਾਂ ਨੇ ਖਤਮ ਕੀਤਾ ਹੈ। ਇਸ ਕਾਰਨ ਸੂਖ਼ਮਤਾ ਦੀ ਅਣਹੋਂਦ ਇਸ ਵਰਣ ਦਾ ਦੋਸ਼ ਨਹੀਂ ਉੱਚ ਸਵਰਨਾਂ ਦੀ ਚਾਲ ਦਾ ਪ੍ਰਮਾਣ ਹੈ। ਜਿੱਥੇ ਪੇਟ ਦੀ ਭੁੱਖ ਅਤੇ ਬੇਇੱਜਤੀ ਹੀ ਮਹੱਤਵਪੂਰਨ ਹੋ ਜਾਂਦੀ ਹੈ ਉਥੇ ਹੋਰ ਭੁੱਖਾਂ ਦੀ ਅਣਹੋਂਦ ਹੋ ਹੀ ਨਹੀਂ ਸਕਦੀ।

ਆਧੁਨਿਕ ਮਰਾਠੀ ਕਹਾਣੀ ਵਾਂਗ ਦਲਿਤ ਕਹਾਣੀ ਦਾ ਸ਼ਿਲਪ ਉਲਝਿਆ ਹੋਇਆ ਨਹੀਂ ਹੈ। ਸਿਲਪ ਦੀ ਪੱਧਰ ਉੱਤੇ ਇਹ ਕਹਾਣੀ ਪ੍ਰਯੋਗਵਾਦੀ ਨਹੀਂ ਹੈ। ਸ਼ਿਲਪ ਅਤੇ ਭਾਸ਼ਾ ਦੇ ਪੱਧਰ ਉੱਤੇ ਜੂਝਣੇ ਦੀ ਬਜਾਇ ਉਹ ਕੇਵਲ ਸੰਵੇਦਨਾ ਦੀ ਪੱਧਰ ਉੱਤੇ ਜੂਝਣਾ ਪਸੰਦ ਕਰਦੀ ਹੈ। ਵਧੇਰੇ ਕਰਕੇ ਦਲਿਤ ਕਹਾਣੀਆਂ ਅਕਾਰ ਪੱਖੋਂ ਨਿੱਕੀਆਂ ਅਤੇ Pointed ਹਨ। ਸੰਵੇਦਨਾ ਦੇ ਇਕ ਬਿੰਦੂ ਉੱਤੇ ਉਹ ਵਿਕਸਿਤ ਹੁੰਦੀਆਂ ਹਨ। ਬਿਨਾ ਕਿਸੇ ਭੂਮਿਕਾ, ਦ੍ਰਿਸ਼ ਵਰਣਨ ਅਤੇ ਹੋਰ ਵੇਰਵਿਆ ਦੇ ਉਹ ਸਿੱਧੀ ਪਾਠਕਾਂ ਨੂੰ ਪਾਤਰਾਂ ਨਾਲ ਜੋੜਦੀ ਹੈ। ਆਪਣੀ ਖੁਸ਼ਕ ਅਤੇ ਬੇਤਰਤੀਬੀ ਭਾਸ਼ਾ ਦੇ ਸਹਾਰੇ ਉਹ ਪਾਤਰਾਂ ਦੀ ਭਿਆਨਿਕ ਸਥਿਤੀ ਨਾਲ ਪਾਠਕਾਂ ਵਿਚ ਲੰਘਦੀ ਹੈ। ਯਥਾਰਥਕ ਵੇਰਵੇ ਹੀ ਉਸ ਦੀ ਸ਼ਿਲਪ ਹੈ। ਵਿਅਕਤੀ ਜਦੋਂ ਸਿੱਖਿਅਤ, ਸੰਸਕਾਰੀ ਅਤੇ ਆਰਥਿਕ ਦ੍ਰਿਸ਼ਟੀ ਤੋਂ ਪ੍ਰਪੱਕ ਹੁੰਦੇ ਹਨ ਉਦੋਂ ਇਸ ਤਰ੍ਹਾਂ ਦੀ ਸੂਖ਼ਮ ਸੰਵੇਦਨ ਸ਼ੀਲਤਾ ਦੀ ਗੱਲ ਕਹੀ ਜਾ ਸਕਦੀ ਹੈ। ਪ੍ਰੰਤੂ ਜਿੱਥੇ ਜੀਵਨ ਦੀ ਨਰਕੀ ਜ਼ਿੰਦਗੀ, ਕਸ਼ਟ ਵਾਲੀ, ਅਗਿਆਨਤਾ ਅਤੇ ਅੰਨੀ ਸ਼ਰਧਾ ਨਾਲ ਭਰੀ ਹੋਵੇ ਤਾਂ ਉਹ ਸਥੂਲਤਾ ਹੀ ਪ੍ਰਕ੍ਰਿਤੀ ਬਣ ਜਾਂਦੀ ਹੈ। ✪

ਮੁਲਾਕਾਤ

# ਹੁਣ ਭਾਰਤੀ ਸਾਹਿਤ ਵਿਚ ਵਿਆਪਕ ਵਿਦਰੋਹ ਹੋਵੇਗਾ -ਸ਼ਰਣ ਕੁਮਾਰ ਲਿੰਬਾਲੇ

Interview:Sharankumar Limbala

**ਮੁਲਾਕਾਤ-ਡਾ. ਗਿਰੀਸ਼ ਕਾਸ਼ਿਦ**

**? ਦਲਿਤ ਸਾਹਿਤ ਦੀ ਧਾਰਨਾ ਦੇ ਸਬੰਧ ਵਿਚ ਤੁਹਾਡੇ ਕੀ ਵਿਚਾਰ ਹਨ?**



ਸ਼ਰਣ ਕੁਮਾਰ ਲਿੰਬਾਲੇ

– ਦਲਿਤ ਸਾਹਿਤ ਦੇ ਕੇਂਦਰ ਵਿਚ ਦਲਿਤ ਹੋਣਾ ਜ਼ਰੂਰੀ ਹੈ। ਕਿਉਂਕਿ ਦਲਿਤ ਲੇਖਕ ਦੀ ਪੀੜ ਉਸਦੇ ਜਨਮ ਨੂੰ ਲੈ ਕੇ ਹੈ। ਜਨਮ ਦੇ ਕਾਰਨ ਮਿਲੀ ਪੀੜ ਨੂੰ ਖਤਮ ਕਰਨ ਦੇ ਲਈ, ਜਿਹੜੀ ਚੇਤਨਾ ਚਾਹੀਦੀ ਹੈ, ਉਹ ਵੀ ਜਨਮ ਨਾਲ ਜੁੜੀ ਹੋਈ ਹੈ। ਜਿਵੇਂ ਇਸਤਰੀ ਦੀ ਪ੍ਰਸੂਤ ਪੀੜਾ ਉਸਦੀ ਹੀ ਹੁੰਦੀ ਹੈ। ਡਾਕਟਰ ਉਸਦੀ ਪ੍ਰਸੂਤ ਪੀੜਾ ਕਰੇ ਤਾਂ ਵੀ ਡਾਕਟਰ ਨੂੰ ਉਸਦੀ ਪੀੜਾ ਮਹਿਸੂਸ ਨਹੀਂ ਹੋ ਸਕਦੀ ਕਿਉਂਕਿ ਉਹ ਪੀੜ ਔਰਤ ਖੁਦ ਭੋਗਦੀ ਹੈ। ਇਸ ਲਈ ਜਨਮ ਤੋਂ ਦਲਿਤ ਹੋਣਾ ਮਹੱਤਵਪੂਰਨ ਹੈ। ਜਿਹੜਾ ਭੋਗਦਾ ਹੈ, ਝੱਲਦਾ ਹੈ, ਉਹੀ ਵਿਅਕਤ ਕਰ ਸਕਦਾ ਹੈ। ਹਜ਼ਾਰਾਂ ਸਾਲਾਂ ਤੋਂ ਗੈਰ ਦਲਿਤ ਲੇਖਕਾਂ ਨੇ ਦਲਿਤ ਸਾਹਿਤ ਕਿਉਂ ਨਹੀਂ ਲਿਖਿਆ? ਉਨ੍ਹਾਂ ਨੂੰ ਕਿਸੇ ਨੇ ਰੋਕਿਆ ਤਾਂ ਹੈ ਨਹੀਂ। ਉਹ ਸਿੱਖਿਅਤ ਸਨ। ਲਿਖ ਰਹੇ ਸਨ, ਫਿਰ ਕਿਉਂ ਨਹੀਂ ਲਿਖਿਆ? ਅੱਜ ਜਦੋਂ ਦਲਿਤ ਲਿਖ ਰਹੇ ਹਨ ਤਾਂ ਉਹ ਕਹਿੰਦੇ ਹਨ ਕਿ ਉਹ ਵੀ ਲਿਖ ਸਕਦੇ ਹਨ। ਹਜ਼ਾਰਾਂ ਸਾਲਾਂ ਬਾਅਦ ਹੁਣ ਦਲਿਤ ਲਿਖਣ ਲੱਗੇ ਤਾਂ ਉਨ੍ਹਾਂ ਦਾ ਸਵਾਗਤ ਕਰਨ ਦੀ ਬਜਾਇ ਉਨ੍ਹਾਂ ਦਾ ਖੰਡਨ ਕਰਨਾ ਠੀਕ ਨਹੀਂ ਲੱਗਦਾ। ਗੈਰ ਦਲਿਤ ਕਲਪਨਾ ਨਾਲ ਲਿਖਣਾ ਚਾਹੁੰਦੇ ਹਨ। ਉਹ ਸਾਡੀ ਗੰਦੀ ਬਸਤੀ ਵਿਚ ਆਉਂਣਾ ਨਹੀਂ ਚਾਹੁੰਦੇ। ਜੇ ਕਰ ਉਹ ਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਹੈ। ਜਿਹੜਾ ਦਲਿਤਾਂ ਦਾ ਭਾਈਚਾਰਾ, ਨਿਆ, ਸੁਤੰਤਰਤਾ ਦੀ ਭਾਵਨਾ ਨਾਲ ਵਰਣਨ ਕਰੇ, ਉਸ ਦਾ ਅਸੀਂ ਸਵਾਗਤ ਕਰਦੇ ਹਾਂ। ਪਰ ਜਿਹੜੇ ਦਲਿਤਾਂ ਨੂੰ ਨੀਵਾਂ ਦਿਖਾਵੇ ਜਾਂ ਉਸ ਦੇ ਪ੍ਰਤੀ ਤਰਸ, ਹਮਦਰਦੀ ਦਿਖਾਵੇ ਉਸ ਦੀ ਅਸੀਂ ਨਿੰਦਾ ਕਰਦੇ ਹਾਂ। ਗੈਰ ਦਲਿਤਾਂ ਦੀ ਪੂਰੀ ਸਿਰਜਣਾ ਤਰਸ ਨਾਲ ਭਰੀ ਹੈ। ਦਲਿਤ ਕਦੇ ਵੀ ਉਨ੍ਹਾਂ ਦੇ ਪ੍ਰਮੁੱਖ ਪਾਤਰ ਨਹੀਂ ਬਣੇ। ਜੇ ਬਣੇ ਵੀ ਹਨ ਤਾਂ ਉਨ੍ਹਾਂ ਦਾ ਵਰਣਨ ਠੀਕ ਨਹੀਂ ਹੈ। ਦਲਿਤ ਲੇਖਕ ਜਿਸ ਬੇਬਾਕੀ ਨਾਲ ਯਥਾਰਥ ਨੂੰ ਪ੍ਰਗਟ ਕਰ ਸਕਦਾ ਹੈ, ਉਸ ਤਰ੍ਹਾਂ ਦਾ ਵਰਣਨ ਗੈਰ ਦਲਿਤ ਲੇਖਕ ਨਹੀਂ ਕਰ ਸਕਦਾ। ਇਸ ਲਈ ਅਸੀਂ ਜਨਮ ਤੋਂ ਦਲਿਤ ਹੋਣਾ ਅਤੇ ਪੀੜਾ ਨੂੰ ਮਹੱਤਵਪੂਰਨ ਮੰਨਦੇ ਹਾਂ। ਜਨਮ ਤੋਂ ਦਲਿਤ ਹੋਣ ਨਾਲ ਵੀ ਕੋਈ ਦਲਿਤ ਲੇਖਕ ਨਹੀਂ ਬਣ ਜਾਂਦਾ ਹੈ-ਉਸਦੇ ਨਾਲ ਦਲਿਤ ਚੇਤਨਾ ਦਾ ਹੋਣਾ ਵੀ ਜ਼ਰੂਰੀ ਹੈ। ਮਰਾਠੀ ਕਵੀ ਗ੍ਰੇਸ ਜਨਮ ਤੋਂ ਦਲਿਤ ਹੈ, ਪ੍ਰੰਤੂ ਮੈਂ ਉਸ ਨੂੰ ਦਲਿਤ ਲੇਖਕ ਨਹੀਂ ਮੰਨਦਾ। ਦਲਿਤ ਚੇਤਨਾ ਦਲਿਤ ਸਾਹਿਤ ਦੀ ਆਤਮਾ ਹੈ ਅਤੇ ਜਿਸ ਸਾਹਿਤ ਵਿਚ ਉਹ ਹੁੰਦੀ ਹੈ, ਉਹੀ ਦਲਿਤ ਸਾਹਿਤ ਹੁੰਦਾ ਹੈ। ਮੈਨੂੰ ਲੱਗਦਾ ਹੈ ਕਿ ਗੈਰ ਦਲਿਤ



ਲੇਖਕਾਂ ਦਾ ਸਾਹਿਤ ਦਲਿਤ ਚੇਤਨਾ ਤੋਂ ਰਹਿਤ ਹੈ। ਦਲਿਤਾਂ ਵਲੋਂ ਦਲਿਤਾਂ ਦੇ ਸਬੰਧ ਵਿਚ ਦਲਿਤ ਚੇਤਨਾ ਨਾਲ ਲਿਖਿਆ ਸਾਹਿਤ ਹੀ ਦਲਿਤ ਸਾਹਿਤ ਹੈ।

**? ਮਹਾਂਰਾਸ਼ਟਰ ਵਿਚ ਦਲਿਤ ਸਾਹਿਤ ਦਾ ਆਰੰਭ ਸੰਨ 1960 ਦੇ ਨੇੜੇ ਤੇੜੇ ਮੰਨਿਆ ਜਾਂਦਾ ਹੈ। ਭਾਵ ਕਿ ਹੁਣ ਦਲਿਤ ਸਾਹਿਤ ਅੱਧੀ ਸਦੀ ਪੂਰੀ ਕਰ ਚੁੱਕਾ ਹੈ। ਇਸ ਯਾਤਰਾ ਵਿਚ ਦਲਿਤ ਸਾਹਿਤ ਦੀਆਂ ਕਿਹੜੀਆਂ ਮਹੱਤਵਪੂਰਨ ਪ੍ਰਾਪਤੀਆਂ ਰਹੀਆਂ ਹਨ।**

–ਦਲਿਤ ਸਾਹਿਤ ਦੀ ਸਿਰਜਣਾ ਹੀ ਸਭ ਤੋਂ ਵੱਡੀ ਪ੍ਰਾਪਤੀ ਹੈ। ਹਜ਼ਾਰਾਂ ਸਾਲਾਂ ਤੋਂ ਇਹ ਸਮਾਜ ਮੂਕ ਸੀ, ਪੇਸ਼ ਨਹੀਂ ਹੋ ਸਕਦਾ ਸੀ। ਹੁਣ ਉਹ ਪੇਸ਼ ਹੋਣ ਲੱਗਾ ਹੈ। ਪੇਸ਼ ਹੋਣਾ ਭਾਵ ਕਿ 'ਰਾਇਟ ਟੂ ਐਕਸਪ੍ਰੇਸ਼ਨ' ਇਹ ਸਾਡਾ ਫੰਡਾਮੈਂਟਲ ਰਾਇਟ ਹੈ। ਇਸ ਜਨਤੰਤਰਿਕ ਦੇਸ਼ ਵਿਚ ਸਾਡਾ ਸਤੁੰਤਰ ਹੋਣਾ ਵੀ ਇਕ ਵੱਡੀ ਪ੍ਰਾਪਤੀ ਹੈ। ਪਹਿਲਾਂ ਪ੍ਰਸਿੱਧ ਲੋਕ ਹੀ ਸਾਹਿਤ ਲਿਖਦੇ ਸਨ ਅਤੇ ਉਸ ਦੀ ਭਾਸ਼ਾ ਔਖੀ ਭਾਸ਼ਾ ਸੀ। ਉਹ ਦਲਿਤਾਂ ਦੀ ਭਾਸ਼ਾ ਨਹੀਂ ਸੀ। ਉਸ ਵਿਚ ਦਲਿਤਾਂ ਦੀ ਵੇਦਨਾ ਅਤੇ ਪੀੜਾ ਨਹੀਂ ਸੀ। ਦਲਿਤਾਂ ਨੇ ਭਾਰਤੀ ਸਾਹਿਤ ਨੂੰ ਨਵੀਂ ਭਾਸ਼ਾ ਅਤੇ ਨਵਾਂ ਸੁਰ ਦਿੱਤਾ। ਇਸ ਨੂੰ ਵੱਡੀ ਪ੍ਰਾਪਤੀ ਮੰਨਦਾ ਹਾਂ। ਦਲਿਤ ਸਾਹਿਤ ਜਦੋਂ ਚਰਚਿਤ ਹੋਇਆ, ਦਲਿਤ ਸਾਹਿਤ ਦੇ ਸਵਾਲ ਜਦੋਂ ਪਾਠਕ ਪੜ੍ਹਨ ਲੱਗੇ, ਉਦੋਂ ਹੋਰ ਸਾਹਿਤ ਵਿਧਾਵਾਂ ਦਾ ਜਨਮ ਹੋਇਆ। ਨਵੀਂ ਸਿੱਖਿਅਤ ਪੀੜ੍ਹੀ ਲਿਖਣ ਲੱਗੀ। ਦਲਿਤ ਸਵੈਜੀਵਨੀਆਂ ਤੋਂ ਪ੍ਰਭਾਵਿਤ ਹੋ ਕੇ ਇਸਤਰੀਆਂ ਨੇ ਵੱਡੀ ਪੱਧਰ ਤੇ ਸਵੈ ਜੀਵਨੀਆਂ ਲਿਖੀਆਂ। ਦਲਿਤਾਂ ਦੇ ਗੁੱਸੇ ਅਤੇ ਵਿਦਰੋਹ ਨਾਲ ਪੇਂਡੂ ਸਾਹਿਤ ਪ੍ਰਭਾਵਿਤ ਹੋਇਆ ਅਤੇ ਉਸਦਾ ਸਰੂਪ ਬਦਲ ਲਿਆ। ਸੰਨ 1920 ਵਿਚ ਸੁਤੰਤਰਤਾ ਪ੍ਰਾਪਤੀ ਤੱਕ ਦੇ ਪੇਂਡੂ ਸਾਹਿਤ ਦਾ ਸਰੂਪ ਵੱਖਰਾ ਹੈ ਅਤੇ 1960 ਦੇ ਬਾਅਦ ਦਲਿਤ ਸਾਹਿਤ ਦੇ ਪ੍ਰਭਾਵ ਨਾਲ ਲਿਖੇ ਪੇਂਡੂ ਆਂਚਲਿਕ ਸਾਹਿਤ ਦਾ ਸਰੂਪ ਵੱਖਰਾ ਹੈ। ਦਲਿਤ ਸਾਹਿਤ ਨੇ ਮਾਨਵੀ ਕਦਰਾਂ ਕੀਮਤਾਂ ਦੀ ਮਹੱਤਤਾ ਦਾ ਪ੍ਰਚਾਰ ਕੀਤਾ ਹੈ। ਦਲਿਤ ਸਾਹਿਤ ਨੇ ਸੁਤੰਤਰਤਾ, ਬਰਾਬਰੀ, ਬੰਧੂਆਂ ਤੋਂ ਛੁਟਕਾਰਾ ਵਰਗੇ ਮੁੱਦੇ ਉਭਾਰੇ ਹਨ। ਜਦੋਂ ਮੱਧ ਵਰਗ ਕਲਾਵਾਦੀ ਵਿਚਾਰਾ ਉੱਤੇ ਖੜਾ ਸੀ ਉਦੋਂ ਦਲਿਤ ਸਾਹਿਤ ਆਇਆ। ਦਲਿਤ ਸਾਹਿਤ ਦੇ ਆਰੰਭ ਹੋਣ ਨਾਲ ਕਲਾਵਾਦੀ ਵਿਚਾਰ ਪਿੱਛੇ ਹੱਟ ਗਏ। ਜੀਵਨਵਾਦੀ ਵਿਚਾਰ ਪ੍ਰਬੱਲ ਹੋਏ। ਸਾਹਿਤ ਵਿਚ ਜੀਵਨਵਾਦ ਲਿਆਉਣਾ, ਯਥਾਰਥਵਾਦ ਲਿਆਉਣਾ ਹੈ। ਸਾਹਿਤ ਵਿਚ ਆਮ ਆਦਮੀ ਦੀ ਮਹਿਮਾ ਨੂੰ ਸਥਾਪਤ ਕਰਨਾ, ਦਲਿਤ ਸਾਹਿਤ ਦੀ ਮਹੱਤ ਪੂਰਨ ਉਪਲੱਭਦੀ ਰਹੀ ਹੈ।

**? ਦਲਿਤ ਸਾਹਿਤ ਦੀ ਭਾਸ਼ਾ ਤਾਂ ਕਾਫੀ ਸ਼ਕਤੀਸ਼ਾਲੀ ਰਹੀ ਹੈ। ਤੁਹਾਡੀ 'ਅੱਕਰਮਾਸ਼ੀ' ਦੀ ਭਾਸ਼ਾ ਤਾਂ ਵੱਖਰੇ ਅਧਿਐਨ ਦੀ ਮੰਗ ਕਰਦੀ ਹੈ। ਬਾਵਜੂਦ ਇਸ ਦੇ ਦਲਿਤ ਸਾਹਿਤ ਦੀ ਭਾਸ਼ਾ ਉੱਤੇ ਉੱਚਿਤ ਚਰਚਾ ਨਹੀਂ ਹੋ ਸਕੀ।**

–ਦਲਿਤ ਸਾਹਿਤ ਦੀ ਭਾਸ਼ਾ ਵੱਖਰੀ ਕਿਸਮ ਦੀ ਹੈ। ਹਜ਼ਾਰਾਂ ਸਾਲਾਂ ਤੋਂ ਮੁੱਖ ਧਾਰਾ ਦਾ ਸਮਾਜ ਕਹਿੰਦਾ ਸੀ ਕਿ 'ਇਹ ਗੰਦੀ ਬਸਤੀ ਦੇ ਲੋਕ ਹਨ' ਉਹ ਗੰਦੀ ਭਾਸ਼ਾ ਬੋਲਦੇ ਹਨ। ਉਨ੍ਹਾਂ ਵੱਲ ਜਾਣਾ ਨਹੀਂ ਚਾਹੀਦਾ।" ਇਸ ਤਰ੍ਹਾਂ ਦੀ ਇਕ ਮਾਨਤਾ ਸਮਾਜ ਵਿਚ ਪ੍ਰਚੱਲਤ ਸੀ। ਦਲਿਤ ਸਾਹਿਤ ਨੇ ਆਖੌਤੀ ਗੰਦੀ ਬਸਤੀ ਦੀ ਗੰਦੀ ਭਾਸ਼ਾ ਨੂੰ ਸਾਹਿਤ ਵਿਚ ਸਥਾਪਿਤ ਕੀਤਾ। ਇਸ ਨਾਲ ਸਾਹਿਤ ਵਿਚ ਗਾਲੀ-ਗਲੋਚ ਆ ਗਿਆ। ਜਿਹੜਾ ਮਾਤਰ ਗਾਲੀ ਗਲੋਚ ਨਹੀਂ ਹੈ। ਇਸ਼ਵਰ, ਧਰਮ ਅਤੇ ਵਿਵਸਥਾ ਨੂੰ ਗਾਲ਼ ਦੇਣ ਦੇ ਪਿਛੇ ਇਹ ਭਾਵਨਾ ਹੈ ਕਿ ਆਮ ਆਦਮੀ ਧਰਮ ਅਤੇ ਇਸ਼ਵਰ ਤੋਂ ਵ ਪਵਿੱਤਰ ਹੈ। ਆਮ ਆਦਮੀ ਦੇਸ਼ ਤੋਂ ਵੀ ਪਵਿੱਤਰ ਹੈ। ਆਮ ਆਦਮੀ ਨੂੰ ਕੇਂਦਰ ਵਿਚ ਰੱਖ ਕੇ ਜਿਹੜੀ ਸੋਚ ਪੇਸ਼ ਕੀਤੀ ਗਈ ਉਹ ਗਾਲ੍ਹ ਨਹੀਂ ਸੀ ਦਰਅਸਲ ਉਹ ਸੰਤਾਪ ਦੀ ਤੜਫਾਹਟ ਸੀ। ਦਲਿਤ ਲੇਖਣ ਦਾ ਸੰਤਾਪ ਪੇਸ਼


ਸ਼ਰਣ ਕੁਮਾਰ ਲਿੰਬਾਲੇ ਭਾਸ਼ਣ ਕਰਦੇ ਹੋਇਆ

ਕਰਨ ਦਾ ਤਰੀਕਾ ਗਾਲੀ-ਗਲੋਚ ਨਹੀਂ ਤਾਂ ਕੀ ਹੁੰਦਾ? ਇਥੋਂ ਦੀ ਧਰਮ ਵਿਵਸਥਾ ਨੇ ਹਜ਼ਾਰਾਂ ਸਾਲਾਂ ਵਿਚ ਸਾਨੂੰ ਏਨੀ ਪੀੜ੍ਹਾ ਦਿੱਤੀ ਸੀ ਕਿ ਉਸਦਾ ਵਿਰੋਧ ਸਾਂਤੀ ਨਾਲ, ਪਿਆਰ ਨਾਲ ਹੋ ਹੀ ਨਹੀਂ ਸਕਦਾ। ਉਹ ਗਾਲ ਦੇ ਕੇ ਹੀ ਹੋ ਸਕਦਾ ਸੀ। ਸਾਡੀ ਕਵਿਤਾ ਖਾਲੀ ਕਵਿਤਾ ਨਹੀਂ ਸੀ। ਉਹ ਇਕ ਗਾਲ ਸੀ ਸਾਡੀ। ਅਸੀਂ ਜਦੋਂ ਗਾਲੀ ਗਲੋਚ ਕਰਦੇ ਹਾਂ ਤਾਂ ਉਹ ਕਵਿਤਾ ਬਣ ਜਾਂਦੀ ਹੈ। ਅਸੀਂ ਆਪਣੀ ਭਾਸ਼ਾ ਵਿਚ ਸਹਿਜ ਪੇਸ਼ ਹੋ ਰਹੇ ਹਾਂ। ਸਾਡੀ ਭਾਸ਼ਾ ਵਿਚ ਸਹਿਜਤਾ ਹੈ, ਸੰਤਾਪ ਹੈ। ਬੇਬਾਕੀ ਹੈ। ਉਸ ਵਿਚ ਸਾਡੀ ਗਲੀ ਦੇ ਸੰਦਰਭ ਹਨ ਜਿਹੜੇ ਪ੍ਰਮਾਣਿਕ ਭਾਸ਼ਾ ਵਿਚ ਨਹੀਂ ਹਨ। ਰਵਾਇਤੀ ਭਾਸ਼ਾ ਨਾਲ ਅਸੀਂ 'ਬਲੂੰਤ', 'ਅੱਕਰਮਾਸ਼ੀ', 'ਓਪਰਾ' ਨਹੀਂ ਲਿਖ ਸਕਦੇ ਸੀ। ਕਿਉਂਕਿ ਇਹ ਅੰਚਲਿਕ ਸ਼ਬਦ ਰਵਾਇਤੀ ਭਾਸ਼ਾ ਵਿਚ ਨਹੀਂ ਹਨ। ਪ੍ਰਮਾਣਿਕ ਭਾਸ਼ਾ ਮੁੱਖ ਧਾਰਾ ਦੇ ਵਰਗ ਦੀ ਭਾਸ਼ਾ ਹੈ ਅਤੇ ਉਨ੍ਹਾਂ ਦੇ ਪ੍ਰਵੇਸ਼ ਨਾਲ ਉਹ ਵਿਕਸਿਤ ਹੁੰਦੀ ਹੈ। ਦਲਿਤ ਸਾਹਿਤ ਦੀ ਭਾਸ਼ਾ ਉਥੋਂ ਦੀ ਹੈ, ਜਿਸ ਗਲੀ ਨੂੰ ਵਸ਼ਿਸਟ ਵਰਗ ਗੰਦੀ ਗਲੀ ਕਹਿੰਦਾ ਸੀ। ਇਹ ਭਾਸ਼ਾ ਵੱਖਰੀ ਹੈ। ਇਸਦਾ ਸੁਰ ਵੱਖਰਾ ਹੈ। ਗਾਲੀ ਗਲੋਚ ਦੀ ਇਹ ਭਾਸ਼ਾ ਸੰਤਾਪ ਪ੍ਰਗਟ ਕਰਨ ਦਾ ਰਾਹ ਸੀ। ਹਜ਼ਾਰਾਂ ਸਾਲਾਂ ਤੋਂ ਇਸ ਨੂੰ ਸਾਹਿਤ ਵਿਚ ਪ੍ਰਵੇਸ਼ ਨਹੀਂ ਮਿਲਿਆ ਸੀ। ਇਸਦਾ ਦਾ ਅਧਿਐਨ ਨਹੀਂ ਹੋਇਆ ਸੀ। ਜਦੋਂ ਇਹ ਭਾਸ਼ਾ ਨਵੇਂ ਸ਼ਬਦ ਨਵਾਂ ਸੁਰ ਅਤੇ ਨਵੇਂ ਮੁਹਾਵਰੇ ਲੈ ਕੇ ਪੇਸ਼ ਹੋਈ ਤਾਂ ਲੋਕਾਂ ਨੂੰ ਲੱਗਾ ਕਿ ਇਹ ਕੁਝ ਵੱਖਰਾ ਹੈ। ਇਸ ਵੱਖਰੇ ਰਸ ਦੀ ਭਾਸ਼ਾ ਦਾ ਵੱਖਰੀ ਦ੍ਰਿਸ਼ਟੀ ਤੋਂ ਅਧਿਐਨ ਹੋਣਾ ਜ਼ਰੂਰੀ ਹੈ। ਪਰ ਜਿਨ੍ਹਾਂ ਸ਼ਬਦਾਂ ਨੂੰ ਉਹ ਨਹੀਂ ਜਾਣਦੇ ਸੀ ਉਨ੍ਹਾਂ ਸ਼ਬਦਾਂ ਨੂੰ ਉਨ੍ਹਾਂ ਨੇ ਗੰਦਾ ਕਹਿ ਕੇ ਟਾਲ ਦਿੱਤਾ। ਇਹ ਲੋਕ ਅਮਰੀਕਾ, ਯੂ.ਐਸ.ਏ.ਯੂ.ਕੇ. ਦੇ ਅੰਗਰੇਜ਼ੀ ਸ਼ਬਦ ਡਿਕਸਨਰੀ ਲੈ ਕੇ ਲੱਭਦੇ ਹਨ ਪਰੰਤੂ ਆਪਣੇ ਹੀ ਪਿੰਡ ਦੇ ਬਾਹਰ ਰਹਿਣ ਵਾਲੇ ਲੋਕਾਂ ਦੀ ਭਾਸ਼ਾ ਅਤੇ ਸ਼ਬਦਾਂ ਨੂੰ ਉਹ ਨਹੀਂ ਜਾਣਦੇ ਹਨ, ਨਾ ਸਮਝਦੇ ਹਨ। ਇਹ ਦੁੱਖ ਵਾਲੀ ਗੱਲ ਹੈ। ਇਹ ਸ਼ਬਦ ਕਿਸੇ ਡਿਕਸਨਰੀ ਵਿਚ ਨਹੀਂ ਹਨ। ਜਿਹੜੀ ਭਾਸ਼ਾ ਵਿਗਿਆਨੀ ਸਨ, ਉਹ ਉੱਚ ਜਾਤੀ ਦੇ ਉੱਚ ਵਰਗ ਦੇ ਸਨ। ਉਨ੍ਹਾਂ ਨੂੰ ਇਸ ਭਾਸ਼ਾ ਦੀ ਸਮਝ ਨਹੀਂ ਸੀ। ਉਨ੍ਹਾਂ ਲਈ ਇਸ ਭਾਸ਼ਾ ਨੂੰ ਗੰਦੀ ਕਹਿ ਕੇ ਟਾਲ ਦੇਣਾ ਅਸਾਨ ਤਰੀਕਾ ਸੀ। ਇਸ ਲਈ ਉਹ ਦਲਿਤ ਸਾਹਿਤ ਨੂੰ 'ਗਟਰ ਸਾਹਿਤ' ਵੀ ਕਹਿੰਦੇ ਹਨ। ਮੈਨੂੰ ਲੱਗਦਾ ਹੈ ਕਿ ਦਲਿਤਾਂ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹੀ ਨਹੀਂ ਬਲਕਿ ਭਾਸ਼ਕ ਸ਼ੋਸ਼ਣ ਵੀ ਹੋਇਆ ਹੈ। ਕਿਸੇ ਸਮਾਜ ਨੂੰ ਗਿਆਨ ਤੋਂ ਦੂਰ ਰੱਖਣਾ ਹੋਵੇ, ਤਾਂ ਉਸ ਸਮਾਜ ਨੂੰ ਗਿਆਨ ਦੀ ਭਾਸ਼ਾ ਤੋਂ ਦੂਰ ਰੱਖਿਆ ਜਾਣਾ ਹੁੰਦਾ ਹੈ। ਸੰਸਕ੍ਰਿਤੀ ਵਿਚ ਗਿਆਨ ਸੀ, ਇਸ ਲਈ ਸ਼ੂਦਰਾਂ ਨੂੰ ਸੰਸਕ੍ਰਿਤ ਪੜ੍ਹਨੀ ਵਰਜਿਤ ਸੀ। ਬਾਬਾ ਸਾਹਿਬ ਅੰਬੇਡਕਰ ਜਦੋਂ ਸੰਸਕ੍ਰਿਤ ਪੜ੍ਹਨਾ ਚਾਹੁੰਦੇ ਸਨ ਤਾਂ ਉਸ ਨੂੰ ਸੰਸਕ੍ਰਿਤ ਸਿੱਖਣ ਨਹੀਂ ਦਿੱਤੀ ਗਈ। ਉਸ ਨੂੰ ਫਾਰਸੀ ਸਿੱਖਣੀ ਪਈ। ਸੰਸਕ੍ਰਿਤੀ 'ਦੇਵ ਬਾਣੀ' ਸੀ 'ਲੋਕਬਾਣੀ' ਨਹੀਂ। ਇਹ ਭੇਦ ਦੀ ਭਾਸ਼ਾ ਭਾਵ ਕਿ 'ਲੈਂਗੇਵੇਜ਼ ਆਫ



ਡਿਸਕ੍ਰਿਮੀਨੇਸ਼ਨ' ਰਹੀ ਹੈ। ਇਹ ਇਕ ਨੂੰ ਪਵਿੱਤਰ ਅਤੇ ਦੂਜੇ ਨੂੰ ਅਪਵਿੱਤਰ ਮੰਨਣ ਵਾਲੀ ਭਾਸ਼ਾ ਹੈ। 'ਇਸ ਭਾਸ਼ਾ ਨੂੰ ਦਫਨਾ ਦੇਣਾ ਚਾਹੀਦਾ ਹੈ। ਜਦੋਂ ਤੱਕ ਅਸੀਂ ਇਸ ਨੂੰ ਦਫ਼ਨਾ ਕੇ ਅੰਗਰੇਜ਼ੀ ਨੂੰ ਆਤਮਸਾਤ ਨਹੀਂ ਕਰਾਂਗੇ, ਉਦੋਂ ਤੱਕ ਅਸੀਂ ਅੱਗੇ ਨਹੀਂ ਵਧਾਗੇ।'' ਅੱਜ ਦਲਿਤਾਂ ਦੀ ਇਹ ਸਮਝ ਬਣ ਰਹੀ ਹੈ।

ਦਲਿਤਾਂ ਨੂੰ ਐਨੀਆਂ ਭਾਸ਼ਾਵਾਂ ਵਿਚ ਕਿਉਂ ਵੰਡਿਆ ਹੈ? ਸਾਡੇ ਇਥੇ ਬਆਲਿਸ ਫਿਰਾਂਤੂ ਜਾਤੀਆਂ ਹਨ ਅਤੇ ਹਰ ਇਸ ਦੀ ਭਾਸ਼ਾ ਵੱਖਰੀ ਹੈ। ਇਨ੍ਹਾਂ ਦੀ ਭਾਸ਼ਾ ਇਕ ਕਿਉਂ ਨਹੀਂ? ਜੇਕਰ ਇਨ੍ਹਾਂ ਦੀ ਭਾਸ਼ਾ ਇਕ ਹੁੰਦੀ ਤਾਂ ਇਹ ਇਕ ਦੂਜੇ ਨਾਲ ਸੰਵਾਦ ਕਰਦੇ। ਇਕ ਦੂਜੇ ਨੂੰ ਮਿਲਦੇ, ਪਰਸਪਰ ਪੀੜਾ ਵੰਡਦੇ ਅਤੇ ਉਸ ਵਿਚ ਇਕ ਕ੍ਰਾਂਤੀ ਦੀ ਚਿੰਗਾਰੀ ਉਤਪੰਨ ਹੁੰਦੀ। ਪ੍ਰੰਤੂ ਉਨ੍ਹਾਂ ਨੂੰ ਵੰਡਣ ਵਿਚ, ਅਗਿਆਨੀ ਅਤੇ ਹਨੇਰੇ ਵਿਚ ਰੱਖਣ ਦੇ ਪਿੱਛੇ ਸੰਸਕ੍ਰਿਤਕ ਜੀਵਨ ਤਬਾਹ ਕਰਨ ਦੀ ਸਾਜਿਸ਼ ਸੀ। ਇਥੋਂ ਦੇ ਜਾਤੀਵਾਦੀ ਬੁੱਧੀ ਜੀਵੀਆਂ ਨੇ ਦਲਿਤਾਂ ਦਾ ਭਾਸ਼ਿਕ ਸ਼ੋਸ਼ਣ ਕੀਤਾ ਹੈ। ਹਜ਼ਾਰਾਂ ਸਾਲਾਂ ਤੋਂ ਸ਼ੋਸ਼ਤ ਭਾਸ਼ਾ ਦਾ ਅਧਿਐਨ ਜ਼ਰੂਰੀ ਸੀ, ਪਰ ਇਥੋਂ ਦੇ ਭਾਸ਼ਾ ਸ਼ਾਸ਼ਤਰੀਆਂ ਨੇ ਉਹ ਨਹੀਂ ਕੀਤਾ। ਉਹ ਅਜਿਹਾ ਕਰ ਵੀ ਨਹੀਂ ਸਕਦੇ ਕਿਉਂਕਿ ਉਸ ਵਿਚ ਐਨੀ ਹਿੰਮਤ ਅਤੇ ਸਮਰੱਥਾ ਨਹੀਂ ਹੈ।

**? ਤੁਹਾਡੀ ਦਲੀਲ ਅਨੁਸਾਰ ਦਲਿਤ ਸਾਹਿਤ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕਿਸ ਵਿਧਾ 'ਚ ਹੁੰਦੀ ਹੈ?**

- ਮਰਾਠੀ ਵਿਚ ਇਹ ਸਵੈ ਜੀਵਨੀ ਦੇ ਰੂਪ ਵਿਚ ਮਿਲਦੀ ਹੈ। ਦਲਿਤਾਂ ਨੇ ਸਵੈ ਜੀਵਨੀ ਕਿਉਂ ਲਿਖੀ? ਸਾਹਿਤ ਲਿਖਣ ਦੇ ਲਈ ਪ੍ਰਤਿਭਾ ਜ਼ਰੂਰੀ ਮੰਨੀ ਜਾਂਦੀ ਹੈ। ਜਿਸਦੇ ਕੋਲ ਅਨੁਭਵ ਹੈ ਉਹੀ ਲੇਖਕ ਬਣ ਸਕਦਾ ਹੈ, ਇਸ ਤਰ੍ਹਾਂ ਦੀ ਮਾਨਤਾ ਉਦੋਂ ਪ੍ਰਚੱਲਤ ਨਹੀਂ ਸੀ। ਲੇਖਕ ਕੌਣ ਬਣ ਸਕਦਾ ਹੈ? ਜਿਹੜਾ ਸਰਸਵਤੀ ਦਾ ਪੁੱਤਰ ਹੋਵੇ, ਜਿਹੜਾ ਸ਼ਬਦ ਪ੍ਰਭੂ ਹੈ, ਜਿਸ ਨੂੰ ਇਸਵਰ ਦੀ ਦੇਣ ਹੈ, ਜਿਸਦੇ ਸੁਪਨੇ ਵਿਚ ਆ ਕੇ ਪ੍ਰੇਰਨਾ ਦਿੰਦਾ ਹੈ, ਉਹੀ ਲੇਖਕ ਬਣ ਸਕਦਾ ਹੈ। ਅਸੀਂ ਤਾਂ ਸਰਸਵਤੀ ਦੇ ਮੰਦਰ ਵਿਚ ਵੀ ਨਹੀਂ ਜਾ ਸਕਦੇ ਸੀ। ਫਿਰ ਅਸੀਂ ਕਿਵੇਂ ਲੇਖਕ ਬਣ ਸਕਦੇ ਸਾਂ। ਲੋਕ ਇਹੀ ਸਮਝਦੇ ਸਨ ਕਿ ਸਾਡੇ ਕੋਲ ਲਿਖਣ ਦੀ ਯੋਗਤਾ ਹੀ ਨਹੀਂ ਹੈ। ਦਲਿਤ ਲੇਖਕਾਂ ਨੇ ਇਸ ਮਿੱਥ ਨੂੰ ਤੋੜ ਦਿੱਤਾ। ਲਿਖਣ ਦੇ ਲਈ ਤਾਂ ਅਨੁਭਵ, ਵੇਦਨਾ ਅਤੇ ਖੁਦ ਦੀ ਭਾਸ਼ਾ ਚਾਹੀਦੀ ਹੈ। ਇਹ ਜਿਹਦੇ ਕੋਲ ਹੋਵੇ ਉਹ ਲਿਖ ਸਕਦਾ ਹੈ। ਸਵੈ ਜੀਵਨੀ ਦੇ ਮਧਿਆਮ ਨਾਲ ਅਨੁਭਵ ਅਸਾਨੀ ਨਾਲ ਲਿਖੇ ਜਾ ਸਕਦੇ ਹਨ। ਆਪਣੇ ਅਨੁਭਵਾ ਨੂੰ ਬਿਆਨ ਕਰਨ ਦੇ ਲਈ ਉੱਚ ਸਿੱਖਿਆ ਦੀ ਜ਼ਰੂਰਤ ਨਹੀਂ ਹੁੰਦੀ। ਜਿਸ ਨੂੰ ਲਿਖਣਾ ਆਉਂਦਾ ਹੈ ਉਹ ਲਿਖ ਸਕਦਾ ਹੈ। ਇਕ ਦੁਕਾਨਦਾਰ ਲਿਖ ਸਕਦਾ ਹੈ, ਇਕ ਕੁੱਲੀ ਲਿਖ ਸਕਦਾ ਹੈ, ਇਕ ਜੇਬਕਤਰਾ ਲਿਖ ਸਕਦਾ ਹੈ। ਲਕਸ਼ਮਣ ਗਾਇਕਵਾੜ ਇਕ ਜੇਬ ਕਤਰਾ ਸੀ, ਜਿਸ ਨੇ ਨੇ 'ਉਚੱਕਾ' ਸਵੈ-ਜੀਵਨੀ ਲਿਖੀ। ਅੱਪਾ ਕੇਰਕੇ ਇਕ ਕੁਲੀ ਸੀ, ਜਿਸਨੇ 'ਮੀ ਤਰ ਏਕ ਹਮਾਲ' (ਮੈਂ ਤਾਂ ਕੇਵਲ ਇਕ ਕੁਲੀ ਹਾਂ) ਸਵੈ ਜੀਵਨੀ ਲਿਖੀ। ਪਹਿਲਾਂ ਲੇਖਕ ਦੀ ਜਾਤ ਤਹਿ ਸੀ। ਕਿੱਤਾ ਤੈਅ ਸੀ। ਉਸਦੀ ਗਲੀ ਤੈਅ ਸੀ। ਉਸਦੇ ਪਾਠਕ ਤੈਅ ਸੀ ਅਤੇ ਪ੍ਰਕਾਸ਼ਕ ਤੈਅ ਸੀ। ਪਰੰਤੂ ਦਲਿਤ ਲੇਖਕਾਂ ਨੇ ਇਹ ਸਾਰਾ ਕੁਝ ਤੋੜ ਦਿੱਤਾ। ਜਿਹਦੇ ਕੋਲ ਅਨੁਭਵ ਹੋਣਗੇ, ਉਹ ਲਿਖ ਸਕਦਾ ਹੈ। ਉਨ੍ਹਾਂ ਨੇ ਨਵੀਂ ਮਾਨਤਾ ਸਥਾਪਤ ਕੀਤੀ।

**? ਪ੍ਰੰਤੂ ਅਜਿਹਾ ਕਿਹਾ ਜਾਂਦਾ ਹੈ ਕਿ ਇਕ ਵਾਰ ਵਿਅਕਤੀ ਸਵੈ ਜੀਵਨੀ ਲਿਖ ਲੈਂਦਾ ਹੈ ਤਾਂ ਉਸਦੇ ਅਨੁਭਵ ਖਤਮ ਹੋ ਜਾਂਦੇ ਹਨ।**

- ਇਹ ਬ੍ਰਾਹਮਣ ਪੰਡਤਾਂ ਵਲੋਂ ਪ੍ਰਚਾਰਿਆ ਗਿਆ ਪ੍ਰਚਾਰ ਹੈ ਕਿ 'ਇਕ ਲੇਖਕ ਜਿਹੜਾ ਸਵੈ ਜੀਵਨੀ ਲਿਖੇਗਾ ਉਹ ਖਤਮ ਹੋ ਜਾਵੇਗਾ।' ਕਿਸੇ ਵੀ ਦਲਿਤ ਲੇਖਕ ਉੱਤੇ ਇਹ ਟੂਕ ਲਾਗੂ ਨਹੀਂ ਹੁੰਦੀ। ਸੰਤ ਗਿਆਨਏਸ਼ਵ ਨੇ ਕੇਵਲ ਪੰਜ ਛੇ ਕਿਤਾਬਾਂ ਲਿਖੀਆਂ ਹਨ ਜਿਸ ਵਿਚੋਂ ਕੇਵਲ 'ਗਿਆਨੇਸ਼ਵੀ'

ਨੂੰ ਹੀ ਲੋਕ ਜਾਣਦੇ ਹਨ। ਕਿਸੇ ਲੇਖਕ ਦੀ ਇਕ ਕਿਤਾਬ ਹੀ ਲੋਕਾਂ ਵਿਚ ਮਕਬੂਲ ਹੋ ਜਾਵੇ ਤਾਂ ਕਾਫੀ ਹੁੰਦਾ ਹੈ। ਅੰਣਾ ਭਾਊ ਸਾਠੇ ਨੇ ਐਨੇ ਨਾਵਲ ਲਿਖੇ ਲੋਕ ਕੇਵਲ ਉਸਦਾ 'ਫ਼ਕੀਰਾ' ਨਾਵਲ ਨਾਲ ਜਾਣਦੇ ਹਨ। ਬਾਬੂ ਰਾਵ ਬਾਗੁਲ ਨੇ ਐਨਾ ਲਿਖਿਆ ਪ੍ਰੰਤੂ ਲੋਕ ਕੇਵਲ ਉਸਦਾ 'ਸੂਡ' ਨਾਵਲ ਨੂੰ ਹੀ ਜਾਣਦੇ ਹਨ। ਦਯਾ ਪਵਾਰ ਨੇ ਬਹੁਤ ਲਿਖਿਆ ਪਰ ਉਹਨੂੰ 'ਬਲੂੰਤ' ਸਵੈ ਜੀਵਨੀ ਕਰਕੇ ਜਾਣਦੇ ਹਨ। ਭਾਵ ਕਿ ਲੇਖਕ ਉਸਦੀ ਸਫ਼ਲ ਤੇ ਚਰਚਿਤ ਕਿਤਾਬ ਤੋਂ ਜਾਣਿਆ ਜਾਂਦਾ ਹੈ। ਕੋਈ ਜੇਕਰ ਸਵੈ-ਜੀਵਨੀ ਲਿਖੇ ਤਾਂ ਉਸ ਦੇ ਨਿੱਜੀ ਅਨੁਭਵ ਖਤਮ ਹੋ ਸਕਦੇ ਹਨ ਪਰ ਉਸ ਦਾ ਸੋਚਣਾ, ਉਸਦੇ ਸੁਪਨੇ, ਉਸਦੀ ਪ੍ਰਤੀਬੱਧਤਾ ਜਾਂ ਸਰਗਰਮੀ ਖਤਮ ਨਹੀਂ ਹੁੰਦੀ। ਸਿਰਜਣ ਪ੍ਰਕਿਰਿਆ ਫੈਕਟਰੀ ਥੋੜੀ ਹੁੰਦੀ ਹੈ?

**? ਮਰਾਠੀ ਭਾਸ਼ਾ 'ਚ ਸਵੈ-ਜੀਵਨੀਆਂ ਹਿੰਦੀ ਵਿਚ ਨਹੀਂ ਬਲਕਿ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਚਰਚਿਤ ਹੋਈਆਂ, ਪ੍ਰੰਤੂ ਹਿੰਦੀ ਜਾਂ ਹੋਰ ਭਾਸ਼ਾਵਾਂ ਦੀਆਂ ਸਵੈ-ਜੀਵਨੀਆਂ ਮਰਾਠੀ ਵਿਚ ਚਰਚਿਤ ਨਾ ਹੋਣ ਦਾ ਕੀ ਕਾਰਨ ਹੈ।**

-ਦੇਖੋ ਇਹ ਸਵਾਲ ਵਾਰ ਵਾਰ ਉਠਾਇਆ ਜਾਂਦਾ ਹੈ ਕਿ ਮਰਾਠੀ ਵਿਚ ਦਲਿਤ ਸਾਹਿਤ ਦਾ ਨਿਰਮਾਣ ਕਿਉਂ ਹੋਇਆ? ਮੈਨੂੰ ਦਿੱਲੀ ਵਿਚ ਇਹ ਸਵਾਲ ਪੁੱਛਿਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਮਰਾਠੀ ਵਿਚ ਫੂਲੇ-ਅੰਬੇਡਕਰ ਹੋਏ, ਇਸ ਲਈ ਮਰਾਠੀ ਵਿਚ ਦਲਿਤ ਸਾਹਿਤ ਦਾ ਨਿਰਮਾਣ ਹੋਇਆ। ਇਹ ਠੀਕ ਹੈ, ਪਰ ਬਾਬਾ ਸਾਹਿਬ ਕਿਸ ਨੂੰ ਮੰਨਦੇ ਸਨ? ਬਾਬਾ ਸਾਹਿਬ ਬੁੱਧ, ਕਬੀਰ ਅਤੇ ਫੂਲੇ ਨੂੰ ਮੰਨਦੇ ਸਨ। ਫਿਰ ਬੁੱਧ ਅਤੇ ਕਬੀਰ ਤਾਂ ਉਧਰ ਦੇ ਹੋਏ ਨਾ? ਫਿਰ ਕਿਉਂ ਪਹਿਲਾਂ ਉਥੇ ਦਲਿਤ ਸਾਹਿਤ ਨਹੀਂ ਲਿਖਿਆ ਗਿਆ? ਮੈਨੂੰ ਲੱਗਦਾ ਹੈ ਜਿੱਥੇ ਨੌਜਵਾਨਾਂ ਦਾ ਅੰਦੋਲਨ ਹੁੰਦਾ ਸੀ। ਇਥੋਂ ਦੇ ਦਲਿਤ ਨੌਜਵਾਨਾਂ ਨੇ ਸੰਗਠਿਤ ਹੋ ਕੇ ਬਹੁਤ ਸੰਘਰਸ਼ ਕੀਤਾ। ਹੋਰ ਰਾਜਾਂ ਵਿਚ ਦਲਿਤ ਨੌਜਵਾਨਾ ਦਾ ਇਤਿਹਾਸ ਨਹੀਂ ਮਿਲਦਾ। ਬਾਸਪਾ ਉਤਰ ਭਾਰਤ ਵਿਚ ਕੰਮ ਕਰ ਰਹੀ ਹੈ। ਇਕ ਪਾਰਟੀ ਦੇ ਰੂਪ ਵਿਚ ਉਭਰ ਕੇ ਆਈ ਹੈ। ਇਹ 90 ਤੋਂ ਬਾਅਦ ਦਾ ਮਹੌਲ ਹੈ। ਮਰਾਠੀ ਵਿਚ ਦਲਿਤ ਨੌਜਵਾਨਾ ਦਾ ਅੰਦੋਲਨ ਸੀ, ਫੂਲੇ-ਅੰਬੇਡਕਰ ਦੇ ਵਿਚਾਰ ਸਨ, ਇਸ ਲਈ ਮਰਾਠੀ ਵਿਚ ਦਲਿਤ ਸਾਹਿਤ ਵੱਡੀ ਪੱਧਰ ਉੱਤੇ ਹੜ ਵਾਂਗ ਆਇਆ। ਹਿੰਦੀ ਪੱਟੀ ਵਿਚ ਅਜਿਹੀ ਸਮਾਜਿਕ ਸਥਿਤੀ ਨਹੀਂ ਸੀ। ਉਥੇ ਬਾਅਦ ਵਿਚ ਅਜਿਹੀ ਸਥਿਤੀ ਆਈ। ਦੂਜੀ ਗੱਲ ਇਹ ਕਿ ਮਰਾਠੀ ਦਲਿਤ ਸਾਹਿਤ ਦੀ ਸੁਰ ਬੜੀ ਮਿਲੀਟੈਂਟ ਹੈ। ਮਰਾਠੀ ਸਾਹਿਤ ਵਿਚ ਜਿਹੜਾ ਵਿਦਰੋਹ ਹੈ, ਮਿਲੀਟੈਂਸੀ ਹੈ, ਉਹ ਹੋਰ ਭਾਸ਼ਾਵਾਂ ਵਿਚ ਨਹੀਂ ਹੈ। ਕਿਉਂਕਿ ਇਹ ਨੌਜਵਾਨਾ ਦਾ ਅੰਦੋਲਨ ਹੈ, ਫੂਲੇ ਅੰਬੇਡਕਰ ਦਾ ਅੰਦੋਲਨ ਰਿਹਾ ਹੈ, ਇਸ ਲਈ ਇਥੋਂ ਦੇ ਜਵਾਨ ਜਦੋਂ ਲਿਖਦੇ ਹਨ ਉਨ੍ਹਾਂ ਦਾ ਸੁਰ ਤਿੱਖਾ ਹੁੰਦਾ ਹੈ। ਹਿੰਦੀ ਦਾ ਤੇਵਰ ਐਨਾ ਤਿੱਖਾ ਨਹੀਂ ਹੈ।

ਸੰਨ 1960-1990 ਤੱਕ ਇਥੋਂ ਦੇ ਪਾਠਕਾਂ ਨੇ ਹੋਰ ਭਾਸ਼ਾਵਾਂ ਦੀ ਤੁਲਨਾ ਵਿਚ ਮਰਾਠੀ ਦਲਿਤ ਸਾਹਿਤ ਦੀਆਂ ਅਨੇਕਾਂ ਵਿਧਾਵਾਂ ਪੜੀਆਂ ਹੋਈਆਂ ਸਨ। ਉਨ੍ਹਾਂ ਨੂੰ ਪਚਾਇਆ ਤੇ ਚਰਚਾ ਕੀਤੀ ਹੋਈ ਸੀ। 'ਬਲੂੰਤ' ਵਰਗੀ ਸਵੈ ਜੀਵਨੀ ਦੇ ਤੁਲਨਾ ਵਿਚ ਹੋਰ ਭਾਸ਼ਾ ਦੀ ਸਵੈ-ਜੀਵਨੀ ਮੁਕਾਬਲਾ ਨਹੀਂ ਕਰ ਸਕਦੀ। 'ਓਪਰਾ', 'ਉਚਲਆ', 'ਅੱਕਰਮਾਸ਼ੀ', 'ਕੋਲਾਹਟਯਾਚੰ ਪੋਰ' ਵਰਗੀਆਂ ਮਰਾਠੀ ਵਿਚ ਅਜਿਹੀਆਂ ਸਵੈ ਜੀਵਨੀਆਂ ਹਨ ਜਿਸ ਵਿਚ ਬੇਬਾਕ ਪੇਸ਼ਕਾਰੀ ਹੋਈ ਹੈ। ਐਨੀ ਬੇਬਾਕ, ਐਨੀ ਮੌਲਿਕਤਾ, ਐਨਾ ਵਿਦਰੋਹ ਮਰਾਠੀ ਤੋਂ ਇਲਾਵਾ ਹੋਰ ਭਾਸਾਵਾਂ ਦੀਆਂ ਸਵੈ ਜੀਵਨੀਆਂ ਵਿਚ ਨਹੀਂ ਮਿਲਦਾ। ਬੇਬਾਕ ਮਰਾਠੀ ਪਾਠਕ ਅਤੇ ਸਮਾਜ ਨੇ ਅਜਿਹੀਆਂ ਬੇਬਾਕ ਰਚਨਾਵਾਂ ਪੜੀਆਂ ਹੋਈਆਂ ਸਨ ਜਿਸ ਕਾਰਨ ਉਨ੍ਹਾਂ ਨੇ ਹੋਰ ਭਾਸ਼ਾਵਾਂ ਦੀਆਂ ਰਚਨਾਵਾਂ ਪੜ੍ਹਨੀਆਂ ਸਵੀਕਾਰ ਨਹੀਂ ਕੀਤੀਆਂ। ਮਰਾਠੀ ਦੀਆਂ ਮੌਲਿਕ ਕਿਤਾਬਾਂ ਹਿੰਦੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਹਨ। ਮੇਰੀ ਸਵੈ ਜੀਵਨੀ



ਪਹਿਲਾਂ ਹਿੰਦੀ ਵਿਚ ਨਹੀਂ ਕੰਨੜ ਵਿਚ ਛਪੀ। ਦਯਾ ਪਵਾਰ ਦੀ ਸਵੈ ਜੀਵਨੀ ਪਹਿਲਾਂ ਹਿੰਦੀ ਵਿਚ ਨਹੀਂ 'ਜਰਮਨ' ਭਾਸ਼ਾ ਵਿਚ ਛਪੀ। ਹਿੰਦੀ ਸੰਪਰਕ ਭਾਸ਼ਾ ਹੋਣ ਕਾਰਨ ਦਲਿਤ ਲੇਖਕ ਪੂਰੇ ਦੇਸ਼ ਵਿਚ ਜਾ ਰਹੇ ਹਨ। ਪਰ ਮਰਾਠੀ ਖੇਤਰੀ ਭਾਸ਼ਾ ਹੋਣ ਕਾਰਨ ਇਥੋਂ ਦੇ ਲੇਖਕ ਮਹਾਂਰਾਸ਼ਟਰ ਤੱਕ ਸੀਮਤ ਹਨ। ਸਾਡੇ ਏਥੇ 1960 ਵਿਚ ਦਲਿਤ ਸਾਹਿਤ ਨੂੰ ਲੈ ਕੇ ਜਿਹੜੀਆਂ ਚਰਚਾਵਾਂ ਹੁੰਦੀਆਂ ਰਹੀਆਂ ਹਨ ਤਮਿਲ, ਕੰਨੜ, ਗੁਜਰਾਤੀ, ਤੈਲਗੂ, ਮਲਿਆਲਅਮ, ਪੰਜਾਬੀ ਆਦਿ ਖੇਤਰੀ ਭਾਸ਼ਾਵਾਂ ਵਿਚ ਉਹ ਹੁਣ ਸ਼ੁਰੂ ਹੋਈ ਹੈ।

**? ਅੱਕਰਮਾਸ਼ੀ' ਬਹੁਤ ਚਰਚਿਤ ਰਹੀ। ਜਿਵੇਂ ਜਿਵੇਂ ਉਸ ਦੇ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੁੰਦੇ ਗਏ, ਉਸੇ ਤਰ੍ਹਾਂ ਤਹਿਲਕਾ ਮੱਚਦਾ ਗਿਆ। ਪ੍ਰੰਤੂ 'ਪੁਨਹਾ ਅੱਕਰਮਾਸ਼ੀ' (ਲੇਖਕ ਦੀ ਸਭ ਤੋਂ ਪਹਿਲਾਂ ਲਿਖੀ ਤੇ ਛਪੀ ਸਵੈ-ਜੀਵਨੀ) ਚਰਚਿਤ ਨਹੀਂ ਹੋ ਸਕੀ?**



-ਨਹੀਂ ... ਨਹੀਂ ਦਰਅਸਲ ਗੱਲ ਇਹ ਹੈ ਕਿ 'ਪੁਨਹਾ ਅੱਕਰਮਾਸ਼ੀ' ਕੀ ਹੈ, ਇਹ ਲੋਕਾਂ ਨੂੰ ਪਤਾ ਨਹੀਂ ਹੈ। 'ਅੱਕਰਮਾਸ਼ੀ' ਸ਼੍ਰੀ ਵਿਦਿਆ ਪ੍ਰਕਾਸ਼ਨ, ਪੂਨੇ ਦੇ ਛਾਪੀ ਸੀ। ਉਹ ਕਿਤਾਬਾਂ ਵੇਚ ਰਿਹਾ ਸੀ ਅਤੇ ਮੈਨੂੰ ਪੈਸੇ ਨਹੀਂ ਦੇ ਰਿਹਾ ਸੀ। ਉਸਦਾ ਤੀਜਾ ਐਡੀਸ਼ਨ ਛਾਪਿਆ ਸੀ ਅਤੇ ਉਹ ਮੈਨੂੰ ਹਿਸਾਬ ਨਹੀਂ ਦੇ ਰਿਹਾ ਸੀ। ਉਹ ਨਵਾਂ ਐਡੀਸਨ ਛਾਪ ਕੇ ਵੇਚ ਰਿਹਾ ਸੀ ਕਿ ਨਵਾਂ ਐਡੀਸ਼ਨ ਆਉਣ ਵਾਲਾ ਹੈ, ਇਸ ਲਈ ਮੈਂ 'ਅੱਕਰਮਾਸ਼ੀ' ਦੂਜੇ ਪ੍ਰਕਾਸ਼ਕ ਨੂੰ ਦੇਣੀ ਚਾਹੁੰਦਾ ਸੀ। ਪ੍ਰੰਤੂ ਉਹ ਕਾਨੂੰਨ ਦੀ ਗੱਲ ਕਰ ਰਿਹਾ ਸੀ। ਉਸ ਵੇਲੇ ਮੇਰੇ ਦਿਮਾਗ ਵਿਚ ਆਇਆ ਕਿ 'ਅੱਕਰਮਾਸ਼ੀ' ਦਾ ਅਨੁਵਾਦ ਪ੍ਰਕਾਸ਼ਤ ਕਰਵਾਇਆ ਜਾ ਸਕਦਾ ਹੈ। "'ਅੱਕਰਮਾਸ਼ੀ' ਦੇ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਜੋ ਅਨੁਵਾਦ ਹੋਏ ਹਨ ਉਹ ਪ੍ਰਮਾਨਿਕ ਭਾਸ਼ਾ ਵਿਚ ਹੋਏ ਹਨ, ਆਂਚਲਿਕ ਭਾਸ਼ਾ ਵਿਚ ਨਹੀਂ। ਫਿਰ ਵੀ ਅਨੁਵਾਦ ਚਰਚਿਤ ਹੋ ਰਹੇ ਸਨ। ਇਸ ਨਾਲ ਮੈਨੂੰ ਲੱਗਿਆ ਕਿ 'ਅੱਕਰਮਾਸ਼ੀ' ਦੀ ਜਿਹੜੀ 'ਬੋਲ਼ੀ' ਭਾਸ਼ਾ ਹੈ, ਉਸਨੂੰ ਪ੍ਰਮਾਨਿਕ ਮਰਾਠੀ ਭਾਸ਼ਾ ਵਿਚ ਲਿਖਾਂ। ਇਸ ਲਈ ਮੈਂ ਮੁੜ 'ਅੱਕਰਮਾਸ਼ੀ' ਲਿਖ ਕੇ ਕਿਸੇ ਦੂਜੇ ਪ੍ਰਕਾਸ਼ਕ ਨੂੰ ਦੇ ਦੇਵਾਂਗਾ। ਤਾਂ ਪਹਿਲੇ ਪ੍ਰਕਾਸ਼ਕ ਨੂੰ ਸਬਕ ਮਿਲ ਜਾਵੇਗਾ। ਉਂਞ ਵੀ 'ਅੱਕਰਮਾਸ਼ੀ' ਦੀ 'ਬੋਲ਼ੀ' ਭਾਸ਼ਾ 'ਚ ਹੋਣ ਕਾਰਨ ਸਵਰਣ ਸਭਿਆ ਸਮਾਜ ਉਸ ਨੂੰ ਪੜ੍ਹਨ ਤੋਂ ਘਬਰਾਉਂਦਾ ਸੀ। ਬੱਚਿਆਂ ਨੂੰ ਕਿਹਾ ਜਾਂਦਾ ਸੀ 'ਇਹਦੇ ਵਿਚ ਗਾਲਾਂ ਹਨ, ਇਹ ਅਸ਼ਲੀਲ ਹੈ, ਇਸਨੂੰ ਨਾ ਪੜ੍ਹੋ।" ਇਥੋਂ ਦੇ ਭੱਟ-ਬ੍ਰਾਹਮਣ ਅਤੇ ਬੁੱਧੀਜੀਵੀਆਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ 'ਦਲਿਤ ਸਾਹਿਤ ਗੰਦਾ ਹੈ, ਅਸ਼ਲੀਲ ਹੈ।' ਲਾਇਬਰੇਰੀਆਂ ਵਿਚ ਰੱਖੀਆਂ ਗਈਆਂ ਪੁਸਤਕਾਂ ਦੇ ਪਹਿਲੇ ਪੰਨੇ ਤੇ ਇਹ ਲਿਖਿਆ ਜਾਂਦਾ ਸੀ 'ਇਹ ਪੁਸਤਕ ਨਾ ਪੜ੍ਹੋ, ਅਸ਼ਲੀਲ ਹੈ, ਗੰਦੀ, ਇਹਦੇ ਵਿਚ ਗਾਲ੍ਹਾਂ ਭਰੀਆਂ ਹੋਈਆਂ ਹਨ' ਅੰਦਰ ਅਨੇਕਾਂ ਥਾਂਵਾਂ ਉੱਤੇ ਲਾਲ ਪਿੰਨ ਨਾਲ ਰੇਖਾਵਾਂ ਖਿੱਚ ਦਿੱਤੀਆਂ ਜਾਂਦੀਆਂ ਸਨ। ਫਿਰ ਦਲਿਤ ਸਮਾਜ ਦੇ ਕੰਨਵੈਂਟ ਸਕੂਲਾਂ ਵਿਚ ਪੜ੍ਹੇ ਮੁੰਡੇ 'ਅੱਕਰਮਾਸ਼ੀ' ਸਮਝ ਨਹੀਂ ਰਹੇ ਸਨ। ਕਿਉਂਕਿ ਉਹ ਬੱਚੇ ਅੱਗੇ ਜਾ ਚੁੱਕੇ ਸਨ। ਪੂਰੇ ਸਮਾਜ ਨੂੰ ਸਮਝਣ ਦੇ ਲਈ ਪ੍ਰਮਾਨਿਕ ਭਾਸ਼ਾ ਵਿਚ ਲਿਖਣਾ ਜ਼ਰੂਰੀ ਹੋ ਗਿਆ ਸੀ। 'ਬੋਲ਼ੀ' ਭਾਸ਼ਾ ਕੇਵਲ ਮੁੱਠੀ ਭਰ ਸਮਾਜ ਸਮਝ ਸਕਦਾ ਹੈ। ਮੈਂ 'ਅੱਕਰਮਾਸ਼ੀ' ਮੁੜ ਪ੍ਰਮਾਨਿਕ ਭਾਸ਼ਾ ਵਿਚ ਲਿਖੀ ਅਤੇ 'ਪੁਨਹਾ ਅੱਕਰਮਾਸ਼ੀ' ਸਵੈ-ਜਵਨੀ 'ਬੋਲ਼ੀ' ਆਂਚਲਿਕ ਭਾਸ਼ਾ 'ਚ ਰਹਿਣ ਦਿੱਤੀ।


**? 'ਨਰਵਾਨਰ', 'ਬਹੁਜਨ', 'ਹਿੰਦੂ' ਅਤੇ 'ਝੁੰਡ' ਨਾਵਲ ਤੁਹਾਡੇ ਦਲਿਤ ਜੀਵਨ ਦੇ ਸ਼ਕਤੀਸ਼ਾਲੀ ਨਾਵਲ ਹਨ। ਪ੍ਰੰਤੂ ਇਨ੍ਹਾਂ ਨਾਵਲਾਂ ਵਿਚ ਦਲਿਤ ਸਮੱਸਿਆ ਦੇ ਨਾਲ ਹੋਰ ਸੰਦਰਭਾ ਅਤੇ ਸਮੱਸਿਆਵਾਂ ਨੂੰ ਵੀ ਲਿਆ ਗਿਆ ਹੈ ਭਾਵ ਕਿ ਤੁਹਾਡੇ ਨਾਵਲਾਂ ਵਿਚ ਵਿਆਪਕ ਸੋਚ ਮਿਲਦੀ ਹੈ। ਇਸ ਸੰਦਰਭ ਵਿਚ ਤੁਸੀਂ ਕੀ ਕਹੋਗੇ।**

– ਬਿਲਕੁਲ ਠੀਕ। ਮੇਰੇ ਲਿਖਣ ਦਾ ਜਿਹੜਾ ਪਹਿਲਾ ਦੌਰ ਸੀ, ਉਦੋਂ ਮੈਂ ਆਪਣੀ ਮਹਾਰ ਜਾਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਸਬੰਧ ਵਿਚ ਸੋਚਦਾ ਸੀ। ਪਹਿਲਾਂ ਅਸੀਂ ਇਸ ਤਰ੍ਹਾਂ ਸੋਚਦੇ ਸਾਂ ਕਿ ਭਾਰਤ ਹੀ ਦੁਨੀਆਂ ਦਾ ਇਕ ਅਜਿਹਾ ਦੇਸ਼ ਹੈ ਜਿੱਥੇ ਜਾਤੀ ਵਿਵਸਥਾ ਹੈ ਅਤੇ ਹਿੰਦੂ ਹੀ ਦੁਨੀਆਂ ਦਾ ਇਕੋ ਇਕ ਧਰਮ ਹੈ ਜਿੱਥੇ ਜਾਤ ਪਾਤ ਹੈ। ਪ੍ਰੰਤੂ ਇਹ ਗਲਤ ਹੈ। ਜਾਤੀ ਵਿਵਸਥਾ ਤਾਂ ਅਨੇਕਾਂ ਦੇਸ਼ਾਂ ਅਤੇ ਅਨੇਕ ਧਰਮਾਂ ਵਿਚ ਹੈ। ਕੇਵਲ ਮਹਾਰਾਂ ਉੱਤੇ ਹੀ ਜਾਤੀ ਅਨਿਆ ਹੁੰਦਾ ਹੈ ਅਜਿਹਾ ਨਹੀਂ ਹੈ। ਮਾਤੰਗ, ਚਮਾਰ ਅਤੇ ਜਨਜਾਤੀਆਂ ਉੱਤੇ ਵੀ ਅਨਿਆ ਹੁੰਦਾ ਹੈ। ਮੈਂ ਸਿੱਖਿਅਤ ਹੋਇਆ, ਹੋਰ ਸਮਾਜ ਦੇ ਲੋਕਾਂ ਨੂੰ ਮਿਲਣ ਲੱਗਾ ਅਤੇ ਆਪਣੀ ਜਾਤੀ ਤੋਂ ਬਾਹਰ ਨਿਕਲ ਆਇਆ। ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਸਮਾਜਿਕ ਤਬਦੀਲੀ ਦੀ ਮਰਯਾਦਾ ਲੰਘ ਕੇ ਬਾਹਰ ਗਿਆ ਬਲਕਿ ਇਸ ਨਾਲ ਮੇਰਾ ਸੋਚਣ ਦਾ ਦਾਇਰਾ ਵਧ ਗਿਆ। ਮੈਂ ਦੇਖਿਆ ਕਿ ਹੋਰ ਜਾਤਾਂ ਵਿਚ ਵੀ ਛੂਆ ਛਾਤ ਹੈ। ਹੋਰ ਜਾਤਾਂ ਉੱਤੇ ਵੀ ਜਾਤੀਵਾਦੀ ਮਾਨਸਿਕਤਾ ਕਾਰਨ ਅੱਤਿਆਚਾਰ ਹੋਏ। ਭਾਵ ਕਿ ਮੇਰੇ ਮਨ ਵਿਚ ਸਮਾਜਿਕ ਵਿਆਪਕਤਾ ਵਿਕਸਿਤ ਹੋ ਗਈ। ਭਾਰਤ ਵਿਚ ਜਿਹੜੀ ਜਾਤੀ ਵਿਵਸਥਾ ਹੈ ਉਹ ਨੇਪਾਲ, ਸ਼੍ਰੀ ਲੰਕਾ, ਮਲੇਸ਼ੀਆਂ, ਪਾਕਿਸਤਾਨ, ਯੂ ਕੇ ਯੂ ਐਸ ਏ ਵਿਚ ਵੀ ਹੈ। ਇਸ ਨਾਲ ਮੇਰੀ ਭੂਗੋਲਿਕ ਸਥਿਤੀ ਵੱਧ ਗਈ। ਪਹਿਲਾਂ ਮੈਂ ਕੇਵਲ ਮਹਾਂਰਾਸ਼ਟਰ, ਮਰਾਠੀ ਭਾਸ਼ਾ ਅਤੇ ਆਪਣੀ ਮਹਾਰ ਜਾਤੀ ਦੇ ਬਾਰੇ ਵਿਚ ਸੋਚਦਾ ਸਾਂ। ਫਿਰ ਮੈਂ ਭਾਰਤ ਦੇ ਬਾਰੇ ਵਿਚ ਸੋਚਣ ਲੱਗਾ। ਮੇਰੀ ਸਮਾਜਿਕ, ਰਾਜਨੀਤਿਕ, ਆਰਥਿਕ ਸੋਚ ਵਿਆਪਕ ਬਣ ਗਈ। ਵਿਆਪਕ ਹੋਣਾ ਹੀ ਆਪਣੀ ਸੋਚ ਨੂੰ ਮਜਬੂਤ ਕਰਨਾ ਹੁੰਦਾ ਹੈ। ਆਪਣੇ ਟੀਚੇ ਤੋਂ ਦੂਰ ਜਾਣਾ ਨਹੀਂ। ਅਸੀਂ ਤਬਦੀਲੀ ਦੀ ਲੜਾਈ ਨੂੰ ਮਜਬੂਤ ਕਰਨਾ ਹੈ। ਹਜ਼ਾਰਾਂ ਸਾਲਾਂ ਦੀ ਜਾਤੀ ਵਿਵਸਥਾ ਤੋਂ ਮੁੱਠੀ ਭਰ ਸਮਾਜ ਜੂਝ ਨਹੀਂ ਸਕਦਾ ਸੀ। ਜਾਤੀ ਵਿਵਸਥਾ ਨੂੰ ਤੋੜਨ ਦੇ ਲਈ ਹਜ਼ਾਰਾਂ ਜਾਤੀਆਂ ਨੂੰ ਇਕੱਠਾ ਕਰਨਾ ਜ਼ਰੂਰੀ ਹੈ। ਉਸ ਦੇ ਲਈ ਵਿਆਪਕ ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ਟੀਕੋਣ ਜ਼ਰੂਰੀ ਸਨ, ਇਸ ਲਈ ਮੈਂ ਇਸ ਵਿਆਪਕ ਦ੍ਰਿਸ਼ਟੀਕੋਣ ਤੋਂ ਸੋਚਣ ਲੱਗਾ। ਮੇਰੀਆਂ ਜਿਹੜੀਆਂ ਮੁਢਲੀਆਂ ਰਚਨਾਵਾਂ ਹਨ। ਉਸ ਵਿਚ ਕੇਵਲ ਇਕ ਜਾਤੀ ਦਾ ਦੁੱਖ ਮਿਲੇਗਾ। ਇਕ ਜਾਤੀ ਦੇ ਅਨੁਭਵ ਮਿਲਣਗੇ। ਬਾਅਦ ਦੀਆਂ ਰਚਨਾਵਾਂ ਵਿਚ ਅਨੇਕਾਂ ਜਾਤੀਆਂ ਦੇ ਦੁੱਖ ਮਿਲਣਗੇ, ਅਨੇਕਾਂ ਪ੍ਰਦੇਸ਼ਾਂ ਦੀਆਂ ਭਾਸ਼ਾਵਾਂ ਮਿਲਣਗੀਆਂ। ਅਨੇਕ ਅੰਦੋਲਨ, ਅਨੇਕ ਸਮੱਸਿਆਵਾਂ, ਅਨੇਕ ਸੰਦਰਭ ਮਿਲਣਗੇ। ਇਨ੍ਹਾਂ ਸਾਰਿਆਂ ਦਾ ਕੇਂਦਰ ਲੋਕਤੰਤਰ ਹੈ। ਅਸੀਂ ਲੋਕ ਤੰਤਰ ਮਜਬੂਤ ਕਰਨਾ ਹੈ। ਅਸੀਂ ਲੋਕ ਤੰਤਰ ਨੂੰ ਮੰਨਣ ਵਾਲੇ ਹਾਂ। ਇਸ ਦਾ ਅਰਥ ਹੈ ਕਿ ਆਜ਼ਾਦੀ, ਸਮਾਨਤਾ, ਭਾਈਚਾਰਾ ਮਜਬੂਤ ਕਰਨਾ ਅਤੇ ਫੂਲੇ-ਅੰਬੇਡਕਰ ਦੇ ਸੁਪਨਿਆਂ ਦੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨਾ। ਬਾਬਾ ਸਾਹਿਬ ਅੰਬੇਡਕਰ ਨੇ ਜਿਹੜਾ ਸੰਵਿਧਾਨ ਲਿਖਿਆ, ਉਸ ਦਾ ਉਦੇਸ਼ ਲੋਕ ਤੰਤਰ ਸਮਾਜ ਵਿਵਸਥਾ ਹੈ। ਇਕ ਜਾਤੀ ਨੂੰ ਲੈ ਕੇ ਲਿਖਣ-ਬੋਲਣ ਦਾ ਅਰਥ ਪੂਰੇ ਸਰਵਹਾਰਾ ਸਮਾਜ ਦੇ ਬਾਰੇ ਵਿਚ ਬੋਲਣਾ ਲਿਖਣਾ ਨਹੀਂ ਹੁੰਦਾ। ਮੈਨੂੰ ਇਹ ਅਹਿਸਾਸ ਹੋਇਆ ਅਤੇ ਮੈਂ ਅਨੇਕਾਂ ਸ਼ੋਸ਼ਿਤ ਜਾਤੀਆਂ ਦੇ ਸਬੰਧ ਵਿਚ ਬੋਲਣਾ ਲਿਖਣਾ ਸ਼ੁਰੂ ਕਰ ਦਿੱਤਾ। ਸਾਰੇ ਸ਼ੋਸ਼ਣ ਦੇ ਸ਼ਿਕਾਰ ਦੀ ਪੀੜ ਦੇ ਪ੍ਰਤੀ ਮੈਂ ਸੰਵੇਦਨਸ਼ੀਲ ਬਣ ਗਿਆ। ✪



# ਮਰਾਠੀ ਕਹਾਣੀਆਂ; ਅਨੁਵਾਦਕ : ਭਗਵੰਤ ਰਸੂਲਪਰੀ

## ਕਬਰਿਸਤਾਨ ਦਾ ਸੋਨਾ/- ਅੰਣਾ ਭਾਊ ਸਾਠੇ (Annabhau Sathe)



ਅੰਣਾ ਭਾਊ ਸਾਠੇ

ਗੁਵਾਂਢ ਦੇ ਇਕ ਪਿੰਡ ਵਿਚ ਇਕ ਵੱਡੇ ਸ਼ਾਹੂਕਾਰ ਦੇ ਮਰਨ ਦੀ ਖ਼ਬਰ ਸੁਣ ਕੇ ਭੀਮਾ ਉੱਛਲ ਪਿਆ। ਉਸ ਦੇ ਮਨ ਵਿਚ ਖੁਸ਼ੀ ਦਾ ਜਵਾਲਾ ਮੁੱਖੀ ਫੁਟ ਤੁਰਿਆ। ਉਹ ਬਹੁਤ ਹੀ ਖੁਸ਼ੀ ਵਿਚ ਆਨੰਦਤ ਹੋ ਗਿਆ। ਉਸ ਨੇ ਪਿੰਡ ਵੱਲ ਵੇਖ ਕੇ ਉਦੋਂ ਹੀ ਝਟ ਦੇਣੀ ਸੂਰਜ ਵੱਲ ਵੀ ਵੇਖਿਆ।

ਸੂਰਜ ਡੁੱਬ ਰਿਹਾ ਸੀ। ਆਕਾਸ਼ ਵਿਚ ਬਰਸਾਤੀ ਬੱਦਲ ਛਾਏ ਹੋਏ ਸਨ। ਅੰਬਰ ਹਲ਼ ਨਾਲ ਵਾਹੀ ਹੋਈ ਜ਼ਮੀਨ ਵਾਂਗ ਉੱਚਾ-ਨੀਵਾਂ ਦਿਖਾਈ ਦੇ ਰਿਹਾ ਸੀ। ਕਰਾਲ-ਵਿਕਰਾਲ ਬੱਦਲਾਂ ਦੇ ਵਾਂਗ ਡੁੱਬਦੇ ਹੋਏ ਸੂਰਜ ਦੀ ਰੌਸ਼ਨੀ ਮੁੰਬਈ ਉੱਤੇ ਪੈ ਰਹੀ ਸੀ।

ਰੁਕ-ਰੁਕ ਦੇ ਹਵਾ ਚੱਲ ਰਹੀ ਸੀ। ਉਸ ਦੇ ਵਗਣ ਨਾਲ ਸੰਘਣੇ ਜੰਗਲ ਵਿਚ ਛਰਰ-ਛਰਰ ਦੀ ਆਵਾਜ਼ ਆ ਰਹੀ ਸੀ। ਜੰਗਲ ਵਿਚ ਵਸੀਆਂ ਹੋਈਆਂ ਉਹ ਪੰਜਾਹ ਝੁੱਗੀਆਂ ਭੈਅ-ਭੀਤ ਸਨ। ਪੁਰਾਣੇ ਟੀਨ, ਚਾਦਰਾ, ਤੱਖਤੀਆਂ, ਪੱਥਰਾਂ ਨਾਲ ਬਣੀਆਂ ਸਨ। ਬੇਕਾਰ ਦੀਆਂ ਵਸਤੂਆਂ ਨੇ ਬੇਕਾਰ ਲੋਕਾਂ ਉੱਤੇ ਛਾਂ ਕੀਤੀ ਹੋਈ ਸੀ। ਦਿਨ-ਰਾਤ ਪੇਟ ਭਰਨ ਲਈ ਦੌੜ-ਦੌੜ ਕੇ ਥੱਕੇ ਹੋਏ ਲੋਕ ਉਥੇ ਰਹਿੰਦੇ ਸਨ। ਚੁੱਲ੍ਹੇ ਤਪਣ ਲੱਗ ਪਏ ਸਨ। ਹਰੇ ਦਰੱਖਤਾਂ ਵਿਚੋਂ ਚਿੱਟਾਂ ਘਸਮੈਲ਼ਾਂ ਧੂੰਆਂ ਨਿਕਲ ਰਿਹਾ ਸੀ। ਬੱਚੇ ਖੇਡ ਰਹੇ ਸਨ। ਇਕ ਵੱਡੇ ਸਾਰੇ ਇਮਲੀ ਦੇ ਦਰਖੱਤ ਦੇ ਥੱਲੇ ਭੀਮਾ ਸੋਚਾ ਵਿਚ ਪਿਆ ਹੋਇਆ ਬੈਠਾ ਸੀ। ਉਸਦਾ ਮਨ ਬੇਚੈਨ ਸੀ। ਮਰੇ ਹੋਏ ਸ਼ਾਹੂਕਾਰ ਦੇ ਪ੍ਰਤੀ ਉਸ ਦੇ ਮਨ ਵਿਚ ਤਣਾਓ ਸੀ। ਉਸਦੀ ਆਤਮਾ ਕਈ ਵਾਰ ਉਸ ਪਿੰਡ ਦੇ ਕਬਰਿਸਤਾਨ ਤੋਂ ਹੋ ਕੇ ਇਮਲੀ ਦੇ ਦਰੱਖਤ ਦੇ ਥੱਲੇ ਆਉਂਦੀ ਸੀ। ਭੀਮਾ ਵਾਰ-ਵਾਰ ਸੂਰਜ ਵੱਲ ਵੇਖ ਉਸ ਪਿੰਡ ਵੱਲ ਵੇਖਦਾ ਸੀ। ਉਸ ਨੂੰ ਹੁਣ ਹਨੇਰੇ ਦੀ ਜ਼ਰੂਰਤ ਸੀ। ਇਸ ਲਈ ਉਹਨੂੰ ਆਚੋ ਆਈ ਲੱਗੀ ਹੋਈ ਸੀ।

ਉਸਦੀ ਲਾਡਲੀ ਬੇਟੀ ਨਾਬਦਾ ਨੇੜੇ ਹੀ ਖੇਡ ਰਹੀ ਸੀ ਅਤੇ ਪਤਨੀ ਘਰ 'ਚ ਰੋਟੀਆਂ ਪਕਾ ਰਹੀ ਸੀ। ਭੀਮੇ ਦਾ ਸਰੀਰ ਤੱਕੜਾ ਸੀ। ਲਾਲ ਰੰਗ ਦਾ ਪਰਨਾ, ਪੀਲੀ ਧੋਤੀ, ਮੋਟੇ ਕੱਪੜੇ ਦਾ ਕੁੜਤਾ ਉਸਦਾ ਪੱਕਾ ਪਹਿਰਾਵਾ ਸੀ।

ਉਹ ਪਹਿਲਵਾਨ ਦੇ ਵਾਂਗ ਦਿਸਦਾ ਸੀ। ਉਸਦਾ ਵਿਸ਼ਾਲ ਮੱਥਾ, ਚੌੜੀ ਧੌਣ, ਵਿਸ਼ਾਲ ਬਾਹਾਂ, ਸੰਘਣੀਆਂ ਲੱਛੇਦਾਰ ਮੁੱਛਾ, ਚੌੜਾ ਅਤੇ ਕ੍ਰੋਧ ਨਾਲ ਭਰਿਆ ਚਿਹਰਾ ਦੇਖਦਿਆਂ ਹੀ ਕਈ ਗੁੰਡੇ ਘਬਰਾ ਜਾਂਦੇ ਸੀ।

ਭੀਮੇ ਦਾ ਪਿੰਡ ਦੂਰ ਵਾਰਣਾ ਦੇ ਕੰਢੇ ਉੱਤੇ ਸੀ। ਝੋਟੇ ਜਿੰਨੀ ਤਾਕਤ ਹੁੰਦਿਆਂ ਹੋਇਆ ਵੀ ਉਹ ਢਿੱਡ ਭਾਰਨ ਤੋਂ ਅਸਮਰੱਥ ਸੀ। ਇਸ ਲਈ ਉਹ ਬੰਬਈ ਆ ਗਿਆ ਸੀ। ਮੁੰਬਈ ਆ ਕੇ ਉਸ ਨੇ ਕੰਮ ਦੇ ਲਈ ਸਾਰੀ ਮੁੰਬਈ ਗਾਹ ਮਾਰੀ, ਪਰ ਉਸ ਨੂੰ ਕੰਮ ਨਹੀਂ ਮਿਲਿਆ। ਕੰਮ ਮਿਲੇਗਾ ਤਾਂ ਉਹ ਮਜਦੂਰ ਬਣੇਗਾ, ਦਿਹਾੜੀ ਲਿਆਵੇਗਾ, ਉਨ੍ਹਾਂ ਪੈਸਿਆ ਨੂੰ ਜੋੜ ਕੇ ਪਤਨੀ ਦੇ ਲਈ ਉਹ ਸੋਨੇ ਦਾ ਹਾਰ

ਬਣਾਏਗਾ, ਅਜਿਹੇ ਪਤਾ ਨਹੀਂ ਕਿੰਨੇ ਕੁ ਸੁਪਨੇ ਟੁੱਟਣ ਦੇ ਕਾਰਨ ਭੀਮਾ ਨਿਰਾਸ਼ ਹੋ ਕੇ ਉਸ ਉਪ ਨਗਰ ਦੇ ਜੰਗਲ ਵਿਚ ਆਇਆ ਸੀ। ਮੁੰਬਈ ਵਿਚ ਸਾਰਾ ਕੁਝ ਹੈ ਪਰ ਕੰਮ ਅਤੇ ਸਿਰ ਢੱਕਣ ਦਾ ਆਸਰਾ… ਇਹ ਦੋ ਚੀਜਾਂ ਨਹੀਂ ਹਨ। ਇਸ ਕਾਰਨ ਉਸ ਨੂੰ ਮੁੰਬਈ ਉੱਤੇ ਗੁੱਸਾ ਆਇਆ ਸੀ। ਹੁਣ ਉਸ ਉਪਨਗਰ ਦੇ ਨੇੜੇ ਦੇ ਜੰਗਲ ਦੇ ਪਹਾੜਾ ਵਿਚ ਇਕ ਖੱਡ ਵਿਚ ਉਸ ਨੂੰ ਕੰਮ ਮਿਲ ਗਿਆ ਸੀ।

ਉਸ ਜੰਗਲ 'ਚ ਕੰਮ ਤੇ ਆਸਰਾ ਮਿਲਦਿਆਂ ਹੀ ਭੀਮਾ ਖੁਸ਼ ਹੋਇਆ ਸੀ। ਕਈ ਝੋਟਿਆ ਜਿੰਨੀ ਤਾਕਤ ਲੈ ਕੇ ਜਿਵੇਂ ਉਹ ਪਹਾੜਾਂ ਨਾਲ ਟੱਕਰ ਲੈ ਰਿਹਾ ਸੀ। ਉਸਦੇ ਗੁਦਾਲੀ ਹੱਥ ਵਿਚ ਲੈਂਦੇ ਹੀ ਪਹਾੜ ਪਿੱਛੇ ਹੱਟਦੇ ਸਨ। ਉਸ ਵਲੋਂ ਹਥੌੜਾ ਚੁੱਕਦਿਆਂ ਜਿਵੇਂ ਕਾਲੇ ਪੱਥਰ ਤਰਲੇ ਕਰਨ ਲੱਗ ਪੈਂਦੇ ਹੋਣ। ਇਸ ਲਈ ਠੇਕੇਦਾਰ ਉਸ ਉੱਤੇ ਖੁਸ਼ ਸੀ। ਭੀਮਾ ਇਸ ਲਈ ਖੁਸ਼ ਸੀ ਕਿ ਉਸ ਨੂੰ ਮਜਦੂਰੀ ਮਿਲਦੀ ਸੀ।

ਪ੍ਰੰਤੂ ਛੇ ਮਹੀਨੇ ਵਿਚ ਹੀ ਉਸ ਖੱਡ ਦਾ ਕੰਮ ਬੰਦ ਹੋ ਗਿਆ ਅਤੇ ਭੀਮੇ ਉੱਤੇ ਬੇਕਾਰੀ ਦਾ ਪਹਾੜ ਟੁੱਟ ਪਿਆ। ਇਕ ਸਵੇਰ ਉਸਨੇ ਆਪਣਾ ਕੰਮ ਸ਼ੁਰੂ ਕੀਤੀ ਸੀ, ਤਾਂ ਤੁਰੰਤ ਉਹ ਸਮਝ ਗਿਆ ਕਿ ਅੱਜ ਤੋਂ ਖੱਡ ਪੁੱਟਣੀ ਬੰਦ ਹੋਈ ਹੈ। ਆਪਣਾ ਕੰਮ ਛੁੱਟ ਗਿਆ। ਇਹ ਵਿਚਾਰ ਮਨ ਵਿਚ ਆਉਂਦਿਆਂ ਹੀ ਉਹ ਤੜਫ ਕੇ ਰਹਿ ਗਿਆ। ਬੇਕਾਰੀ ਅਤੇ ਭੁੱਖਮਰੀ ਉਸਦੇ ਅੱਗੇ ਨੱਚਣ ਲੱਗੀ। ਪਲ ਭਰ ਵਿਚ ਉਹ ਗਹਿਰੀਆਂ ਸੋਚਾਂ ਵਿਚ ਡੁੱਬ ਗਿਆ। "ਕੱਲ੍ਹ ਨੂੰ ਕੀ ਹੋਵੇਗਾ?" ਇਹ ਸਵਾਲ ਉਹ ਖੁਦ ਨੂੰ ਪੁੱਛਣ ਲੱਗਾ।

ਕੱਪੜੇ ਬਗਲ ਵਿਚ ਘੁੱਟ ਕੇ ਭੀਮਾ ਘਰ ਵੱਲ ਨਿਕਲ ਪਿਆ। ਉਹ ਇਕ ਨਾਲੇ ਉੱਤੇ ਰੁੱਕਿਆ। ਉਥੇ ਨਹਾ ਕੇ ਉਖੜੇ ਮਨ ਨਾਲ ਘਰ ਦੇ ਵੱਲ ਜਾ ਰਿਹਾ ਸੀ ਕਿ ਉਸਦੀ ਨਜ਼ਰ ਇਕ ਰਾਖ਼ ਦੀ ਢੇਰੀ ਉੱਤੇ ਜੰਮ ਗਈ। ਇਹ ਸਾੜੀ ਗਈ ਲਾਸ਼ ਦੀ ਰਾਖ਼ ਸੀ। ਸੜੀਆਂ ਹੋਈਆਂ ਹੱਢੀਆਂ ਉਥੇ ਫੈਲੀਆਂ ਹੋਈਆਂ ਸਨ। ਮਨੁੱਖੀ ਹੱਡੀਆਂ ਦੇ ਸੜੇ ਹੋਏ ਟੁਕੜੇ ਵੇਖ ਕੇ ਭੀਮਾ ਗੰਭੀਰ ਹੋ ਗਿਆ। ਸਾਇਦ ਕੋਈ ਮਾਤੜ੍ਹ ਸਾਥੀ ਹੋਵੇਗਾ! ਭੰਗ ਦੇ ਭਾੜੇ ਮਰ ਗਿਆ ਹੋਵੇਗਾ! ਖਹਿੜਾ ਛੁੱਟਾ। ਉਹ ਮਨ ਹੀ ਮਨ ਵਿਚ ਸੋਚਣ ਲੱਗਾ, ਮੈਂ ਵੀ ਇਸੇ ਤਰ੍ਹਾਂ ਮਰਾਂਗਾ। ਦੋ ਦਿਨ੍ਹਾਂ ਵਿਚ ਭੁੱਖ-ਮਰੀ ਸ਼ੁਰੂ ਹੋਵੇਗੀ। ਫਿਰ ਨਾਬਦਾ ਰੋਏਗੀ। ਪਤਨੀ ਰੋ ਰੋ ਕੇ ਚੀਕੇਗੀ। ਮੈਂ ਕੁਝ ਕਰ ਨਹੀਂ ਸਕਾਂਗਾ।

ਏਨੇ ਨੂੰ ਉਸ ਰਾਖ਼ ਦੀ ਢੇਰੀ ਉੱਤੇ ਕੋਈ ਚੀਜ਼ ਚਮਕ ਪਈ। ਭੀਮਾ ਅੱਗੇ ਵਧਿਆ, ਉਸਨੇ ਝੁਕ ਕੇ ਧਿਆਨ ਨਾਲ ਵੇਖਿਆ। ਉਹ ਇਕ ਤੋਲਾ ਸੋਨੇ ਦੀ ਮੁੰਦਰੀ ਸੀ। ਭੀਮਾ ਨੇ ਉਸ ਨੂੰ ਝੱਟ ਦੇਣੀ ਚੁੱਕ ਕੇ ਮੁੱਠੀ ਵਿਚ ਘੁੱਟ ਲਿਆ, ਉਹ ਖੁਸ਼ ਹੋ ਗਿਆ। ਇਕ ਤੋਲਾ ਸੋਨਾ ਅਤੇ ਉਹ ਵੀ ਲਾਸ਼ ਦੀ ਰਾਖ਼ ਉੱਤੇ। ਉਸ ਨੂੰ ਇਸ ਗੱਲ ਦੀ ਹੈਰਾਨੀ ਹੋਈ ਕਿ ਲਾਸ਼ ਦੀ ਰਾਖ਼ ਵਿਚ ਸੋਨਾ ਹੁੰਦਾ ਹੈ, ਇਸਦੀ ਖੋਜ਼ ਉਸ ਨੇ ਕੀਤੀ ਸੀ। ਉਸ ਨੂੰ ਜੀਉਣ ਦਾ ਨਵਾਂ ਰਾਹ ਮਿਲ ਗਿਆ।

ਦੂਜੇ ਦਿਨ ਹੀ ਭੀਮਾ ਉਸ ਇਲਾਕੇ ਵਿਚ ਚਾਰੇ ਪਾਸੇ ਘੁੰਮਣ ਲੱਗਾ। ਨਦੀ, ਨਾਲੇ, ਸ਼ਮਸਾਨਾਂ ਦੀ ਖ਼ਾਕ ਛਾਨਣ ਲੱਗਾ, ਲਾਸ਼ਾਂ ਦੀ ਰਾਖ਼ ਇਕੱਠੀ ਕਰਕੇ ਛਾਨਣੀ ਵਿਚ ਛਾਨਣ ਲੱਗਾ ਅਤੇ ਉਸ ਰਾਖ਼ ਵਿਚੋਂ ਸੋਨੇ ਕੇ ਕਣ ਪ੍ਰਾਪਤ ਕਰਨ ਲੱਗਾ। ਵਾਲੀਆਂ, ਮੁੰਦੀਆਂ, ਛੱਲੇ, ਪੰਜੇਬਾਂ, ਅਜਿਹੀਆਂ ਕੁਝ ਨਾ ਕੁਝ ਚੀਜਾਂ ਲੈ ਕੇ ਉਹ ਆਉਣ ਲੱਗਾ।

ਭੀਮਾ ਦਾ ਇਹ ਨਵਾਂ ਧੰਦਾ ਤੇਜੀ ਨਾਲ ਸ਼ੁਰੂ ਹੋ ਗਿਆ ਸੀ। ਉਹ ਨਿਡੱਰ ਹੋ ਕੇ ਰਾਖ਼ ਛਾਣਦਾ ਸੀ। ਉਹ ਇਹ ਜਾਣ ਗਿਆ ਸੀ ਕਿ ਅੱਗ ਦੇ ਕਾਰਨ ਲਾਸ਼ ਦਾ ਸੋਨਾ ਪਿਘਲ ਕੇ ਸੜੀਆਂ ਹੋਈਆਂ ਹੱਢੀਆਂ ਵਿਚ ਜੰਮ ਜਾਂਦਾ ਹੈ। ਉਹ ਖੋਪੜੀਆਂ ਤੋੜਦਾ, ਬਾਹਾਂ ਕੱਟਦਾ, ਪਰ ਸੋਨਾ ਜ਼ਰੂਰ ਪ੍ਰਾਪਤ ਕਰਦਾ ਸੀ।

ਸ਼ਾਮ ਨੂੰ ਉਹ ਸ਼ਹਿਰ ਜਾ ਕੇ ਸੁਨਿਆਰੇ ਹੱਟੀ ਪਹੁੰਚ ਕੇ ਸੋਨਾ ਵੇਚਦਾ ਅਤੇ ਨਕਦ ਪੈਸੇ ਲਿਆਂਦਾ। ਘਰ ਪਰਤਦੇ ਸਮੇਂ ਬੇਟੀ ਨਾਬਦਾ ਦੇ ਲਈ ਖਜੂਰਾਂ ਲੈ ਕੇ ਆਉਂਦਾ ਸੀ। ਉਸ ਦਾ ਇਹ ਧੰਦਾ ਨਿਰੰਤਰ ਚੱਲ



ਰਿਹਾ ਸੀ।

ਭੀਮਾ ਲਾਸ਼ ਦੀ ਰਾਖ਼ ਛਾਣ ਕੇ ਜਿਊਂਦਾ ਸੀ। ਉਸ ਨਾਲ ਜੀਣ ਅਤੇ ਮਰਨ ਦੇ ਅੰਤਰ ਨੂੰ ਉਹ ਸਮਝ ਨਹੀਂ ਪਾ ਸਕਿਆ ਸੀ। ਜਿਸ ਰਾਖ਼ ਵਿਚ ਸੋਨਾ ਹੋਵੇਗਾ ਉਹ ਰਾਖ਼ ਅਮੀਰ ਦੀ ਅਤੇ ਜਿਸ ਵਿਚ ਸੋਨਾ ਨਹੀਂ ਹੋਵੇਗਾ ਉਹ ਰਾਖ਼ ਗਰੀਬ ਦੀ, ਅਜਿਹੀ ਉਸ ਦੀ ਪੱਕੀ ਧਾਰਨਾ ਬਣੀ ਹੋਈ ਸੀ। ਉਸਦਾ ਦਾਅਵਾ ਸੀ ਕਿ ਮਰਨਾ ਤਾਂ ਅਮੀਰਾ ਨੂੰ ਚਾਹੀਦਾ ਹੈ। ਗਰੀਬਾਂ ਨੂੰ ਤਾਂ ਮਰਨਾ ਹੀ ਨਹੀਂ ਚਾਹੀਦਾ। ਬੇਇੱਜ਼ਤ ਲੋਕਾਂ ਨੂੰ ਜੀਣ ਤੇ ਮਰਨ ਦਾ ਕੋਈ ਅਧਿਕਾਰ ਨਹੀਂ ਹੈ। ਉਹ ਗੁਵਾਂਢੀਆਂ ਨੂੰ ਕਹਿੰਦਾ ਸੀ ਕਿ ਜਿਹੜਾ ਮਰਦੇ ਸਮੇਂ ਤੋਲਾ ਭਰ ਸੋਨਾ ਮੂੰਹ ਵਿਚ ਰੱਖ ਕੇ ਮਰਦਾ ਹੈ, ਉਹ ਹੀ ਸੱਚਾ ਤੇ ਭਾਗਾ ਵਾਲਾ ਪ੍ਰਾਣੀ ਹੁੰਦਾ ਹੈ।

ਬੇਕਾਰੀ, ਬੇਰੋਜ਼ਗਾਰੀ ਦੀ ਹਿੰਸਾ ਨੇ ਉਸ ਨੂੰ ਹੋਰ ਵਧੇਰੇ ਹਿੰਸਕ ਬਣਾ ਦਿੱਤਾ ਸੀ। ਉਹ ਦਿਨ-ਰਾਤ ਕਬਰਿਸਤਾਨ ਵਿਚ ਘੁੰਮਦਾ ਸੀ। ਲਾਸ਼ ਉਸਦੇ ਜੀਵਨ ਦੀ ਸਾਥਨ ਬਣ ਗਈ ਸੀ।

ਇਸ ਵਿਚਕਾਰ ਉਸ ਇਲਾਕੇ ਵਿਚ ਅਨੇਕ ਚਮਤਕਾਰ ਹੋਣ ਲੱਗੇ ਸਨ। ਦੱਬੀਆਂ ਗਈਆਂ ਲਾਸ਼ਾਂ ਬਾਹਰ ਨਿਕਲ ਰਹੀਆਂ ਸਨ। ਸ਼ਾਹੂਕਾਰ ਦੀ ਨੌਜਵਾਨ ਨੂੰਹ ਦੀ ਲਾਸ਼ ਕਬਰਿਸਤਾਨ ਤੋਂ ਨਦੀ ਵਿਚ ਆ ਗਈ ਸੀ। ਉਸ ਘਟਨਾ ਤੋਂ ਕਈ ਲੋਕ ਬਹੁਤ ਡਰ ਗਏ ਸਨ। ਅੱਜ ਕੱਲ ਲਾਸ਼ਾ ਨਦੀ ਤੱਕ ਕਿਵੇਂ ਆ ਜਾਂਦੀਆਂ ਹਨ? ਕੋਈ ਤਾਂ ਲਾਸ਼ ਨੂੰ ਕੱਬਰ ਵਿਚੋਂ ਕੱਢਦਾ ਹੋਵੇਗਾ! ਪੁਲਿਸ ਨੇ ਵੀ ਉਥੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ। ਪਰ ਲਾਸ਼ਾਂ ਉੱਤੇ ਨਜ਼ਰ ਰੱਖਣਾ ਐਨਾ ਸੌਖਾ ਕੰਮ ਨਹੀਂ ਸੀ।

ਸੂਰਜ ਡੁੱਬਿਆ। ਚਾਰੇ ਪਾਸੇ ਹਨੇਰਾ ਫੈਲ ਗਿਆ। ਭੀਮਾ ਦੀ ਪਤਨੀ ਨੇ ਭੀਮਾ ਨੂੰ ਰੋਟੀ ਖਾਣ ਲਈ ਦੇ ਦਿੱਤੀ। ਉਦੋਂ ਉਹ ਗੰਭੀਰ ਹੋ ਕੇ ਰੋਟੀ ਖਾਣ ਲੱਗਾ। ਪਤਨੀ ਨੇ ਭੀਮਾ ਦੀਆਂ ਕਾਰਵਾਈਆਂ ਨੂੰ ਸਮਝ ਲਿਆ ਅਤੇ ਹੌਲੀ ਜਿਹੇ ਬੋਲੀ, "ਤੂੰ ਕਿਤੇ ਬਾਹਰ ਜਾਣ ਵਾਲਾ ਏਂ, ਮੈਂ ਚਾਹੁੰਦੀ ਹਾਂ ਤੂੰ ਇਹ ਕੰਮ ਛੱਡ ਦੇਵੇਂ। ਕਿਤੇ ਦੂਜਾ ਕੰਮ ਕਰ ਲਵੇਂ। ਲਾਸ਼, ਲਾਸ਼ ਦੀ ਰਾਖ਼, ਸੋਨਾ, ਘਰ ਗ੍ਰਿਹਸਥੀ ਸਾਰਾ ਕੁਝ ਹਰਾਮ ਹੈ। ਲੋਕ ਇਸਦੀ ਨਿੰਦਾ ਕਰਦੇ ਹਨ!"

"ਤੂੰ ਵਿਚ ਨਾ ਬੋਲ!" ਉਸਦੀ ਗੱਲ ਸੁਣ ਕੇ ਭੀਮਾ ਗੁੱਸੇ ਵਿਚ ਆ ਗਿਆ। ਉਹ ਚਿੜਦੇ ਹੋਇਆ ਬੋਲਿਆ, "ਮੈਂ ਕੁਝ ਵੀ ਕਰਾਗਾ, ਉਸਦਾ ਕੀ ਜਾਂਦਾ ਹੈ! ਕੀ ਮੇਰਾ ਚੁੱਲ੍ਹਾ ਠੰਢਾ ਹੋ ਜਾਣ ਤੇ ਉਸ ਨੂੰ ਕੋਈ ਬਾਲੂਗਾ?"

"ਅਜਿਹੀ ਗੱਲ ਨਹੀਂ ਹੈ?" ਪਤੀ ਦਾ ਗੁੱਸੇ ਨਾਲ ਭਰਿਆ ਚਿਹਰਾ ਵੇਖ ਕੇ ਉਸਨੇ ਹੌਲੀ ਜਿਹੇ ਕਿਹਾ, "ਭੂਤ ਪ੍ਰੇਤ ਵਾਂਗ ਘੁੰਮਣਾ ਚੰਗਾ ਨਹੀਂ। ਮੈਨੂੰ ਡਰ ਲੱਗਦਾ ਹੈ ਇਸ ਲਈ ਕਹਿ ਰਹੀ ਹਾਂ।"

"ਤੈਨੂੰ ਕਿਹਨੇ ਦੱਸਿਆ ਕਿ ਕਬਰਾਂ ਵਿਚ ਭੂਤ ਹੁੰਦੇ ਨੇ? ਮੁੰਬਈ ਇਕ ਭੂਤਾਂ ਦਾ ਬਾਜ਼ਾਰ ਹੈ। ਅਸਲ ਭੂਤ ਘਰਾਂ ਵਿਚ ਰਹਿੰਦੇ ਹਨ ਅਤੇ ਮਰੇ ਹੋਏ ਭੂਤ ਉਸ ਕਬਰਿਸਤਾਨ ਤੇ ਸ਼ਮਸ਼ਾਨ ਘਾਟ ਵਿਚ ਸੜਦੇ ਹਨ।" ਭੂਤਾਂ ਦਾ ਜਨਮ ਪਿੰਡਾਂ ਵਿਚ ਹੁੰਦਾ ਹੈ, ਨਾ ਕਿ ਖੇਤਾਂ ਵਿਚ।" ਭੀਮਾ ਕਹਿਣ ਲੱਗਾ।

ਉਹ ਚੁੱਪ ਹੋ ਗਈ ਅਤੇ ਭੀਮਾ ਨੇ ਤੁਰਨ ਦੀ ਤਿਆਰੀ ਕਰ ਲਈ। ਉਸਨੇ ਗੁੱਸੇ ਤੇ ਨਿਰਾਸ਼ਤਾ ਨਾਲ ਕਿਹਾ, "ਮੁੰਬਈ ਘੁੰਮਦੇ ਹੋਇਆ ਮੈਨੂੰ ਕੰਮ ਨਹੀਂ ਮਿਲਿਆ, ਪਰ ਲਾਸ਼ ਦੀ ਰਾਖ਼ ਛਾਣ ਕੇ ਸੋਨਾ ਮਿਲ ਗਿਆ। ਪਹਾੜ ਤੋੜੇ, ਤਾਂ ਕਿਤੇ ਜਾ ਕੇ ਮਾਲਕ ਮੈਨੂੰ ਸ਼ਾਮ ਨੂੰ ਦੋ ਰੁਪਏ ਦਿੰਦਾ ਸੀ। ਪਰ ਉਹ ਰਾਖ਼ ਹੁਣ ਬੜੀ ਅਸਾਨੀ ਨਾਲ ਦਸ ਰੁਪਏ ਦੇ ਦਿੰਦੀ ਹੈ।" ਉਹ ਘਰੋਂ ਤੁਰ ਪਿਆ। ਉਸ ਸਮੇਂ ਡੂੰਘੀ ਰਾਤ ਹੋ ਗਈ ਸੀ। ਹਰ ਪਾਸੇ ਸੁੰਨ ਤੇ ਸ਼ਾਂਤੀ ਦਾ ਮਾਹੌਲ ਸੀ।

ਭੀਮਾ ਹਨੇਰੇ ਵਿਚ ਨਿਕਲਿਆ ਸੀ। ਉਸ ਨੇ ਸਿਰ ਉੱਤੇ ਤੌਲੀਆਂ ਲਪੇਟ ਲਿਆ। ਉਪਰ ਬੋਰੀ ਦਾ

ਝੋਲਾ ਲਿਆ ਅਤੇ ਕਮਰ ਉੱਤੇ ਕੱਪੜੇ ਬੰਨ੍ਹ ਲਿਆ। ਬਗਲ ਵਿਚ ਨੁਕੀਲਾ ਤਿੱਖੀ ਸੱਬਲ ਲੈ ਕੇ ਉਹ ਲੰਮੇ ਲੰਮੇ ਪੈਰ ਪੁੱਟਦਾ ਤੁਰਦਾ ਜਾ ਰਿਹਾ ਸੀ। ਉਸ ਦੇ ਨੇੜੇ ਤੇੜੇ ਸੰਘਣਾ ਹਨੇਰਾ ਪਸਰਿਆ ਹੋਇਆ ਸੀ। ਪਰ ਉਸ ਨੂੰ ਰਤਾ ਵੀ ਡਰ ਨਹੀਂ ਸੀ।

"ਸਵੇਰੇ ਸਵੇਰੇ ਇਕ ਸਾੜ੍ਹੀ, ਲਹਿੰਗਾ, ਚੋਲੀ , ਖਜੂਰ ਖਰੀਦਣੀ ਹੈ।" ਉਹ ਇਹੀ ਸਾਰਾ ਕੁਝ ਸੋਚ ਰਿਹਾ ਸੀ। ਹਾਲਾਂਕਿ ਅੱਜ ਉਹ ਗੁੱਸੇ ਵਿਚ ਸੀ।

ਚੁਫੇਰੇ ਤਣਾਓ ਸੀ। ਗਿੱਦੜਾ ਦਾ ਝੁੰਡ ਅਜੀਬ ਤਰ੍ਹਾਂ ਦੀਆਂ ਆਵਾਜ਼ਾਂ ਕੱਢਦਾ ਹੋਇਆ ਭੱਜ ਰਿਹਾ ਸੀ। ਇਕ ਅੱਧਾ ਸੱਪ ਰਸਤੇ ਦੇ ਅੱਗਿਓ ਸ਼ਰਨ-ਸ਼ਰਨ ਕਰਦਾ ਲੰਘ ਜਾਂਦਾ। ਦੂਰ ਕਿਤੇ ਉੱਲੂ ਦੀ ਆਵਾਜ਼ ਵਾਤਾਵਰਨ ਨੂੰ ਹੋਰ ਡਰਾਉਣਾ ਬਣਾ ਰਹੀ ਸੀ। ਉਸ ਨਿਰਜਿੰਦ ਜੰਗਲ ਵਿਚ ਸਾਰਾ ਕੁਝ ਦਿਖਾਈ ਦੇ ਰਿਹਾ ਸੀ।

ਅੰਦਾਜ਼ਾ ਲਾਉਂਦਾ ਹੋਇਆ ਭੀਮਾ ਪਿੰਡ ਦੇ ਨੇੜੇ ਪਹੁੰਚਿਆ। ਉਸਨੇ ਥੱਲੇ ਬੈਠ ਕੇ ਦੂਰ ਤੱਕ ਵੇਖਿਆ। ਪਿੰਡ ਸ਼ਾਂਤ ਸੀ। ਵਿਚ ਵਿਚ ਕੋਈ ਖੰਘਦਾ ਸੀ। ਇਕ ਅੱਧਾ ਦੀਵਾ ਜਗ ਰਿਹਾ ਸੀ। ਹਾਲਾਤ ਨੂੰ ਠੀਕ ਸਮਝ ਕੇ ਭੀਮਾ ਖੁਸ਼ ਹੋ ਗਿਆ ਅਤੇ ਫੁਰਤੀ ਨਾਲ ਕਬਰਿਸਤਾਨ ਵਿਚ ਵੜ ਕੇ ਸ਼ਾਹੂਕਾਰ ਦੀ ਨਵੀਂ ਕਬਰ ਨੂੰ ਲੱਭਣ ਲੱਗ ਪਿਆ। ਟੁੱਟੀਆਂ ਮਿੱਟੀ ਦੀਆਂ ਮਟਕੀਆਂ, ਟੁੱਟੀਆਂ ਹੋਈਆਂ ਤਖਤੀਆਂ ਵੱਖਰੀਆਂ ਕਰਕੇ ਉਹ ਇਕ ਕਬਰ ਤੋਂ ਦੂਜੇ ਕਬਰ ਤੱਕ ਜਾਣ ਲੱਗਾ। ਹਰ ਢੇਰੀ ਦੇ ਨੇੜੇ ਆ ਕੇ ਉਹ ਤੀਲੀ ਜਲਾ ਕੇ ਵੇਖਣ ਲੱਗਾ। ਇਕ ਕਤਾਰ ਤੋਂ ਦੂਜੀ ਕਤਾਰ ਤੱਕ ਉਹ ਖੋਜ ਕਰਦਾ ਹੋਇਆ ਨਿਕਲ ਰਿਹਾ ਸੀ।

ਆਕਾਸ਼ ਵਿਚ ਬੱਦਲਾ ਦੀ ਘਟਾ ਛਾਈ ਹੋਈ ਸੀ। ਹਨੇਰਾ ਹੋਰ ਗੂੜ੍ਹਾ ਹੋ ਗਿਆ ਸੀ। ਅਚਾਨਿਕ ਬਿਜਲੀ ਚਮਕੀ। ਉਹ ਬੱਦਲਾਂ ਵਿਚ ਨਾਚ ਕਰ ਰਹੀ ਸੀ। ਮੀਂਹ ਦੀ ਸੰਭਾਵਨਾ ਵਧ ਗਈ ਸੀ। ਭੀਮਾ ਡਰ ਗਿਆ ਸੀ। ਬਰਸਾਤ ਹੋਵੇਗੀ ਇਸ ਲਈ ਉਹ ਜਲਦਬਾਜ਼ੀ ਕਰ ਰਿਹਾ ਸੀ। ਸ਼ਾਇਦ ਉਹ ਆਪਣੀ ਹੋਸ਼ ਤੇ ਬੁੱਧੀ ਖੋਹ ਬੈਠਾ ਸੀ। ਉਸ ਨੂੰ ਪਸੀਨਾ ਆ ਰਿਹਾ ਸੀ। ਨਵੀਂ ਕਬਰ ਨਾ ਲੱਭਣ 'ਤੇ ਉਸ ਨੂੰ ਚਿੰਤਾ ਹੋਈ।

ਅੱਧੀ ਰਾਤ ਤੱਕ ਉਸ ਨੇ ਸਾਰਾ ਕਬਰਿਸਤਾਨ ਗਾਹ ਮਾਰਿਆ। ਅਤੇ ਇਕ ਕਬਰ ਤੋਂ ਦੂਜੀ ਕਬਰ ਤੱਕ ਜਾ ਪਹੁੰਚਿਆ ਭੈਅ-ਭੀਤ ਹੋ ਕੇ ਧੜੱਮ ਕਰਕੇ ਬੈਠ ਗਿਆ। ਹਵਾ ਤੇਜ਼ ਵਹਿ ਰਹੀ ਸੀ। ਟੁੱਟੇ ਤਖ਼ਤਿਆਂ ਦੀਆਂ ਪੁਰਾਣੀਆਂ ਪੱਤੀਆਂ ਫੜ-ਫੜਾ ਰਹੀਆਂ ਸਨ। ਜਿਵੇਂ ਕਿਸੇ ਦੇ ਦੰਦ ਵੱਜ ਰਹੇ ਹੋਣ ! ਕੋਈ ਤਾਂ ਗਰਰ ਗਰਰ ਦੀ ਆਵਾਜ਼ ਕੱਢ ਰਿਹਾ ਸੀ ਅਤੇ ਮਿੱਟੀ ਪੁੱਟੀ ਜਾ ਰਿਹਾ ਸੀ। ਉਸ ਨੂੰ ਹੈਰਾਨੀ ਹੋਈ। ਉਸਦੇ ਅੱਗੇ ਸਰਕਦੇ ਹੋਇਆ ਤੁਰੰਤ ਸਾਰਾ ਕੁਝ ਸ਼ਾਂਤ ਹੋ ਗਿਆ। ਆਵਾਜ਼ ਆ ਨਹੀਂ ਰਹੀ ਸੀ ਪਰੰਤੂ ਕੋਈ ਤਾਂ ਹੱਥ ਪੈਰ ਝਾੜ ਰਿਹਾ ਸੀ, ਅਜਿਹਾ ਅਹਿਸਾਸ ਹੋਇਆ ਤਾਂ ਉਹ ਚੌਂਕ ਗਿਆ। ਝੱਟ ਦੇਣੀ ਇਕ ਥਾਂ ਉੱਤੇ ਰੁਕ ਗਿਆ। ਇਕ ਭਿਆਨਿਕ ਰੂਪ ਨਾਲ ਡਰ ਉਸਦੇ ਸਰੀਰ ਵਿਚੋਂ ਹੁੰਦਾ ਹੋਇਆ ਦਿਮਾਗ਼ ਵਿਚ ਬੈਠ ਗਿਆ। ਜ਼ਿੰਦਗੀ ਵਿਚ ਅੱਜ ਪਹਿਲੀ ਵਾਰ ਉਹ ਐਨਾ ਡਰਿਆ ਸੀ।

ਦੂਜੇ ਹੀ ਪਲ ਉਸ ਨੇ ਆਪਣੇ ਆਪ ਨੂੰ ਸੰਭਾਲਿਆ। ਸੱਚੀ ਘਟਨਾ ਉਸ ਦੇ ਸਮਝ ਵਿਚ ਆ ਗਈ। ਉਹ ਆਪਣੇ ਆਪ ਤੋਂ ਸ਼ਰਮਸ਼ਾਰ ਹੋ ਗਿਆ। ਕਾਰਨ ਇਹ ਸੀ ਕਿ ਨੇੜੇ ਹੀ ਨਵੀਂ ਕਬਰ ਸੀ ਅਤੇ ਦਸ ਪੰਦਰਾਂ ਗਿੱਦੜ ਇਕੱਠੇ ਹੋ ਕੇ ਉਸ ਨੂੰ ਚਾਰੇ ਪਾਸਿਆ ਤੋਂ ਪੈਰਾਂ ਦੇ ਪੰਜਿਆ ਨਾਲ ਪੁੱਟ ਰਹੇ ਸਨ। ਉਸ ਨੂੰ ਮਰੇ ਹੋਏ ਡੰਗਰ ਦੀ ਗੰਧ ਆਈ ਹੋਵੇਗੀ। ਕਬਰ ਦੇ ਉਪਰ ਰੱਖੇ ਹੋਏ ਪੱਥਰ ਉਸੇ ਤਰ੍ਹਾਂ ਪਏ ਹੋਏ ਸਨ ਤੇ ਉਨ੍ਹਾਂ ਆਸੇ ਪਾਸੇ ਤੋਂ ਖੁੱਡਾ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕਬਰ ਨੂੰ ਆਸੇ ਪਾਸੇ ਤੋਂ ਪੁੱਟਣ ਦਾ ਕਾਰਜ ਉਹ ਸਾਰੇ ਕਰ ਰਹੇ ਸਨ। ਪਰ ਫਿਰ ਉਨ੍ਹਾਂ ਵਿਚ ਭਿਆਨਿਕ ਹੋੜ ਮਚ ਗਈ ਸੀ। ਪਹਿਲਾਂ ਲਾਸ਼ ਦੇ ਨੇੜੇ



ਕੌਣ ਜਾਵੇਗਾ? ਇਸ ਹੋੜ ਦੇ ਕਾਰਨ ਉਹ ਇਕ ਦੂਜੇ ਨੂੰ ਗੁਰਰ ਗੁਰਰ ਕਰਕੇ ਡਰਾ ਰਹੇ ਸਨ। ਫਿਰ ਨੱਕ ਨਾਲ ਸੁੰਘਦੇ ਅਤੇ ਮੁਸ਼ਕ ਆਉਂਦਿਆਂ ਹੀ ਸਾਰੀ ਸ਼ਕਤੀ ਇਕੱਠੀ ਕਰਕੇ ਮਿੱਟੀ ਪੁੱਟਣ ਲੱਗ ਪੈਂਦੇ ਸਨ।

ਇਹ ਗੱਲ ਸਮਝ ਆਉਣ ਤੇ ਭੀਮਾ ਬਹੁਤ ਚਿੜ ਗਿਆ। ਉਸ ਲੰਮੀ ਛਲਾਗ ਲਾਈ ਅਤੇ ਉਹ ਕਬਰ ਦੇ ਉਪਰ ਜਾ ਕੇ ਬੈਠ ਗਿਆ। ਨਿਡੱਰ। ਕਬਰ ਦਾ ਉੱਪਰਲਾ ਪੱਥਰ ਚੁੱਕ ਕੇ ਉਸ ਨੇ ਪਹਿਲਾਂ ਖੁਦ ਹੀ ਕੱਬਰ ਪੁੱਟਣ ਦਾ ਨਿਹਚਾ ਕੀਤਾ। ਉਹ ਕਬਰ ਦੀ ਮਿੱਟੀ ਪੁੱਟਣ ਲੱਗਾ।

ਅਤੇ ਇਸੇ ਸਮੇਂ ਗਿੱਦੜਾ ਨੇ ਭੀਮਾ ਨੂੰ ਵੇਖਿਆ। ਇਕ ਗਿੱਦੜ ਨੇ ਪਾਗਲ ਹੋ ਕੇ ਭੀਮਾ ਉੱਤੇ ਹਮਲਾ ਕਰ ਦਿੱਤਾ। ਪਲ ਭਰ ਵਿਚ ਭੀਮਾ ਦੇ ਦੰਦੀ ਵੱਢ ਕੇ ਉਹ ਅੱਗੇ ਭੱਜ ਗਿਆ। ਸਰੀਰ ਉੱਤੇ ਦੰਦੀ ਵੱਢੀ ਵੇਖ ਕੇ ਭੀਮਾ ਪਰੇਸਾਨ ਹੋ ਗਿਆ। ਉਸ ਦਾ ਸਾਰਾ ਸਰੀਰ ਗੁੱਸੇ ਨਾਲ ਭਰ ਗਿਆ।

ਉਹ ਗਿੱਦੜ ਫਿਰ ਤੋਂ ਭੀਮਾ ਉੱਤੇ ਟੁੱਟ ਪਿਆ ਉਦੋਂ ਭੀਮਾ ਹੱਥ ਵਿਚ ਫੜੀ ਸੱਬਲ ਝੱਟਕ ਕੇ ਉਸ ਨਾਲ ਟੱਕਰ ਲੈਣ ਲਈ ਤਿਆਰ ਹੋ ਗਿਆ। ਉਸਨੇ ਹੱਥ ਦਾ ਸੱਬਲ ਸਿੱਧਾ ਫੜਿਆ। ਅੱਗੇ ਆਉਂਦਿਆਂ ਹੀ ਉਸ ਨੇ ਹਮਲਾ ਕੀਤਾ। ਸੱਬਲ ਦੇ ਹਮਲੇ ਕਾਰਨ ਗਿੱਦੜ ਠੰਡਾ ਹੋ ਗਿਆ ਅਤੇ ਵੱਖੀ ਦਾਂਅ ਡਿੱਗ ਕੇ ਹੱਥ ਪੈਰ ਹਲਾਉਂਦਿਆਂ ਹੋਇਆ, ਉਸ ਨੇ ਪ੍ਰਾਣ ਤਿਆਗ ਦਿੱਤੇ। ਇਕ ਵਾਰ ਫਿਰ ਗਹਿ ਗੱਚ ਯੁੱਧ ਸ਼ੁਰੂ ਹੋ ਗਿਆ। ਫਿਰ ਵੀ ਭੀਮਾ ਕੱਬਰ ਪੁੱਟਦਾ ਰਿਹਾ ਅਤੇ ਫਿਰ ਤੋਂ ਸਾਰੇ ਗਿੱਦੜ ਉਸ ਉੱਤੇ ਟੁੱਟ ਪਏ।

ਭੀਮਾ ਨੇ ਅੱਧੀ ਕਬਰ ਪੁੱਟ ਕੇ ਲਾਸ਼ ਨੂੰ ਕੱਢਿਆ ਅਤੇ ਗਿੱਦੜ ਦੇ ਹਮਲੇ ਦੇ ਕਾਰਨ ਉਹ ਤੜਫਿਆ ਅਤੇ ਹੱਥ ਵਿਚ ਸੱਬਲ ਲੈ ਕੇ ਉਸ ਨੇ ਵੀ ਹਮਲਾ ਕਰਨਾ ਸ਼ੁਰੂ ਕਰ ਦਿੱਤਾ।

ਚਾਰੇ ਪਾਸਿਓ ਗਿੱਦੜ ਉਸ ਉੱਤੇ ਹਮਲਾ ਕਰ ਰਹੇ ਸਨ। ਭੀਮਾ ਵੀ ਉਸ ਉੱਤੇ ਹਮਲਾ ਕਰਦਾ ਤਾਂ ਉਹ ਤੜਫ ਕੇ ਡਿੱਗ ਪੈਂਦੇ ਸਨ, ਪਰ ਗਿੱਦੜ ਅਚਾਨਿਕ ਉਸ ਨੂੰ ਦੰਦ ਮਾਰ ਕੇ ਭੱਜ ਜਾਂਦੇ ਸਨ। ਕਬਰਿਸਤਾਨ ਦੇ ਨੇੜੇ ਉਨ੍ਹਾਂ ਦਾ ਇਕ ਨਾ ਮੁੱਕਣ ਵਾਲਾ ਯੁੱਧ ਛਿੜ ਚੁੱਕਾ ਸੀ। ਕੁੰਤੀ ਪੁੱਤਰ ਭੀਮ ਦਾ ਨਾਮ ਧਾਰਨ ਕਰਨ ਵਾਲਾ ਆਧੁਨਿਕ ਭੀਮ ਗਿੱਦੜਾ ਨਾਲ ਲੜ ਰਿਹਾ ਸੀ। ਕੱਲ੍ਹ ਦੇ ਭੋਜਨ ਦੇ ਲਈ ਲਾਸ਼ ਨੂੰ ਕਬਜੇ ਵਿਚ ਕਰਨ ਲਈ ਆਪਣੀ ਸਾਰੀ ਸ਼ਕਤੀ ਦਾਅ 'ਤੇ ਲਗਾ ਕੇ ਲੜ ਰਿਹਾ ਸੀ। ਪਸ਼ੂ ਅਤੇ ਮਨੁੱਖ ਦੇ ਵਿਚ ਲਾਸ਼ ਦੇ ਲਈ ਭਿਆਨਕ ਯੁੱਧ ਛਿੜ ਗਿਆ ਸੀ।

ਸੰਸਾਰ ਨੀਂਦ ਵਿਚ ਮਸਤ ਸੀ। ਮੁੰਬਈ ਅਰਾਮ ਕਰ ਰਹੀ ਸੀ। ਪਿੰਡ ਵਿਚ ਸੰਨਾਟਾ ਫੈਲਿਆ ਹੋਇਆ ਸੀ ਅਤੇ ਏਧਰ ਕਬਰਿਸਤਾਨ ਦੇ ਸੋਨੇ ਅਤੇ ਲਾਸ਼ ਲਈ ਖਿੱਚ ਧੂਹ ਹੋ ਰਹੀ ਸੀ। ਭੀਮਾ ਹਮਲਾ ਕਰਕੇ ਗਿੱਦੜਾਂ ਨੂੰ ਜ਼ਖ਼ਮੀ ਕਰਕੇ ਸੁੱਟਦਾ ਅਤੇ ਉਹ ਹਮਲੇ ਤੋਂ ਬਚਣ ਦੇ ਲਈ ਦੰਦ ਮਾਰਦੇ ਜਾਂ ਜ਼ਖ਼ਮੀ ਹੋ ਕੇ ਚੀਕਦੇ ਸਨ। ਭੀਮਾ ਗਿੱਦੜਾਂ ਦੇ ਅਚਾਨਿਕ ਦੰਦ ਮਾਰਨ ਦੇ ਕਾਰਨ ਤੜ੍ਹਫਦਾ ਸੀ ਅਤੇ ਗਾਲ੍ਹਾਂ ਕੱਢਦਾ ਸੀ। ਗਾਲਾਂ, ਮਾਰ ਕੁਟਾਈ ਅਤੇ ਚੀਕਾਂ ਦੇ ਕਾਰਨ ਕਬਰਿਸਤਾਨ ਕੰਬਣ ਲੱਗ ਪਈ ਸੀ।

ਗਿੱਦੜਾ ਦਾ ਹਮਲਾ ਰੁੱਕ ਗਿਆ। ਹਨੇਰੇ ਵਿਚ ਝੌਰ ਲਗਾ ਕੇ ਉਹ ਗਿੱਦੜ ਆਰਾਮ ਕਰਨ ਲੱਗ ਪਏ। ਮੌਕਾ ਮਿਲਦਿਆਂ ਹੀ ਭੀਮਾ ਨੇ ਉਸ ਕੱਬਰ ਵਿਚੋਂ ਲਾਸ਼ ਕੱਢ ਕੇ ਆਪਣਾ ਪਸੀਨਾ ਪੂੰਝਿਆ ਅਤੇ ਉਸ ਕਬਰ ਵਿਚ ਵੜ ਗਿਆ। ਐਨੇ ਨੂੰ ਫਿਰ ਗਿੱਦੜਾਂ ਨੇ ਹਮਲਾ ਕਰ ਦਿੱਤਾ। ਅਤੇ ਫਿਰ ਤੋਂ ਮਾਰ-ਕੱਟ ਆਰੰਭ ਹੋ ਗਈ। ਪਰ ਭੀਮਾ ਦੀ ਅੰਨੀ ਤਾਕਤ ਅੱਗੇ ਗਿੱਦੜ ਹਾਰ ਗਏ ਉਨ੍ਹਾਂ ਨੇ ਆਪਣੀ ਹਾਰ ਕਬੂਲ ਲਈ।

ਭੀਮਾ ਨੇ ਉਸ ਪ੍ਰੇਤ ਦੇ ਬਗਲ ਵਿਚ ਹੱਥ ਪਾ ਕੇ ਜ਼ੋਰ ਨਾਲ ਉਹ ਲਾਸ਼ ਉਪਰ ਕੱਢ ਲਈ। ਫਿਰ ਤੀਲ੍ਹ ਬਾਲ ਕੇ ਪ੍ਰੇਤ ਦੀ ਨਿਗਰਾਨੀ ਕੀਤੀ। ਸਖਤ ਤੇ ਆਕੜੀ ਹੋਈ ਲਾਸ਼ ਕਬਰ ਤੇ ਪਈ ਸੀ। ਉਸ ਨੇ ਫੁਰਤੀ ਨਾਲ ਲਾਸ਼ ਦਾ ਹੱਥ ਲੱਭ ਕੇ ਦੇਖਿਆ। ਇਕ ਮੁੰਦਰੀ ਮਿਲੀ। ਕੰਨ ਵਿਚ ਵਾਲ਼ੀਆਂ ਸਨ। ਉਹ ਵੀ

ਭੀਮਾ ਨੇ ਕੱਢ ਲਈਆਂ। ਬਾਅਦ ਵਿਚ ਉਸਨੂੰ ਚੇਤੇ ਆਇਆ ਕਿ ਲਾਸ਼ ਦੇ ਮੂੰਹ ਵਿਚ ਸੋਨਾ ਵੀ ਹੋਵੇਗਾ। ਉਸ ਨੇ ਲਾਸ਼ ਦੇ ਮੂੰਹ ਵਿਚ ਉਂਗਲੀ ਪਾ ਲਈ, ਪਰ ਲਾਸ਼ ਦਾ ਜੁਬਾੜਾ ਜੁੜਿਆ ਹੋਇਆ ਸੀ। ਪਲਾਂ ਵਿਚ ਉਸ ਨੇ ਲਾਸ਼ ਦੇ ਮੂੰਹ ਵਿਚ ਸੱਬਲ ਪਾ ਕੇ ਲਾਸ਼ ਦਾ ਜੁਬਾੜਾ ਖੋਲ੍ਹ ਦਿੱਤਾ। ਜਿਵੇਂ ਹੀ ਉਸ ਨੇ ਆਪਣੀਆਂ ਉਂਗਲੀਆਂ ਉਸ ਲਾਸ਼ ਦੇ ਮੂੰਹ ਵਿਚ ਪਾਈਆਂ, ਉਸੇ ਹੀ ਪਲ ਸ਼ੋਰ ਲਗਾ ਕੇ ਬੈਠੇ ਹੋਈ ਗਿੱਦੜਾ ਨੇ ਘੁਰਰ-ਘੁਰਰ ਦੀ ਆਵਾਜ਼ ਕੱਢੀ। ਸਾਰੇ ਘੁਰਰ-ਘੁਰਰ ਕਰਦੇ ਦੂਰ ਭੱਜ ਗਏ। ਪਰ ਉਨ੍ਹਾਂ ਦੀਆਂ ਆਵਾਜ਼ਾਂ ਨਾਲ ਪਿੰਡ ਦੇ ਕੁੱਤੇ ਜਾਗ ਪਏ ਅਤੇ ਕੁੱਤਿਆਂ ਨੇ ਪਿੰਡ ਨੂੰ ਜਗਾ ਦਿੱਤਾ, "ਉਏ ਭੱਜੋ ! ਗਿੱਦੜਾ ਨੇ ਲਾਸ਼ ਖਾ ਲਈ !" ਕੋਈ ਚੀਕਿਆ ਅਤੇ ਉਹ ਸੁਣ ਕੇ ਭੀਮਾ ਡਰ ਗਿਆ। ਉਸਨੇ ਲਾਸ਼ ਦੇ ਮੂੰਹ ਵਿਚੋਂ ਮੁੰਦਰੀ ਕੱਢ ਕੇ ਜੇਬ ਵਿਚ ਪਾ ਲਈ ਅਤੇ ਜਲਦੀ ਜਲਦੀ ਖੱਬੇ ਹੱਥ ਦੀਆਂ ਦੋ ਉਂਗਲੀਆਂ ਲਾਸ਼ ਦੀ ਦਾੜ੍ਹ ਵਿਚ ਪਾ ਕੇ ਸਾਰੇ ਕੋਨੇ ਫਰੋਲਣ ਲੱਗਾ।

ਅਤੇ ਪਹਿਲੀ ਉਂਗਲੀ ਕੱਢ ਕੇ ਬਾਅਦ ਵਿਚ ਸੱਬਲ ਕੱਢਣ ਦੀ ਬਜਾਏ ਉਸਨੇ ਸੱਬਲ ਦੀ ਕੱਢ ਲਈ। ਤਾਂ ਝੱਟ ਦੇਣੀ ਉਸਦੀਆਂ ਦੋ ਉਂਗਲੀਆਂ ਲਾਸ਼ ਦੇ ਦੰਦਾਂ ਦੇ ਵਿਚਕਾਰ ਫਸ ਗਈਆਂ। ਇਕ ਭਿਆਨਕ ਚੀਸ ਉਸਦੇ ਸਰੀਰ ਵਿਚ ਫੈਲ ਗਈ।

ਉਸ ਸਮੇਂ ਉਸਨੇ ਪਿੰਡ ਦੇ ਵਲੋਂ ਲਾਲ ਟੈਣ ਲੈ ਕੇ ਲੋਕਾਂ ਨੂੰ ਆਉਂਦਿਆਂ ਵੇਖਿਆ। ਭੀਮਾ ਬਹੁਤ ਡਰ ਗਿਆ। ਉਸਨੇ ਉਂਗਲੀਆਂ ਕੱਢਣ ਦੀ ਜਲਦੀ ਨਾਲ ਕੋਸ਼ਿਸ਼ ਕੀਤੀ। ਉਸਨੂੰ ਲਾਸ਼ ਉੱਤੇ ਗੁੱਸਾ ਆ ਗਿਆ। ਆਪਣੇ ਵੱਲ ਲੋਕਾਂ ਨੂੰ ਆਉਂਦਿਆਂ ਵੇਖ ਕੇ ਉਹ ਕਾਹਲਾ ਪੈ ਗਿਆ। ਉਸਨੇ ਹੱਥ 'ਚ ਫੜਿਆ ਲੋਹਾ ਲਾਸ਼ ਦੇ ਤਾਲੂ ਉੱਤੇ ਜ਼ੋਰ ਨਾਲ ਮਾਰਿਆ। ਉਸ ਹਮਲੇ ਨਾਲ ਉਸਦੀਆਂ ਉਂਗਲੀਆਂ ਹੋਰ ਵਧੇਰੇ ਜਕੜੀਆਂ ਗਈਆਂ। ਉਸ ਦਾ ਸਰੀਰ ਕੰਬ ਕੇ ਰਹਿ ਗਿਆ। ਇਹ ਸੱਚਾ ਭੂਤ ਹੈ ਅਤੇ ਇਹ ਅੱਜ ਮੈਨੂੰ ਲੋਕਾਂ ਕੋਲੋਂ ਫੜਾ ਦੇਵੇਗਾ। ਲੋਕ ਆ ਕੇ ਲਾਸ਼ ਲਈ ਮੈਨੂੰ ਮਾਰ ਦੇਣਗੇ। ਨਹੀਂ ਤਾਂ ਕੁੱਟ ਕੁੱਟ ਮੈਨੂੰ ਪੁਲਿਸ ਦੇ ਹਵਾਲੇ ਕਰ ਦੇਣਗੇ। ਭੀਮਾ ਬੇਵੱਸ ਜਿਹਾ ਹੋ ਕੇ ਪਰੇਸ਼ਾਨ ਹੋ ਗਿਆ। ਉਹ ਆਪਣਾ ਦਰਦ ਭੁੱਲ ਕੇ ਆਪਣੇ ਸਾਰੇ ਜੋਰ ਨਾਲ ਲਾਸ਼ ਉੱਤੇ ਹਮਲਾ ਕਰਨ ਲੱਗ ਪਿਆ, "ਭੜੂਏ ! ਛੱਡ ਮੈਨੂੰ !" ਉਹ ਜ਼ੋਰ ਨਾਲ ਚੀਕਿਆ।

ਪਿੰਡ ਵਾਲੇ ਨੇੜੇ ਆ ਗਏ ਸਨ, ਭੀਮਾ ਫਸ ਗਿਆ ਸੀ। ਫਿਰ ਉਸ ਨੇ ਸੋਚ ਲਿਆ ਅਤੇ ਬਾਅਦ ਵਿਚ ਸੱਬਲ ਉਸ ਲਾਸ਼ ਦੇ ਜਬਾੜੇ ਵਿਚ ਫਸਾ ਦਿੱਤੀ ਅਤੇ ਫਿਰ ਹੌਲੀ-ਹੌਲੀ ਉਂਗਲੀਆਂ ਖਿੱਚ ਕੇ ਕੱਢੀਆਂ, ਉਹ ਟੁੱਕੀਆਂ ਹੋਈਆਂ ਸਨ। ਕੇਵਲ ਚਮੜੀ ਨਾਲ ਜੁੜੀਆਂ ਹੋਣ ਕਾਰਨ ਲਟਕ ਰਹੀਆਂ ਸਨ। ਉਹ ਉਨ੍ਹਾਂ ਨੂੰ ਉਸੇ ਤਰ੍ਹਾਂ ਮੁੱਠੀ ਵਿਚ ਮੀਟ ਕੇ ਭੱਜ ਤੁਰਿਆ। ਬਹੁਤ ਜਿਆਦਾ ਪੀੜਾ ਦੇ ਬਾਵਜੂਦ ਉਹ ਭੱਜ ਰਿਹਾ ਸੀ।


ਜਦੋਂ ਉਹ ਘਰ ਪਹੁੰਚਿਆ ਉਦੋਂ ਉਸ ਨੂੰ ਭਿਆਨਕ ਬੁਖਾਰ ਚੜ੍ਹ ਗਿਆ ਸੀ। ਉਸ ਦੀ ਹਾਲਤ ਵੇਖ ਕੇ ਘਰ ਵਿਚ ਰੋਣਾ-ਪਿੱਟਣਾ ਸ਼ੁਰੂ ਹੋ ਗਿਆ।

ਉਸੇ ਦਿਨ ਡਾਕਟਰ ਨੇ ਭੀਮਾ ਦੀਆਂ ਉਹ ਦੋਵੇਂ ਉਂਗਲੀਆਂ ਕੱਟ ਦਿੱਤੀਆਂ ਅਤੇ ਉਸੇ ਦਿਨ ਖੱਡ ਦਾ ਕੰਮ ਫਿਰ ਤੋਂ ਸ਼ੁਰੂ ਹੋਣ ਦੀ ਖ਼ਬਰ ਆਈ। ਇਹ ਸੁਣ ਕੇ ਹਾਥੀ ਜਿੰਨੇ ਜੋਰ ਵਾਲਾ ਭੀਮਾ ਨਿੱਕੇ ਬੱਚੇ ਵਾਂਗ ਰੋਣ ਲੱਗ ਪਿਆ।

ਉਹ ਪਹਾੜ ਨੂੰ ਤੋੜਨ ਵਾਲੀਆਂ ਉਨ੍ਹਾਂ ਦੋ ਉਂਗਲੀਆਂ ਨੂੰ ਕਬਰਿਸਤਾਨ ਦੇ ਸੋਨੇ ਦੇ ਲਈ ਗਵਾ ਚੁੱਕਾ ਸੀ। ✪



## ਜਾਲ਼/- ਅੰਣਾ ਭਾਊ ਸਾਠੇ (Annabhau Sathe)



ਅੰਣਾ ਭਾਊ ਸਾਠੇ

"ਘੇੜੇਆਂ (ਨੀਵੀਂ ਜਾਤੀ) ਨੇ ਆਪਣਾ ਕੰਮ ਛੱਡ ਦਿੱਤਾ ਹੈ। ਉਨ੍ਹਾਂ ਨੂੰ ਹੁਣ ਪਿੰਡ 'ਚ ਰਹਿਣ ਦਾ ਮਜ਼ਾ ਦੇਣਾ ਹੈ ਨਹੀਂ ਤਾਂ ਇਹ ਘੇੜ ਸਾਡੇ ਸਿਰ 'ਤੇ ਬੈਠਣ ਗੇ !" ਅਜਿਹਾ ਕਹਿੰਦਾ ਹੋਇਆ ਦੇਸ਼ਮੁੱਖ ਗਲੀ ਗਲੀ ਘੁੰਮਿਆ। ਉਸ ਨੇ ਘੇੜਿਆਂ ਦੇ ਵਿਰੁੱਧ ਲੋਕਾਂ ਦੇ ਮਨ ਵਿਚ ਜ਼ਹਿਰ ਭਰ ਦਿੱਤੀ ਅਤੇ ਉਹ ਜ਼ਹਿਰ ਉਨ੍ਹਾਂ ਦੇ ਦਿਮਾਗ਼ ਨੂੰ ਚੜ੍ਹਨ ਵੀ ਲੱਗ ਗਈ। ਪੂਰੇ ਦਾ ਪੂਰਾ ਪਿੰਡ ਗੁੱਸੇ ਵਿਚ ਪਾਗਲ ਹੋ ਗਿਆ। ਘੇੜੇਆ ਨੂੰ ਸਬਕ ਸਿਖਾਉਣ ਲਈ ਹਰ ਕੋਈ ਗੁੱਸੇ ਵਿਚ ਬੋਲਣ ਲੱਗਾ। ਘੇੜੇਆ ਦੀ ਬਸਤੀ 'ਤੇ ਇਹ ਦਾਦਾ ਦੇਸ਼ਮੁੱਖ ਹਲ਼ ਚਲਾ ਦੇਵੇਗਾ।" -ਦਾਦਾ ਨੇ ਛਾਤੀ ਠੋਕ ਕੇ ਐਲਾਨ ਕੀਤਾ। ਸਾਰੇ ਨਿੱਕੇ ਮੋਟੇ ਲੋਕ ਉਸ ਦੇ ਬੂਹੇ ਅੱਗੇ ਇਕੱਠੇ ਹੋ ਗਏ। ਘੇੜੇਆ ਨੂੰ ਬੁਲਾਉਣ ਲਈ ਬੱਜਾ ਰਾਮੋਸ਼ੀ ਭੇਜਿਆ ਗਿਆ। ਅਤੇ ਘੇੜੇਆਂ ਦੀ ਕਿਸ ਤਰ੍ਹਾਂ ਭੁਗਤ ਸਵਾਰੀ ਜਾਵੇ ਇਸ ਸਬੰਧ ਵਿਚ ਪਿੰਡ ਦੇ ਲੋਕ ਸੋਚ ਵਿਚਾਰ ਕਰਨ ਲੱਗੇ।

ਦਾਦਾ ਦੇਸ਼ਮੁੱਖ ਦੇ ਉਸ ਹਵੇਲੀ ਨੁਮਾ ਘਰ ਵਿਚ ਮੁਰਦੇਹਾਣੀ ਪਸਰੀ ਹੋਈ ਸੀ। ਅੱਜ ਪੂਰੇ ਦੋ ਦਿਨ ਹੋ ਗਏ ਹਨ ਦੇਸ਼ਮੁੱਖ ਦਾ ਇਕ ਤਕੜਾ ਬਲਦ ਮਰ ਕੇ ਅਹਾਤੇ ਵਿਚ ਪਿਆ ਸੀ ! ਉਹ ਲੋਹੇ ਵਾਂਗ ਆਕੜ ਗਿਆ ਸੀ ਅਤੇ ਕੱਦੂ ਵਾਂਗ ਫੁੱਲ ਕੇ ਵੱਡੀਆਂ-ਵੱਡੀਆਂ ਅੱਖਾਂ ਨਾ ਘੂਰ ਰਿਹਾ ਸੀ। ਵੱਡੀਆਂ-ਵੱਡੀਆਂ ਮੱਖੀਆਂ ਨੇ ਉਸ ਦੇ ਨੇੜੇ ਤੇੜੇ ਸੰਘਣੀ ਚਾਦਰ ਬਣਾ ਲਈ ਸੀ। ਮਰਿਆ ਹੋਇਆ ਬਲਦ ਦੇਖ ਕੇ ਦੇਸ਼ਮੁੱਖ ਦੀ ਪਤਨੀ ਅਤੇ ਬੱਚੇ ਪਰੇਸ਼ਾਨ ਸੀ। ਉਹ ਡਰ ਗਏ ਸੀ। ਦਾਦਾ ਤੜਫ਼ ਰਿਹਾ ਸੀ, ਬਲਦ ਮਰਨ ਦੇ ਦੁੱਖ ਨਾਲੋਂ ਉਹਦੀ ਇੱਛਾ ਸੀ ਕਿ ਉਸ ਬਲਦ ਦਾ ਮਰਿਆ ਸਰੀਰ ਦੋ ਦਿਨਾਂ ਤੋਂ ਚੁੱਕਿਆ ਕਿਉਂ ਨਹੀਂ ਗਿਆ। ਇਸ ਦਾ ਹੀ ਉਸ ਨੂੰ ਅਤਿ ਦਾ ਦੁੱਖ ਸੀ। ਅਤੇ ਉਸ ਦੇ ਇਸ ਦੁੱਖ ਦੇ ਲਈ ਰਹੀਬਾ ਘੇੜ ਅਤੇ ਉਸਦੀ ਬਿਰਾਦਰੀ ਜਿਮੇਵਾਰ ਸੀ। ਉਸ ਲਈ ਉਹ ਕ੍ਰੋਧਿਤ ਹੋਇਆ ਸੀ।

ਕਾਰਨ ਇਹ ਸੀ ਕਿ ਮਰਿਆ ਹੋਇਆ ਡੰਗਰਾਂ ਨੂੰ ਚੁੱਕਣਾ ਹੁਣ ਘੇੜੇਆਂ ਨੇ ਛੱਡ ਦਿੱਤਾ ਸੀ। ਇਸ ਲਈ ਦੇਸ਼ਮੁੱਖ ਘੇੜੇਆਂ ਨੂੰ ਬੁਰਾ ਭਲਾ ਕਹਿ ਰਿਹਾ ਸੀ। ਅੰਤ ਨੂੰ ਉਸ ਨੂੰ ਦੱਤਾ ਪਟੇਲ ਨੂੰ ਭੜਕਾ ਦਿੱਤਾ। ਘੇੜੇਆਂ ਦੇ ਨਾਲ ਪਿਆਰ ਨਾਲ ਗੱਲਬਾਤ ਕਰਕੇ ਮਸਲਾ ਹੱਲ ਹੋਣ ਵਾਲਾ ਨਹੀਂ। ਉਨ੍ਹਾਂ ਘੁਸੰਨ ਮੁੱਕਿਆ ਤੇ ਜੁੱਤੀਆਂ, ਡਾਂਗਾ ਨਾਲ ਕੁੱਟਣਾ ਹੋਵੇਗੇ ਇਸ ਤਰ੍ਹਾਂ ਉਹ ਹਰ ਕਿਸੇ ਨੂੰ ਕਹਿ ਰਿਹੇ ਸਨ। ਦੱਤਾ ਪਟੇਲ ਪੁਲਿਸ ਪਟੇਲ ਸੀ, ਉਸਨੇ ਨੇ ਫੈਸਲਾ ਕੀਤਾ ਸੀ। ਹੁਣ ਉਹ ਘੇੜਾਂ ਨੂੰ ਸਜ਼ਾ ਸੁਣਾਉਣ ਦੀ ਤਾਕ ਵਿਚ ਬੈਠਾ ਰਿਹਾ। ਉਹ ਅੱਖਾਂ ਮੀਟੀ ਬੈਠਾ ਸੀ। ਹੁਣ ਘੇੜਾਂ ਦੇ ਆਉਣ 'ਤੇ ਉਨ੍ਹਾਂ ਨਾਲ ਕਿਸ ਤਰ੍ਹਾਂ ਗੱਲਬਾਤ ਕੀਤੀ ਜਾਵੇ ਉਸ ਗੱਲ ਦੀ ਵਿਚਾਰ ਕੀਤੀ ਜਾ ਰਹੀ ਸੀ। ਸ਼ਬਦ ਜੋੜ ਰਿਹਾ ਸੀ। ਗੁਣਪਾਲ ਸ਼ੇਟਏ ਮੂੰਹ ਮੋਟਾ ਕਰਕੇ ਘੇੜਾਂ ਦੀ ਉਡੀਕ ਕਰ ਰਿਹਾ ਸੀ। ਉਹ ਉਥੇ ਇਕੱਠੇ ਹੋਏ ਸਾਰੇ ਰਸੂਖ਼ਦਾਰ ਲੋਕਾਂ ਨੂੰ ਘੇੜੇਆਂ ਦੀ ਇਸ ਹਿੰਮਤ ਤੇ ਦਲੇਰੀ ਤੋਂ ਭਵਿੱਖ ਵਿਚ ਹੋਣ ਵਾਲੇ ਨਤੀਜਿਆਂ ਬਾਰੇ ਵਿਸਥਾਰ ਨਾਲ ਦੱਸ ਰਿਹਾ ਸੀ। ਘੇੜੇਆਂ ਨੇ ਜੇਕਰ ਸਵਰਨਾ ਦੀ ਗੱਲ ਨਹੀਂ ਮੰਨੀ ਤਾਂ ਸਵਰਨਾ ਨੂੰ ਸਦੀਆਂ ਤੋਂ ਚੱਲਿਆ ਆ ਰਿਹਾ ਘੇੜੇਆਂ ਦਾ ਛੱਡਿਆ ਹੋਇਆ ਪਿਤਾ ਪੁਰਖੀ ਕਿੱਤਾ ਕਰਨਾ ਹੋਵੇਗੇ। ਇਹ ਸਾਰਾ ਕੁਝ ਉਹ ਬੜੇ ਠਰੰਮੇ ਨਾਲ ਸਮਝਾ ਰਿਹਾ ਸੀ।

ਅਤੇ ਸਾਰਿਆਂ ਦੀਆਂ ਅੱਖਾਂ ਅੱਗੇ ਦੇਸ਼ਮੁੱਖ ਦਾ ਮਰਿਆ ਹੋਇਆ ਬਲਦ ਵਿਖਾਈ ਦੇ ਰਿਹਾ ਸੀ। ਇਸ ਲਈ ਪੂਰਾ ਪਿੰਡ ਡਰਿਆ ਹੋਇਆ ਸੀ। ਉਸ ਬਲਦ ਦੇ ਭੂਤ ਨੇ ਸਾਰਿਆਂ ਦਾ ਦਿਮਾਗ ਸੁੰਨ ਕਰ ਦਿੱਤਾ ਸੀ। ਅਤੇ ਇਹ ਸੱਚ ਹੈ ਕਿ ਉਥੇ ਇਕੱਠੇ ਸਾਰੇ ਮਨ ਹੀ ਮਨ ਸੋਚ ਰਹੇ ਸੀ ਜੇਕਰ ਆਪਣੇ ਘਰ ਪਸ਼ੂ ਮਰ ਗਿਆ ਤਾਂ ਉਸ ਦਾ ਕੀ ਬਣੇਗਾ? ਜੇਕਰ ਘੇੜ ਉਸ ਨੂੰ ਚੁੱਕ ਕੇ ਨਾ ਲੈ ਗਏ ਤਾਂ ਖ਼ੁਦ ਨੂੰ ਚੁੱਕਣਾ ਪਵੇਗਾ, ਇਹਦਾ ਡਰ ਹੀ ਉਨ੍ਹਾਂ ਨੂੰ ਸੀ। ਅਤੇ ਇਸੇ ਲਈ ਸਾਰਿਆਂ ਦੇ ਦਿਮਾਗ ਸੁੰਨ ਹੋ ਗਏ ਸਨ। ਗੱਲ ਤੂੰ-ਤੂੰ ਮੈਂ ਮੈਂ ਉਤੇ ਆ ਗਈ ਸੀ। ਘਰ ਵਿਚ ਡੰਗਰ ਮਰਿਆ ਪਿਆ ਹੈ ਉਸ ਦੀ ਲੋਥ ਅੱਗੇ ਬੈਠ ਕੇ ਭਲਾ ਰੋਟੀ ਕਿਵੇਂ ਖਾਧੀ ਜਾਵੇਗੀ। ਇਕੋ ਵਿਚਾਰ ਨਾਲ ਹੀ ਉਨ੍ਹਾਂ ਦੇ ਚਿਹਰੇ ਧੁਆਂਖੇ ਗਏ ਸਨ।

"ਭਰਾਵੋਂ ਭਵਿੱਖ ਦੇ ਸਬੰਧ 'ਚ ਸੋਚਣਾ ਹੋਵੇਗਾ। ਘੇੜਾ ਨੂੰ ਸਬਕ ਸਿਖਾਉਣਾ ਹੋਵੇਗਾ।"

ਐਨੇ ਨੂੰ ਪਟੇਲ ਨੇ ਅੱਖਾਂ ਉਘਾੜ ਕੇ ਕਿਹਾ, "ਏਥੇ ਮੁੱਦਾ ਡੰਗਰ ਦੇ ਮਰਨ ਦਾ ਨਹੀਂ, ਘਮੰਡੀ ਘੇੜੇਆਂ ਨੂੰ ਸਿਰ ਉੱਤੇ ਬੈਠਣ ਨਹੀਂ ਦੇਣਾ ਚਾਹੀਦਾ ... ਅਜਿਹਾ ਹੀ ਹੈ ਨਾ?"

"ਹਾਂ-ਹਾਂ, ਬਿਲਕੁਲ ਠੀਕ।" ਚਾਲਕਾ ਨੇ ਧੌਣ ਹਿਲਾ ਕੇ ਕਿਹਾ, "ਇਸ ਪਿੰਡ 'ਚ ਦੱਤਾ ਪਟੇਲ ਵਰਗਾ ਬੰਦਾ ਕਦੇ ਜੰਮਿਆ ਹੀ ਨਹੀਂ। ਮੇਰੀ ਗੱਲ ਨੂੰ ਉਹ ਝੱਟ ਦੇਣੀ ਸਮਝ ਗਏ। ਘੇੜਿਆਂ ਨੂੰ ਪਿੰਡ ਵਿਚ ਰਹਿਣ ਦਾ ਮਜ਼ਾ ਤਾਂ ਦੇਣਾ ਹੀ ਹੈ ਤਾਂ ਹੀ ਗੱਲ ਬਣੇਗੀ।" 'ਪਿੰਡ 'ਚ ਰਹਿਣ ਦਾ ਮਜ਼ਾ ਦੇਣਾ ਹੈ' ਇਨ੍ਹਾਂ ਸ਼ਬਦਾਂ ਉੱਤੇ ਉਸ ਨੇ ਜ਼ੋਰ ਦਿੱਤਾ।

"ਹਾਂ ਹਾਂ ਮਜ਼ਾ ਦੇਣਾ ਹੀ ਹੋਵੇਗਾ।" ਦੇਸ਼ਮੁੱਖ ਨੱਕ ਫੁਲਾ ਕੇ ਅਤੇ ਅਵਾਜ਼ ਉੱਚੀ ਕਰਕੇ ਬੋਲਿਆ, "ਨੀਵੀਂ ਜਾਤ ਨੇ ਆਪਣਾ ਕਿੱਤਾ ਛੱਡਿਆ, ਕੁੱਤੇ, ਬਿੱਲੇ, ਡੰਗਰ, ਅਤੇ ਘੇੜ ਮਨੁੱਖ ਥੋੜਾ ਹੁੰਦਾ ਨੇ, ਇਹ ਸਾਡੇ ਪੁਰਖਿਆ ਦਾ ਅਖਾਣ ਹੈ। ਪਰ ਇਨ੍ਹਾਂ ਕਮੀਨੇ ਲੋਕਾਂ ਨੇ ਮੇਰੇ ਵਿਹੜੇ ਵਿਚ ਬਲਦ ਨੂੰ ਸੜਨ-ਗਲਨ ਲਈ ਛੱਡ ਦਿੱਤਾ। ਘਰ ਦੇ ਨਿੱਕੇ ਨਿਆਣੇ ਘਬਰਾ ਗਏ ਹਨ। ਬਲਦ ਪਾਟਣ ਵਾਲਾ ਹੋ ਗਿਆ ਹੈ।" ਦੱਤਾ ਪਟੇਲ ਨੇ ਕਿਹਾ, "ਮੈਂ ਸਾਰੇ ਘੇੜਾਂ ਨੂੰ ਗੋਲੀਆਂ ਮਾਰ ਕੇ ਜ਼ਮੀਨ 'ਤੇ ਲੰਮੇ ਪਾ ਦਿੰਦਾ। ਪਰ ਕੀ ਕੀਤਾ ਜਾਵੇ? ਮੇਰਾ ਬਲਦ ਜਿਓਂ ਮਰਿਆ ਹੈ!"

ਐਨੇ ਨੂੰ ਘੇੜਾ ਨੂੰ ਸੱਦਣ ਗਿਆ ਹੋਇਆ ਰਾਮੋਸ਼ੀ ਇਕੱਲਾ ਹੀ ਪਰਤਿਆ, ਉਸ ਨੂੰ ਇਕੱਲਾ ਆਉਂਦਾ ਦੇਖ ਕੇ ਸੜਿਆ-ਖਿਝਿਆ ਰਾਮੋਸ਼ੀ 'ਤੇ ਟੁੱਟ ਪਿਆ, "ਉਏ ਪਸ਼ੂ ਦੀ ਔਲਾਦ, ਕੀ ਕਹਿੰਦੇ ਨੇ ਘੇੜ?"

"ਆ ਰਹੇ ਹਨ ਨਾ।" ਰਾਮੋਸ਼ੀ ਨੇ ਉਤਰ ਦਿੱਤਾ ਅਤੇ ਬੜੱਈ ਨੇ ਬੈਠੀ ਹੋਈ ਆਵਾਜ਼ ਨਾਲ ਪੁੱਛਿਆ, " ਏ ਨਾਇਕ! ਘੇੜ ਡਰ ਗਏ ਹੋਣਗੇ, ਕਿਓ ਕੀ ਵਿਚਾਰ ਹੈ?"

"ਉਹ ਕਿਉਂ ਡਰਨਗੇ?" ਰਾਮੋਸ਼ੀ ਨੇ ਉਤਰ ਦਿੱਤਾ, "ਉਨ੍ਹਾਂ ਨੇ ਕੀ ਡਾਕਾ ਮਾਰਿਆ ਹੈ? ਕੀ ਕਿਸੇ ਦਾ ਘਰ ਲੁੱਟਿਆ ਹੈ।?"

"ਇਹ ਵੀ ਸੱਚ ਹੈ।" ਸ਼ੰਕਰਯਾ ਬੜੱਈ ਬੁੜਬੁੜ ਕਰਦਾ ਕਹਿਣ ਲੱਗਾ। ਉਸ ਦੀ ਇਸ ਪ੍ਰਤੀਕ੍ਰਿਆ ਨੂੰ ਸੁਣ ਕੇ ਗੁਵਾਂਢੀ ਨਾਈ ਭੁੜਕਿਆ, "ਕੀ ਸੱਚ ਏ ਸ਼ੰਕਰੀਆ? ਫਿਰ ਕੀ ਮਰੇ ਹੋਏ ਡੰਗਰਾਂ ਨੂੰ ਕੀ ਸਾਡੇ ਪਿਓ ਚੁੱਕਣਗੇ?"

ਨਾਈ ਦੀ ਉੱਚੀ ਆਵਾਜ਼ ਦੇ ਕਾਰਨ ਪਟੇਲ ਨੇ ਧੌਣ ਉੱਪਰ ਚੁੱਕੀ, ਉਹ ਸਾਰਿਆਂ ਦਾ ਧੀਰਜ ਬੰਨ੍ਹਦਾ ਹੋਇਆ ਬੋਲਿਆ, "ਭਰਾਓ ਚੁੱਪ ਕਰਕੇ ਬੈਠੋ, ਰੌਲੀ ਨਾ ਪਾਓ।"

ਐਨੇ ਸਾਰੇ ਘੇੜ ਇਕੱਠੇ ਹੋ ਕੇ ਆ ਗਏ। ਉਨ੍ਹਾਂ ਨੂੰ ਦੇਖ ਕੇ ਪਿੰਡ ਦੇ ਲੋਕ ਆਪਸ ਵਿਚ ਘੁਸਰ-ਮੁਸਰ ਕਰਨ ਲੱਗੇ। ਕੁਝ ਉਨ੍ਹਾਂ ਵੱਲ ਖਾ ਜਾਣ ਵਾਲੀਆਂ ਅੱਖਾਂ ਨਾਲ ਪਾੜ-ਪਾੜ ਕੇ ਦੇਖਣ ਲੱਗੇ, ਕੁਝ ਉਨ੍ਹਾਂ



ਨੂੰ ਕੁੱਟਣ ਲਈ ਤਿਆਰ ਹੋ ਗਏ। ਸਾਰਿਆਂ ਦੀਆਂ ਨਜ਼ਰਾਂ ਘੇੜਾਂ ਉੱਤੇ ਸੀ। ਸਾਰੇ ਘੇੜ ਉਨ੍ਹਾਂ ਦੇ ਸਾਹਮਣੇ ਥੱਲੇ ਬੈਠ ਗਏ ਅਤੇ ਪਿੰਡ ਦੇ ਲੋਕ ਇਕ ਦੂਜੇ ਦਾ ਮੂੰਹ ਤੱਕਣ ਲੱਗੇ। ਪਟੇਲ, ਸ਼ੇਟੇ, ਚਾਲਕਾ, ਦੇਸ਼ਮੁੱਖ ਇਨ੍ਹਾਂ ਨੇ ਆਪਣੀਆਂ ਧੌਣਾ ਨੂੰ ਉੱਚਿਆ ਕੀਤਾ। ਆਂਢ-ਗੁਵਾਂਢ 'ਚ ਘੁਸਰ-ਮੁਸਰ ਵੱਧ ਗਈ। ਉਨ੍ਹਾਂ ਨੂੰ ਹੱਥ ਦਾ ਇਸ਼ਾਰਾ ਕਰਕੇ ਸਾਂਤ ਕਰਦੇ ਹੋਏ ਪਟੇਲ ਘੇੜਾਂ ਨੂੰ ਕਹਿਣ ਲੱਗਾ, "ਹਾਂ... ਬੋਲੋ ਘੇੜੋ, ਔਹ ਭੂਤ ਨੂੰ ਕੌਣ ਚੁੱਕੂਗਾ? ਹੁਣ ਸਾਨੂੰ ਪਸ਼ੂ ਪਾਲਣੇ ਚਾਹੀਦੇ ਹਨ ਜਾਂ ਨਹੀਂ?"

ਇਹ ਸੁਣ ਕੇ ਹਰੀਬਾ ਘੇੜ ਨੇ ਸ਼ਾਂਤ ਭਾਵ ਨਾਲ ਕਿਹਾ, ਜ਼ਰੂਰ ਪਾਲਣੇ ਚਾਹੀਦੇ ਹਨ। ਜਾਨਵਰ ਨੂੰ ਪਾਲਣ ਦੀ ਜਿਹਦੇ ਵਿਚ ਸ਼ਕਤੀ ਹੈ, ਉਹ ਭਾਵੇਂ ਸੈਕੜੇ ਪਾਲ ਲਵੇ। ਅਸੀਂ ਕਿਸੇ ਨੂੰ ਰੋਕਦੇ ਥੋੜਾ ਆ।"

"ਤੂੰ ਰੋਕ ਨਹੀਂ ਰਿਹਾ।" ਪਟੇਲ ਨੇ ਕਿਹਾ, "ਪਰ ਜਿਹੜੀ ਸਦੀਆਂ ਤੋਂ ਰੀਤ ਚੱਲੀ ਆ ਰਹੀ ਹੈ, ਉਹਦੀ ਵੀ ਗੱਲ ਕਰ। ਜਾਨਵਰ ਪਾਲਣ ਨੂੰ ਰੋਕਦਾ ਨਹੀਂ ਅਤੇ ਮਰੇ ਹੋਏ ਜਾਨਵਰ ਨੂੰ ਚੁੱਕਦਾ ਨਹੀਂ, ਇਹਦਾ ਕੀ ਮਤਲਬ ਹੈ?"

"ਇਹਦਾ ਮਤਲਬ ਦੱਸਾ?" ਹਰੀਬਾ ਨੇ ਕਿਹਾ, "ਜਾਨਵਰ ਤੁਹਾਡੇ, ਦੁੱਧ ਤੁਸੀਂ ਪੀਂਦੇ ਹੋ, ਬਲਦ ਤੁਹਾਡੇ ਕੰਮ ਆਉਂਦੇ ਹਨ, ਉਦੋਂ ਤੁਸੀਂ ਉਨ੍ਹਾਂ ਦੀ ਦੇਖ ਭਾਲ ਅਤੇ ਪਾਲਣ-ਪੋਸਨ ਕਰਦੇ ਹੋ। ਇਹ ਜਾਨਵਰ ਤੁਹਾਡੀ ਖੇਤੀਬਾੜੀ ਵਿਚ ਕੰਮ ਕਰਦੇ ਹਨ, ਅਤੇ ਜਦੋਂ ਉਹ ਮਰ ਜਾਂਦੇ ਨੇ, ਤਾਂ ਸਾਨੂੰ ਕਿਉਂ ਪਰੇਸ਼ਾਨ ਕਰਦੇ ਹੋ?"

"ਇਹਦਾ ਭਾਵ ਇਹ ਕਿ ਤੁਹਾਡੇ ਮਰੇ ਹੋਏ ਡੰਗਰਾ ਨੂੰ ਅਸੀਂ ਕਿਉਂ ਚੁੱਕੀਏ?" ਬਾਲੂ ਘੇੜ ਵਿਚੋਂ ਹੀ ਬੋਲ ਪਿਆ ਅਤੇ ਪਟੇਲ ਦੇ ਬੋਲਣ ਤੋਂ ਪਹਿਲਾਂ ਹੀ ਦੇਸ਼ਮੁੱਖ ਤੜਾਕ ਕਰਦਾ ਉੱਠ ਕੇ ਕਹਿਣ ਲੱਗਾ, "ਉਏ ਮਰੇ ਹੋਏ ਕੀੜੇ ਗੋਹੇ ਦੇ ਕੀੜੇ, ਅੱਜ ਤੱਕ ਤੂੰ ਮਰੇ ਹੋਏ ਜਾਨਵਰ ਕਿਉਂ ਚੁੱਕੇ ਬੋਲ?"

"ਚੁੱਕੇ ਹਨ ਅਸੀਂ ਕਦੋਂ ਕਹਿੰਦੇ ਹਾਂ ਨਹੀਂ ਚੁੱਕੇ?" ਹਰੀਬਾ ਬੋਲਿਆ, "ਪ੍ਰੰਤੂ ਉਦੋਂ ਸਾਨੂੰ ਸਮਝ ਨਹੀਂ ਸੀ। ਹੁਣ ਸਮਝ ਆਈ ਹੈ।"

"ਉਏ ਤੂੰ ਆਪਣੇ ਆਪ ਨੂੰ ਕੀ ਸਮਝਦਾ ਏਂ, ਗੰਦ ਦੇ ਕੀੜਿਆ?' ਸ਼ੇਟੇ ਧੌਣ ਤਿਰਛੀ ਕਰਦੇ ਹੋਇਆ ਗੁੱਸੇ 'ਚ ਬੋਲਿਆ, "ਉਏ ਰੱਬ ਨੇ ਤੈਨੂੰ ਮਰੇ ਹੋਏ ਡੰਗਰ ਚੁੱਕਣ ਲਈ ਘੇੜ ਬਣਾਇਆ ਹੈ।"

"ਅਜਿਹਾ ਕਿਓ?" ਹਰੀਬਾ ਪੱਗ ਨੂੰ ਉੱਪਰ ਚੁੱਕਦਾ ਹੋਇਆ ਸ਼ੇਟਾ ਉੱਤੇ ਭੜਕਿਆ, "ਕਿਸ ਰੱਬ ਨੇ ਸਾਨੂੰ ਘੇੜ ਬਣਾਇਆ ਹੈ। ਫਿਰ ਜਾਓ ਉਸ ਰੱਬ ਦੇ ਕੋਲ ਅਤੇ ਕਹੋ ਉਸਨੂੰ ਹੁਣ ਮਰੇ ਹੋਏ ਡੰਗਰ ਚੁੱਕ ਆ ਕੇ।"

"ਤੇਰੀ ਤਾਂ...? ਸੁਣੋ ਪਿੰਡ ਵਾਲਿਓ..." ਦੇਸ਼ ਮੁੱਖ ਚੀਕਿਆ, "ਸੁਣੋ ਇਹ ਘੇੜ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ?"

"ਮੈਂ ਸਿੱਧੀ ਗੱਲ ਕਰ ਰਿਹਾਂ ਹਾਂ?" ਹਰੀਬਾ ਬੋਲਿਆ ਅਤੇ ਪਟੇਲ ਚੀਕਿਆ, "ਚੰਗਾ ਤਾਂ ਹੁਣ ਕਹੋ ਦੇਸ਼ਮੁੱਖ ਨੂੰ ਇਸ ਸਥਿਤੀ 'ਚ ਕੀ ਕਰਨਾ ਚਾਹੀਦਾ , ਬੋਲੋ?"

"ਕੀ ਕੀ ਕਹਾਂ?" ਹਰੀਬਾ ਘੇੜ ਨੇ ਕਿਹਾ, "ਦੇਸ਼ਮੁੱਖ ਚਾਹੇ ਤਾਂ ਉਸ ਨੂੰ...।"

"ਉਏ ਕਰਨਾ ਕੀ ਚਾਹੀਦਾ...।" ਪਟੇਲ ਵਿਚੋਂ ਹੀ ਬੋਲ ਪਿਆ, "ਕੀ ਕਰੀਏ? ਕੀ ਉਸ ਮਰੇ ਹੋਏ ਡੰਗਰ ਦਾ ਅਚਾਰ ਪਾਈਏ? ਦੱਸੋ...?"

"ਭਾਵੇਂ ਵਿਹੜੇ ਵਿਚ ਦੱਬ ਦਿਓ।" ਹਰੀਬਾ ਨੇ ਕਿਹਾ, "ਜਦੋਂ ਜਿਉਂਦਾ ਸੀ ਉਸ ਨੂੰ ਚਾਰਾ-ਘਾਹ ਪਾਉਂਦੇ ਰਹੇ ਅਤੇ ਹੁਣ ਦੱਬਣ ਤੋਂ ਕਿਉਂ ਡਰ ਲੱਗਦਾ ਹੈ? ਦੱਬ ਦਿਓ!"

ਸਾਰੇ ਲੋਕ ਇਕੋ ਵਾਰੀ ਬੋਲਣ ਲੱਗੇ। ਚਾਰੇ ਪਾਸੇ ਕਾਵਾਂ ਰੌਲੀ ਪੈ ਗਈ। ਕੁੱਟਣ ਮਾਰਨ ਲਈ ਬੈਠੇ

ਲੋਕ ਚੁੱਪ ਚਾਪ ਸੁਣਦੇ ਰਹੇ। ਕਿਸੇ ਦੀ ਹਿੰਮਤ ਨਹੀਂ ਸੀ। ਅਤੇ ਹੁਣ ਆਪਣੇ ਆਪਣੇ ਪਸ਼ੂਆਂ ਨੂੰ ਆਪਣੇ ਆਪਣੇ ਵਿਹੜੇ ਵਿਚ ਦੱਬਣ ਦੀ ਹਰੀਬਾ ਦੀ ਸੂਚਨਾ ਸੁਣ ਕੇ ਸਾਰੇ ਉਲਝਣ ਵਿਚ ਫਸ ਗਏ। ਹਰੀਬਾ ਦੀਆਂ ਗੱਲਾਂ ਨਾਲ ਦੇਸ਼ਮੁੱਖ ਦਾ ਕਲੇਜਾ ਚੀਰਿਆ ਗਿਆ। ਉਹ ਉੱਠਿਆ ਇਕ ਹੱਥ ਲੱਕ ਉੱਤੇ ਰੱਖ ਕੇ ਝੁਕਿਆ, ਅਤੇ ਦੂਜੇ ਹੱਥ ਦੀ ਮੁੱਠੀ ਮੀਟ ਕੇ ਮੂੰਹ ਦੇ ਅੱਗੇ ਕਰਦੇ ਹੋਏ ਆਕੜ ਨਾਲ ਬੋਲਿਆ, "ਉਏ ਘੇੜਾਂ! ਹੁਣ ਤੇਰੇ ਮੋਹਰੇ ਦਹਾੜ ਮਾਰਾ?"

"ਦਹਾੜ ਮਾਰੋ, ਪਰ ਇਕ ਪਾਸੇ ਤੋਂ ਦਹਾੜ ਮਾਰੋ।" ਹਰੀਬਾ ਨੇ ਕਿਹਾ।

"ਤੁਸੀਂ ਸਮਝੋ ਕਿ ਮੈਂ ਦੋਵਾਂ ਪਾਸਿਆ ਤੋਂ ਦਹਾੜ ਲਗਾਉਂਦਾ ਹਾਂ? ਉਹ ਕਿਵੇਂ ਦੱਸ ਭਲਾ?" ਦੇਸ਼ਮੁੱਖ ਨੇ ਕਿਹਾ ਅਤੇ ਪੂਰਾ ਪਿੰਡ ਪੁੱਛਣ ਲੱਗਾ, "ਉਏ ਹਰੀਬਾ, ਸਿੱਧਾ ਬੋਲ! ਤੁਸੀਂ ਸਮਝੋ ਦੋਵਾਂ ਪਾਸਿਆਂ ਤੋਂ ਦਹਾੜ ਵੱਜ ਰਹੀ ਹੈ?"

"ਇਹ ਕਿਵੇਂ ਮੰਨੀਏ।" ਹਬੀਬ ਚਿੜ ਕੇ ਬੋਲਿਆ, "ਅਸੀਂ ਮਰੇ ਡੰਗਰ ਚੁੱਕਦੇ ਹਾਂ, ਤਾਂ ਵੀ ਦਹਾੜ ਲਗਾਉਂਦੇ ਹਾਂ, ਅਤੇ ਜੇਕਰ ਨਹੀਂ ਚੁੱਕ ਕੇ ਲਜਾਂਦੇ ਤਾਂ ਵੀ ਦਹਾੜ ਲਗਾਉਂਦੇ ਹਾਂ।"

"ਉਏ ਕਿਵੇਂ ਉਹ ਤਾਂ ਦੱਸ ਕੇ ਜਾਹ।" ਸਾਰੇ ਵਿਹੜੇ ਦੇ ਘੇੜ ਚੀਕ ਪਏ ਅਤੇ ਹਰੀਬਾ ਨੇ ਕਿਹਾ, "ਤੁਸੀਂ ਸਾਨੂੰ ਹੱਥ ਕਿਉਂ ਨਹੀਂ ਲਗਾਉਂਦੈ।"

"ਤੁਸੀਂ ਗੰਦਾ ਕੰਮ ਕਰਦੇ ਹੋ।" ਪਟੇਲ ਬੋਲਿਆ।

"ਇਸ ਲਈ ਅਸੀਂ ਇਹ ਕੰਮ ਛੱਡ ਦਿੱਤਾ।" ਹਰੀਬਾ ਨੇ ਜਵਾਬ ਦਿੱਤਾ।

"ਤੁਹਾਡੇ ਪੁਰਖਿਆ ਨੇ ਮਰੇ ਹੋਏ ਡੰਗਰ ਚੁੱਕੇ ਸਨ, ਉਨ੍ਹਾਂ ਦਾ ਕੀ ਕਰੋਗੇ?"

"ਅਤੇ ਤੁਹਾਡੇ ਪੁਰਖਿਆ ਨੇ 'ਪਾਡਲੀ' 'ਚ ਡਾਕਾ ਮਾਰਿਆ ਸੀ, ਉਸਦਾ ਕੀ ਕਰੀਏ?" ਹਰੀਬਾ ਨੇ ਮੋੜਵਾ ਉੱਤਰ ਦਿੱਤਾ।

ਅਤੇ ਪਟੇਲ ਨੇ ਘਬਰਾਹਟ ਵਿਚ ਕਿਹਾ, "ਸਿੱਧਾ ਸਿੱਧਾ ਬੋਲ।"

"ਲਓ ਸੁਣ ਲਓ... ਆਪਣੇ ਆਪਣੇ ਮਰੇ ਡੰਗਰ ਚੁੱਕੋ। ਸਾਨੂੰ ਨਾ ਕਹੋ।" ਇਹ ਕਹਿ ਕੇ ਹਰੀਬਾ ਤੁਰ ਪਿਆ। ਸਾਰੇ ਘੇੜਾਂ ਨੇ ਉਸ ਦੀ ਨਕਲ ਕੀਤੀ। ਪੂਰਾ ਪਿੰਡ ਇਕਦਮ ਖਾਮੋਸ਼ ਬੈਠਾ ਰਿਹਾ। ਦੇਖਦਾ ਰਿਹਾ।

ਹੁਣ ਘੇੜਾਂ ਦੀ ਬਸਤੀ ਇਸ ਤਰ੍ਹਾਂ ਨਹੀਂ ਜਾਵੇਗੀ। ਕੋਈ ਜ਼ੁਲਮ ਵਾਲਾ ਹੱਲ ਲੱਭ ਕੇ ਘੇੜਾਂ ਨੂੰ ਡਰਾਉਣਾ ਹੋਵੇਗਾ। ਉਨ੍ਹਾਂ ਦਾ ਹੁੱਕਾ ਪਾਣੀ ਬੰਦ ਕਰਨਾ ਹੋਵੇਗਾ। ਘੇੜਾਂ ਦਾ ਸਮਾਜਿਕ ਬਾਈਕਾਟ ਤੇ ਹੁੱਕਾ ਪਾਣੀ ਬੰਦ ਕਰਨਾ ਹੋਵੇਗਾ। ਘੇੜਾਂ ਦਾ ਜੰਗਲ ਵਿਚ ਘੁੰਮਣਾ ਫਿਰਨਾ ਬੰਦ ਕਰਨਾ ਹੋਵੇਗਾ। ਉਨ੍ਹਾਂ ਦੇ ਪਸ਼ੂ ਕਿਤੇ ਵੀ ਨਿਕਲਣ ਨਾ ਦਿਓ। ਉਨ੍ਹਾਂ ਦੇ ਜਾਨਵਰਾਂ ਨੂੰ ਪਸ਼ੂਆਂ ਦੇ ਬਾੜੇ ਵਿਚ ਬੰਦ ਕਰ ਦਿਓ। ਕਿਸੇ ਨੂੰ ਵੀ ਪਿੰਡ ਦੀ ਦੁਕਾਨ ਉੱਤੇ ਨਾ ਆਉਣ ਦਿਓ। ਇਸ ਮੁੱਦੇ ਉੱਤੇ ਸਾਰਿਆਂ ਨੇ ਗੰਭੀਰਤਾ ਨਾਲ ਸੋਚਿਆ ਅਤੇ ਸਾਰੇ ਘੇੜੇ ਲਈ ਜਾਲ਼ ਵਿਛਾਉਣ ਦੀ ਸਕੀਮ ਲਾਉਣ ਲਈ ਉੱਠ ਬੈਠੇ।

ਉਹ ਸਾਰੇ ਉਸੇ ਤਰ੍ਹਾਂ ਦਾਦਾ ਦੇਸ਼ਮੁੱਖ ਦੇ ਘਰ ਵੱਲ ਤੁਰ ਪਏ। ਦੋ ਦਿਨਾਂ ਤੋਂ ਵਿਹੜੇ ਵਿਚ ਪਿਆ ਹੋਇਆ ਬਲਦ ਉਸ ਨੇ ਦੇਖਿਆ ਅਤੇ ਬਾਅਦ ਵਿਚ ਸਭ ਨੇ ਮੁੜ ਵਿਚਾਰ ਕੀਤਾ। ਫਿਰ ਵੀਹ ਵਿਆਕਤੀਆਂ ਨੇ ਉਸ ਬਲਦ ਨੂੰ ਅਹਾਤੇ ਤੋਂ ਬਾਹਰ ਕੱਢਿਆ ਅਤੇ ਕਿਸੇ ਤਰ੍ਹਾਂ ਰੇਹੜੇ ਉੱਤੇ ਲੱਦ ਦਿੱਤਾ ਅਤੇ ਜੰਗਲ 'ਚ ਲੈ ਗਏ। ਅੱਗੇ ਗਏ ਹੋਏ ਦਸ ਵਿਅਕਤੀਆਂ ਨੇ ਟੋਇਆ ਪੁੱਟਿਆ ਹੋਇਆ ਸੀ। ਅੰਤ ਵਿਚ ਉਸ ਬਦਲ ਨੂੰ ਉਸ ਖੱਡੇ ਵਿਚ ਸੁੱਟ ਦਿੱਤਾ ਗਿਆ। ਸਾਰੇ ਪਸੀਨੇ ਨਾਲ ਭਿੱਜ ਚੁੱਕੇ ਸਨ। ਖੱਡੇ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ ਅਤੇ ਸਭ ਨੇ ਸੁੱਖ ਦਾ ਸਾਹ ਲਿਆ। ਚਾਰ ਘੇੜਾ ਦਾ ਕੰਮ ਸੀ ਪਰ ਹੁਣ ਪੂਰਾ ਪਿੰਡ ਗਿਆ ਸੀ। ਅਤੇ ਸਾਰੇ ਥੱਕ ਗਏ ਸੀ।



ਪਿੰਡ ਦੀ ਪੰਚਾਇਤ ਤੋਂ ਹਰੀਬਾ ਘੇੜ, ਘੇੜ ਬਸਤੀ ਵਿਚ ਆਇਆ ਅਤੇ ਗੰਭੀਰਤਾ ਨਾਲ ਬੋਲਿਆ, "ਕੇਸ਼ਾ, ਬੱਲਾ, ਉਹ ਡੰਗਰ ਚੁੱਕਣ ਵਾਲੀ ਲਾਠੀ ਲੈ ਆਓ।" ਤੁਰੰਤ ਮਰੇ ਹੋਏ ਡੰਗਰ ਨੂੰ ਚੁੱਕ ਕੇ ਲੈ ਜਾਣ ਵਾਲੀ ਡਾਂਗ ਅਤੇ ਰੱਸੀ ਕੇਸ਼ੂ ਘੇੜ ਲੈ ਆਇਆ ਅਤੇ ਉਦੋਂ ਹਰੀਬਾ ਨੇ ਕਿਹਾ, "ਲੱਕੜੀ ਵੱਢਣ ਵਾਲੀ ਕੁਹਾੜੀ ਲੈ ਆਓ।"

ਬਾਲੂ ਨੇ ਕੁਹਾੜੀ ਲੈ ਆਂਦੀ ਅਤੇ ਪੁੱਛਿਆ, "ਲਓ ਕੁਹਾੜੀ, ਕਰਨਾ ਕੀ ਹੈ?"

"ਇਸ ਲਾਠੀ ਨੂੰ ਤੂੰ ਤੋੜ ਦੇ। ਛੋਟੇ ਛੋਟੇ ਟੁਕੜੇ ਬਣਾ ਦੇ।" ਹਰੀਬਾ ਨੇ ਅਦੇਸ਼ ਦਿੱਤਾ। ਬਾਲੂ ਨੇ ਲਾਠੀ ਦੇ ਟੁੱਕੜੇ ਟੁੱਕੜੇ ਕਰ ਦਿੱਤੇ। ਉਸ ਢੇਰ ਨੂੰ ਹਰੀਬਾ ਨੇ ਅੱਗ ਲਾ ਦਿੱਤੀ। ਉਸ ਜਲਦੀ ਹੋਈ ਅੱਗ 'ਚ ਰੱਸੀ ਸੁਟਦੇ ਹੋਏ ਹਰੀਬਾ ਨੇ ਕਿਹਾ, ਇਹ ਡੰਗਰ ਚੁੱਕਣ ਵਾਲੀ ਲਾਠੀ ਲੈ ਕੇ ਸਾਡੇ ਪੁਰਖਿਆ ਨੇ ਉਮਰ ਭਰ ਮਰੇ ਹੋਏ ਡੰਗਰ ਚੁੱਕੇ। ਅੱਜ ਅਸੀਂ ਉਸ ਨੂੰ ਜ਼ਲਾ ਦਿੱਤਾ, ਹੁਣ ਮਰੇ ਹੋਏ ਡੰਗਰਾਂ ਨੂੰ ਹੱਥ ਨਹੀਂ ਲਗਾਉਣਾ। ਮਿਹਨਤ ਮਜ਼ਦੂਰੀ ਕਰਦਿਆਂ ਮਰਾਂਗੇ ਪਰ ਮਾਣ-ਸਨਮਾਨ ਨਾਲ ਜੀਆਂਗੇ। ਮਰੇ ਹੋਏ ਜਾਨਵਰ ਚੁੱਕ ਕੇ ਲਿਜਾਂਦੇ ਹਾਂ, ਇਸ ਲਈ ਸਾਨੂੰ ਕੁੱਤੇ ਦੇ ਬਰਾਰਬ ਸਮਝਿਆ ਗਿਆ ਹੈ।"

ਸਾਰੇ ਪਿੰਡ ਵਾਲਿਆਂ ਨੇ ਇਕੱਠੇ ਹੋ ਕੇ ਦੇਸ਼ਮੁਖ ਦਾ ਬਲਦ ਟੋਏ ਵਿਚ ਦੱਬ ਦਿੱਤਾ ਹੈ ਅਤੇ ਡੰਗਰ ਚੁੱਕਣ ਵਾਲੀ ਡਾਂਗ ਨੂੰ ਘੇੜਾਂ ਨੇ ਜਲ਼ਾ ਦਿੱਤਾ। ਉਸ ਦਿਨ ਤੋਂ ਪਿੰਡ ਦਾ ਨਕਸ਼ਾ ਹੀ ਬਦਲ ਗਿਆ। ਪਿੰਡ ਦੇ ਮੋਹਰੀ ਬੰਦੇ ਘੇੜਾਂ ਦੀ ਇੰਤਜ਼ਾਰ ਵਿਚ ਬੈਠੇ ਸਨ। ਘੇੜ ਕਦੋਂ ਕੁੜਿੱਕੀ ਵਿਚ ਫਸਦੇ ਹਨ, ਇਸ ਦੀ ਉਡੀਕ ਕਰਨ ਲੱਗੇ। ਉਹ ਪੂਰੇ ਦੇ ਪੂਰੇ ਘੇੜ-ਬਾੜੇ ਨੂੰ ਨਫ਼ਰਤ ਨਾਲ ਵੇਖਣ ਲੱਗੇ। ਘੇੜਾਂ ਨੇ ਸਥਿਤੀ ਨੂੰ ਜਾਣ ਲਿਆ ਸੀ। ਉਹ ਹਰ ਕਦਮ 'ਤੇ ਸੁਚੇਤ ਸਨ। ਕਿਸੇ ਵੀ ਤਰ੍ਹਾਂ ਦਾ ਮੌਕਾ ਨਹੀਂ ਦੇ ਰਹੇ ਸਨ। ਉਹ ਉਨ੍ਹਾਂ ਦੇ ਖੇਤਾਂ ਵਿਚ ਜਾ ਨਹੀਂ ਰਹੇ ਸਨ। ਸਾਰਾ ਕੁਝ ਬੜੀ ਸਾਵਧਾਨੀ ਨਾਲ ਕਰ ਰਹੇ ਸਨ।

ਪ੍ਰੰਤੂ ਉਨ੍ਹਾਂ ਦੇ ਚਾਰੇ ਪਾਸੇ ਪਿੰਡ ਵਾਲਿਆਂ ਨੇ ਜਾਲ਼ ਵਿਛਾ ਦਿੱਤਾ ਸੀ। ਜੰਗਲੀ ਭੇੜੀਆ ਝਾੜੀਆਂ 'ਚ ਜਿਵੇਂ ਹਮਲਾ ਕਰਨ ਦੀ ਘਾਤ ਲਗਾ ਕੇ ਬੈਠਾ ਹੋਵੇ ਅਤੇ ਕਿਸੇ ਮੇਮਨੇ ਨੂੰ ਉਨ੍ਹਾਂ ਦੇ ਝੁੰਡ ਦੇ ਸਮੂਹ ਤੋਂ ਵੱਖਰਾ ਹੁੰਦਿਆਂ ਹੀ ਜਿਵੇਂ ਉਹ ਮੇਮਨਾ ਚੁੱਕ ਕੇ ਭੱਜ ਜਾਂਦਾ ਹੈ ਇਹੋ ਜਿਹੀ ਸਥਿਤੀ ਬਣ ਚੁੱਕੀ ਸੀ। ਜੰਗਲ ਵਿਚ ਜਾਂਦਿਆਂ ਹੀ ਡਾਂਗ ਘੁਮਾਈ ਜਾਂਦੀ। ਬੱਕਰੀਆਂ, ਮੇਮਨੇ, ਪਸ਼ੂ ਜਿਹੜਾ ਜਿਹੜਾ ਉਨ੍ਹਾਂ ਦੀ ਸਰਹੱਦ ਵਿਚ ਜਾਂਦਾ ਉਹ ਵਾੜੇ ਵਿਚ ਸੁੱਟ ਦਿੱਤਾ ਜਾਂਦਾ। ਜਿਸ ਕਰਕੇ ਇਸ ਸਥਿਤੀ ਨੂੰ ਲੈ ਕੇ ਘੇੜ ਅਤਿ ਦੇ ਪਰੇਸ਼ਾਨ ਸਨ। ਪਿੰਡ ਵਾਲਿਆਂ ਅਤੇ ਘੇੜਾ ਦਾ ਸੰਘਰਸ਼ ਵਧ ਰਿਹਾ ਸੀ।

ਘਰ ਤੋਂ ਲੈ ਕੇ ਖੇਤਾਂ ਤੱਕ ਘੇੜ ਸਰਕਾਰੀ ਸੜਕ ਉੱਤੇ ਹੀ ਆਉਂਦੇ ਜਾਂਦੇ ਦਿਖਾਈ ਦੇਣ ਲੱਗੇ। ਉਨ੍ਹਾਂ ਦੇ ਡੰਗਰ ਤੇ ਪਸ਼ੂ ਭੁੱਖੇ ਮਰਨ ਲੱਗੇ। ਉਦੋਂ ਸਾਰੇ ਘੇੜਾਂ ਦੇ ਟੱਬਰਾਂ ਨੇ ਕਬਰਿਸਤਾਨ 'ਚ ਬੈਠਕ ਕੀਤੀ। ਹਰੀਬਾ ਨੂੰ ਦੱਸਿਆ ਗਿਆ। ਇਸ ਭਿਆਨਿਕ ਸਥਿਤੀ ਤੋਂ ਕਿਵੇਂ ਬਚਿਆ ਜਾਵੇ ਇਸ ਤੇ ਵਿਚਾਰ ਹੋਣ ਲੱਗੀ। ਸਾਰੇ ਘੇੜ ਦੁੱਖੀ ਹੋ ਕੇ ਹਰੀਬਾ ਕੀ ਕਹਿੰਦਾ ਹੈ, ਉਹ ਸੁਣਨ ਲੱਗੇ। ਕੇਸੂ ਘੇੜ ਨੇ ਗੱਲ ਸ਼ੁਰੂ ਕੀਤੀ...।

"ਹਾਏ ਓਏ ਰੱਬਾ ਹੁਣ ਕਿਵੇਂ ਜੀਵਾਂਗੇ? ਪਿੰਡ ਵਾਲੇ ਸਾਰੇ ਲੋਕ ਜ਼ਾਲਮ ਬਣੇ ਹੋਏ ਹਨ। ਹੁਣ ਜੀਣਾ ਮੁਸ਼ਕਲ ਹੈ।" ਇਸ ਗੱਲ ਨੂੰ ਲੈ ਕੇ ਹਰੀਬਾ ਨੇ ਸ਼ਾਂਤ ਭਾਵ ਨਾਲ ਕਿਹਾ, 'ਜੇਕਰ ਅਸੀਂ ਕੱਲ੍ਹ ਲਾਠੀਆਂ ਲੈ ਕੇ ਪਿੰਡ ਵਾਲਿਆਂ ਦੇ ਮਰੇ ਹੋਏ ਡੰਗਰ ਚੁੱਕਣ ਲੱਗੇ ਤਾਂ ਸਾਡਾ ਬਾਈਕਾਟ ਹਟਾਇਆ ਜਾਵੇਗਾ। ਹੁਣ ਤੁਹਾਡਾ ਕੀ ਵਿਚਾਰ ਹੈ?"

"ਨਹੀਂ-ਨਹੀਂ ਇਹ ਸੰਭਵ ਨਹੀਂ?" ਬਾਲੂ ਨੇ ਕਿਹਾ, 'ਜਿਹੜੀ ਤੇਰੀ ਦਲੀਲ ਹੈ ਇਹੀ ਸਾਡੀ ਦਲੀਲ ਹੈ। ਹੁਣ ਤੂੰ ਹੀ ਦੱਸ ਕੀ ਕਰਨਾ ਏ?"

"ਠੀਕ ਹੈ ਸੁਣ ਲਓ।" ਹਰੀਬਾ ਨੇ ਕਿਹਾ, 'ਇਕ ਬਹੁਤ ਬਿਰਧ ਰੁੱਖ ਸੀ। ਉਸ ਨੂੰ ਜੜ੍ਹੋਂ ਪੁੱਟਣ ਦਾ ਤੁਫ਼ਾਨ ਨੇ ਸੋਚਿਆ ਅਤੇ ਤੁਫ਼ਾਨ ਆਇਆ ਉਦੋਂ ਉਹ ਬਿਰਖ ਜਾਣ ਗਿਆ ਕਿ ਹੁਣ ਜਿਉਂਦਾ ਰਹਿਣਾ ਸੰਭਵ ਨਹੀਂ। ਦਬਾ ਸੱਟ ਰੁੱਖ ਨੇ ਆਪਣੀਆਂ ਸਾਰੀਆਂ ਟਾਹਣੀਆਂ ਨੂੰ ਤਿਆਗ ਦਿੱਤਾ ਅਤੇ ਕੇਵਲ ਰੁੰਡ ਮਰੁੰਡ ਖੜਾ ਰਿਹਾ। ਹਵਾ ਜੋਰ ਸ਼ੋਰ ਨਾਲ ਵਹਿ ਗਈ। ਪ੍ਰੰਤੂ ਉਹ ਰੁੰਡ ਮਰੁੰਡ ਹਿੱਲਿਆ ਨਾ। ਉਸ ਰੁੱਖ ਵਾਂਗ ਅਸੀਂ ਵੀ ਹੁਣ ਕਰਾਂਗੇ। ਰੁੰਡ-ਮਰੁੰਡ ਤਣੇ ਵਾਂਗ ਅਸੀਂ ਖੜੇ ਰਹਾਂਗੇ।"

"ਕੀ ਕਰਨਾ ਚਾਹੀਦਾ ਹੈ ਜਲਦੀ ਬੋਲੋ?" ਸਾਰਿਆਂ ਨੇ ਪੁੱਛਿਆ ਅਤੇ ਹਰੀਬਾ ਨੇ ਕਿਹਾ, "ਅਗਲੇ ਅੱਠ ਦਿਨ 'ਚ ਸਾਰੀਆਂ ਬੱਕਰੀਆਂ, ਲੇਲੇ, ਪਸ਼ੂ ਖੁੱਲ੍ਹੇ ਵੇਚ ਕੇ ਖਾਲੀ ਹੋ ਜਾਓ ਉਸ ਰੁੱਖ ਵਾਂਗ... ਰੁੰਡ ਮਰੁੰਡ।"

ਫੈਸਲਾ ਹੋਇਆ। ਬੁੱਧਵਾਰ ਨੂੰ ਬਜ਼ਾਰ ਵਿਚ ਸਾਰਾ ਕੁੱਝ ਵੇਚ ਦਿੱਤਾ ਜਾਵੇ। ਸਾਰਿਆਂ ਨੇ ਸਹਿਮਤੀ ਦੇ ਦਿੱਤੀ ਅਤੇ ਹਰੀਬਾ ਨੇ ਮੁੜ ਕਿਹਾ, "ਮੈਂ ਕੱਲ੍ਹ ਤਹਿਸੀਲ ਜਾ ਕੇ ਸਰਕਾਰ ਨੂੰ ਬੇਨਤੀ ਕਰਦਾ ਹਾਂ।"

ਮੂੰਹ ਹਨੇਰੇ ਹੀ ਹਰੀਬਾ ਤਹਿਸੀਲ ਨੂੰ ਜਾਣ ਲਈ ਨਿਕਲ ਤੁਰਿਆ। ਜਦੋਂ ਉਹ ਘਰੋਂ ਬਾਹਰ ਨਿਕਲਿਆ ਉਦੋਂ ਹਨੇਰਾ ਸੀ। ਚਿਹਰਾ ਪਛਾਣ ਨਹੀਂ ਹੁੰਦਾ ਸੀ। ਹੁਣੇ ਹੁਣੇ ਪੂਰਬ ਦਿਸ਼ਾ ਵਿਚ ਚਾਨਣ ਹੋਇਆ ਸੀ। ਧਰਤੀ ਤੇ ਅਕਾਸ਼ ਦੇ ਵਿਚਕਾਰ ਰੋਸ਼ਨੀ ਦੀ ਪਰਤ ਚਮਕਣ ਲੱਗੀ ਸੀ। ਬੱਦਲਾ ਦੇ ਫਿੱਕੇ ਪ੍ਰਛਾਵੇਂ ਭਿਆਨਿਕ ਦਿਸਣ ਲੱਗੇ ਸਨ। ਸੜਕਾ ਦੇ ਕਿਨਾਰਿਆ ਦੇ ਰੁੱਖਾਂ ਤੇ ਪੰਛੀ ਚਹਿਕ ਰਹੇ ਸਨ। ਹਰੀਬਾ ਮਨ ਹੀ ਮਨ ਡਰ ਗਿਆ। ਐਨੇ ਹਨੇਰੇ ਵਿਚ ਘਰੋਂ ਨਿਕਲ ਕੇ ਮੈਂ ਠੀਕ ਨਹੀਂ ਕੀਤਾ। ਅਜਿਹਾ ਉਸ ਨੂੰ ਮਹਿਸੂਸ ਹੋ ਰਿਹਾ ਸੀ। ਉਹ ਅੱਗੇ ਪਿੱਛੇ ਦੇਖਦਾ ਹੋਇਆ ਤੇਜੀ ਨਾਲ ਚਟਾਨ ਉੱਤੇ ਚੜ੍ਹ ਗਿਆ। ਝਾੜੀਆਂ ਵਿਚੋਂ ਦੀ ਲੰਘਣ ਲੱਗਾ।

ਪਲਾਸ਼ ਦੀਆਂ ਨਿੱਕੀਆਂ ਝਾੜੀਆਂ ਉਸ ਚਟਾਨ ਵਿਚ ਸੰਘਣੀਆਂ ਉੱਗੀਆਂ ਹੋਈਆਂ ਸਨ। ਪਲਾਸ਼ ਦੀਆਂ ਝਾੜੀਆਂ ਸਿੱਧੀਆਂ ਖੜੀਆਂ ਸਨ। ਪਿੰਡ ਦੀ ਵਸੋ ਤੋਂ ਬਾਹਰ ਉਹ ਚਟਾਨ ਪਲਾਸ਼ ਦੇ ਲਈ ਪ੍ਰਸਿੱਧ ਸੀ। ਉਹ ਸਰਕਾਰੀ ਚਟਾਨ ਸੀ। ਪੱਥਰ ਤੇ ਰੇਤ ਲਈ ਵਪਾਰੀ ਅਤੇ ਮਾਫੀਆ ਉਸ ਚਟਾਨ ਨੂੰ ਨਿਲਾਮੀ ਵੇਲੇ ਪਟੇ ਤੇ ਲੈ ਲੈਂਦੇ ਸਨ। ਅਨੇਕਾਂ ਵਪਾਰੀ ਉਸ ਚਟਾਨ ਕਰਕੇ ਸ਼ਾਹੂਕਾਰ ਬਣ ਗਏ ਸਨ। ਉਸ ਚਟਾਨ ਨੂੰ ਲੈ ਕੇ ਅਨੇਕਾਂ ਕਤਲ ਵੀ ਹੋ ਚੁੱਕੇ ਸਨ। ਇਸ ਚਟਾਨ ਉਹਲੇ ਚੋਰ, ਠੱਗ ਵੀ ਲੁੱਕੇ ਰਹਿੰਦੇ ਸਨ। ਜਿਹੜੇ ਮੁਸਾਫ਼ਿਰਾ ਨੂੰ ਲੁੱਟ ਲੈਂਦੇ ਸਨ। ਕੋਈ ਵੀ ਉਨ੍ਹਾਂ ਵੱਲ ਨਜ਼ਰ ਨਹੀਂ ਸੀ ਕਰਦਾ।

ਹਰ ਪੰਜ ਸਾਲ ਬਾਅਦ ਉਸ ਚਟਾਨ ਦੀ ਨਿਲਾਮੀ ਹੁੰਦੀ ਸੀ। ਖ਼ੂਨੀ ਚਟਾਨ, ਪਲਾਸ਼ ਦੀ ਚਟਾਨ ਕਹਿ ਕੇ ਲੋਕ ਉਸ ਨੂੰ ਜਾਣਦੇ ਸਨ। ਪਿੰਡ ਦੇ ਜਾਨਵਰ ਤੇ ਪਸ਼ੂ ਉਥੇ ਹੀ ਚਾਰਾ ਚਰਨ ਜਾਂਦੇ ਸਨ।

ਹਰੀਬਾ ਉਸ ਚਟਾਨ ਉੱਤੇ ਆਇਆ ਅਤੇ ਇਕਦਮ ਡਰ ਗਿਆ, ਨੇੜੇ ਹੀ ਦੋ ਬੰਦੇ ਦਿਸੇ। ਉਹ ਕੁਝ ਗੱਲਬਾਤ ਕਰਦੇ ਹੋਏ ਅੱਗੇ ਲੰਘ ਗਏ। ਉਨ੍ਹਾਂ ਨੂੰ ਵੇਖ ਕੇ ਹਰੀਬਾ ਹੌਲੀ-ਹੌਲੀ ਤੁਰਨ ਲੱਗਾ। ਉਸ ਸਮੇਂ ਉਨ੍ਹਾਂ ਦੋਹਾਂ ਨੇ ਹਰੀਬਾ ਨੂੰ ਵੇਖਿਆ ਅਤੇ ਬੋਲੇ, "ਕੌਣ ਆ ਰਿਹਾ ਏਂ ਬਈ?"

"ਮੈਂ ਹਾਂ ਹਰੀ ਘੇੜ... ਕੌਣ ਹੋ ਤੁਸੀਂ?"

"ਅਸੀਂ ਹਾਂ ਆਓ। ਨਾਰੂ ਗੁਖ ਅਤੇ ਮੈਂ...।" ਨਾਰੂ ਗੁਖ ਦੀ ਆਵਾਜ਼ ਸੁਣ ਕੇ ਹਰੀਬਾ ਦਾ ਹੌਸਲਾ ਵਧਿਆ। ਉਹ ਫਟਾਫਟ ਉਸ ਨੂੰ ਜਾ ਕੇ ਮਿਲਿਆ, ਉਸਦੇ ਨਾਲ ਚੱਲਣ ਲੱਗਾ। ਨਾਰੂ ਅਤੇ ਸ਼ੰਕਰ ਤਹਿਸੀਲ ਜਾ ਰਹੇ ਸਨ। ਅੱਜ ਹੀ ਤਹਿਸੀਲ 'ਚ ਪਾਰ ਪਿੰਡ ਦੇ ਪਲਾਸ਼ ਦੀ ਚਟਾਨ ਦੀ ਸਰਕਾਰ ਵਲੋਂ ਨਿਲਾਮੀ ਹੋ ਰਹੀ ਸੀ। ਇਸ ਲਈ ਉਹ ਦੋਵੇਂ ਗੁਖ ਪੈਸੇ ਲੈ ਕੇ ਨਿਕਲੇ ਸੀ। ਦੋ ਤਿੰਨ ਹੁੰਦਿਆਂ ਹੀ ਉਨ੍ਹਾਂ ਨੂੰ ਚੰਗਾ ਲੱਗਾ। ਕਿਸੇ ਤੀਜੇ ਦੇ ਡਰ ਨਾਲ ਘੇੜਾਂ ਦੇ ਝਗੜੇ ਨੂੰ ਭੁੱਲ ਕੇ ਉਹ ਰਸਤੇ 'ਤੇ ਤੁਰ ਰਹੇ ਸਨ। ਪ੍ਰੰਤੂ



ਐਨੀ ਸਵੇਰੇ ਹਰੀਬਾ ਦਾ ਘਰੋਂ ਬਾਹਰ ਨਿਕਲਣਾ ਉਨ੍ਹਾਂ ਦੇ ਮਨ ਵਿਚ ਸ਼ੰਕਾ ਪੈਦਾ ਕਰ ਗਿਆ ਅਤੇ ਜਦੋਂ ਇਹ ਪਤਾ ਲੱਗਾ ਕਿ ਉਹ ਵੀ ਤਹਿਸੀਲ ਜਾ ਰਿਹਾ ਹੈ ਉਦੋਂ ਉਹ ਹੋਰ ਵੀ ਡੂੰਘੀ ਵਿਚਾਰ ਚਰਚਾ ਕਰਨ ਲੱਗੇ।

ਤਹਿਸੀਲ 'ਚ ਪਹੁੰਚਣ ਤੇ ਚਟਾਨ ਦੀ ਨਿਲਾਮੀ ਬਾਰੇ ਪੜਤਾਲ ਕੀਤੀ। ਪਿੰਡ ਦੇ ਖ਼ਿਲਾਫ਼ ਫਰਿਹਾਦ ਕਰਨ ਦੇ ਲਈ ਹਰੀਬਾ ਨਿਰਪੱਖ ਤੇ ਹੰਢੇ ਹੋਏ ਵਕੀਲ ਦੀ ਖੋਜ 'ਚ ਚੱਕਰ ਲਗਾਉਣ ਲੱਗੇ। ਆਪਣਾ ਪੱਖ ਠੀਕ ਢੰਗ ਨਾਲ ਪੇਸ਼ ਕਰਨ ਵਾਲਾ, ਆਪਣੇ ਬੱਚਿਆਂ ਦੇ ਬਾਈਕਾਟ ਦਾ ਦਰਦ ਮਹਿਸੂਸ ਕਰਨ ਵਾਲਾ ਵਕੀਲ ਉਸ ਨੂੰ ਚਾਹੀਦਾ ਸੀ। ਉਹ ਹਰ ਥਾਂ ਪੁੱਛ ਪੜਤਾਲ ਕਰਦਾ ਹੋਇਆ ਮਾਮਲੇਦਾਰ ਦੀ ਕਚਿਹਰੀ ਦੇ ਅੱਗੇ ਆ ਖੜਾ।

ਉਸ ਵੇਲੇ ਪਿੰਡ ਦੀ ਪਲਾਸ਼ ਦੀ ਚਟਾਨ ਦੀ ਨੀਲਾਮੀ ਸ਼ੁਰੂ ਹੋਈ ਸੀ। ਕਈ ਪਿੰਡਾਂ ਦੇ ਕੇਵਲ ਮੁੱਖੀ ਆਏ ਸੀ। ਲੱਕ ਨਾਲ ਬੰਨ੍ਹੀਆਂ ਹੋਈਆਂ ਪੈਸਿਆਂ ਦੀਆਂ ਥੈਲੀਆਂ ਖੁੱਲੀਆਂ ਕਰਦੇ ਹੋਏ ਬੋਲੀ ਬੋਲਣ ਦੇ ਲਈ ਤਿਆਰ ਸਨ। ਕੌਣ ਕਿੰਨੀ ਬੋਲੀ ਬੋਲੇਗਾ ਇਸ ਦਾ ਅੰਦਾਜਾ ਲਾ ਰਹੇ ਸਨ। ਅਤੇ ਸਰਕਾਰੀ ਐਲਾਨੀ ਹੋਈ ਰਾਸ਼ੀ ਵਾਰ ਵਾਰ ਰਟ ਰਹੇ ਸਨ। ਇਕ ਸੌ ਪੰਜ ਰੁਪਏ ਤੱਕ ਇਕ ਮੁੱਖੀ ਨੇ ਬੋਲੀ ਲਾਈ। ਬਾਕੀ ਇਕ ਦੂਜੇ ਨੂੰ ਟੇਢੀ ਨਜ਼ਰ ਨਾਲ ਵੇਖ ਰਹੇ ਸਨ। ਉੱਚੀ ਬੋਲੀ ਲਾਉਣ ਲਈ ਹਿੰਮਤ ਇਕੱਠੀ ਕਰ ਰਹੇ ਸਨ।

ਹਰੀਬਾ ਭੀੜ 'ਚ ਆ ਕੇ ਸੁਣ ਰਿਹਾ ਸੀ। ਜੇਕਰ ਚਟਾਨ ਨੂੰ ਨਿਲਾਮੀ ਵਿਚ ਮੈਂ ਲੈ ਲਿਆ ਤਾਂ ਕੀ ਹੋਵੇਗਾ। ਅਜਿਹਾ ਵਿਚਾਰ ਉਸਦੇ ਮਨ ਵਿਚ ਆਇਆ ਅਤੇ ਸਰਕਾਰੀ ਅਧਿਕਾਰੀ ਥੱਕੀ ਹੋਈ ਆਵਾਜ਼ ਵਿਚ ਬੋਲਿਆ, "ਇਕ ਸੌ ਪੰਜ ਰੁਪਏ ਇਕ ਵਾਰ...।"

"ਦੋ ਸੌ ਦੱਸ ਰੁਪਏ!" ਇਕ ਪਾਸੇ ਤੋਂ ਆਵਾਜ਼ ਆਈ। ਸਾਰੇ ਮੁੱਖੀ ਝਟ ਦੇਣੀ ਅਵਾਜ਼ ਵੱਲ ਮੁੜ ਗਏ। ਕਈ ਅੱਖਾਂ ਹਰੀਬਾ ਉੱਤੇ ਜੰਮ ਗਈਆਂ। ਹਰੀਬਾ ਵਲੋਂ ਦੁੱਗਣੀ ਰਕਮ ਵਧਾ ਦੇਣ ਤੇ ਸਾਰਿਆਂ ਨੂੰ ਹੈਰਾਨੀ ਹੋਈ। ਪਿੰਡ ਦਾ ਮੁੱਖੀ ਅੱਗੇ ਆਇਆ। ਉਸਨੇ ਅਵਾਜ਼ ਦਿੱਤੀ, "ਤਿੰਨ ਸੌ ਰੁਪਏ!" ਅਤੇ ਹਰੀਬਾ ਚੀਕਿਆ "ਪੰਜ ਸੌ ਰੁਪਏ!" ਹਰੀਬਾ ਦੀ ਆਵਾਜ਼ ਨਾਲ ਸਾਰਿਆਂ ਨੂੰ ਹੈਰਾਨੀ ਹੋਈ ਅਤੇ ਸਾਰਾ ਹੌਸਲਾ ਠੰਡਾ ਪੈ ਗਿਆ।

ਹਰੀਬਾ ਦੇ ਨਾਂ ਨਿਲਾਮੀ ਐਲਾਨੀ ਗਈ ਅਤੇ ਤੁਰੰਤ ਹਰੀਬਾ ਘੇੜ ਨੇ ਲੱਕ ਨਾਲ ਬੰਨੇ ਪੰਜ ਸੌ ਰੁਪਏ ਕੱਢ ਕੇ ਜ਼ਮਾ ਕਰਾ ਦਿੱਤੇ।

ਉਹ ਦਿਨ ਘੇੜਾ ਦੇ ਲਈ ਸ਼ੁਭ ਨਿਕਲਿਆ। ਉਨ੍ਹਾਂ ਨੇ ਆਪਣੇ ਪਸ਼ੂ-ਡੰਗਰ ਵੇਚਣ ਦਾ ਮਨ ਤਿਆਗ ਦਿੱਤਾ। ਸਾਰੇ ਆਪਣੇ ਪਸ਼ੂ-ਡੰਗਰ ਚਰਾਉਣ ਦੇ ਲਈ ਪਲਾਸ਼ ਦੀ ਚਟਾਨ ਉੱਤੇ ਲੈ ਜਾਣ ਲੱਗੇ। ਘੇੜਾਂ ਨੂੰ ਪੈਰ ਰੱਖਣ ਦੇ ਲਈ ਮਜ਼ਬੂਤ ਥਾਂ ਮਿਲ ਗਈ। 'ਪਲਾਸ਼ ਦੇ ਤਿੰਨ ਪੱਤੇ' ਮਜ਼ਾਕ ਨਾਲ ਕਿਹਾ ਜਾਂਦਾ ਸੀ। ਪ੍ਰੰਤੂ ਉਸ ਪਲਾਸ਼ ਨੇ ਘੇੜਿਆਂ ਦੀ ਜ਼ਿੰਦਗੀ ਸੌਖੀ ਅਤੇ ਆਤਮ ਦਾਇਕ ਬਣਾ ਦਿੱਤੀ। ਐਨਾ ਹੀ ਨਹੀਂ ਸਮੇਂ ਦਾ ਚੱਕਰ ਵੀ ਘੇੜਾ ਦੇ ਲਈ ਲਾਭਕਾਰੀ ਹੋ ਗਿਆ।

ਪਲਾਸ਼ ਦੀ ਚਟਾਨ ਉੱਤੇ ਕਾਫੀ ਜ਼ਮੀਨ ਸੀ। ਅੱਜ ਤੱਕ ਪਿੰਡ ਦੇ ਪਸ਼ੂ ਉਸੇ ਚਟਾਨ ਉੱਤੇ ਜਾਂਦੇ ਸੀ। ਨੀਲਾਮੀ ਵਿਚ ਲੈਣ ਵਾਲੇ ਮੁੱਖੀ ਕੇਵਲ ਪਲਾਸ਼ ਦੇ ਪੱਤਿਆਂ ਨੂੰ ਹੀ ਅਹਿਮੀਅਤ ਦਿੰਦੇ ਸਨ। ਜ਼ਮੀਨ ਉੱਤੇ ਉੱਗੇ ਘਾਹ-ਫੂਸ ਨਾਲ ਉਨ੍ਹਾਂ ਨੂੰ ਕੋਈ ਲਗਾਓ ਨਹੀਂ ਸੀ। ਉਹ ਪਿੰਡ ਵਾਲਿਆਂ ਨੂੰ, ਪਸ਼ੂਆਂ ਨੂੰ ਚਰਾਉਣ ਦੇ ਲਈ ਰੋਕਦੇ ਨਹੀਂ ਸਨ। ਪਿੰਡ ਦੇ ਪਸ਼ੂ ਬਿਨਾ ਰੋਕ ਟੋਕ ਚਰਦੇ ਰਹਿੰਦੇ। ਉਸ ਨਾਲ ਪਸ਼ੂਆਂ ਨੂੰ ਪੇਟ ਭਰ ਕੇ ਚਾਰਾ ਖਾਣ ਨੂੰ ਮਿਲ ਜਾਂਦਾ।

ਪ੍ਰੰਤੂ ਹਰੀਬਾ ਨੇ ਚਟਾਨ ਨੂੰ ਨਿਲਾਮੀ ਵਿਚ ਖਰੀਦ ਕੇ ਪਾਸਾ ਉਲਟਾ ਦਿੱਤਾ। ਚਟਾਨ ਉੱਤੇ ਚਰਨ ਦੀ ਆਦਤ ਕਾਰਨ ਸਵਰਨਾ ਦੇ ਪਸ਼ੂ ਉੱਥੇ ਪਹੁੰਚ ਜਾਂਦੇ। ਅਹਾਤੇ ਤੋਂ ਨਿਕਲਦੇ ਹੀ ਉਹ ਉਸੇ ਚਟਾਨ ਉੱਤੇ ਪਹੁੰਚ ਜਾਂਦੇ ਅਤੇ ਮੂੰਹ ਮਾਰਦੇ। ਹਰੀਬਾ ਇਕ ਇਕ ਪਸ਼ੂ ਨੂੰ ਬਾੜੇ ਵਿਚ ਲੈ ਜਾਂਦਾ। ਘੇੜਾ ਤੋਂ ਜ਼ੁਰਮਾਨਾ ਵਸੂਲ ਕਰਨ ਵਾਲਾ ਦੱਤਾ ਪਟੇਲ ਪਿੰਡ ਤੋਂ ਜ਼ੁਰਮਾਨਾ ਵਸੂਲ ਕਰਨ ਲੱਗਾ। ਦੋ ਸਾਲਾਂ ਤੱਕ ਇਹ ਸਥਿਤੀ ਬਣੀ ਰਹੀ। ਪਿੰਡ ਵਾਲੇ ਇਸ ਗੱਲ ਨੂੰ ਲੈ ਕੇ ਪਰੇਸ਼ਾਨ ਰਹਿਣ ਲੱਗੇ।

ਇਕ ਦਿਨ ਸੂਰਜ ਕਾਫੀ ਚੜ੍ਹ ਗਿਆ ਸੀ। ਪਲਾਸ਼ ਦੀ ਚਟਾਨ ਉੱਤੇ ਘੇੜੇਆਂ ਦੇ ਪਸ਼ੂ ਚਾਰਾ ਚਰ ਰਹੇ ਸਨ। ਹਰੀਬਾਂ ਘੇੜ ਹੱਥ ਵਿਚ ਡਾਂਗ ਲੈ ਕੇ ਪਲਾਸ਼ ਦੀਆਂ ਝਾੜੀਆਂ ਵਿਚ ਬੈਠਾ ਸੀ। ਐਨੇ ਨੂੰ ਦੱਤਾ ਪਟੇਲ ਦੇ ਬਾਰਾਂ ਪਸ਼ੂ ਆਏ ਅਤੇ ਚਰਨ ਲੱਗੇ। ਉਨ੍ਹਾਂ ਪਸ਼ੂਆਂ ਦੀ ਦੇਖ ਭਾਲ ਕਰਨ ਵਾਲਾ ਪਟੇਲ ਦਾ ਨੌਕਰ ਬਹੁਤ ਦੂਰ ਸੀ। ਉਨ੍ਹਾਂ ਪਸ਼ੂਆਂ ਨੂੰ ਵੇਖ ਕੇ ਹਰੀਬਾ ਖੁਸ਼ ਹੋ ਗਿਆ।

ਇਨ੍ਹਾਂ ਪਸ਼ੂਆਂ ਦੀ ਹੀ ਉਸ ਨੂੰ ਉਡੀਕ ਸੀ। ਪਸ਼ੂਆਂ ਨੂੰ ਹੱਕਦਾ ਹੋਇਆ ਹਰੀਬਾ ਹੱਦ ਉੱਤੇ ਆਇਆ ਤਾਂ ਪਟੇਲ ਨੂੰ ਕਹਿਣ ਲੱਗਾ, "ਪਟੇਲ, ਬਾੜੇ ਦੀ ਚਾਬੀ ਦਿਓ।"

"ਕਿਉਂ? ਕਿਸ ਲਈ ਚਾਹੀਦੀ ਏ?" ਪਟੇਲ ਨੇ ਘਬਰਾ ਕੇ ਪੁੱਛਿਆ।

"ਤੇਰੇ ਪਸ਼ੂ ਬਾੜੇ ਵਿਚ ਬੰਦ ਕਰਨ ਦੇ ਲਈ।"

ਹਰੀਬਾ ਨੇ ਉਤਰ ਦਿੱਤਾ ਅਤੇ ਪਟੇਲ ਹੈਰਾਨ ਹੋ ਗਿਆ। ਉਸ ਨੇ ਚਬੂਤਰੇ ਉੱਤੇ ਆ ਕੇ ਜਾਨਵਰਾਂ ਦੀ ਗਿਣਤੀ ਕੀਤੀ ਅਤੇ ਉਸ ਦਾ ਚਿਹਰਾ ਇਕ ਦਮ ਫਿੱਕਾ ਪੈ ਗਿਆ। ਮੰਡੀ ਦੇ ਲੋਕ ਇਕੱਠੇ ਹੋ ਗਏ। ਦੰਡ ਤੋਂ ਪਰੇਸ਼ਾਨ ਹੋਏ ਲੋਕ ਆਏ। ਗਰੀਬ ਲੋਕਾਂ ਨੇ ਵਿਹੜੇ ਦੇ ਸਾਹਮਣੇ ਭੀੜ ਕਰ ਲਈ। ਉਸ ਭੀੜ ਵਿਚ ਹਰੀਬਾ ਘੇੜ ਇਕੱਲਾ ਦੂਰ ਚਟਾਨ 'ਤੇ ਖੜਾ ਸੀ।

ਉਦੋਂ ਪਟੇਲ ਨੇ ਕਿਹਾ, "ਕੀ ਕਰਨ ਜਾ ਰਹੇ ਹੋ ਹਰੀਬਾ?"

"ਤੂੰ ਜੋ ਕੀਤਾ ਉਹੀ ਮੈਂ ਕਰਨ ਜਾ ਰਿਹਾਂ ਹਾਂ। " ਹਰੀਬਾ ਨੇ ਉੱਤਰ ਦਿੱਤਾ।

"ਪੂਰਾ ਪਿੰਡ ਪਰੇਸ਼ਾਨ ਹੈ। ਇਸ ਝਗੜੇ ਤੋਂ ਸਰਕਾਰੀ ਖ਼ਜਾਨੇ ਵਿਚ ਵਾਧਾ ਹੋ ਰਿਹਾ ਹੈ। ਇਹ ਗੱਲ ਤੈਨੂੰ ਪਸੰਦ ਹੈ ਕੀ?" ਪਟੇਲ ਨੇ ਸ਼ਾਂਤ ਹੋ ਕੇ ਕਿਹਾ।

ਅਤੇ ਹਰੀਬਾ ਨੇ ਕਿਹਾ, "ਘਰ ਦੇ ਭਾਂਢੇ ਵੇਚ ਕੇ ਘੇੜਾ ਨੇ ਜੁਰਮਾਨਾ ਦਿੱਤਾ ਹੈ ਪਟੇਲ...।"

"ਹਾਂ-ਹਾਂ ਉਹ ਸੱਚ ਹੈ।" ਪਟੇਲ ਨੇ ਕਿਹਾ, "ਪਰੰਤੂ ਪਿੰਡ ਤੋਂ ਇਲਾਵਾ ਘੇੜ-ਬਾੜੇ ਦੀ ਸ਼ੋਭਾ ਨਹੀਂ ਅਤੇ ਘੇੜ ਬਾੜੇ ਤੋਂ ਇਲਾਵਾ ਪਿੰਡ ਦੀ ਸ਼ਾਨ ਨਹੀਂ। ਇਹ ਪਿੰਡ ਦੀ ਜ਼ਮੀਨ ਸਾਰਿਆਂ ਦੀ ਹੈ। ਸਾਰਿਆਂ ਨੂੰ ਇਕ ਮਾਂ ਦੇ ਬੱਚਿਆਂ ਵਾਂਗ ਰਹਿਣਾ ਚਾਹੀਦਾ ਹੈ। "

"ਕਿਵੇਂ? ਕਿਸ ਤਰ੍ਹਾਂ??" ਹਰੀਬਾ ਦੁੱਖੀ ਮਨ ਨਾਲ ਬੋਲਿਆ, "ਜੇਕਰ ਅਜਿਹਾ ਹੁੰਦਾ ਤਾਂ ਪਿੰਡ ਵਾਲਿਆਂ ਨੇ ਸਾਡੇ ਇਰਦ ਗਿਰਦ ਇਹ ਜ਼ਾਲ ਵਿਛਾਇਆ ਨਾ ਹੁੰਦਾ।"

"ਹੁਣ ਅਸੀਂ ਇਹ ਜਾਲ਼ ਤੋੜ ਦਿੰਦੇ ਹਾਂ।" ਪਟੇਲ ਨੇ ਕਿਹਾ, "ਹੁਣ ਇਸਦੇ ਬਾਅਦ ਅਸੀਂ ਸਾਰੇ ਸਿੱਧਾ, ਸਰਲ ਤੇ ਠੀਕ ਵਰਤਾਓ ਕਰਾਗੇ। "

"ਸਿੱਧਾ ਤੇ ਸੌਖਾ ਤੇ ਠੀਕ ਕਿਵੇਂ??" ਵਿਚੋਂ ਟੋਕ ਕੇ ਹਰੀਬਾ ਨੇ ਪੁੱਛਿਆ ਅਤੇ ਪਟੇਲ ਨੇ ਕਿਹਾ, "ਉਏ ਮੂਰਖਾ ਇਨਸਾਨਾ ਵਰਗਾ।" ਇਹ ਸੁਣ ਕੇ ਹਰੀਬਾ ਨੇ ਠੰਢਾ ਸਾਹ ਲਿਆ। ਇਹ ਠੰਢਾ ਸਾਹ ਹਰੀਬਾ ਨੇ ਕਈ ਦਿਨਾਂ ਤੋਂ ਰੋਕ ਕੇ ਰੱਖੀ ਹੋਈ ਸੀ।

✪



## ਸਾਰਾ ਅਕਾਸ਼ ਫਟ ਚੁੱਕਾ ਹੈ !/ - ਬੰਧੂ ਮਾਧਵ (Bandhu Madhav)

"ਸਕਾ ਚਾਚਾ ਬਿਮਾਰ, ਤਰੁੰਤ ਤੁਰੋ!"

1942 ਦੀ ਉਹ ਘਟਨਾ ਸੀ... ਪੜ੍ਹਾਈ ਦੇ ਲਈ ਮੈਂ ਕੋਹਲਾਪੁਰ ਗਿਆ ਸੀ, ਉਥੋਂ ਦੇ ਮਿਸ ਕਾਲਾਰਕ ਹੋਸਟਲ 'ਚ ਰਹਿੰਦਾ ਸੀ। ਅਜੇ ਅੱਠ ਦਿਨ ਵੀ ਨਹੀਂ ਹੋਏ ਸੀ ਕਿ ਆਸ਼ਾ ਦੀ ਤਾਰ ਮਿਲ ਗਈ। ਪਲ ਭਰ ਮੈਂ ਬੇਚੈਨ ਹੋ ਗਿਆ। ਕੁਝ ਅਹੁੜ ਵੀ ਨਹੀਂ ਰਿਹਾ ਸੀ। ਤਾਰ-ਪ੍ਰਾਪਤੀ ਦੇ ਕਾਗਜ਼ ਉੱਤੇ ਹਸਤਾਖ਼ਰ ਕਰਦੇ ਸਮੇਂ ਹੱਥ ਕੰਬਣ ਲੱਗ ਪਏ। ਜ਼ਿੰਦਗੀ 'ਚ ਪਹਿਲੀ ਤਾਰ ਮੈਨੂੰ ਆਈ ਸੀ। ਅਤੇ ਉਹ ਵੀ ਮਾੜੀ ਖ਼ਬਰ ਦੀ। ਸਕੂਲ ਨੂੰ ਛੁੱਟੀ ਦੀ ਅਰਜ਼ੀ ਭਿਜਵਾ ਦਿੱਤੀ ਅਤੇ ਹੋਸਟਲ ਸੁਪਰਡੈਂਟ ਤੋਂ ਆਗਿਆ ਲੈ ਕੇ ਸਾਂਗਲੀ ਵੱਲ ਜਾਣ ਵਾਲੀ ਰੇਲ ਵਿਚ ਬੈਠ ਗਿਆ। ਉਥੋਂ ਕੁੱਪਵਾੜਾ ਜਾਣਾ ਸੀ।

ਸ਼ਾਮ ਦਾ ਸਮਾਂ, ਹੌਲੀ ਹੌਲੀ ਹਨੇਰਾ ਉਤਰ ਰਿਹਾ ਸੀ। ਮਨ ਵਿਚ ਅਨੇਕ ਤਰ੍ਹਾਂ ਦੀਆਂ ਸ਼ੰਕਾਵਾਂ ਉੱਠ ਰਹੀਆਂ ਸਨ। ਰੇਲ ਸਾਂਗਲੀ ਵੱਲ ਭੱਜੀ ਜਾ ਰਹੀ ਸੀ। ਰੇਲ ਦੀ ਰਫ਼ਤਾਰ ਤੋਂ ਵੱਧ ਮੇਰੇ ਮਨ ਵਿਚ ਵਿਚਾਰ ਦੌੜ ਰਹੇ ਸਨ।

ਸਖਾ ਚਾਚਾ ਬਿਮਾਰ ਹੋਣਗੇ... ਕਿਉਂ... ਕੁਪਵਾੜਾ 'ਚ... ਪਲੇਗ... ਕਾਲਰਾ... ਆਦਿ ਬਿਮਾਰੀਆਂ ਤਾਂ ਸ਼ੁਰੂ ਨਹੀਂ ਹੋਈਆਂ? ਅੱਖਾਂ ਅੱਗੇ ਚਾਚਾ ਹੀ ਦਿਸਣ ਲੱਗੇ। ਬਿਲਕੁਲ ਉਂਝ ਦੇ ਉਂਝ।...

ਸਖਾ ਚਾਚਾ ਭਾਵ ਕਿ ਬਨਪਿੰਡ ਦੇ। ਯੇਤਾਲਾ ਨਾਨਾ ਦੇ ਦੂਰ ਦੇ ਸਬੰਧੀ। ਉਨ੍ਹਾਂ ਦੇ ਮਾਤਾ ਪਿਤਾ ਬਚਪਨ ਵਿਚ ਪਲੇਗ ਨਾਲ ਮਰ ਚੁੱਕੇ ਸਨ। ਇਸੇ ਕਾਰਨ ਉਹ ਮੇਰੇ ਨਾਨਾ ਯੇਤਲਾ ਦੇ ਘਰ ਹੀ ਰੁੱਕੇ ਸਨ, ਬਚਪਨ ਤੋਂ। ਗਾਵਾਂ-ਮੱਝਾ ਨੂੰ ਜੰਗਲ ਵਿਚ ਲੈ ਜਾਣਾ, ਉਨ੍ਹਾਂ ਨੂੰ ਚਾਰਾ ਦੇਣਾ ਅਤੇ ਪਿੰਡ ਦੇ ਨਿੱਕੇ ਮੋਟੇ ਕੰਮ ਉਸ ਨੂੰ ਕਰਨ ਲਈ ਦੇ ਦਿੱਤੇ ਗਏ। ਮੇਰੇ ਨਾਨਾ ਨੂੰ ਪਿੰਡ ਵੱਲੋਂ ਦਿੱਤੇ ਗਏ 'ਮਹਾਰਕੀ' ਦੇ ਸਾਰੇ ਕੰਮ ਕਰਨੇ ਪੈਂਦੇ ਸਨ। ਉਨ੍ਹਾਂ 'ਚ ਵੀ ਸਖਾ ਚਾਚਾ ਸਹਿਯੋਗ ਦਿੰਦੇ। ਉਨ੍ਹਾਂ ਦੀ ਇਮਾਨਦਾਰੀ, ਮਿਹਨਤੀ ਬਿਰਤੀ ਦੇ ਕਾਰਨ ਹੀ ਨਾਨਾ ਨੇ ਮੇਰੀ ਮਾਸੀ ਸੀਤਾ ਦਾ ਵਿਆਹ ਉਸ ਨਾਲ ਕਰ ਦਿੱਤਾ। ਸੀਤਾ ਮੇਰੀ ਮਾਂ ਦੀ ਸਕੀ ਛੋਟੀ ਭੈਣ। ਸੀਤਾ ਮਾਸੀ ਮਾਂ ਤੋਂ ਵੀ ਵੱਧ ਮੈਨੂੰ ਪਿਆਰ ਕਰਦੀ। ਸਖਾ ਚਾਚਾ ਤਾਂ ਮੈਨੂੰ ਪਿਤਾ ਸਮਾਨ ਸੀ। ਪਿਤਾ ਵਾਂਗ ਮੈਨੂੰ ਪਿਆਰ ਕਰਦੇ। ਇਸ ਸਥਿਤੀ ਵਿਚ ਸਖਾ ਚਾਚਾ ਦੀ ਬਿਮਾਰੀ ਦੀ ਤਾਰ ਪੜ੍ਹ ਕੇ ਮੇਰੀ ਸਥਿਤੀ ਕਿਹੋ ਜਿਹੀ ਹੋਈ ਹੋਵੇਗੀ ਇਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ।

ਮਰਾਠੀ ਤੀਜੀ ਜਮਾਤ ਤੱਕ ਸਖਾ ਚਾਚਾ ਦੀ ਪੜ੍ਹਾਈ ਹੋਈ ਸੀ। ਪ੍ਰੰਤੂ ਪੜ੍ਹਾਈ ਦਾ ਉਸ ਨੂੰ ਸ਼ੌਕ ਸੀ। ਸਾਂਗਲੀ ਦੇ ਕ੍ਰਿਸ਼ਨ ਮਾਸਟਰ ਦੀ ਸੰਗਤ ਦੇ ਕਾਰਨ ਉਸਦਾ ਰਹਿਣ ਸਹਿਣ, ਗੱਲਬਾਤ ਆਦਿ ਵਿਚ ਕਾਫੀ ਸਫ਼ਾਈ ਆ ਚੁੱਕੀ ਸੀ। ਅਛੂਤ ਹੋ ਕੇ ਭਾਸ਼ਾ ਪੂਰੀ ਤਰ੍ਹਾਂ ਸ਼ੁੱਧ, ਵਿਚਾਰ ਵੀ ਪ੍ਰਪੱਕ ਤੇ ਠੋਸ। ਯੇਤਾਲਾ ਨਾਨੇ ਦੇ ਬਹੁਤ ਬਿਰਧ ਹੋ ਜਾਣ ਦੇ ਕਾਰਨ ਪਰੰਪਰਾ ਤੋਂ ਪ੍ਰਾਪਤ ਉਨ੍ਹਾਂ ਦੇ ਕੰਮ ਵੀ ਹੁਣ ਸਖਾ ਚਾਚਾ ਹੀ ਕਰਦੇ ਸਨ। ਯੇਤਾਲਾ ਨਾਨਾ ਦੇ ਉਹ ਇਕ ਤਰ੍ਹਾਂ ਦਾ ਘਰ ਜਵਾਈ ਹੀ ਸਨ।

ਇਨ੍ਹਾਂ ਵਿਚਾਰਾ ਵਿਚ ਖੁੱਭਿਆ ਹੋਇਆ ਸੀ ਕਿ ਕਦੋਂ ਮਿਰਜ ਸਟੇਸ਼ਨ ਆਇਆ ਪਤਾ ਨਹੀਂ ਚੱਲਿਆ। ਮਿਰਜ ਤੋਂ ਬਾਅਦ ਬਾਨਲੇਸ ਵਾੜੀ ਸਟੇਸ਼ਨ ਵੀ ਆ ਗਿਆ। ਮੈਂ ਤੇਜੀ ਨਾਲ ਉਤਰ ਕੇ ਸਿੱਧਾ ਕੁਪਵਾੜਾ ਪਹੁੰਚ ਵੀ ਗਿਆ।

"ਕੌਣ! ਮਹਾਦੇਵ? ਆ ਗਏ ਪੁੱਤਰ... ਆਓ...।" ਮੇਰੇ ਹੱਥ ਵਿਚੋਂ ਸੰਤਰਾ-ਮੁਸੰਮੀ ਦਾ ਲਿਫ਼ਾਫ਼ਾ ਲੈਂਦੇ ਹੋਏ ਚਾਚਾ ਕਹਿਣ ਲੱਗਾ, "ਮੈਂ ਤੁਹਾਨੂੰ ਕਿਹਾ ਸੀ, ਤਾਰ ਨਾ ਕਰੋ ਉਹ ਘਬਰਾ ਜਾਵੇਗਾ। ਤੇਰੀ

ਮਾਸੀ ਨੂੰ ਕਈ ਵਾਰ ਕਿਹਾ...।" ਉਦੋਂ ਤੱਕ ਮਾਸੀ ਉਥੇ ਆ ਚੁੱਕੀ ਸੀ। ਮੈਨੂੰ ਪਿਆਰ ਨਾਲ ਗਲ ਲਾ ਕੇ ਉਹ ਰੋਣ ਲੱਗ ਪਈ।

"ਮਾਸੀ, ਚਾਚੇ ਨੂੰ ਕੀ ਹੋ ਗਿਆ ਸੀ? ਮੈਨੂੰ ਤਾਰ ਦੇਣ ਦੀ ਕੀ ਲੋੜ ਸੀ?"

"ਉਏ ਹੁਣ ਕੀ ਦੱਸਾ? ਪੂਰੇ ਦਸ ਦਿਨ ਤਾਂ ਇਸ ਘਰ ਵਿਚ ਹਨੇਰਾ ਪਸਰਿਆ ਰਿਹਾ ਸੀ... ਤੇਰੇ ਚਾਚਾ ਮੱਛੀ ਵਾਂਗ ਤੜ੍ਹਫਦੇ ਰਹੇ... ਮਰਦੇ ਮਰਦੇ ਬਚ ਗਏ।" ਕਹਿੰਦੀ ਕਹਿੰਦੀ ਮਾਸੀ ਫਿਰ ਰੋਣ ਲੱਗ ਪੈਂਦੀ। ਫਿਰ ਚਾਚਾ ਕਹਿਣ ਲੱਗਾ, ਮੱਛੀ ਵਾਂਗ ਤੜਫਦਾ ਰਿਹਾ... ਸਰੀਰ ਦੇ ਕਈ ਹਿੱਸੇ ਸੜ ਗਏ ਸੀ। ਪਰ ਸੀਰੀਅਸ ਕੁਝ ਵੀ ਨਹੀਂ ਸੀ।

"ਚਾਚਾ! ਕਿਵੇਂ ਜਲ਼ ਗਏ ਸੀ ਤੁਸੀਂ? ਦੇਖ ਰਿਹਾਂ ਹਾਂ ਕਿ ਕਈ ਥਾਵਾਂ ਤੇ ਫੋੜੇ ਵੀ ਦਿਖਾਈ ਦੇ ਰਹੇ ਹਨ... ਕਿਉਂ ਅਤੇ ਕਿਸ ਤਰ੍ਹਾਂ ਹੋਇਆ ਇਹ ਸਾਰਾ ਕੁਝ?' ਸਰੀਰ ਸੜ ਜਾਣ ਕਾਰਨ ਚਮੜੀ ਕਾਲੀ ਭਾਹ ਮਾਰਨ ਲੱਗ ਪਈ ਸੀ। ਕਾਲੇ ਧੱਬੇ ਦਿਖਾਈ ਦੇਣ ਲੱਗ ਪਏ ਸੀ। ਇਸ ਸਥਿਤੀ 'ਚ ਉਨ੍ਹਾਂ ਨੂੰ ਦੇਖ ਕੇ ਮੇਰੀਆਂ ਅੱਖਾਂ ਵਿਚੋਂ ਅੱਥਰੂ ਕਿਰਨ ਲੱਗ ਪਏ ਸਨ।

ਮਾਸੀ ਫਿਰ ਕਹਿਣ ਲੱਗੀ, "ਦੇਖੋ ਦੇਖੋ ਤੇਰੇ ਨਾਲ ਇਸ ਦਾ ਕਿੰਨਾ ਪਿਆਰ ਹੈ। ਤੇਰਾ ਸੜਿਆ ਹੋਇਆ ਸਰੀਰ ਵੇਖ ਕੇ ਇਹ ਰੋ ਰਿਹਾ ਹੈ।"

"ਸਾਂਤ ਬੈਠ ਰੋ ਨਾ ਮੇਰੇ ਬੱਚੇ। ਤੇਰੇ ਰੋਣ ਦੇ ਕਾਰਨ ਉਹ ਵੀ ਰੋ ਰਿਹਾ ਹੈ।" ਚਾਚਾ ਮਾਸੀ ਨੂੰ ਡਾਂਟਣ ਲੱਗ ਪਿਆ। ਫਿਰ ਉਸ ਭਿਆਨਿਕ ਘਟਨਾ ਨੂੰ ਵਿਸਥਾਰ ਨਾਲ ਦੱਸਣ ਲੱਗ ਪਏ-

"ਉਸ ਦਿਨ ਮੈਂ ਪਿੰਡ ਮਹਾਰਕੀ ਦੇ ਕੰਮ ਦੇ ਲਈ ਗਿਆ ਹੋਇਆ ਸੀ। ਮਹਾਰ ਦੇ ਰੂਪ ਵਿਚ ਸਰਕਾਰੀ ਕੰਮ ਦੇ ਲਈ। ਪਿੰਡ ਦੇ ਬਾਹਰ ਡਾਕ ਬੰਗਲੇ ਉੱਤੇ। ਨਾਪ ਤੋਲ ਦੇ ਪ੍ਰਮੁੱਖ ਅਧਿਕਾਰੀ ਉਥੇ ਹੀ ਰੁਕੇ ਸੀ। ਪਿੰਡ ਦੇ ਦਫ਼ਤਰ ਦਾ ਕਾਰੋਬਾਰ ਦੇਖਣ ਆਏ ਸੀ। ਇਸ ਕਾਰਨ ਕਾਫੀ ਦੌੜ-ਭੱਜ ਚਲ ਰਹੀ ਸੀ। ਪਰੰਪਰਾ ਦੇ ਅਨੁਸਾਰ ਉਸ ਦੀ ਸੇਵਾ ਦੇ ਲਈ ਇਕ ਕਲਰਕ, ਤਲਾਣੀ, ਪੁਲਿਸ ਪਟੇਲ, ਰਾਮੇਸ਼ੀ ਅਤੇ ਅੰਤ ਵਿਚ ਮੈਂ ਇਕ ਅਛੂਤ ਆਦਿ ਰੱਖੇ ਗਏ ਸਨ। ਰਾਮੇਸ਼ੀ ਨੂੰ ਚੌਂਕੀਦਾਰ ਦੇ ਰੂਪ ਵਿਚ। ਇਕ ਆਦਮੀ ਬਾਜ਼ਾਰ ਵਿਚੋਂ ਚੀਜਾਂ ਲੈਣ ਲਈ ਰੱਖਿਆ ਗਿਆ। ਉਨ੍ਹਾਂ ਨੂੰ ਮਿਲਣ ਆਉਣ ਵਾਲੇ ਲੋਕਾਂ ਦੀ ਸੇਵਾ ਦੇ ਲਈ ਮੈਂ ਸੀ ਅਤੇ ਫਿਰ ਲੱਕੜੀਆਂ ਪਾੜ ਕੇ ਉਸ ਦੇ ਨਹਾਉਣ ਦੇ ਲਈ ਪਾਣੀ ਗਰਮ ਕਰਨ ਦੀ ਵਿਵਸਥਾ ਦਾ ਕੰਮ ਮੇਰੇ ਹਿੱਸੇ ਆਉਂਦਾ ਸੀ।

ਉਸ ਦਿਨ ਕੀ ਹੋਇਆ? ਨਹਾਉਣ ਦੇ ਲਈ ਪਾਣੀ ਦਾ ਵੱਡਾ ਭਾਂਢਾ ਚੁੱਲ੍ਹੇ ਉੱਤੇ ਰੱਖ ਕੇ ਗੋਪਾ ਨਾ ਦਾ ਸੇਵਕ (ਜਿਹੜਾ ਅਛੂਤ ਨਹੀਂ ਸੀ) ਕੁਝ ਚੀਜਾ ਲੈਣ ਲਈ ਬਜ਼ਾਰ ਗਿਆ ਸੀ। ਚੁੱਲ੍ਹਾ ਠੰਢਾ ਨਾ ਹੋਵੇ ਇਸ ਲਈ ਮੈਂ ਦੂਰ ਖੜਾ ਸੀ। ਪਾਣੀ ਦੇ ਭਾਂਢੇ ਨਾਲ ਨਾ ਲੱਗ ਜਾਵਾ, ਇਸ ਦਾ ਬਚਾ ਵੀ ਮੈਂ ਕਰ ਰਿਹਾਂ ਸੀ। ਉਸੇ ਸਮੇਂ ਖਿੜਕੀ ਵਿਚੋਂ ਅਧਿਕਾਰੀ ਸਾਹਿਬ ਨੇ ਸੁਲਗਦੇ ਚੁੱਲ੍ਹੇ ਵੱਲ ਵੇਖਿਆ। ਉਸ ਸਮੇਂ ਮੇਰੀ ਪਿੱਠ ਉਸ ਵੱਲ ਸੀ। ਉਸ ਨੂੰ ਲੱਗਾ ਕਿ ਗੋਪਾ ਸੇਵਕ ਹੀ ਖੜਾ ਹੈ। ਉਸ ਨੇ ਉਥੋਂ ਹੀ ਪੁੱਛਿਆ, "ਕੀ ਪਾਣੀ ਗਰਮ ਹੋ ਗਿਆ ਹੈ? " ਮੈਂ ਪਾਣੀ ਵੱਲ ਵੇਖਣ ਲੱਗਾ। ਪਾਣੀ ਗਰਮ ਹੋ ਜਾਣ ਕਾਰਨ ਉਸ ਵਿਚੋਂ ਭਾਫ ਨਿਕਲ ਰਹੀ ਸੀ। ਉਥੇ ਗੋਪਾ ਨਹੀਂ ਸੀ। ਜਿਸ ਕਾਰਨ ਮੈਂ ਹੀ ਉੱਤਰ ਦਿੱਤਾ, "ਹਾਂ ਜੀ ਪਾਣੀ ਗਰਮ ਹੋ ਗਿਆ ਹੈ!" ਇਹ ਸੁਣ ਕੇ ਅਧਿਕਾਰੀ ਸਾਹਿਬ ਤੁਰੰਤ ਤੌਲੀਆ-ਧੋਤੀ ਲੈ ਕੇ ਚੁੱਲ੍ਹੇ ਨੇੜੇ ਆ ਗਏ। ਗੋਪਾ ਦੀ ਥਾਂ ਮੈਨੂੰ ਭਾਵ ਅਛੂਤ ਨੂੰ ਵੇਖ ਕੇ ਇਕਦਮ ਗੁੱਸੇ 'ਚ ਆ ਗਏ ਅਤੇ ਉੱਚੀ ਉੱਚੀ ਚੀਕਣ ਲੱਗੇ, "ਸਾਹਿਬ ਕੁਲਕਰਨੀ... ਉਏ ਕੁਲਕਰਨੀ... ਏਧਰ ਆਓ... ਮੈਨੂੰ ਭਰਿਸਟ ਕੀਤਾ ਜਾ ਰਿਹਾ ਹੈ। " ਉਸਦੀ ਅਵਾਜ਼ ਸੁਣ ਕੇ ਅੰਦਰ ਬੈਠੇ ਕੁਲਕਰਨੀ ਦੌੜਦੇ ਹੋਏ ਆਏ। ਅਫ਼ਸਰ ਨੂੰ ਲਾਲ ਪੀਲਾ ਹੁੰਦਾ ਵੇਖ



ਦੇ ਉਹ ਘਬਰਾ ਗਏ। ਉਸ ਨੂੰ ਵੇਖ ਕੇ ਅਧਿਕਾਰੀ ਕਹਿਣ ਲੱਗੇ, 'ਕੁਲਕਰਨੀ, ਤੇਰੇ ਇਸ ਪਿੰਡ ਵਿਚ ਬਹੁਤ ਵੱਡਾ ਭ੍ਰਸ਼ਿਟ ਕੰਮ ਹੋ ਗਿਆ। ਕਿੱਥੇ ਗਿਆ ਉਹ ਗੋਪਾ ਸੇਵਕ?" ਸਾਰੇ ਲੋਕ ਘਬਰਾਏ ਹੋਏ ਕੰਬ ਰਹੇ ਸਨ। ਅਧਿਕਾਰੀ ਕਹਿਣ ਲੱਗੇ, ਸੁਣੋ ਮੈਂ ਔਹ ਤਾਕੀ ਥਾਂਣੀ ਚੁੱਲ੍ਹੇ ਵੱਲ ਵੇਖ ਰਿਹਾ ਸੀ। ਇਸ ਅਛੂਤ ਨੂੰ ਹੀ ਮੈਂ ਗੋਪਾ ਸੇਵਕ ਸਮਝ ਕੇ ਪੁੱਛਣ ਲੱਗਾ, ਕੀ ਪਾਣੀ ਗਰਮ ਹੋ ਗਿਆ ਹੈ? ਉਦੋਂ ਇਸ ਅਛੂਤ ਦੀ ਪਿੱਠ ਮੇਰੇ ਵੱਲ ਸੀ। ਇਹਨੇ ਜਵਾਬ ਦਿੱਤਾ-ਹਾਂ ਜੀ ਪਾਣੀ ਗਰਮ ਹੋ ਗਿਆ ਹੈ। ਇਹਦਾ ਮਤਲਬ ਇਹ ਨਿਕਲਦਾ ਹੈ ਕਿ ਇਸ ਅਛੂਤ ਨੇ ਹੱਥ ਲਾ ਕੇ ਮੇਰੇ ਨਹਾਉਣ ਵਾਲੇ ਪਾਣੀ ਨੂੰ ਦੇਖਿਆ ਹੈ। ਉਂਗਲੀ ਡੋਬਣ ਤੋਂ ਬਗੈਰ ਇਹਨੂੰ ਭਲਾ ਕਿਵੇਂ ਪਤਾ ਲੱਗ ਸਕਦਾ ਹੈ ਕਿ ਪਾਣੀ ਗਰਮ ਹੈ ਕਿ ਨਹੀਂ? ਕੁਲਕਰਨੀ ਇਸ ਅਛੂਤ ਨੇ ਮੇਰੇ ਨਹਾਉਣ ਵਾਲੇ ਪਾਣੀ ਨੂੰ ਹੱਥ ਲਗਾਇਆ ਹੈ। ਸਮਝ ਗਏ ਨਾ! ਉਏ ਬੇਵਕੂਫ਼ ਬੋਲਦਾ ਨਹੀਂ! ਸੱਚ ਹੈ ਕਿ ਨਹੀਂ?"

ਮੈਂ ਉਹਨੂੰ ਨਿਮਰ ਹੋ ਕੇ ਕਿਹਾ, 'ਇਹ ਗੱਲ ਇਸ ਤਰ੍ਹਾਂ ਨਹੀਂ ਹੈ ਸਾਹਿਬ ਜੀ! ਪਾਣੀ ਨੂੰ ਮੈਂ ਹੱਥ ਨਹੀਂ ਲਗਾਇਆ। ਪਾਣੀ ਗਰਮ ਹੋ ਜਾਣ ਤੋਂ ਬਾਅਦ ਉਸ ਵਿਚੋਂ ਭਾਫ਼ ਨਿਕਲਦੀ ਹੈ। ਮੈਂ ਦੂਰੋਂ ਹੀ ਪਾਣੀ ਵਿਚੋਂ ਭਾਫ਼ ਨਿਕਲਦੀ ਵੇਖੀ ਜਿਸ ਕਾਰਨ ਮੈਂ ਕਹਿ ਦਿੱਤਾ ਕਿ ਪਾਣੀ ਗਰਮ ਹੋ ਗਿਆ ਹੈ।"

"ਬਿਲਕੁਲ ਝੂਠ... ਮਕਾਰ ਝੂਠ ਬੋਲਦਾ ਹੈ।" ਉਥੇ ਇਕੱਠੇ ਬੈਠੇ ਬਾਬੂਆਂ ਵਿਚੋਂ ਇਕ ਨੇ ਕਿਹਾ, 'ਸਾਹਿਬ ਇਹ ਬਿਲਕੁਲ ਝੂਠ ਬੋਲ ਰਿਹਾ ਹੈ... ਇਸ ਅਛੂਤ ਨੂੰ ਇਸ ਗਲਤੀ ਨੂੰ ਮੰਨਣਾ ਹੋਵੇਗਾ, ਇਸ ਨੂੰ ਬਹੁਤ ਸਖਤ ਸਜ਼ਾ ਦਿੱਤੀ ਜਾਵੇ। ਚਾਹੇ ਤਾਂ ਮੌਤ ਦੀ ਸਜ਼ਾ। ਦੇਵਤੇ ਦੇ ਬਰਾਬਰ ਬ੍ਰਾਹਮਣ ਦੇ ਪਵਿੱਤਰ ਇਸ਼ਨਾਨ ਦੇ ਪਵਿੱਤਰ ਜਲ ਨੂੰ ਭਰਿਸਟ ਕਰਨ ਦੀ ਇਹਦੀ ਹਿੰਮਤ ਕਿਵੇਂ ਹੋ ਗਈ! ਨਹੀਂ ਨਹੀਂ ਇਹ ਬਹੁਤ ਵੱਡਾ ਅਪਰਾਧ ਹੈ। ਇਸ ਕਾਰਨ ਇਸ ਨੀਚ, ਅਪਵਿੱਤਰ ਲੋਕਾਂ ਦੇ ਪ੍ਰਛਾਵੇਂ ਤੋਂ ਵੀ ਦੂਰ ਰਹਿਣ ਦਾ ਆਦੇਸ਼ ਦਿੱਤਾ ਗਿਆ ਸੀ। ਸਾਹਿਬ ਸਖਤ ਸਜ਼ਾ ਦਿਓ ਇਸ ਅਛੂਤ ਨੂੰ। ਅੱਜ ਕੱਲ ਇਹ ਅਛੂਤ ਲੋਕ ਬਹੁਤ ਹੀ ਨਿਡੱਰ ਹੋਈ ਜਾ ਰਹੇ ਹਨ।

ਅਧਿਕਾਰੀ ਤਾਂ ਕਾਫੀ ਕਰੋਧ ਵਿਚ ਸੀ। ਉਸ ਸਮੇਂ ਗੋਪਾ ਸੇਵਕ ਉਥੇ ਆਇਆ। ਉੱਚ ਵਰਗ ਦੇ ਉਸ ਸਾਹਿਬ ਦੇ ਦਿਮਾਗ 'ਚ ਅਚਾਨਕ ਇਕ ਨਿਵੇਕਲੀ ਕਲਪਨਾ ਆ ਵੜੀ। ਕਿਸੇ ਜੱਜ ਦੇ ਵਾਂਗ ਉਹ ਫੈਸਲਾ ਦੇਣ ਲੱਗੇ, 'ਗੋਪਾ ਮੈਂ ਤੈਨੂੰ ਇਸੇ ਵੇਲੇ ਤੁਰੰਤ ਅਗਿਆ ਦਿੰਦਾ ਹਾਂ ਕਿ ਇਹ ਉਬਲਦਾ ਹੋਇਆ ਪਾਣੀ... ਇਸ ਸਮੇਂ ਇਸ ਸਥਿਤੀ ਵਿਚ ਇਸ ਅਛੂਤ ਦੇ ਸਰੀਰ ਉੱਤੇ ਡੋਲ੍ਹ ਦੇ... ਇਸਦਾ ਸਾਰਾ ਸਰੀਰ ਜਲ਼ ਜਾਵੇਗਾ ਅਤੇ ਇਹ ਤੜ੍ਹਫ ਤੜ੍ਹਫ ਕੇ ਮਰ ਜਾਵੇਗਾ। ਦੇਖਦਾ ਕੀ ਏਂ? ਚਲ ਜਲਦੀ ਕਰ...।"

ਗੋਪਾ ਸੇਵਕ ਇਸ ਫੈਸਲਾ ਤੇ ਅਫ਼ਸਰ ਦਾ ਹੁਕਮ ਸੁਣ ਕੇ ਡਰ ਗਿਆ। ਉਬਲਦਾ ਹੋਇਆ ਪਾਣੀ ਜੇਕਰ ਮੈਂ ਇਸਦੇ ਸਰੀਰ ਉੱਤੇ ਡੋਲ੍ਹ ਦੇਵਾ ਅਤੇ ਇਸ ਕਾਰਨ ਜੇਕਰ ਇਹ ਮਰ ਗਿਆ ਤਾਂ ਫਾਂਸ਼ੀ ਦੇ ਤਖ਼ਤ ਉੱਤੇ ਕੌਣ ਚੜ੍ਹੇਗਾ? ਉਹ ਘਬਰਾ ਗਿਆ, ਡਰ ਨਾਲ ਕੰਬਣ ਲੱਗਾ। ਅਧਿਕਾਰੀ ਅਫ਼ਸਰ ਨੇ ਉਸ ਨੂੰ ਫਿਰ ਫਿਟਕਾਰ ਲਾਈ, "ਗੋਪਾ ਗਧੇ, ਬੇਵਕੂਫ਼ ਜਲਦੀ ਕਰ... ਡੋਲ੍ਹ ਦੇ ਉਹ ਉਬਲਦਾ ਹੋਇਆ ਪਾਣੀ ਇਸ ਅਛੂਤ ਦੇ ਸਰੀਰ ਉੱਤੇ। ਬ੍ਰਾਹਮਣ ਨੂੰ ਭ੍ਰਸ਼ਿਟ ਕਰਨ ਦੀ ਕਿਹੋ ਜਿਹੀ ਸਜ਼ਾ ਮਿਲਦੀ ਹੈ। ਇਸਦਾ ਇਸ ਨੂੰ ਅਹਿਸਾਸ ਤਾਂ ਹੋ ਜਾਵੇਗਾ।" ਸਾਰੇ ਦੇ ਸਾਰੇ ਸੁੰਨ ਹੋਏ ਖੜੇ ਸਨ। ਉਸ ਵਿਚੋਂ ਇਕ ਵੀ ਮੈਨੂੰ ਬਚਾਉਣ ਮੋਹਰੇ ਨਹੀਂ ਆਇਆ। ਸਾਰੇ ਨਿਰਦਈ ਸਨ ਪੱਥਰ ਦੇ ... ਰਾਖਸ਼!!

ਗੋਪਾ ਸੇਵਕ ਨੇ ਧੋਤੀ ਲਾਹ ਕੇ ਰੱਖ ਦਿੱਤੀ। ...ਲੰਗੋਟ ਸਹਾਰੇ ਹੀ ਖੜਾ ਰਿਹਾ। ਉਬਲਦੇ ਹੋਏ ਪਾਣੀ ਨੂੰ ਉਸ ਨੇ ਆਪਣੀ ਧੋਤੀ ਨਾਲ ਚੁੱਕਿਆ ਅਤੇ ਬਹੁਤ ਮੁਸ਼ਕਲ ਨਾਲ ਉਹ ਭਾਂਢੇ ਨੂੰ ਮੇਰੇ ਸਰੀਰ ਉੱਤੇ ਡੋਲ੍ਹ ਦਿੱਤਾ ਤੇ ਉਥੋਂ ਭੱਜ ਗਿਆ... ਅਤੇ ਮੈਂ? ਬਹੁਤ ਤੜ੍ਹਫਦਾ ਰਿਹਾ... ਚੀਕਦਾ ਰਿਹਾ... ਜ਼ਮੀਨ

ਉੱਤੇ ਡਿੱਗ ਕੇ ਰੋਣ ਲੱਗਾ... ਮੈਨੂੰ ਲੱਗਾ ਹੁਣ ਮੈਂ ਮਰ ਜਾਵਾਂਗਾ। ਮੇਰੀ ਤੜਫਣ ਵਾਲੀ ਹਾਲਤ ਵੇਖ ਕੇ ਸਾਰੇ ਜਣੇ ਘਬਰਾ ਗਏ। ਅਤੇ ਡਾਕ-ਬੰਗਲੇ ਵਿਚ ਵੜ ਕੇ ਦਰਵਾਜ਼ੇ-ਤਾਕੀਆਂ ਬੰਦ ਕਰਕੇ ਬੈਠ ਗਏ...

ਮਹਾਦੇਵ ਮੇਰੇ ਸ਼ਰੀਰ ਉੱਤੇ ਉਸ ਵੇਲੇ ਮੋਟੇ ਕੱਪੜੇ ਸੀ ਜਿਸ ਕਾਰਨ ਮੈਂ ਬਚ ਗਿਆ। ਬਹੁਤ ਮੁਸ਼ਕਲ ਨਾਲ ਮੈਂ ਜੀਉਂਦਾ ਬਚਿਆ। ਜੇਕਰ ਤੇੜ ਪਤਲੇ ਕੱਪੜੇ ਹੁੰਦੇ ਤਾਂ ਸ਼ਾਇਦ ਜਿਉਂਦਾ ਨਾ ਰਹਿੰਦਾ।

ਕਿੰਨੇ ਜ਼ੁਲਮ ਹੁੰਦੇ ਸਾਡੇ ਉੱਤੇ... ਕਿਸ ਤਰ੍ਹਾਂ ਦੇ ਅਨਿਆ... ਮੈਂ , ਮਾਸੀ ਤੇ ਚਾਚਾ ਸਾਰੇ ਰੋਣ ਲੱਗੇ। ਤੀਜੇ ਦਿਨ ਮੈਂ ਚਾਚੇ ਨੂੰ ਕਿਹਾ, "ਚਾਚਾ ਕੋਹਲਾਪੁਰ ਜਾਣਾ ਪਵੇਗਾ ਕੱਲ੍ਹ ਨੂੰ। ਸਕੂਲ ਅਤੇ ਹੋਸਟਲ ਵਿਚ ਹੁਣੇ ਹੁਣੇ ਦਾਖਲ ਹੋਇਆ ਹਾਂ... ਅਤੇ ਫਿਰ ਕਿਤਾਬਾਂ ਵੀ ਖਰੀਦਣੀਆਂ ਹਨ, ਹੁਣ ਹੋਰ...।"

"ਹਾਂ ਕੱਲ੍ਹ ਜਾਣਾ ਚਾਹੁੰਦੇ ਹੋ ਤਾਂ ਜ਼ਰੂਰ ਜਾਓ... ਮਹਾਦੇਵ ਕਹਾਣੀ-ਕਹੂਣੀ ਲਿਖਦੇ ਹੋ ਕਿ...?"

ਮੈਂ ਕਿਹਾ ਕਿਓ? ਤੈਨੂੰ ਪਤਾ ਹੀ ਨਹੀਂ ਲੱਗਾ? ਮੈਂ ਕਹਾਣੀਆਂ ਲਿਖਦਾ ਹਾਂ, ਕਵਿਤਾ ਵੀ ਅਤੇ ਗਾਉਂਦਾ ਵੀ ਹਾਂ।"

"ਚੰਗਾ ! ਤੇਰੇ ਵਰਗੇ ਕਲਾਕਾਰਾਂ ਦੀ ਅੱਜ ਸਾਨੂੰ ਬਹੁਤ ਲੋੜ ਹੈ। ਅਛੂਤ ਸਮਾਜ ਨੂੰ ਜਗਾਉਣ ਦਾ ਕੰਮ ਤੁਹਾਡੇ ਵਰਗੇ ਲੋਕਾਂ ਨੇ ਹੀ ਕਰਨਾ ਹੈ। ਸਾਡੇ ਉੱਤੇ ਹੋ ਰਹੇ ਅੱਤਿਆਚਾਰਾਂ ਨੂੰ ਤੁਸੀਂ ਹੀ ਸ਼ਬਦ ਦੇਣੇ ਹਨ। ਪਿੰਡਾਂ ਵਿਚ ਇਸ ਸਮਾਜ ਉੱਤੇ ਜਿਹੜੇ ਅੱਤਿਆਚਾਰ ਹੋ ਰਹੇ ਹਨ। ਉਨ੍ਹਾਂ ਨੂੰ ਜਨਤਕ ਕਰਨਾ ਤੁਹਾਡਾ ਫਰਜ਼ ਹੈ। ਸਾਰੀ ਦੁਨੀਆਂ ਨੂੰ ਦੱਸ ਦੇਣਾ ਹੈ ਕਿ ਸਾਡੇ ਉੱਤੇ ਬਿਨਾ ਕਿਸੇ ਕਾਰਨ ਅੱਤਿਆਚਾਰ ਹੋ ਰਹੇ ਹਨ। ਤਾਂ ਹੀ ਹਾਕਮ ਸਰਕਾਰ ਜਾਗੇਗੀ। ਅੱਜ ਦੇ ਸਮੇਂ ਦਾ ਇਹ ਅਹਿਮ ਕਾਰਜ ਹੈ।"

ਚਾਚਾ ਜੀ, ਤੁਹਾਡੇ ਉੱਤੇ ਹੋਏ ਅੱਤਿਆਚਾਰ ਦੀ ਕਹਾਣੀ ਮੈਂ ਤੁਰੰਤ ਲਿਖ ਦੇਵਾਗਾ।" ਚਾਚਾ ਜੀ ਮੈਂ ਹਿੰਮਤ ਦਿੱਤੀ। ਉਹ ਬਹੁਤ ਖੁਸ਼ ਹੋ ਗਏ। ਮੈਂ ਫਿਰ ਠਰੰਮੇ ਨਾਲ ਕਿਹਾ, 'ਤਾਂ ਫਿਰ ਮੈਂ ਕੱਲ੍ਹ ਚਲਾ ਜਾਵਾਂ ਨਾ? ਕੁਝ ਹੋਰ ਗੱਲ ਹੋਵੇ ਤਾਂ ਸੂਚਿਤ ਕਰਦੇ ਰਹਿਣਾ, ਮੈਂ ਗੇੜਾ ਮਾਰਦਾ ਰਹਾਂਗਾ। ਮੈਨੂੰ ਤੁਸੀਂ ਆਪਣਾ ਪੁੱਤ ਹੀ ਸਮਝੋਂ।

"ਹਾਂ ਦੱਸ ਦੇਵਾਂਗਾ। ਜਾਓ ਰੱਜ ਕੇ ਪੜ੍ਹੋ ਤੇ ਲਿਖੋ। ਸੱਤਾ ਅਤੇ ਨੌਕਰੀ ਦੇ ਖੇਤਰ ਵਿਚ ਵਿਦਿਆ ਨਾਲ ਵੜ ਜਾਣਾ ਇਹੀ ਸਾਡੇ ਭਲੇ ਦੀ ਗਲ ਹੋਵੇਗੀ। ਅਸੀਂ ਵੀ ਮਨੁੱਖ ਹਾਂ। ਕਿਸੇ ਵੀ ਖੇਤਰ ਵਿਚ ਅਸੀਂ ਕਿਸੇ ਨਾਲੋਂ ਘੱਟ ਨਹੀਂ ਹਾਂ। ਇਸ ਗੱਲ ਨੂੰ ਸਾਬਤ ਕਰਨਾ ਹੋਵੇਗਾ। ਇਹ ਸਾਡਾ ਫ਼ਰਜ਼ ਵੀ ਹੋਵੇਗਾ। ਉੱਚ ਸਿੱਖਿਆ ਦੇ ਬਗੈਰ ਇਹ ਸੰਭਵ ਨਹੀਂ ਹੈ ਇਸ ਨੂੰ ਚੇਤੇ ਰੱਖੋ। ਸਾਰਿਆਂ ਨੂੰ ਪੜ੍ਹਨਾ ਹੋਵੇਗਾ। ਮਿਹਨਤ ਕਰਨੀ ਹੋਵੇਗੀ। ਜਾਓ ਮਹਾਦੇਵ ਮੈਂ ਜੋ ਕੁਝ ਵੀ ਤੈਨੂੰ ਕਹਿਣਾ ਚਾਹੁੰਦਾ ਸੀ ਕਹਿ ਦਿੱਤਾ ਹੈ। ਮੈਂ ਹੁਣ ਠੀਕ ਹੋ ਗਿਆ ਹਾਂ। ਰੱਜ ਕੇ ਪੜ੍ਹੋ।"

ਚਾਚਾ ਜੀ ਦਾ ਅਸ਼ੀਰਵਾਦ ਲੈ ਕੇ ਕੋਹਲਾਪੁਰ ਆਏ ਅਜੇ ਇਕ ਹਫ਼ਤਾ ਵੀ ਨਹੀਂ ਹੋਇਆ ਹੋਵੇਗਾ ਕਿ ਫਿਰ ਮਾਸੀ ਦੀ ਤਾਰ ਆਈ-ਤੁਰੰਤ ਏਥੇ ਪਹੁੰਚੋ।" ਬਸ ਐਨੀ ਹੀ ਗੱਲ। ਹੁਣ ਮੈਂ ਕੀ ਸਮਝਾ? ਮੈਂ ਰੋਣ ਲੱਗਾ।

ਉਸੇ ਸਥਿਤੀ ਵਿਚ ਮੈਂ ਰੇਲ ਰਾਹੀਂ ਕੁਪਵਾੜਾ ਪਹੁੰਚਿਆ। ਚਾਚੇ ਦੇ ਘਰ ਵਿਚ ਵੜ ਗਿਆ ਦੌੜਦੇ ਦੌੜਦੇ ਹੀ ਅਤੇ ਕਮਰੇ ਵਿਚ ਜਲਦੇ ਹੋਏ ਦੀਵੇ ਨੂੰ ਵੇਖ ਕੇ ਸਮਝ ਗਿਆ ਕਿ ਕਾਕਾ ਸਦੀਵੀਂ ਵਿਛੋੜਾ ਦੇ ਗਏ ਹਨ। ਉਸ ਦੀਵੇ ਦੇ ਨੇੜੇ ਯੇਤਾਲਾ ਨਾਨਾ ਗਹਿਰੀ ਚਿੰਤਾ ਵਿਚ ਬੈਠੇ ਹੋਏ ਸਨ ਅਤੇ ਦੂਜੇ ਪਾਸੇ ਸੀਤਾ ਮਾਸੀ ਉਸਦੇ ਪੁੱਤਰ ਨਾਰਾਇਣ, ਕੇਸ਼ਵ ਦੇ ਨਾਲ ਉਦਾਸ ਬੈਠੀ ਹੋਈ ਸੀ। ਇਸ ਦ੍ਰਿਸ਼ ਨੂੰ ਵੇਖ ਕੇ ਮੈਂ ਆਪਣੇ ਆਪ ਨੂੰ ਸੰਭਾਲ ਨਾ ਸਕਿਆ। "ਚਾਚਾ" ਕਹਿ ਕੇ ਮੈਂ ਭੁੰਜੇ ਡਿੱਗ ਪਿਆ। ਸਾਰੇ ਰੋਣ ਲੱਗੇ। ਬਹੁਤ ਦੇਰ ਤੱਕ। ਕਾਫੀ ਦੇਰ ਬਾਅਦ ਯਤਾਲਾ ਨਾਨਾ ਬੋਲਿਆ, "ਆਖਰੀ ਸਾਹ ਨਿਕਲਣ ਤੱਕ ਸਖਾ



ਚਾਚਾ ਤੇਰਾ ਹੀ ਨਾਂ ਲੈ ਰਿਹਾ ਸੀ... ਪਰ ਮਿਲਾਪ ਨਹੀਂ ਹੋ ਸਕਿਆ।" ਨਾਨਾ ਰੋਣ ਲੱਗਾ ਅਤੇ ਫਿਰ ਮਾਸੀ ਵੀ ਰੋਣ ਲੱਗੀ।

"ਨਾਨਾ ਜੀ, ਮਾਸੀ ਜੀ ਆਖਿਰ ਇਹ ਸਾਰਾ ਕੁਝ ਹੋਇਆ ਕਿਵੇਂ? ਮੈਨੂੰ ਕੁਝ ਨਾ ਕਹਿੰਦੇ ਹੋਏ ਮੇਰੇ ਚਾਚਾ ਮੈਨੂੰ ਛੱਡ ਕੇ ਆਖਿਰ ਗਏ ਕਿਵੇਂ?" ਮੇਰਾ ਗਲਾ ਭਰ ਆਇਆ। ਅੱਗੇ ਮੈਂ ਕੁਝ ਕਹਿ ਨਾ ਸਕਿਆ।

ਅੱਖਾਂ ਪੂੰਝਦੀ ਹੋਈ ਮਾਸੀ ਕਹਿਣ ਲੱਗੀ, "ਚਾਰ ਦਿਨ ਹੋ ਗਏ... ਤੂੰ ਇਥੋਂ ਚਲਿਆ ਗਿਆ... ਤੈਨੂੰ ਤਾਂ ਸਾਰਾ ਕੁਝ ਪਤਾ ਹੀ ਹੈ। ਉਹ ਬ੍ਰਾਹਮਣ ਅਧਿਕਾਰੀ ... ਉਸਦਾ ਓਨਾ ਹੀ ਕੱਟੜ ਸਨਾਤਨੀ ਅਤੇ ਕੱਟੜ ਬਾਬੂ... ਉਨ੍ਹਾਂ ਦੋਹਾਂ ਦੀ ਇਹ ਬਦਮਾਸ਼ੀ ਹੈ। ਉਨ੍ਹਾਂ ਦੋਹਾਂ ਨੇ ਤੇਰੇ ਚਾਚੇ ਨੂੰ ਮਾਰ ਦਿੱਤਾ। ਉਨ੍ਹਾਂ ਦੀਆਂ ਔਰਤਾਂ ਵੀ ਛੇਤੀ ਰੰਡੀਆਂ ਹੋ ਜਾਣਗੀਆਂ।" ਮਾਸੀ ਲਗਾਤਾਰ ਗਾਲ਼ਾ ਕੱਢ ਰਹੀ ਸੀ। ਅੱਗੋਂ ਦੀ ਘਟਨਾ ਨੂੰ ਨਾਨਾ ਜੀ ਦੱਸਣ ਲੱਗੇ। 'ਤਿੰਨ ਦਿਨ ਹੋ ਗਏ। ਉਸ ਅਧਿਕਾਰੀ ਸਾਹਿਬ ਦੇ ਤਾਂਗੇ ਦੇ ਅੱਗੇ ਸਖਾ ਚਾਚਾ ਦੌੜ ਰਿਹਾ ਸੀ। ਉਸ ਦੀ ਸੇਵਾ ਵਿਚ ਮੁੜ ਲੱਗ ਗਿਆ ਸੀ। ਉਸ ਦਿਨ ਹੋਇਆ ਇਹ ਕਿ ਉਹ ਅਧਿਕਾਰੀ ਤਾਂਗੇ 'ਚ ਗਵਾਂਢ ਦੇ ਪੇਂਡੂ ਇਲਾਕੇ ਵਿਚ ਆਇਆ... ਫਿਰ ਤੁਰੰਤ ਉਸੇ ਸਾਂਗਲੀ ਦੀ ਕੁਲੇਕਟਰ ਕਚਹਿਰੀ ਵਿਚ ਜਾਣਾ ਸੀ। ਪਿੰਡ ਦੇ ਮੁੱਖੀਆਂ ਨੇ ਸਖਾ ਚਾਚਾ ਨੂੰ ਹੁਕਮ ਦਿੱਤਾ ਕਿ ਉਹ ਤਾਂਗੇ ਦੇ ਨਾਲ ਜਾਵੇ।"

ਮਾਸੀ ਵਿਚੋਂ ਹੀ ਬੋਲ ਪਈ, "ਮਹਾਂਦੇਵ ਇਹਨੂੰ 'ਬੇਠ ਵਗਾਰ' ਕਹਿੰਦੇ ਹਨ, 'ਬੇਠ ਵਗਾਰ' ਇਸ ਬੇਠ ਵਗਾਰ ਨੇ ਮੇਰੇ ਸੁਹਾਗ ਨੂੰ ਖੋਹ ਲਿਆ। ਮਹਾਂਦੇਵ ਹੁਣ ਕੀ ਦੱਸਾ ਪੁੱਤਰ ! ਮੈਨੂੰ ਤਾਂ ਲੱਗਦਾ ਹੈ ਜਿਵੇਂ ਸਾਰਾ ਅਕਾਸ਼ ਹੀ ਫਟ ਗਿਆ ਹੋਵੇ।" ...ਅਸੀਂ 'ਬੇਠ ਵਗਾਰ' ਅਤੇ 'ਮਹਾਰਕੀ' ਛੱਡ ਦੇਵਾਂਗੇ, ਤਾਂ ਸਾਨੂੰ ਕੌਣ ਜੀਣ ਦੇਵੇਗਾ? ਸਮੁੰਦਰ ਵਿਚ ਰਹਿਣਾ ਹੈ ਤਾਂ ਮਗਰ ਮੱਛ ਤੋਂ ਡਰ ਕੇ ਕਿਵੇਂ ਜੀਆ ਜਾਵੇਗਾ? ਹਾਂ ਤਾਂ ਉਸ ਦਿਨ ਅਫ਼ਸਰ ਨੇ ਕਿਹਾ ਕਿ ਸਖਾ ਮਹਾਰ ਨੂੰ ਮੇਰੇ ਤਾਂਗੇ ਦੇ ਅੱਗੇ ਅੱਗੇ ਦੌੜਦੇ ਰਹਿਣਾ ਚਾਹੀਦਾ। ... ਉਸਦਾ ਕਹਿਣਾ ਸੀ ਕਿ ਇਹ ਸਰਕਾਰੀ ਹੁਕਮ ਹੈ... ਮਹਾਰਕੀ ਦੀਆਂ ਕਾਨੂੰਨ ਦੀਆਂ ਕਿਤਾਬਾਂ ਵਿਚ ਇਹ ਲਿਖਿਆ ਹੋਇਆ ਹੈ... ਫਿਰ ਕੀ ਸੀ? ... ਸੱਤਾ ਅਤੇ ਅਧਿਕਾਰ ਦੇ ਸਾਹਮਣੇ ਸਿਆਣਪ ਕਿਸ ਕੰਮ ਦੀ ਨਹੀਂ? ਜਿਹੜਾ ਸ਼ਕਤੀਸ਼ਾਲੀ ਹੈ ਉਹ ਕੁਝ ਵੀ ਕਰ ਸਕਦਾ ਹੈ ! ਮਨੁੱਖ ਹੁੰਦਿਆਂ ਵੀ ਸਖਾ ਚਾਚਾ ਨੂੰ ਘੋੜੇ ਦੇ ਵਾਂਗ ਦੌੜਾਇਆ ਜਾਣ ਲੱਗਾ... ਘੋੜੇ ਤੋਂ ਵੀ ਤੇਜ਼... ਇਕ ਮੀਲ... ਦੋ ਮੀਲ... ਤਿੰਨ ਮੀਲ... ਸਖਾ ਚਾਚਾ ਥੱਕ ਗਿਆ। ਪੂਰਾ ਦਿਨ ਦੌੜ ਹੀ ਰਿਹਾ ਸੀ। ਬਸ ਅਚਾਨਕ ਉਹ ਤਾਂਗੇ ਦੇ ਅੱਗੇ ਡਿੱਗ ਪਿਆ। ਰਸਤੇ ਦੇ ਵਿਚ ਹੀ। ਉੱਚ ਅਧਿਕਾਰੀ ਦਾ ਉਹ ਤਾਂਗਾ... ਘੋੜੇ ਦੇ ਨਾਲ ਹੀ ਸੱਖਾ ਚਾਚੇ ਦੇ ਉਪਰੋ ਦੀ ਲੰਘ ਗਿਆ। ਅਸੀਂ ਲੋਕਾਂ ਤੋਂ ਸੁਣਿਆ ਕਿ ਸੱਖਾ ਚਾਚਾ ਬਹੁਤ ਚੀਕਿਆ ਤੇ ਫਿਰ ਬੇਹੋਸ਼ ਹੋ ਗਿਆ। ਤਾਂਗੇ ਵਾਲੇ ਨੇ ਘਬਰਾ ਕੇ ਤਾਂਗਾ ਰੋਕਿਆ। ਪਰ ਅਫਸਰ ਸਾਹਿਬ ਤਾਂਗੇ ਵਾਲੇ ਨੂੰ ਝਿੜਕਦੇ ਹੋਏ ਕਹਿਣ ਲੱਗੇ, ਤੂੰ ਤਾਂਗਾ ਕਿਓਂ ਰੋਕਿਆ? ਅੱਜ ਸਾਂਗਲੀ ਵਿਚ ਕਲੇਕਟਰ ਸਾਹਿਬ ਦੇ ਉਥੇ ਮੀਟਿੰਗ ਹੈ... ਮੈਂ ਜ਼ਰੂਰ ਪਹੁੰਚਣਾ ਹੈ। ਚੱਲ ਪਰੈਣੀ ਚੁੱਕ... ਥੱਲੇ ਜਿਹੜਾ ਡਿੱਗਿਆ ਹੈ ਉਹ ਅਛੂਤ ਹੈ ਅਛੂਤ... ਮਰ ਗਿਆ ਤਾਂ ਮਰ ਗਿਆ... ਕੁੱਤੇ ਦੀ ਔਲਾਦ... ਇਹ ਕੋਈ ਬਾਦਸਾਹ ਨਹੀਂ ਮਰਿਆ ਜਿਹੜਾ ਤਾਂਗਾ ਰੋਕਿਆ ਜਾਵੇ। " ਤੇ ਤਾਂਗੇ ਅੱਗੇ ਜਾਣ ਲੱਗਾ। ਦੋ ਮਨੁੱਖ, ਇਕ ਘੋੜਾ ਅਤੇ ਤਾਂਗੇ ਦਾ ਭਾਰ ਚਾਚਾ ਦੇ ਉੱਪਰ ਦੀ ਲੰਘਣ ਕਾਰਨ ਚਾਚਾ ਬੇਹੋਸ ਹੋ ਗਿਆ ਸੀ। ਲਹੂ ਦੀਆਂ ਉਲਟੀਆਂ ਉਹ ਕਰ ਚੁੱਕਾ ਸੀ। ਕਾਫੀ ਦੇਰ ਉਹ ਉੱਥੇ ਬੇਹੋਸ਼ ਸੀ। ਲਾਵਾਰਸ਼ ਪਸ਼ੂ ਦੇ ਵਾਂਗ।"

ਮਾਸੀ ਕਹਿਣ ਲੱਗੀ, "ਉਸ ਅਧਿਕਾਰੀ ਨੂੰ ਮੇਰਾ ਸਰਾਪ ਲੱਗ ਜਾਵੇਗਾ। ਉਹ ਵੀ ਇਕ ਦਿਨ ਇਸੇ ਤਰ੍ਹਾਂ ਤੜ੍ਹਫ ਤੜ੍ਹਫ ਕੇ ਮਰੇਗਾ। ਉਸ ਦੀ ਪਤਨੀ ਵੀ ਰੰਡੀ ਹੋ ਕੇ ਰੋਏਗੀ ਤੇ ਚੀਕੇਗੀ ਮੇਰੇ ਵਾਂਗ। ਮੇਰਾ


ਸਰਾਫ਼ ਲੱਗ ਜਾਵੇਗਾ ਉਹਨੂੰ।"

ਨਾਨਾ ਕਹਿ ਰਿਹਾ ਸੀ, 'ਸਖਾ ਚਾਚਾ ਉਥੇ ਹੀ ਪਿਆ ਸੀ, ਬੇਹੋਸ਼। ਪਿੰਡ ਦੇ ਦੂਜੇ ਅਛੂਤ ਉਥੋਂ ਦੀ ਲੰਘ ਰਹੇ ਸਨ। ਉਨ੍ਹਾਂ ਨੇ ਉਸ ਨੂੰ ਦੇਖਿਆ। ਪਛਾਣ ਕੀਤੀ... ਉਸੇ ਹਾਲਤ ਵਿਚ ਉਸ ਨੂੰ ਚੁੱਕਿਆ... ਅਤੇ ਘਰ ਲੈ ਆਇਆ। ਅਛੂਤ ਨੂੰ ਅਛੂਤ ਦੀ ਦਾਇਆ। ਇਥੇ ਲਿਆਉਣ ਤੋਂ ਬਾਅਦ ਬਹੁਤ ਦਵਾ ਦਾਰੂ ਦਿੱਤਾ ਗਿਆ। ਅਛੂਤਾਂ ਨੇ ਉਸ ਨੂੰ ਬਚਾਉਣ ਲਈ ਪੂਰੀ ਵਾਹ ਲਾਈ। ਪਰ ਲਹੂ ਦੀਆਂ ਉਲਟੀਆਂ ਆ ਰਹੀਆਂ ਸਨ। ਜਿਸ ਕਾਰਨ ਉਹ ਬਚ ਨਹੀਂ ਸਕਿਆ। ਬਹੁਤ ਹੀ ਇਮਾਨਦਾਰ ਆਦਮੀ ਸੀ ਸਖਾ ਚਾਚਾ। ਬਹੁਤ ਕੋਸ਼ਿਸ਼ ਕੀਤੀ ਪਰ ਬੇਕਾਰ।"

ਯੇਤਾਲਾ ਨਾਨਾ ਰੋਣ ਲੱਗਾ। ਮਾਸੀ ਵੀ ਰੋਂਦੀ ਰੋਂਦੀ ਕਹਿਣ ਲੱਗੀ, 'ਮਹਾਦੇਵ, ਆਪਣੇ ਪੁੱਤਰਾਂ ਨੂੰ ਦੇਖ ਕੇ ਤੇਰੇ ਚਾਚਾ ਬਹੁਤ ਰੋਏ... ਮਰਦੇ ਸਮੇਂ ਉਸ ਨੇ ਕਿਹਾ ਕਿ ਸੀਤੇ ਕੁਝ ਵੀ ਕਰ ਪਰ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਤਿਆਰ ਕਰ... ਸਾਰਾ ਅਕਾਸ਼ ਹੀ ਫਟ ਗਿਆ ਹੈ। ਹੁਣ ਮੈਂ ਬਚਦਾ ਨਹੀਂ... ਮਹਾਦੇਵ ਨੂੰ ਤਾਰ ਦੇ ਦਿਓ।" ਇਹ ਕਹਿੰਦੇ ਕਹਿੰਦੇ ਲਹੂ ਦੀ ਇਕ ਉਲਟੀ ਆਈ... ਮੈਨੂੰ ਅਤੇ ਬੱਚਿਆਂ ਨੂੰ ਨਜ਼ਦੀਕ ਲੈ ਗਏ... ਯੇਤਾਲਾ ਨਾਨਾ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਦੇ ਰਹੇ। ਅਤੇ ਫਿਰ ਹੌਲੀ ਜਿਹੀ ਮੇਰੇ ਕੰਨ ਵਿਚ ਕਹਿਣ ਲੱਗੇ-ਸੀਤੇ ਮਹਾਦੇਵ ਦੇ ਆ ਜਾਣ ਤੋਂ ਬਾਅਦ ਉਸਨੂੰ ਕਹਿਣਾ ਕਿ ਤੇਰੇ ਚਾਚਾ ਨੇ ਤੈਨੂੰ ਜੈ ਭੀਮ ਕਿਹਾ ਹੈ ਅਤੇ ਅਪਣੇ ਚਾਚੇ ਦੀ ਜ਼ਿੰਦਗੀ ਦੀ ਕਹਾਣੀ ਲਿਖਣ ਦੇ ਲਈ ਕਿਹਾ ਹੈ-ਇਹ ਕਹਾਣੀ ਲਿਖ ਕੇ ਸਮਾਜ ਦੇ ਸਾਹਮਣੇ ਰੱਖਣ ਲਈ ਕਿਹਾ ਹੈ। ਫਿਰ ਤੇਰੇ ਚਾਚਾ ਨੇ ਸਾਰਿਆਂ ਵੱਲ ਵੇਖਿਆ। "ਜੈ ਭੀਮ' ਕਿਹਾ ਅਤੇ... ਤੁਰ ਗਏ। ਮੈਨੂੰ ਇਕੱਲੀ ਛੱਡ ਕੇ। ਸੱਚਮੁੱਚ ਪੁੱਤ ਪੂਰਾ ਅਕਾਸ਼ ਹੀ ਫਟ ਗਿਆ।"

ਏਨੀ ਦੇਰ ਤੋਂ ਖਾਮੋਸ਼ ਸੀਤਾ ਮਾਸੀ ਰੋਣ ਲੱਗੀ ਉੱਚੀ ਉੱਚੀ। ਯੇਤਾਲਾ ਨਾਨਾ ਵੀ ਰੋਣ ਲੱਗਾ। ਮੈਂ ਵੀ ਸੀਤਾ ਮਾਸੀ ਦੇ ਨੇੜੇ ਜਾ ਕੇ ਰੋਣ ਲੱਗਾ। ਚਾਚੇ ਦੇ ਲੜਕੇ ਮੇਰੇ ਮੋਢੇ ਨਾਲ ਲੱਗ ਕੇ ਰੋਣ ਲੱਗੇ। ਮੈਂ ਉਸ ਦੁੱਖ ਦੀ ਘੜੀ ਵਿਚ ਪੂਰੀ ਤਰ੍ਹਾਂ ਡੁੱਬ ਗਿਆ। ✪


'ਕਹਾਣੀ ਧਾਰਾ'
ਮੈਗਜ਼ੀਨ ਰਾਹੀਂ
ਕਹਾਣੀ ਖੇਤਰ ਵਿਚ
ਆਇਆ ਕਹਾਣੀਕਾਰ
ਪ੍ਰੀਤ ਨੀਤਪੁਰ ਦਾ
ਪਲੇਠਾ
ਕਹਾਣੀ ਸੰਗ੍ਰਹਿ
**ਦਾਰੋ ਘਤਿੱਤੀ**






# ਮੈਂ ਆਪਣਾ ਪਿੰਡ ਲੱਭ ਰਿਹਾਂ / - ਸ਼ੰਕਰਰਾਵ ਖਰਾਤ

(Shankarrao Kharat)


ਸ਼ੰਕਰਰਾਵ ਖਰਾਤ

ਬੀ. ਈ. ਦੀ ਪ੍ਰੀਖਿਆ 'ਚ ਸਫ਼ਲਤਾ ਮਿਲਣ ਤੇ ਹੁਣ ਮੈਂ ਇੰਜੀਨੀਅਰ ਬਣ ਗਿਆ ਹਾਂ। ਮੈਂ ਮੰਜਿਲ ਪ੍ਰਾਪਤ ਕੀਤੀ, ਮੈਨੂੰ ਬਹੁਤ ਆਨੰਦ ਆਇਆ। ਇਹ ਮੰਜਿਲ ਪਾਉਣ ਦੇ ਲਈ ਬਹੁਤ ਸਾਰੀਆਂ ਮੁਸ਼ਕਲਾ ਦਾ ਸਾਹਮਣਾ ਮੈਨੂੰ ਕਰਨਾ ਪਿਆ ਸੀ। ਇਸ ਰਾਹ ਤੇ ਚਲਦੇ ਸਮੇਂ ਮੈਨੂੰ ਅਨੇਕਾਂ ਕੰਡੇ ਲੱਗੇ। ਵੇਦਨਾਵਾਂ ਨਾਲ ਮੈਂ ਤੜ੍ਹਫ ਉੱਠਿਆ। ਠੋਕਰਾ ਖਾ ਕੇ ਮੈਂ ਉਖੜਿਆ। ਜ਼ਖ਼ਮ ਲੱਗੇ। ਦਿਲ ਵਿਚ ਵੇਦਨਾ ਦੀ ਅਸਹਿ ਪੀੜ ਹੋਈ ਸੀ। ਫਿਰ ਵੀ ਮੈਂ ਗੁੰਮਰਾਹ ਨਹੀਂ ਹੋਇਆ। ਹਨੇਰੇ ਵਿਚ ਪ੍ਰਕਾਸ਼ ਕਿਰਨਾ ਨੂੰ ਲੱਭ ਰਿਹਾ ਸੀ।

ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਮੇਰੇ ਮਾਤਾ ਪਿਤਾ ਬਹੁਤ ਹੀ ਗਰੀਬੀ ਵਿਚ ਸੀ। ਰੋਜ਼ ਦੀ ਕਮਾਈ। ਕੰਮ ਕਰਨਾ। ਪਸੀਨਾ ਵਹਾਉਣਾ। ਤਾਂ ਕਿਤੇ ਜਾ ਕੇ ਚਟਨੀ ਨਾਲ ਰੋਟੀ ਨਸੀਬ ਹੁੰਦੀ ਸੀ। ਪਿਤਾ ਜੀ ਨਿੱਤ ਕਰੜੀ ਮਿਹਨਤ ਕਰਦੇ ਸਨ। ਮਾਂ ਬਿਗਾਨੇ ਖੇਤਾਂ ਵਿਚ ਘਾਹ, ਲੱਕੜੀ ਜਾਂ ਹੋਰ ਕੰਮਾਂ ਲਈ ਮਜਦੂਰਨ ਬਣ ਕੇ ਜਾਂਦੀ ਸੀ। ਦੋਵੇਂ ਜਦੋਂ ਕਮਾਉਂਦੇ ਸਨ ਤਾਂ ਕਿਤੇ ਜਾ ਕੇ ਅਸੀਂ ਖਾਂਦੇ-ਪੀਂਦੇ ਸੀ। ਅੱਜ ਰੋਟੀ ਖਾ ਕੇ ਕੱਲ੍ਹ ਦੀ ਫਿਰ ਚਿੰਤਾ ਲੱਗ ਜਾਂਦੀ ਸੀ। ਉਸ ਵਿਚ ਵੀ ਖਾਣ ਵਾਲੇ ਤਿੰਨ ਛੋਟੇ ਭੈਣ ਭਰਾ। ਇਸ ਗਰੀਬੀ ਕਾਰਨ ਘਰ-ਬਾਹਰ ਨੂੰ ਪੂਰੀ ਤਰ੍ਹਾਂ ਜਕੜ ਲਿਆ ਸੀ। ਮਨ ਬੜਾ ਤੜ੍ਹਫ ਰਿਹਾ ਸੀ।

ਮੇਰਾ ਘਰ! ਘਾਹ ਫੂਸ ਦਾ ਘਰ। ਘਰ ਕਾਹਦਾ ਸੀ? ਉਹ ਤਾਂ ਮਹਿਜ ਝੋਪੜੀ ਹੀ ਸੀ। ਪੰਜ ਫੁੱਟ ਦੀਆਂ ਕੰਧਾਂ। ਲਿਫ਼ੇ ਹੋਏ ਬਾਂਸ। ਉਨ੍ਹਾਂ ਉੱਤੇ ਲੱਕੜੀਆਂ ਰੱਖੀਆਂ ਹੋਈਆਂ। ਉਪਰ ਬੇਰੀ ਅਤੇ ਕੇਲੇ ਦੇ ਪੱਤੇ ਵਿਛਾਏ ਹੋਏ ਸਨ। ਸਾਰਿਆਂ ਤੋਂ ਉੱਪਰ ਘਾਹ-ਫੂਸ, ਵਿਚਕਾਰ ਦੋ ਵੱਡੀਆਂ ਲੱਕੜੀਆਂ ਦੀਆਂ ਥੰਮੀਆਂ ਜਿਹੜੀਆਂ ਸਾਰੀ ਛੱਤ ਦਾ ਭਾਰ ਸਾਂਭਦੀਆਂ ਸਨ।

ਘਰ ਵਿਚ ਮਾਤਾ ਪਿਤਾ ਦੀ ਲਚਾਰੀ ਅਤੇ ਗਰੀਬੀ ਨਾਲ ਗ੍ਰਸੀ ਗ੍ਰਹਿਸਤੀ। ਫੁੱਟੇ ਤੇ ਟੁੱਟੇ ਮਿੱਟੀ ਅਤੇ ਸਿਲਵਰ ਦੇ ਭਾਂਢੇ। ਉਸ ਵਿਚ ਵੀ ਅਤਿ ਦੀ ਗਰੀਬੀ ਦਾ ਵਿਖਾਵਾ ਕਰਨ ਵਾਲੇ ਚੀਥੜੇ। ਇਸ ਘਰ ਨੂੰ ਨਿਗਲਣ ਦੇ ਲਈ ਗਰੀਬੀ ਆਪਣਾ ਜਬਾੜਾ ਫੈਲਾਈ ਡਿਊਡੀ ਉੱਤੇ ਬੈਠੀ ਸੀ।

ਇਸ ਗਰੀਬੀ ਦੀ ਅੱਗ ਵਿਚ ਸਾਡਾ ਸਮੁੱਚਾ ਘਰ ਝੁਲਸ ਰਿਹਾ ਸੀ। ਉਸ ਵਿਚ ਮੈਂ ਵੀ ਭੁੱਜਦਾ ਜਾ ਰਿਹਾ ਸੀ। ਫਿਰ ਵੀ ਮੈਂ ਆਪਣੀ ਪੜ੍ਹਾਈ ਦੀ ਜਿੱਦ ਨਹੀਂ ਛੱਡੀ। ਇੰਜੀਨੀਅਰ ਬਣਨ ਦੀ ਮੇਰੀ ਆਸ ਨੂੰ ਮੈਂ ਮਨ ਵਿਚ ਧਾਰੀ ਬੈਠਾ ਸੀ। ਇਸੇ ਲਈ ਮੈਂ ਬਹੁਤ ਮਿਹਨਤ ਕੀਤੀ।

ਮੇਰਾ ਉਦੇਸ਼ ਇੰਜੀਨੀਅਰ ਬਣਨ ਦਾ ਸੀ। ਮੈਂ ਆਪਣਾ ਘਰ ਨਵੀਂ ਨੀਂਹ ਉੱਤੇ ਖੜਾ ਕਰਨਾ ਚਾਹੁੰਦਾ ਸੀ। ਆਪਣੇ ਸਮਾਜ ਦੀ ਪ੍ਰੇਰਨਾ ਸਰੋਤ ਇਕ ਨਵੀਂ ਇਮਾਰਤ ਵੀ ਮੈਂ ਬਣਨਾ ਸੀ। ਮੈਂ ਆਪਣਾ ਪਿੰਡ ਵੀ ਨਵੇਂ ਸਿਰੇ ਤੋਂ ਵਸਾਉਣਾ ਸੀ।

ਇੰਜੀਨੀਅਰ ਨਵੇਂ ਸੰਸਾਰ ਨੂੰ ਬਣਾਉਣ ਵਾਲਾ। ਇਹ ਸੱਚ ਹੈ ਇਸੇ ਲਈ ਮੈਂ ਇੰਜੀਨੀਅਰ ਬਣਨ ਦੀ ਕੋਸ਼ਿਸ਼ ਕੀਤੀ। ਮੇਰੀ ਬਸਤੀ ਪਿੰਡ ਤੋਂ ਦੂਰ। ਦੂਰ ਵੱਖਰੀ-ਵੱਖਰੀ ਸਮਾਜ ਤੋਂ ਟੁੱਟੀ ਹੋਈ! ਪੂਰੇ ਪਿੰਡ ਤੋਂ ਬਾਹਰ। ਸਮਾਜਿਕ ਦ੍ਰਿਸ਼ਟੀ ਤੋਂ ਛੇਕਿਆ ਹੋਇਆ। ਘਰ ਛੇਕਿਆ ਹੋਇਆ। ਮਨੁੱਖ ਵੀ ਸਮਾਜ ਨਾਲੋਂ ਛੇਕੇ ਹੋਏ। ਇਸ ਤਰ੍ਹਾਂ ਦੀ ਬਸਤੀ ਵਿਚ ਮੇਰੇ ਚੌਦਾ-ਪੰਦਰਾ ਸਾਲ ਬੀਤੇ ਸੀ।

ਪਿੰਡ ਵਿਚ ਚੌਥੀ ਜਮਾਤ ਪਾਸ ਕੀਤੀ। ਪੜ੍ਹਾਈ ਦੇ ਲਈ ਬਾਹਰ ਗਿਆ ਅਤੇ ਇੰਜੀਨੀਅਰ ਬਣ ਕੇ

ਹੀ ਰਿਹਾ।

ਇੰਜੀਨੀਅਰ ਬਣਨ ਦੀ ਉਪਾਧੀ ਮਿਲਣ ਤੇ ਮੈਂ ਖ਼ੁਸ਼ੀ ਵਿਚ ਫੁੱਲਿਆ ਨਾ ਸਮਾਇਆ। ਪ੍ਰੀਖਿਆ ਦਾ ਫ਼ਲ ਹੱਥ ਆਉਂਦੇ ਹੀ ਮੈਂ ਖ਼ੁਸ਼ੀ ਵਿਚ ਫੁੱਲਿਆ ਗਿਆ। ਤੇ ਆਪਣੇ ਮਾਤਾ ਪਿਤਾ ਨੂੰ ਚਿੱਠੀ ਲਿਖੀ। ਇਹ ਖ਼ੁਸ਼ੀ ਭਰੀ ਖ਼ਬਰ ਸਾਰਿਆਂ ਤੱਕ ਪਹੁੰਚਾ ਦਿਓ। ਪਿੰਡ ਵਿਚ ਵੀ ਲੱਡੂ ਵੰਡ ਦਿਓ ਜੇ ਐਨਾ ਨਹੀਂ ਕਰਨਾ ਤਾਂ ਘੱਟੋ ਘੱਟ ਖੰਡ ਵੰਡ ਦਿਓ!

ਮੈਂ ਖ਼ੁਸ਼ੀ ਨਾਲ ਇਧਰ ਉਧਰ ਫਿਰ ਰਿਹਾ ਸੀ। ਆਪਣੀ ਮੰਜ਼ਿਲ ਪਾਉਣ ਤੇ ਕਿਸ ਨੂੰ ਖ਼ੁਸ਼ੀ ਨਹੀਂ ਹੁੰਦੀ?

ਮੈਂ ਪਿੰਡ ਜਾਣਾ ਚਾਹੁੰਦਾ ਸੀ। ਆਪਣੇ ਮਾਤਾ ਪਿਤਾ ਨੂੰ ਮਿਲਣਾ ਚਾਹੁੰਦਾ ਸੀ। ਇਸ ਲਈ ਮੈਂ ਕੁਝ ਦਿਨਾਂ ਬਾਅਦ ਪਿੰਡ ਦੀ ਬੱਸ ਵਿਚ ਬੈਠ ਕੇ ਪਿੰਡ ਵੱਲ ਤੁਰ ਪਿਆ।

ਬਸ ਸੜਕ ਉੱਤੇ ਦੌੜਨ ਲੱਗੀ। ਸੋਲਾਪੁਰ ਦੀ ਇਹੀ ਉਹ ਸੜਕ ਹੈ ਜਿਥੇ ਕੁਝ ਦੂਰੀ ਉੱਤੇ ਮੇਰਾ ਆਪਣਾ ਪਿੰਡ ਹੈ। ਉਹ ਪਿੰਡ ਸੜਕ ਛੱਡ ਕੇ ਕੁਝ ਦੂਰੀ ਉੱਤੇ ਵਸਿਆ ਹੋਇਆ ਸੀ।

ਪਿੰਡ ਜਾਂਦੇ ਸਮੇਂ ਮੈਨੂੰ ਬਹੁਤ ਖ਼ੁਸ਼ੀ ਹੋ ਰਹੀ ਸੀ। ਇਸ ਤੋਂ ਪਹਿਲਾਂ ਬਹੁਤ ਵਾਰ ਮੈਂ ਦਿਵਾਲੀ ਅਤੇ ਗਰਮੀ ਦੀਆਂ ਛੁੱਟੀਆਂ 'ਚ ਪਿੰਡ ਜਾਂਦਾ ਸੀ। ਪ੍ਰੰਤੂ ਅੱਜ ਦੀ ਸਥਿਤੀ ਕੁਝ ਵੱਖਰੀ ਤੇ ਨਿਰਾਲੀ ਹੈ।

ਕਿਉਂਕਿ ਪਹਿਲੀ ਵਾਰ ਇੰਜੀਨੀਅਰ ਬਣ ਕੇ ਮੈਂ ਘਰ ਤੇ ਪਿੰਡ ਪਰਤ ਰਿਹਾ ਸੀ। ਮੈਂ ਨੀਲੇ ਰੰਗ ਦੀ ਪੈਂਟ ਪਾ ਰੱਖੀ ਸੀ। ਉਪਰ ਚਿੱਟੀ ਕਮੀਜ਼ ਪਾਈ ਹੋਈ ਸੀ ਅਤੇ ਨਾਲ ਟਾਈ ਵੀ ਲਾਈ ਹੋਈ ਸੀ।

ਪਿੰਡ ਜਾਂਦੇ ਸਮੇਂ ਮੈਂ ਖ਼ੁਸ਼ੀ ਨਾਲ ਝੂਮ ਰਿਹਾ ਸੀ। ਇਕ ਤਰ੍ਹਾਂ ਦਾ ਨਸ਼ਾ ਜਿਹਾ ਆ ਗਿਆ ਸੀ। ਪਿੰਡ ਕਦੋਂ ਪਹੁੰਚਾਗਾ ਅਤੇ ਆਪਣੇ ਮਾਤਾ ਪਿਤਾ ਨੂੰ ਕਦੋਂ ਦੇਖਾਗਾ। ਪਿੰਡ ਵਾਲਿਆਂ ਨਾ ਕਦੋਂ ਮਿਲਾਗਾ। ਇਸ ਤਰ੍ਹਾਂ ਦੇ ਵਿਚਾਰ ਮਨ ਵਿਚ ਉੱਠ ਰਹੇ ਸਨ। ਬਸ ਪੂਰੀ ਰਫ਼ਤਾਰ ਨਾਲ ਅੱਗੇ ਵੱਧ ਰਹੀ ਸੀ। ਪਿੰਡ ਤੱਕ ਪਹੁੰਚਣ ਤੱਕ ਐਸ. ਟੀ. ਨੂੰ ਤਿੰਨ ਘੰਟੇ ਲੱਗੇ।

ਮੈਂ ਸੜਕ ਦੇ ਨੇੜੇ ਉਤਰ ਗਿਆ। ਉਥੋਂ ਨੇੜੇ ਹੀ ਪਿੰਡ ਪੰਜ ਮੀਲ ਦੀ ਦੂਰੀ ਉੱਤੇ ਸੀ। ਹੱਥ ਵਿਚ ਬੈਗ ਚੁੱਕੀ। ਚਾਰੇ ਪਾਸੇ ਨਜ਼ਰ ਫੇਰੀ। ਇਰਦ ਗਿਰਦ ਸਾਰੇ ਪਹਾੜ। ਬੰਜ਼ਰ ਜ਼ਮੀਨ। ਕਿਤੇ ਵੀ ਦਰਖਤ ਜਾਂ ਸੰਘਣੀ ਛਾਂ ਵਾਲਾ ਦਰਖਤ ਨਜ਼ਰ ਨਹੀਂ ਆ ਰਿਹਾ ਸੀ। ਹੁਣ ਇਥੇ ਕਿਉਂ ਠਹਿਰਿਆ ਜਾਵੇ? ਬੈਗ ਲੈ ਕੇ ਪਿੰਡ ਵੱਲ ਚੱਲਣ ਦੀ ਮੈਂ ਸੋਚੀ। ਬਸ ਤੋਂ ਉਤਰੇ ਮੇਰੇ ਨਾਲ ਦੇ ਮੁਸਾਫ਼ਰ ਮੇਰੇ ਵੱਲ ਘੂਰ ਘੂਰ ਕੇ ਵੇਖਣ ਲੱਗੇ। ਉਸ ਵਿਚੋਂ ਕਿਸੇ ਨੇ ਵੀ ਮੈਨੂੰ ਪਹਿਚਾਨਿਆ ਨਹੀਂ।

ਮੈਂ ਸਿੱਧਾ ਬੈਲ ਗੱਡੀ ਦੇ ਰਸਤੇ ਤੁਰ ਪਿਆ। ਬੈਲ ਗੱਡੀ ਦਾ ਰਸਤਾ ਅੱਗੇ ਜਾ ਕੇ ਥੋੜੀ ਦੂਰ ਹੀ ਚੰਗੇ ਰਸਤੇ ਨਾਲ ਜਾ ਮਿਲਿਆ ਸੀ। ਮੈਂ ਪੰਗਡੰਡੀ ਵਿਚੋਂ ਪੁਲਾਘਾਂ ਪੁੱਟਦਾ ਅੱਗੇ ਵੱਧਣ ਲੱਗਾ। ਉਹ ਪਗਡੰਡੀ ਅੱਗੇ ਤੋਂ ਬੈਲਗੱਡੀ ਦੇ ਰਸਤੇ ਤੇ ਜਾ ਮਿਲਦੀ ਸੀ। ਮੇਰੇ ਆਪਣੇ ਪਿੰਡ ਦੇ ਰਸਤੇ ਤੋਂ ਤੁਰਦੇ ਸਮੇਂ ਮੈਨੂੰ ਕਿਨਾ ਸਕੂਨ ਮਿਲ ਰਿਹਾ ਸੀ। ਚਲਦਿਆਂ ਇਧਰ ਉਧਰ ਬੇਰਾਂ ਤੇ ਕੰਡਿਆ ਦੇ ਦਰਖੱਤ ਦਿਖਾਈ ਦੇ ਰਹੇ ਸਨ। ਗਰਮੀ-ਮੀਂਹ ਸਹਿ ਕੇ ਵੀ ਉਹ ਉਂਝ ਹੀ ਖੜੇ ਸੀ। ਬਸੀਮੇ ਤੋਂ ਸਾਹਮਣੇ ਪਿੰਡ ਦਿਖਾਈ ਦੇ ਰਿਹਾ ਸੀ। ਮਾਂ-ਬਾਪ, ਭੈਣ ਭਰਾ ਅੱਖਾਂ ਦੇ ਅੱਗੇ ਆ ਰਹੇ ਸੀ।

ਪਿੰਡ ਪਹੁੰਚਣ ਲਈ ਮਨ ਕਾਹਲਾ ਪੈ ਰਿਹਾ ਸੀ। ਮਨ ਵਿਚ ਬਹੁਤ ਹੀ ਉਤਸੁਕਤਾ ਭਰੀ ਸੀ। ਸੂਰਜ ਢਲ ਰਿਹਾ ਸੀ। ਦਰਖਤਾਂ ਦੀ ਛਾਂ ਲੰਮੀ ਹੋ ਰਹੀ ਸੀ। ਮੈਂ ਆਪਣੇ ਕਦਮ ਤੇਜ਼ ਕਰ ਦਿੱਤੇ। ਪਿੰਡ ਦੀ ਪੰਗਡੰਡੀ ਪਿੱਛੇ ਰਹਿ ਰਹੀ ਸੀ। ਸਾਹਮਣੇ ਦੇਖਦੇ ਹੋਏ ਕਦਮ ਤੇਜ਼ ਹੋ ਰਹੇ ਸਨ। ਮੇਰੀ ਨਜ਼ਰ ਪਿੰਡ ਵੱਲ ਸੀ। ਸੂਰਜ ਧਰਤੀ ਵੱਲ ਝੁਕਿਆ ਹੋਇਆ ਸੀ।

ਮੈਂ ਆਪਣੇ ਕਦਮ ਤੇਜ਼ ਕਰ ਦਿੱਤੇ। ਉਤਸਾਹ ਅਤੇ ਚਾਹਤ ਨਾਲ ਪੈਰ ਹੋਰ ਵੀ ਕਾਹਲੀ ਹੋ ਗਏ।



ਨਾਲਾ ਆਇਆ ਤੇ ਗਿਆ। ਉਸ ਤੋਂ ਅੱਗੋਂ ਦੀ ਚੜ੍ਹਾਈ ਵੀ ਉਤਰ ਗਈ।

ਹੁਣ ਪਿੰਡ ਦੇ ਦਰੱਖਤਾਂ ਦਾ ਜ਼ੰਗਲ ਦਿਖਾਈ ਦਿੱਤਾ। ਦਰੱਖਤਾਂ ਦਾ ਝੁੰਡ ਦੇਖਦਿਆਂ ਹੀ ਮੇਰੇ ਦਿਲ ਵਿਚ ਹੈਰਾਨੀ ਦੀ ਤਾਰ ਫਿਰ ਗਈ।

ਮਨ ਵਿਚ ਉਤਸੁਕਤਾ ਜਾਗ ਪਈ। ਢਲਦੇ ਸੂਰਜ ਦੀਆਂ ਪੀਲੀਆਂ ਕਿਰਨਾਂ ਨਾਲ ਪੂਰੇ ਪਿੰਡ ਦੇ ਮਕਾਨ ਚਮਕ ਉੱਠੇ। ਸੂਰਜ ਢਲ ਰਿਹਾ ਸੀ।

ਪੰਛੀ ਆਪਣੇ ਆਲ੍ਹਣਿਆਂ ਵੱਲ ਪਰਤ ਰਹੇ ਸਨ। ਜੰਗਲ ਵਿਚ ਜਾਨਵਰ ਪਰਤ ਰਹੇ ਸਨ। ਆਪਣੇ ਵੱਛਿਆਂ ਨੂੰ ਮਿਲਣ ਦੇ ਲਈ ਗਾਂ ਰੰਭ ਰਹੀ ਸੀ। ਭੇਡ-ਬੱਕਰੀਆਂ ਦੀ ਵੀ ਉਹੀ ਸਥਿਤੀ ਸੀ। ਗਵਾਲੇ ਉਸ ਦੇ ਪਿੱਛੇ ਚੱਲ ਰਹੇ ਸੀ। ਖੇਤਾਂ ਵਿਚ ਕੰਮ ਕਰਨ ਵਾਲੀਆਂ ਮਜ਼ਦੂਰ ਔਰਤਾਂ ਆਪਣੇ ਬੱਚਿਆਂ ਨੂੰ ਗੋਦੀ ਚੁੱਕੀ ਆਪਣੇ ਘਰਾਂ ਨੂੰ ਪਰਤ ਰਹੀਆਂ ਸਨ।

ਮੈਂ ਵੀ ਉਨ੍ਹਾਂ ਦਾ ਸਾਥੀ ਸੀ। ਹਰ ਇਕ ਦੀ ਰਾਹ ਵੱਖਰੀ ਵੱਖਰੀ ਬਣ ਗਈ। ਮੈਂ ਆਪਣੀ ਬਸਤੀ ਵੱਲ ਹਮੇਸ਼ਾਂ ਵਾਂਗ ਤੁਰਿਆ ਜਾ ਰਿਹਾ ਸੀ।

ਬਸਤੀ ਦੇ ਮੋਹਰੇ ਇਕ ਪੁਰਾਣੇ ਬੋਹੜ ਦਾ ਦਰੱਖਤ ਸੀ। ਗਰਮੀ ਤੇ ਮੀਂਹ ਸਹਿੰਦਾ ਆ ਰਿਹਾ ਸੀ। ਉਸ ਦੀਆਂ ਜੜ੍ਹਾਂ ਉਪਰੋਂ ਹੇਠਾਂ ਨੂੰ ਆ ਕੇ ਜ਼ਮੀਨ ਨਾਲ ਲੱਗੀਆਂ ਹੋਈਆਂ ਸਨ। ਜਿਵੇਂ ਉਸ ਦੀ ਦਾੜ੍ਹੀ ਜ਼ਮੀਨ ਵਿਚ ਧਸ ਕੇ ਉਸ ਨੂੰ ਸਹਾਰਾ ਦੇ ਰਹੀ ਹੋਵੇ।

ਉਸ ਬੋਹੜ ਦੇ ਦਰੱਖਤ ਉੱਤੇ ਰਾਤ ਨੂੰ ਉਡਨ ਵਾਲੇ ਉੱਲੂਆਂ ਅਤੇ ਚਮਗਿੱਦੜਾ ਦੀ ਭਰਮਾਰ ਸੀ। ਕਾਵਾਂ ਦੇ ਆਲ੍ਹਣੇ ਸਨ। ਚਿੜੀਆਂ ਅਤੇ ਤੋਤਿਆਂ ਆਲ੍ਹਣੇ ਸਨ। ਉਨ੍ਹਾਂ ਸਾਰਿਆਂ ਦੀ ਅਵਾਜ਼ ਇਕ ਦੂਜੇ ਵਿਚ ਘੁਲ-ਮਿਲ ਗਈ ਸੀ।

ਬੋਹੜ ਦੇ ਥੱਲੇ ਦੀ ਲੰਘਦੇ ਰਸਤੇ ਥਾਣੀਂ ਮੈਂ ਪਿੰਡ ਵੱਲ ਮੁੜਿਆ। ਮੈਂ ਪਿੰਡ ਵਿਚ ਪੈਰ ਰੱਖਿਆ। ਉਸ ਵੇਲੇ ਮੇਰਾ ਮਨ ਕਿੰਨਾ ਪ੍ਰਸੰਨ ਸੀ। ਸੀਨਾ ਤਾਣੀ ਗਰਦਨ ਤਾਣੀ ਮੈਂ ਤੁਰ ਰਿਹਾ ਸੀ।

ਪਿੰਡ ਦਾ ਪੁਰਾਣਾ ਥੜਾ ਢਹਿ ਗਿਆ ਸੀ। ਪਿੰਡ ਵਾਲਿਆਂ ਨੇ ਥੋੜ੍ਹੀ ਮੁਰੰਮਤ ਕੀਤੀ ਸੀ। ਉਥੇ ਮੈਨੂੰ ਦੋ ਬੰਦੇ ਮਿਲੇ। ਉਨ੍ਹਾਂ ਵੱਲ ਮੈਂ ਮੂੰਹ ਵਿਚ ਹੱਸਦਿਆਂ ਹੋਇਆ ਦੇਖਿਆ। ਉਨ੍ਹਾਂ ਨੇ ਪਰਦੇਸ਼ੀ ਵਾਂਗ ਮੈਨੂੰ ਦੇਖਿਆ। ਉਹ ਕੀ ਬੁੜਬੁੜਾਏ ਮੈਨੂੰ ਨਹੀਂ ਪਤਾ।

ਮੈਂ ਅੱਗੇ ਵੱਲ ਤੁਰ ਪਿਆ। ਪਿੰਡ ਵਿਚ ਪੁਰਾਣੇ ਬਾੜੇ ਢਹਿ ਗਏ ਸਨ। ਉਨ੍ਹਾਂ ਦੇ ਖੰਡਰ ਬਣ ਚੁੱਕੇ ਸਨ। ਉਨ੍ਹਾਂ ਵਿਚ ਧੂੜ ਉਡ ਰਹੀ ਸੀ। ਕਿਤਿਓਂ ਗੰਦੀ ਬੋਅ ਆ ਰਹੀ ਸੀ।

ਉਸ ਖੰਡਰ ਦੇ ਬਿਲਕੁਲ ਨਾਲ ਲੱਗਦਾ ਇਕ ਘਰ ਸੀ। ਘਰ ਦੇ ਬੂਹੇ ਤੋਂ ਬੰਦੇ ਮੇਰੇ ਵੱਲ ਵੇਖ ਰਹੇ ਸੀ। ਉਨ੍ਹਾਂ ਨੂੰ ਪਿੰਡ ਵਿਚ ਮੈਂ ਨਵਾਂ ਲੱਗ ਰਿਹਾ ਸੀ। ਅਗਲੇ ਬੂਹੇ ਤੇ ਖੜੀਆਂ ਔਰਤਾਂ ਮੈਨੂੰ ਗਹਿਰੀ ਨਜ਼ਰ ਨਾਲ ਵੇਖ ਰਹੀਆਂ ਸਨ। ਮੈਂ ਉਨ੍ਹਾਂ ਤੋਂ ਚਾਰ ਕਦਮ ਅੱਗੇ ਵਧਿਆ ਹੀ ਸੀ ਕਿ ਉਨ੍ਹਾਂ ਵਿਚੋਂ ਇਕ ਉੱਲੂ ਦੇ ਵਾਂਗ ਬੋਲ ਉੱਠੀ, "ਨੀਂ ਇਹ ਤਾਂ ਸ਼ਿਵਾ ਘੇੜ ਦਾ ਮੁੰਡਾ ਏ।"

"ਆਨੰਦਿਆ! ਉਹ ਜਿਹੜਾ ਪੜ੍ਹ ਰਿਹਾ ਹੈ?"

ਉਸ ਖੰਡਰ ਦੇ ਨੇੜੇ ਖੜੀਆਂ ਔਰਤਾਂ ਦੇ ਸ਼ਬਦ ਮੇਰੇ ਕਲੇਜੇ ਨੂੰ ਚੀਰ ਗਏ ਸਨ। ਮੇਰੇ ਮਨ ਨੂੰ ਬਹੁਤ ਪੀੜ ਹੋਈ। ਯਕਦਮ ਉਦੋਂ ਹੀ ਪਿੱਛੇ ਮੁੜ ਕੇ ਮੈਂ ਉਨ੍ਹਾਂ ਔਰਤਾਂ ਨੂੰ ਗੁੱਸੇ ਨਾਲ ਕਿਹਾ, "ਏ ਬੁੜੀਓ! ਸ਼ਿਵ ਹੁਣ ਘੇੜ ਨਹੀਂ ਹੈ। ਉਹ ਹੁਣ ਬੋਧੀ ਬਣ ਗਿਆ ਹੈ, ਸਮਝੀਆਂ ਕਿ ਨਹੀਂ?"

ਉਹ ਕਹਿ ਰਹੀਆਂ ਸਨ, ਸਮਝੀਆਂ। ਸਮਝੀਆਂ। ਅਤੇ ਉਨ੍ਹਾਂ ਦਾ ਮੁੰਡਾ ਇਹ ਆਨੰਦ ਹੁਣ ਇੰਜੀਨੀਅਰ ਬਣ ਗਿਆ ਹੈ। ਹੋਵੇਗਾ! ਇਸ ਨਾਲ ਕਿਹੜੀ ਉਹਦੀ ਜਾਤ ਖਤਮ ਹੋ ਗਈ।"

"ਇਹ ਜਾਤ-ਪਾਤ ਕੀ ਏ?"

ਮੈਨੂੰ ਇੰਝ ਲੱਗਾ ਉਨ੍ਹਾਂ ਦੇ ਕੰਨਾਂ ਕੇ ਕੋਲ ਜਾ ਕੇ ਜੋਰ ਜੋਰ ਨਾਲ ਚੀਕ ਕੇ ਕਹਾਂ ਏ ਬੁਝੀਓ! ਧੰਮ ਨੂੰ ਸਵੀਕਾਰ ਕਰਨ ਨਾਲ ਜਾਤ ਪਾਤ ਨਸ਼ਟ ਹੋ ਜਾਂਦੀ ਹੈ। ਪ੍ਰੰਤੂ ਇਨ੍ਹਾਂ ਪੱਥਰਾ ਨੂੰ ਕੀ ਕਹਿਣਾ ਹੈ? ਕੀ ਦੱਸਣਾ ਹੈ?

ਪੱਥਰ ਪੱਥਰ ਹੀ ਹੁੰਦੇ ਹਨ।

ਫਿਰ ਵੀ ਮੈਂ ਜ਼ਖ਼ਮੀ ਹੋਇਆ ਸ਼ਰਮ ਦਾ ਮਾਰਿਆ ਗਰਦਨ ਉੱਚੀ ਕਰੀ ਆਪਣੇ ਰਾਹ ਉੱਤੇ ਚਲ ਰਿਹਾ ਸੀ। ਮੈਨੂੰ ਲੱਗਾ ਸੀ ਮੇਰੇ ਇੰਜੀਨੀਅਰ ਪਾਸ ਹੋਣ ਦੀ ਖ਼ਬਰ ਪੂਰੇ ਪਿੰਡ ਵਿਚ ਫੈਲ ਗਈ ਹੋਵੇਗੀ। ਘਰਾਂ ਮੋਹਰੇ ਖੜੇ ਲੋਕ ਹੱਸਦੇ ਹੋਏ ਮੇਰਾ ਮਿੱਠੇ ਸ਼ਬਦਾਂ ਨਾਲ ਸਵਾਗਤ ਕਰਨਗੇ।

ਪ੍ਰੰਤੂ ਹਰ ਦਰਵਾਜ਼ੇ ਉੱਤੇ ਆਦਮੀ ਮੈਨੂੰ ਪੱਥਰ ਦੇ ਖੰਬੇ ਵਾਂਗ ਲੱਗ ਰਿਹਾ ਸੀ। ਮੈਨੂੰ ਦੇਖਦੇ ਹੀ ਇਕ ਤਰ੍ਹਾਂ ਮੁਰਦੇਹਾਣੀ ਉਸ ਦੇ ਚਿਹਰੇ 'ਤੇ ਫੈਲ ਜਾਂਦੀ। ਮੈਨੂੰ ਲੱਗਾ ਸ਼ਬਰੇ ਪਿੰਡ ਵਿਚ ਕੋਈ ਮਰ ਗਿਆ ਹੈ। ਫਿਰ ਹਰ ਆਦਮੀ ਦੇ ਚਿਹਰੇ ਉੱਤੇ ਇਸ ਤਰ੍ਹਾਂ ਦੀ ਮਰੀ ਹੋਈ ਖਮੋਸ਼ੀ ਕਿਓ ਹੈ। ਮੈਂ ਉਸੇ ਤਰ੍ਹਾਂ ਆਪਣੇ ਰਸਤੇ ਉੱਤੇ ਚਲ ਰਿਹਾ ਸੀ। ਅੱਗੇ ਪਿੰਡ ਦੀ ਪੰਚਾਇਤ ਦਿਖਾਈ ਦਿੱਤੀ। ਪੁਰਾਣੀ ਚਮਾਹਲੜੀ ਉੱਤੇ 'ਸਮਾਜ-ਮੰਦਿਰ' ਨਾਂ ਦਾ ਬੋਰਡ ਲੱਗਾ ਸੀ। ਉਸਦੇ ਚਬੂਤਰੇ ਉੱਤੇ ਕੁਝ ਬੰਦੇ ਦਿਸੇ। ਉਨ੍ਹਾਂ ਨੂੰ ਮੈਂ ਪਛਾਣਿਆ। ਉਨ੍ਹਾਂ ਵਿਚ ਪੁਰਾਣਾ ਪਟੇਲ ਸੀ। ਹੁਣ ਉਹ ਨਵਾਂ ਸਰਪੰਚ ਬਣ ਗਿਆ ਸੀ। ਸਾਰੇ ਲੋਕ ਪੁਰਾਣੇ ਸਨ ਪਰ ਹੁਣ ਲੇਬਲ ਨਵਾਂ ਸੀ।

ਜਿਹੜੇ ਉੱਥੇ ਬੈਠੇ ਸੀ, ਉਨ੍ਹਾਂ ਨੇ ਧਿਆਨ ਨਾਲ ਦੇਖਿਆ। ਉਨ੍ਹਾਂ ਵਿਚੋਂ ਕੁਝ ਪਛਾਣ ਵਿਚ ਆ ਗਏ। ਉਨ੍ਹਾਂ ਵੱਲ ਵੇਖ ਕੇ ਮੈਂ ਹੱਸਿਆ। ਮੈਨੂੰ ਲੱਗਾ ਠੀਕ ਉਸੇ ਤਰ੍ਹਾਂ ਹੱਸਦਿਆਂ ਹੋਇਆ ਮੇਰਾ ਮਿੱਠੇ ਸ਼ਬਦਾਂ ਨਾਲ ਸਵਾਗਤ ਕਰਨਗੇ। ਪ੍ਰੰਤੂ ਉਲਟਾ ਉਸਦੇ ਮੱਥੇ ਉੱਤੇ ਮੈਨੂੰ ਮੋਹ ਹੀਣਤਾ ਤੇ ਨਫ਼ਰਤ ਦਿਖਾਈ ਦਿੱਤੀ। ਮੇਰੇ ਪੈਰਾਂ ਦੇ ਬੂਟਾਂ ਦੀ ਆਵਾਜ਼ ਤੋਂ ਉਹ ਚੇਤੰਨ ਹੋ ਗਏ ਸਨ।

ਉਨ੍ਹਾਂ ਦੀ ਨਫ਼ਰਤ ਅਤੇ ਹੈਰਾਨੀ ਭਰੀਆਂ ਅੱਖਾਂ ਮੇਰੇ ਵੱਲ ਸਨ। ਉਹਨਾਂ ਨੂੰ ਲੱਗਾ ਜਿਵੇਂ ਮੈਂ ਸੂਟ-ਬੂਟ ਪਾ ਕੇ ਉਨ੍ਹਾਂ ਦੇ ਸੀਨੇ ਨੂੰ ਮਸਲਦਾ ਜਾ ਰਿਹਾ ਹਾਂ। ਉਹ ਦੋਸ਼ਪੂਰਨ ਦ੍ਰਿਸ਼ਟੀ ਬੁੱਧੀ ਨਾਲ ਮੈਨੂੰ ਵੇਖ ਰਹੇ ਸਨ। ਬੂਟਾਂ ਨਾਲ ਖੜ ਖੜ ਦੀ ਆਵਾਜ਼ ਨਿਕਲ ਰਹੀ ਸੀ। ਏਨੇ ਨੂੰ ਇਕ ਬੰਦਾ ਮੇਰੇ ਮੋਹਰੇ ਆ ਗਿਆ। ਉਸ ਨੂੰ ਕੀ ਮਹਿਸੂਸ ਹੋਇਆ ਮੇਰੀ ਸਮਝ ਵਿਚ ਨਹੀਂ ਆਇਆ। ਉਹ ਖੜਾ ਰਿਹਾ। ਆਪਣੇ ਦੋਵੇਂ ਹੱਥ ਜੋੜ ਕੇ ਉਸ ਨੇ ਮੈਨੂੰ ਨਮਸਤੇ ਕਰਕੇ ਕਿਹਾ, ਸਾਹਿਬ ਤੁਸੀਂ ਕਿੱਥੇ ਜਾ ਰਹੇ ਹੋ? ਇਥੇ ਤਾਂ ਪਿੰਡ ਦੀ ਪੰਚਾਇਤ ਹੈ।" ਸਾਇਦ ਉਸ ਨੇ ਮੈਨੂੰ ਪਛਾਣਿਆ ਨਹੀਂ ਸੀ। ਏਨੇ ਨੂੰ ਇਕ ਨੇ ਮੈਨੂੰ ਪਛਾਣ ਲਿਆ। ਉਹ ਜੋਰ ਜ਼ੋਰ ਨਾਲ ਚੀਕਿਆ, "ਉਏ ਗਧੇ ! ਤੂੰ ਕਿਸ ਅੱਗੇ ਹੱਥ ਜੋੜ ਰਿਹਾਂ ਏਂ!"

"ਕਿਉਂ, ਇਹ ਸਾਹਿਬ ਪੁੱਛ ਪੜਤਾਲ ਲਈ ਆਏ ਹੋਏ ਹਨ।"

"ਉਏ ਤੂੰ ਕਿਸ ਨੂੰ ਸਾਹਿਬ ਬਣਾ ਰਿਹਾਂ ਏਂ।"

"ਫਿਰ ਇਹ ਕੌਣ ਹੈ?"

ਉਹ ਇਹ ਸ਼ਿਵ ਦਾ ਮੁੰਡਾ ਏ।" ਏਨਾ ਸੁਣਦੇ ਹੀ ਉਹ ਹੱਥ ਜੋੜਨ ਵਾਲਾ ਝੇਂਪ ਖਾ ਗਿਆ ਜਿਵੇਂ ਕਿਸੇ ਨੇ ਮੂੰਹ ਉੱਤੇ ਜ਼ੋਰ ਨਾਲ ਥੱਪੜ ਜੜ ਦਿੱਤਾ ਹੋਵੇ ਅਜਿਹਾ ਉਸ ਦਾ ਚਿਹਰਾ ਬਣ ਗਿਆ ਸੀ। ਇਸ ਲਈ ਉਹ ਮੇਰੇ ਉੱਤੇ ਆਪਣਾ ਗੁੱਸਾ ਕੱਢਣ ਲੱਗਾ, "ਕਿਉਂ ਉਏ! ਤੂੰ ਬੂਟ ਪਾ ਕੇ ਸਾਡੇ ਸੀਨੇ ਉੱਤੇ ਚਲ ਰਿਹਾ ਏਂ ਕੀ? ਕੁਝ ਵਧੇਰੇ ਹੀ ਚੜ੍ਹ ਗਈ ਹੈ ਕੀ?"

ਉਸਦੇ ਸ਼ਬਦ ਮੈਨੂੰ ਕਟਾਰ ਵਾਂਗ ਲੱਗੇ। ਪਿੰਡ ਵਿਚ ਪੈਰ ਰੱਖਦਿਆਂ ਹੀ ਇਨ੍ਹਾਂ ਲੋਕਾਂ ਦੇ ਸ਼ਬਦਾਂ ਦੇ ਤੀਰ ਮੇਰੇ ਕਾਲਜੇ ਨੂੰ ਚੀਰ ਰਹੇ ਸਨ। ਉਨ੍ਹਾਂ ਜ਼ਖ਼ਮਾਂ ਨਾਲ ਮੇਰਾ ਦਿਲ ਕੰਬ ਰਿਹਾ ਸੀ। ਮੈਂ ਗੁੱਸੇ ਨਾਲ ਆਪੇ ਤੋਂ ਬਾਹਰ ਹੋ ਗਿਆ। ਮੈਂ ਤੁਰੰਤ ਉਤਰ ਦਿੱਤਾ, "ਮੈਂ ਕਿਸੇ ਦੇ ਪਿਓ ਤੋਂ ਡਰਦਾ ਨਹੀਂ ਹਾਂ?" ਗੁੱਸੇ ਨਾਲ ਮਨ ਦਾ ਗੁਬਾਰ ਬਾਹਰ ਕੱਢ ਮੈਂ ਬੂਟਾ ਨੂੰ ਜ਼ਮੀਨ 'ਤੇ ਜ਼ੋਰ ਨਾਲ ਮਾਰਦਾ ਅੱਗੇ ਵੱਧ ਗਿਆ। ਹਨੇਰਾ ਵਧ ਰਿਹਾ ਸੀ। ਪੂਰਬ ਦਿਸ਼ਾ ਦੇ ਵੱਲ ਦੀ ਸੀਮਾ ਮੈਂ ਲੰਘ ਆਇਆ। ਮੇਰੀ ਬਸਤੀ ਮੈਨੂੰ ਦਿਖਾਈ ਦੇਣ ਲੱਗ ਪਈ। ਮੇਰੇ ਦਿਲ ਵਿਚ ਇਕ ਵਾਰ ਫਿਰ ਖੁਸ਼ੀ ਦੀ ਲਹਿਰ ਦੌੜ ਗਈ। ਚਲਦੇ ਚਲਦੇ ਮੇਰੇ ਦਿਲ ਵਿਚ ਫਿਰ ਖੁਸ਼ੀ ਦਾ ਹੁਲਾਰਾ ਉੱਠਿਆ। ਮੇਰੇ ਪਿਤਾ ਜੀ ਮੈਨੂੰ ਦੇਖਦੇ ਹੀ ਸਾਹਮਣੇ ਆਉਣਗੇ। ਮੈਂ ਉਨ੍ਹਾਂ ਨੂੰ ਕਹਾਂਗਾ, "ਪਿਤਾ ਜੀ ਮੈਂ ਇੰਜੀਨੀਅਰ ਦੀ ਪ੍ਰੀਖਿਆ ਪਾਸ ਕੀਤਾ।" ਇਹ ਸੁਣ ਕੇ ਉਹ ਮੇਰੀ ਪਿੱਠ ਤੇ ਪਿਆਰ ਨਾਲ ਹੱਥ ਫੇਰਨਗੇ। ਆਪਣੇ ਦੁੱਖਾਂ ਦਾ ਫ਼ਲ ਮਿਲ ਗਿਆ ਇਸ ਅਹਿਸਾਸ ਨਾਲ ਖੁਸ਼ ਹੋ ਜਾਣਗੇ।

ਮੇਰੀ ਮਾਂ ਮਮਤਾ ਨਾਲ ਹੀ ਮੈਨੂੰ ਗਲੇ ਲਗਾ ਲਵੇਗੀ ਅਤੇ ਕਹੇਗੀ, "ਆਨੰਦ ਤੂੰ ਬਹੁਤ ਲਿੱਸਾ ਹੋ ਗਿਆ ਏਂ।" ਫਿਰ ਕੁਝ ਮਿੱਠੀ ਚੀਜ ਖਵਾਏਗੀ। ਬਰਾਦਰੀ ਦੇ ਲੋਕ ਕਹਿਣਗੇ, ਮੁੰਡੇ ਨੇ ਆਪਣਾ ਨਾਂ ਰੋਸ਼ਨ ਕਰ ਦਿੱਤਾ ਹੈ। ਬਹੁਤ ਚੰਗਾ ਹੋਇਆ। ਮੈਂ ਤੁਰ ਰਿਹਾ ਸੀ ਇਨ੍ਹਾਂ ਵਿਚਾਰਾ ਦੀ ਲੜੀ ਮੇਰੇ ਮਨ ਵਿਚ ਜੁੜ ਰਹੀ ਸੀ। ਇਨ੍ਹਾਂ ਵਿਚਾਰਾ ਕਾਰਨ ਮੈਂ ਤੇਜੀ ਨਾਲ ਤੁਰਨ ਲੱਗਾ। ਸਾਡੀ ਬਰਾਦਰੀ ਦੀ ਬਸਤੀ ਉਦਾਸ ਦਿਖਾਈ ਦੇ ਰਹੀ ਸੀ। ਬੋਧੀਆਂ ਦੀ ਬਸਤੀ ਠੰਢੀ ਦਿਖਾਈ ਦੇ ਰਹੀ ਸੀ। ਮੇਰਾ ਇਕ ਵੀ ਸਾਥੀ ਦਿਖਾਈ ਨਹੀਂ ਦੇ ਰਿਹਾ ਸੀ। ਅਜਿਹਾ ਕਿਓਂ? ਮੇਰੇ ਮਨ ਤੇ ਦਿਮਾਗ ਵਿਚ ਤੂਫਾਨ ਉੱਠਣ ਲੱਗਾ। ਮੈਂ ਸਿੱਧਾ ਆਪਣੀ ਬਰਾਦਰੀ ਦੇ ਚਬੂਤਰੇ ਉੱਤੇ ਗਿਆ। ਉਥੇ ਕੋਈ ਵੀ ਨਹੀਂ ਸੀ। ਘਰ ਪਹੁੰਚਿਆ। ਉਥੇ ਵੀ ਕੋਈ ਨਹੀਂ ਸੀ। ਘਰ ਵਿਚ ਜਿੰਦਾ ਲੱਗਾ ਹੋਇਆ ਸੀ।

ਮੇਰਾ ਮਨ ਡਰ ਨਾਲ ਕੰਬਣ ਲੱਗਾ। ਸਵਾਲਾ ਦਾ ਢੇਰ ਅੱਗੇ ਆ ਖੜਾ। ਹੱਥ ਵਿਚ ਸੂਟ ਕੇਸ ਸੀ। ਬੋਧ ਬਸਤੀ ਦੇ ਘਰ ਮੈਂ ਵੇਖ ਰਿਹਾ ਸੀ। ਪਰ ਸਾਰੇ ਘਰਾਂ ਦੇ ਖਿੜਕ ਬੰਦ ਸਨ। ਉਨ੍ਹਾਂ ਨੂੰ ਜਿੰਦੇ ਲੱਗੇ ਹੋਏ ਸਨ। ਬੋਧੀਆਂ ਦੀ ਬਸਤੀ ਜਿੰਦ ਹੀਣ ਮਰੀ ਹੋਈ ਲੱਗ ਰਹੀ ਸੀ।

ਹਨੇਰਾ ਵਧਦਾ ਜਾ ਰਿਹਾ ਸੀ। ਮੇਰੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ। ਮਨ ਵਿਚ ਸ਼ੱਕ ਪੈਦਾ ਹੋਇਆ। ਦਿਮਾਗ਼ ਵਿਚ ਸਵਾਲਾ ਦਾ ਤੂਫਾਨ ਉੱਠਣ ਲੱਗਾ। ਮੈਂ ਪਰਤ ਕੇ ਬਰਾਦਰੀ ਦੇ ਚਬੂਤਰੇ ਉੱਤੇ ਆ ਗਿਆ। ਹਨੇਰਾ ਹੋਰ ਵੱਧ ਗਿਆ ਸੀ। ਐਨੇ ਨੂੰ ਸਾਹਮਣੇ ਤੋਂ ਇਕ ਆਦਮੀ ਆਉਂਦਾ ਵੇਖ ਮੈਂ ਆਵਾਜ਼ ਮਾਰੀ, "ਕੌਣ?"

"ਮੈਂ ਪਿੰਡ ਦਾ ਚੌਂਕੀਦਾਰ ਹਾਂ।"

ਮੈਂ ਉਸ ਨੂੰ ਫਿਰ ਪੁੱਛਿਆ, "ਇਸ ਬਸਤੀ ਵਿਚੋਂ ਇਕ ਵੀ ਆਦਮੀ ਨਹੀਂ ਹੈ?"

"ਕੌਣ ਹੋਵੇਗਾ?"

"ਕਿਉਂ?" ਮੇਰਾ ਸਵਾਲ ਸੀ।

"ਉਏ ਭਰਾਵਾ! ਇਨ੍ਹਾਂ ਲੋਕਾਂ ਦਾ ਪਿੰਡ ਵਾਲਿਆਂ ਨੇ ਬਾਈਕਾਟ ਕਰ ਦਿੱਤਾ ਹੈ।" ਮੇਰਾ ਕਾਲਜਾ ਮੂੰਹ ਨੂੰ ਆ ਗਿਆ।

"ਬਾਈਕਾਟ! ਕੀ ਕਾਰਨ ਹੈ?"

"ਇਸ ਲਈ ਕਿ ਇਹ ਲੋਕ ਪਿੰਡ ਵਾਲਿਆਂ ਦੇ ਘਟੀਆਂ ਤੇ ਨੀਚ ਕੰਮ ਕਰਨਾ ਨਹੀਂ ਚਾਹੁੰਦੇ ਸੀ।"

"ਅਜਿਹਾ ਕਿਉਂ?"

ਮੇਰਾ ਮਨ ਦਸ ਦਿਸ਼ਾਵਾਂ ਵਿਚ ਭਟਕ ਗਿਆ। ਮੈਂ ਹੋਰ ਸਵਾਲ ਕੀਤੇ, "ਉਹ ਕਿੱਥੇ ਗਏ?"

"ਮੈਂ ਕੀ ਦੱਸ ਸਕਦਾ ਹਾਂ। ਜਿਧਰ ਰਸਤਾ ਦਿਖਾਈ ਦਿੱਤਾ ਤੁਰ ਪਏ ਹੋਣਗੇ।" ਇਕ ਭਿਆਨਿਕ ਚਿੰਤਾ ਨੇ ਮੈਨੂੰ ਘੇਰ ਲਿਆ।

"ਕਿੰਨੇ ਦਿਨ ਹੋਏ?"

"ਸਾਇਦ ਦੋ ਜਾਂ ਤਿੰਨ ਦਿਨ।"

ਮੈਂ ਗੁੱਸੇ ਵਿਚ ਮਚਣ ਲੱਗਾ। ਫਿਰ ਤੋਂ ਚਿੰਤਾ ਹੋਣ ਲੱਗੀ। ਹੁਣ ਅੱਗੇ ਕੀ ਕਰੀਏ? ਠਾਣਾ ਜਾਂ ਆਪਣੇ ਲੋਕ? ਇਸ ਸੋਚ ਵਿਚ ਮੈਂ ਡੁੱਬ ਗਿਆ ਸੀ ਕਿ ਪਹਿਰੇਦਾਰ ਪੁੱਛ ਬੈਠਾ, "ਤੁਸੀਂ ਕੌਣ ਹੋ?"

"ਮੈਂ ਸਿਵਾ ਦਾ ਮੁੰਡਾ ਹਾਂ।"

"ਅੱਛਾ ਜੀ।"

"ਪੁੱਤਰ ਕਿਸ ਤਰ੍ਹਾਂ ਹੋਇਆ ਇਹ ਸਭ ਕੁਝ।"

ਏਨਾ ਕਹਿ ਕੇ ਉਹ ਉਥੋਂ ਤੁਰ ਪਿਆ। ਮੈਂ ਵੀ ਹਨੇਰੇ ਤੋਂ ਨਿਕਲ ਕੇ ਰਸਤੇ ਵੱਲ ਪਰਤ ਗਿਆ। ਰਸਤੇ ਵਿਚ ਹਨੇਰਾ ਹੀ ਹਨੇਰਾ ਸੀ। ਮੈਂ ਰਸਤੇ ਵਿਚ ਆਇਆ। ਹਨੇਰੇ ਵਿਚ ਹੀ ਇਕ ਆਦਮੀ ਨੇ ਮੈਨੂੰ ਪੁੱਛਿਆ, "ਕੌਣ ਏ ਤੂੰ?"

"ਮੈਂ ਸ਼ਿਵ ਦਾ ਮੁੰਡਾ ਹਾਂ, ਇੰਜੀਨੀਅਰ। ਤੁਸੀਂ ਕੌਣ?"

"ਮੈਂ ਵੀ ਇਸ ਪਿੰਡ ਦਾ ਹਾਂ। ਪ੍ਰੰਤੂ ਦੂਜੇ ਪਿੰਡ ਦਾ ਡਾਕੀਆ ਹਾਂ।" ਉਤਰ ਦੇ ਨਾਲ ਉਹ ਪੁੱਛ ਬੈਠਾ, "ਤੁਸੀਂ ਹੁਣ ਹਨੇਰੇ ਵਿਚ ਕਿੱਥੇ ਜਾ ਰਹੇ ਹੋ?"

"ਮੈਂ ਨਵੇਂ ਪਿੰਡ ਨੂੰ ਲੱਭਣ ਜਾ ਰਿਹਾ ਹਾਂ।"

ਪ੍ਰੰਤੂ ਆਪਣਾ ਪਿੰਡ ਛੱਡ ਕੇ ! ਕਿਉਂ?"

"ਇਹ ਮੇਰਾ ਪਿੰਡ ਨਹੀਂ ਹੈ। ਇਹ ਸਾਡਾ ਪਿੰਡ ਨਹੀਂ ਹੈ। ਇਹ ਪਿੰਡ ਹੈ ਉਨ੍ਹਾਂ ਰੂੜੀਵਾਦੀ ਉੱਚੀ ਜਾਤੀ ਵਾਲੇ ਬ੍ਰਾਹਮਣ ਲੋਕਾਂ ਦਾ, ਸੜੇ-ਗਲ਼ੇ ਵਿਚਾਰਾ ਵਾਲਿਆਂ ਦਾ, ਇਹ ਪਿੰਡ ਹੈ ਜਾਤੀ-ਪਾਤੀ, ਛੂਤ-ਛਾਤ ਨੂੰ ਮੰਨਣ ਵਾਲਿਆਂ ਦਾ।"

"ਇੰਜ ਕਿਸ ਤਰ੍ਹਾਂ ਕਹਿ ਰਹੇ ਹੋ ਤੁਸੀਂ?"

ਅੱਜ ਮੈਂ ਆਪਣੇ ਅੱਖੀ ਦੇਖ ਚੁੱਕਾ ਹਾਂ। ਹੰਢਾ ਚੁੱਕਾ ਹਾਂ। ਪਰੰਤੂ ਇਸ ਤੋਂ ਪਹਿਲਾਂ ਮੇਰੇ ਆਪਣੇ ਸਾਰੇ ਲੋਕ ਸਮਾਜਿਕ ਬਾਈਕਾਟ ਕਰਕੇ ਬਾਹਰ ਕੱਢੇ ਗਏ।"

"ਇਹ ਗੱਲ ਹੈ।"

"ਹਾਂ ਭਰਾਵਾਂ ਸਾਡੀ ਸਮੁੱਚੀ ਬੋਧ ਬਸਤੀ ਮਰ ਗਈ ਹੈ।"

"ਫਿਰ ਵੀ ਤੂੰ ਆਪਣਾ ਪਿੰਡ ਛੱਡ ਕੇ ਜਾ ਰਿਹਾ ਏਂ?"

ਜਿਸ ਪਿੰਡ ਵਿਚ ਇਨਸਾਨ ਦੇ ਤੌਰ ਤੇ ਅਸੀਂ ਜੀਅ ਨਹੀਂ ਸਕਦੇ ਉਸ ਪਿੰਡ ਨੂੰ ਅਸੀਂ ਆਪਣਾ ਪਿੰਡ ਕਿਵੇਂ ਕਹੀਏ? ਹੁਣ ਤੁਸੀਂ ਹੀ ਦੱਸੋ ਇਸ ਪਿੰਡ ਵਿਚ ਅਸੀਂ ਕਿਵੇਂ ਰਹਿ ਸਕਦੇ ਹਾਂ?"

ਪੋਸਟਮੈਨ ਚੁੱਪ ਰਿਹਾ। ਹਨੇਰਾ ਵਧ ਗਿਆ ਸੀ। ਫਿਰ ਵੀ ਉਸ ਨੇ ਪੁੱਛਿਆ, "ਹੁਣ ਤੁਸੀਂ ਕਿੱਥੇ ਜਾਓਗੇ?"

ਮੇਰਾ ਪਹਿਲਾ ਵਾਲਾ ਉਤਰ ਸੀ, "ਨਵੇਂ ਪਿੰਡ ਦੀ ਖੋਜ ਵਿਚ।"

"ਹਾਂ ਇਸ ਹਨੇਰੇ ਵਿਚ ਹੀ ਮੈਨੂੰ ਰੋਸ਼ਨੀ ਦੀਆਂ ਕਿਰਨਾਂ ਦਿਖਾਈ ਦੇਣਗੀਆਂ। ਅਤੇ ਮੈਨੂੰ ਮੇਰਾ ਨਵਾਂ ਪਿੰਡ ਦਿਖਾਈ ਦੇਵੇਗਾ।'

ਏਨਾ ਕਹਿ ਕੇ ਮੈਂ ਆਪਣੇ ਰਸਤੇ ਤੁਰ ਪਿਆ।

ਅਤੇ ਉਸੇ ਹਨੇਰੇ ਨੂੰ ਚੀਰਦਾ, ਹਨੇਰੇ ਵਿਚ ਗਹਿਰੀ ਨਜ਼ਰ ਨਾਲ, ਤੁਰਦਾ ਹੋਇਆ ਮੈਂ ਤੁਰ ਪਿਆ।

✪



## ਪਰਉਪਕਾਰੀ/ - ਕੇਸ਼ਵ ਮੇਸ਼ਰਾਮ (Kashav Meshram)

ਹਨੀਡਿਊ ਸਿਗਰੇਟ ਦਾ ਪੈਕੇਟ ਅਜਾਬ ਰਾਏ ਨੇ ਕਮੀਜ਼ ਦੀ ਜੇਬ ਵਿਚ ਘਸੋੜ ਦਿੱਤਾ। ਦੋਹਾਂ ਉਂਗਲੀਆਂ 'ਚ ਪਾਏ ਨਗ ਚਮਕ ਉੱਠੇ। ਤੀਲਾ ਦੀ ਡੱਬੀ ਵਿਚੋਂ ਇਕ ਤੀਲ ਕੱਢ ਕੇ ਉਸ ਨੇ ਉਹ ਵੀ ਜੇਬ ਵਿਚ ਰੱਖ ਲਈ। ਤੀਲੀ ਨਾਲ ਕੰਨ ਖੁਰਕਦੇ ਹੋਏ ਉਹ ਸੰਮਪਤ ਵੱਲ ਝਾਕਣ ਲੱਗੇ। ਇਕ ਰੁਪਏ ਦੇ ਨੋਟ 'ਚੋਂ ਸੰਮਪਤ ਉਸ ਨੂੰ ਪੰਦਰਾ ਪੈਸੇ ਵਾਪਸ ਮੋੜ ਰਿਹਾ ਸੀ।

"ਮਾਮੂ ! ਇਹ ਮੈਂ ਲਵਾਂ?" ਆਪਣੀ ਮੁੱਠੀ ਵਿਚ ਪੈਸੇ ਫੜਦੇ ਹੋਏ ਅਤੇ ਅੱਖਾਂ ਝਪਕਦੇ ਹੋਇਆ ਸੰਮਪਤ ਨੇ ਪੁੱਛਿਆ। ਉਸ ਦੀਆਂ ਗੱਲ੍ਹਾਂ ਵਿਚ ਵੜੀਆਂ ਹੋਈਆਂ ਸਨ। ਚਮੜੀ ਤੇ ਰਤਾ ਵੀ ਚਰਬੀ ਨਹੀਂ ਸੀ ਤੇ ਉਹ ਹੱਡੀਆਂ ਨਾਲ ਲੱਗੀ ਹੋਈ ਸੀ। ਖੁਰਦਰੀ ਚਮੜੀ ਨਾਲ ਉਹ ਖੁਸ਼ਕ ਮਨੁੱਖ ਲੱਗਦਾ ਸੀ। ਉਸਦੇ ਸੁੱਕੇ ਹੋਏ ਚਿਹਰੇ ਉੱਤੇ ਲਾਚਾਰੀ ਅਤੇ ਉਤਸੁਕਤਾ ਜੰਮ ਗਈ ਸੀ। ਤੇਰਾ ਚੌਦਾ ਸਾਲ ਦਾ ਸੰਮਪਤ ਬਹੁਤ ਹੀ ਮਾੜਕੂ ਜਿਹਾ ਦਿਖਾਈ ਦਿੰਦਾ ਸੀ।

ਦੋ ਸਾਲ ਹੋਏ ਉਸ ਦੇ ਪਿਤਾ ਜੀ ਤੁਰ ਗਏ ਸੀ। ਉਦੋਂ ਤੋਂ ਉਹ ਅਤੇ ਉਸ ਦਾ ਛੋਟਾ ਭਰਾ ਭਾਨੂ ਦਾਸ, ਆਪਣੇ ਮਾਮੂ ਦੇ ਆਸ਼ਰਮ ਵਿਚ ਆਏ ਸਨ। ਉਸਦੀ ਮਾਂ ਛੇਅ ਪਿੰਡ ਵਿਚ ਆਪਣੇ ਸੱਸ ਸਹੁਰੇ ਅਤੇ ਨਣਦ ਦੇ ਨਾਲ, ਉਧਰ ਖੇਤੀਬਾੜੀ ਦਾ ਕੰਮ ਕਰਦੀ ਸੀ। ਭਾਨੂ ਦਾਸ ਛੋਟਾ ਹੋ ਕੇ ਵੀ ਸੰਮਪਤ ਤੋਂ ਵੱਡਾ ਅਤੇ ਤਕੜਾ ਲੱਗਦਾ ਸੀ। ਆਪਣੇ ਦੋਵੇਂ ਭਾਣਜਿਆਂ ਨੂੰ ਅਜਾਬ ਰਾਏ ਪੜ੍ਹਾਉਣ ਲਈ ਯਵਤਮਾਲ ਲੈ ਆਇਆ ਸੀ।

ਅਜਾਬ ਰਾਏ ਦੇ ਵੱਲ ਆਉਣ ਜਾਣ ਵਾਲੇ ਬਹੁਤ ਲੋਕ ਸਨ। ਉਨ੍ਹਾਂ ਦੇ ਰੋਹਬ ਅਤੇ ਨੇਤਾਗਿਰੀ ਦੇ ਕਾਰਨ ਉਸਦੀ ਪੜ੍ਹਾਈ ਵਿਚ ਮਨ ਲੱਗ ਜਾਂਦਾ ਸੀ। ਜਿਹੜਾ ਕੰਮ ਉਹ ਕਹਿੰਦਾ ਉਹ ਦੋਵੇਂ ਕਰ ਦਿੰਦੇ ਅਤੇ ਦਿੱਤੀਆਂ ਹੋਈਆਂ ਚੀਜਾ ਖਾਂਦੇ।

ਬਾਕੀ ਪੰਦਰਾਂ ਪੈਸੇ ਖੁਦ ਦੇ ਕੋਲ ਰੱਖਣ ਦੀ ਸੰਮਪਤ ਦੀ ਇੱਛਾ ਕਾਰਨ ਅਜਾਬ ਰਾਏ ਦੇ ਮੱਥੇ ਉੱਤੇ ਤਿਉੜੀਆਂ ਚਮਕ ਆਈਆਂ। ਕੰਨਾਂ ਦੀ ਮੈਲ਼ ਉਸ ਨੇ ਕੱਪੜੇ ਨਾਲ ਸਾਫ਼ ਕੀਤੀ। ਤੀਲੀ ਪਲਟਾਈ ਤੇ ਉਸ ਨੂੰ ਤੋੜਿਆ ਦੰਦ ਵਿਚ ਅਟਕੀ ਹੋਈ ਸੁਪਾਰੀ ਨੂੰ ਬਾਹਰ ਕੱਢਣ ਲੱਗਾ। ਉਸਦੀ ਵੱਡੀ ਬਾਂਹ, ਕਾਲਾ ਅਤੇ ਵਾਲ਼ਾ ਵਾਲਾ ਸ਼ਕਤੀਸਾਲੀ ਹੱਥ ਅਤੇ ਉਂਗਲੀਆਂ 'ਚ ਚਮਕਣ ਵਾਲੀਆਂ ਮੁੰਦਰੀਆਂ ਕਿਸੇ ਦਾ ਵੀ ਸਹਿਜ ਧਿਆਨ ਖਿੱਚ ਰਹੀਆਂ ਸਨ। ਉਸ ਦੇ ਮੱਥੇ ਤੇ ਲਪੇਟਿਆ ਕਾਲੇ ਤੌਲੀਏ ਦਾ ਪਟਾ ਚਮਕ ਰਿਹਾ ਸੀ। ਮੂੰਹ ਵਿਚ ਭਰੀ ਹੋਈ ਲਹੂ ਵਾਲੀ ਪੀਕ ਉਸ ਨੇ ਦੂਰ ਸੁੱਟ ਦਿੱਤੀ। ਪੀਕ ਦੀਆਂ ਬੂੰਦਾਂ ਮੀਹ ਦੇ ਵਾਂਗ ਧੁੱਪ ਵਿਚ ਖਿੱਲਰ ਗਈਆਂ। ਸਪਰੇ ਵਾਂਗ ਇਕ ਫੁਹਾਰਾ ਖਿੱਲਰ ਗਿਆ। ਉਸ ਦੀ ਚਮਕਦਾਰ ਕਾਲੀ ਚੌੜੀ ਪੱਟੀ ਵਾਲੀ ਚੱਪਲ ਉੱਤੇ ਅਤੇ ਚਿੱਟੀ ਪਜ਼ਾਮੇ ਉੱਤੇ ਚਮਕਦਾਰ ਪੀਕ ਦੇ ਫਿੱਕੇ ਰੰਗ ਦੇ ਦਾਣੇ ਨਿਕਲ ਆਏ। ਨਾਰਾਜਗੀ ਨਾਲ ਅਜਾਬ ਰਾਏ ਨੱਕ ਮਰੋੜਿਆ। ਰੰਗੇ ਹੋਏ ਬੁੱਲ੍ਹਾਂ ਉੱਤੇ ਲਾਲ ਜੀਭ ਫੇਰੀ। ਉਸਨੇ ਸੰਮਪਤ ਨੂੰ ਕਿਹਾ, "ਅੱਛਾ ਰੱਖ ਲੈ ਆਪਣੇ ਕੋਲ ! ਅਤੇ ਸੰਪਾ, ਲਿਖਿਆ ਹੈ ਕੀ? ਤੂੰ ਆਪਣੀ ਭੂਆ ਨੂੰ?"

ਪੈਸੇ ਲੈਣ ਦੀ ਇਜ਼ਾਜਤ ਮਿਲਣ ਉੱਤੇ ਸੰਮਪਤ ਦੇ ਚਿਹਰੇ ਉੱਤੇ ਸਾਂਤੀ ਪਸਰ ਗਈ। ਹੁਣ ਉਹ ਬੁੱਢੀ ਦੇ ਵਾਲ ਅਤੇ ਬਰਫ਼ ਲੈ ਕੇ ਖਾ ਸਕਦਾ ਸੀ। ਪੰਜ ਪੈਸੇ ਭਾਨੂ ਦਾਸ ਦੇ ਕੋਲ ਸਨ ਹੀ। ਪ੍ਰੰਤੂ ਮਾਮੂ ਦੇ ਸਵਾਲ ਨਾਲ ਸੰਮਪਤ ਚੌਂਕ ਗਿਆ। ਦੱਬੇ ਹੋਏ ਅਪਰਾਈ ਵਾਂਗ ਬੋਲਿਆ, "ਅੱਜ ਲਿਖਦਾ ਹਾਂ !"

ਅਤੇ ਉਹ ਉਥੋਂ ਤੇਜ਼ੀ ਨਾਲ ਨਿਕਲਿਆ।

ਅਤੇ ਇਹ ਦੇਖੋ, ਮਾਮੀ ਜੋ ਕਹੇਗੀ ਉਹ ਕੰਮ ਕਰੋ। ਇਮਲੀ ਨੂੰ ਸਕੂਲ ਪਹੁੰਚਾ ਦਿਓ। ਅਤੇ ਭੁਪਾਟਾ ਬਿੱਲਾ ਦੇ ਵੱਲ ਧਿਆਨ ਰੱਖੋਂ। ਅਜਾਬ ਰਾਏ ਲਗਾਤਾਰ ਨਿਰਦੇਸ਼ ਤੇ ਹੁਕਮ ਦੇ ਰਿਹਾ ਸੀ। ਸੰਮਪਤ ਦੀ ਧੌਣ ਗੁੱਡੀ ਦੇ ਵਾਂਗ ਹਿਲਦੀ ਰਹੀ।

ਅਜਾਬ ਰਾਏ ਦੀ ਇਕੱਲੀ ਬੇਟੀ ਬਿਮਲਾ ਸਕੂਲ ਜਾਣ ਨੂੰ ਤਿਆਰ ਨਹੀਂ ਹੁੰਦੀ ਸੀ। ਉਹ ਘਰ ਨੂੰ ਸਿਰ ਉੱਤੇ ਚੁੱਕ ਲੈਂਦੀ। ਹੱਥ ਪੈਰ ਮਾਰਦੀ। ਰਸਤੇ ਵਿਚ ਲੁੜਕ ਜਾਂਦੀ। ਸਿਰ ਦੇ ਵਾਲ਼ ਖਲਾਰ ਦਿੰਦੀ ਮਾਮੀ ਨਾਲ ਗਾਲੀ-ਗਲੋਚ ਕਰਦੀ। ਡੱਬ-ਖੜੱਬਾ ਬਿੱਲਾ ਸਾਰੀ ਰਾਤ ਫਿਰਦਾ-ਭੱਜਦਾ ਰਹਿੰਦਾ ਅਤੇ ਦਿਨ ਭਰ ਸੌਂਦਾ, ਵਿਚੋਂ ਉੱਠ ਕੇ ਦੁੱਧ ਪੀ ਜਾਂਦਾ, ਰੋਟੀ-ਪਾਣੀ ਖਾ ਲੈਂਦਾ। ਪੂਛ ਲਹਿਰਾ ਕੇ ਗੁੱਸੇ ਨਾਲ ਗੁਰਰ-ਗੁਰਰ ਰਰ ਦੀਆਂ ਆਵਾਜ਼ਾਂ ਕੱਢਦਾ ਰਹਿੰਦਾ। ਕਿਸੇ ਬਿੱਲੀ ਜਾਂ ਬਿੱਲੇ ਦੇ ਨਾਲ ਮਿਆਊਂ ਮਿਆਊਂ ਕਰਦਾ, ਮਸਤੀ ਨਾਲ ਘਰ ਵਿਚੋਂ ਦੌੜਦਾ।

ਸੰਮਪਤ ਅਤੇ ਭਾਨੂਦਾਸ ਦੋਵੇਂ ਭਰਾਵਾਂ ਨੂੰ ਬਿਮਲ ਅਤੇ ਬਿੱਲੇ ਦੇ ਕਾਰਨ ਚੰਗੀਆਂ-ਮਾੜੀਆਂ ਗੱਲਾਂ ਸੁਣਨੀਆਂ ਪੈਂਦੀਆਂ। ਪ੍ਰੰਤੂ ਹੁਣ ਅਜਾਇਬ ਰਾਏ ਦੀ ਧਮਕੀ ਭਰਿਆ ਹੁਕਮ ਸੁਣ ਕੇ ਸੰਮਪਤ ਨੇ ਕੇਵਲ ਕਹਿਣਾ ਮੰਨਣ ਲਈ ਬੜੀ ਅਦਾ ਨਾਲ ਧੌਣ ਹਿਲਾਈ। ਕਮੀਜ਼ ਨਾਲ ਪਸੀਨਾ ਪੂੰਝਿਆ ਅਤੇ ਘਰ ਵੱਲ ਦੌੜ ਗਿਆ।

ਗੱਡੀ ਦਾ ਹਾਰਨ ਵੱਜਾ। ਧੂੜ ਉਡ ਗਈ। ਅਜਾਬ ਰਾਏ ਚੌਂਕ ਗਿਆ। ਜੇਬ ਵਿਚੋਂ ਰੁਮਾਲ ਕੱਢ ਕੇ ਉਸ ਨੇ ਮੂੰਹ ਉੱਤੇ ਰੱਖ ਲਿਆ। ਵਿਚੱਤਰ ਜਿਹੀਆਂ ਆਵਾਜ਼ਾਂ ਨਾਲ ਉਸਦੇ ਸਾਹਮਣੇ ਟਰੱਕ ਰੁੱਕਿਆ। ਡਰਾਇਵਰ ਨੇ ਹੱਥ ਚੁੱਕ ਕੇ ਸਲਾਮ ਕੀਤੀ। ਪਾਣੀ ਛਿੜਕਣ ਵਾਲਾ ਟਰੱਕ ਸੀ ਉਹ। ਅਜਾਬਰਾਏ ਦੀ ਬਸਤੀ ਵੱਲ ਹੀ ਉਹ ਜਾ ਰਿਹਾ ਸੀ।

'ਨਮਸਕਾਰ, ਲੰਕੇਸ਼ਵਰ ਸਾਹਿਬ!" ਅੰਤਮ ਸ਼ਬਦ ਨੂੰ ਲੰਮ ਕਾ ਕੇ ਡਰਾਇਵਰ ਬੋਲ ਰਿਹਾ ਸੀ।

"ਹਾਂ... ਕੀ ਏ ਪਵਾਰ, ਦੋ ਦਿਨਾਂ ਤੋਂ ਆਇਆ ਨਹੀਂ ਤੂੰ। ਮੈਨੂੰ ਲੋਕਾਂ ਤੋਂ ਜਾਣਕਾਰੀ ਮਿਲੀ ਹੈ।' ਹੱਸਦੇ ਹੱਸਦੇ ਹੋਏ ਪਵਾਰ ਸਾਹਿਬ ਨੂੰ ਝਾੜ ਪਾ ਰਿਹਾ ਸੀ।

ਉਹੀ ਤਾਂ ਦੱਸ ਰਿਹਾ ਹਾਂ ਸਾਹਿਬ! ਗੱਡੀ ਪੰਚਰ ਹੋ ਗਈ ਸੀ ਨਾ! ਸਿਪਾਹੀ ਆਇਆ ਸੀ ਤੁਹਾਡੇ ਵੱਲ। ਪਰ.. ਤੁਸੀਂ ਘਰ ਵਿਚ ਨਹੀਂ ਸੀ। ਬੜੇ ਕੰਮ ਦੇ ਆਦਮੀ ਹੋ ਤੁਸੀਂ!"

"ਚੰਗਾ! ਸਿਪਾਹੀ ਆਉਣ ਦੀ ਗੱਲ ਭੁੱਲ ਗਏ ਹੋਣਗੇ ਘਰ ਦੇ ਲੋਕ। ਤਾਂ ਹੀ ਸੋਚਿਆ... ਕੁਝ ਮਹੀਨੇ ਤੋਂ ਪਾਸ ਹੋਇਆ ਮਤਾ ਅੱਠ-ਦੱਸ ਦਿਨਾਂ ਵਿਚ ਹੀ ਕਿਵੇਂ ਰੱਦ ਹੋ ਗਿਆ?" ਧੌਣ ਹਿਲਾਉਂਦੇ ਹੋਏ ਅਜਾਬ ਰਾਏ ਨੇ ਕਿਹਾ। ਤੀਲ ਉਸ ਨੇ ਚੁਟਕੀ ਨਾਲ ਉੜਾ ਦਿੱਤੀ ਅਤੇ ਰੁਮਾਲ ਨਾਲ ਮੂੰਹ ਸਾਫ਼ ਕੀਤਾ।

"ਇਸ ਤਰ੍ਹਾਂ ਕਿਵੇਂ ਹੋਵੇਗਾ ਸਾਹਿਬ! ਆਹ? ਹਾਂ ਕੱਲ੍ਹ ਮੁੱਖ ਨਗਰ ਪ੍ਰਧਾਨ ਨੇ ਕਿਹਾ ਕਿ ਭੀਮਪੁਰੇ ਵਿਚ ਨਿਰੰਤਰ ਟੈਂਕਰ ਜਾਣਾ ਚਾਹੀਦਾ ਹੈ। ਨਹੀਂ ਤਾਂ ਆਪਣੇ ਲੰਕੇਸ਼ਵਰ ਸਾਹਿਬ ਦਾ ਗੁੱਸਾ ਬਹੁਤ ਮਾੜਾ ਹੈ!" ਪਵਾਰ ਡਰਾਇਵਰ ਦੱਸ ਰਹੇ ਸਨ।

ਇਨ੍ਹਾਂ ਸ਼ਬਦਾਂ ਨਾਲ ਅਜਾਬ ਰਾਏ ਨੂੰ ਤਸੱਲੀ ਹੋਈ। 'ਟੈਂਕਰ ਜਲਦੀ ਨਾਲ ਲੈ ਆਇਆ ਕਰੋ ਛਿੜਕਾਉਣ ਲਈ!" ਉਹ ਬਾਅਦ ਵਿਚ ਬੋਲਿਆ।

"ਹਾਂ ਜੀ। ਹਾਂ ਜੀ। ਸਾਹਿਬ, ਸਿਗਰਟ ਹੈ ਕੀ?" ਵਿਚਕਾਰਲੀ ਉਂਗਲੀ ਉਪਰ ਨੂੰ ਕਰਦੇ ਹੋਏ ਪਵਾਰ, ਅਜਾਬ ਰਾਏ ਨੂੰ ਬੇਨਤੀ ਕਰਕੇ ਕਹਿਣ ਲੱਗਾ।



ਲੰਕੇਸ਼ਵਰ ਦੀ ਦਿੱਤੀ ਹੋਈ ਸਿਗਰਟ ਪਵਾਰ ਨੇ ਲਾ ਲਈ। ਤੀਲਾ ਦੀ ਡੱਬੀ ਦੇ ਕੇ ਕਿਹਾ, "ਚਲਦਾ ਹਾਂ ਸਾਹਿਬ, ਦੇਰ ਹੋ ਗਈ ਹੈ।"

ਟੈਂਕਰ ਸ਼ੁਰੂ ਕਰਕੇ ਧੂੜ ਉਡਾਉਂਦੇ ਹੋਏ ਉਹ ਨਿਕਲ ਗਿਆ ਅਤੇ ਅਜਾਬ ਰਾਏ ਵੀ ਅੱਗੇ ਨਿਕਲ ਗਿਆ।

"ਜੈ ਭੀਮ ਬਾਊ ਜੀ!" ਗਲੀ ਵਿਚੋਂ ਆਉਂਦੇ ਹੋਏ ਹੰਸਰਾਜ ਯੈਸਕਰ ਨੇ ਅਜਾਬ ਰਾਏ ਨੂੰ ਰੋਕਿਆ।

ਜੈ ਭੀਮ, ਜੈ ਭੀਮ, ਕੀ ਯੈਸਕਰ, ਹੋਇਆ ਨਾ ਕੰਮ ਤੁਹਾਡਾ?" ਉਸਦੇ ਮੋਢੇ ਉੱਤੇ ਵਿਸ਼ਵਾਸ ਨਾਲ ਹੱਥ ਰੱਖਦੇ ਹੋਏ ਅਜਾਬ ਰਾਏ ਨੇ ਕਿਹਾ।

"ਹਾਂ ਸਾਹਿਬ! ਤੁਸੀਂ ਨਾ ਹੁੰਦੇ ਤਾਂ ਸਾਰੇ ਲੜਕੇ ਚੌਂਕੀ ਵਿਚ ਬੰਦ ਹੋ ਜਾਂਦੇ। ਕੀ ਕਰਾਂ ਮੇਰਾ ਧੰਦਾ ਹੀ ਇਸ ਤਰ੍ਹਾਂ ਦਾ ਹੈ। ਤੁਹਾਡੀ ਮਿਹਰਬਾਨੀ ਹੈ!" ਹੱਥ ਜੋੜ ਕੇ ਹੰਸਰਾਜ ਗੱਲਾਂ ਕਰ ਰਿਹਾ ਸੀ।

ਹੰਸ ਰਾਜ ਉਂਜ ਸਰੀਰ ਪੱਖੋਂ ਤਕੜਾ ਆਦਮੀ ਸੀ। ਉਸ ਦੇ ਸਿਰ ਦੇ ਵਾਲ਼ ਝੜ ਗਏ ਸਨ। ਦਾਤਣ ਦੀ ਵਰਤੋਂ ਨਾਲ ਉਸ ਦੇ ਮਸੂੜੇ ਅਤੇ ਦੰਦ ਕਾਲੇ ਦਿਖਾਈ ਦੇਣ ਲੱਗ ਪਏ ਸਨ। ਖੱਬੇ ਕੰਨ ਤੋਂ ਲੈ ਕੇ ਮੱਥੇ ਤੱਕ ਇਕ ਗਹਿਰੇ ਟੱਕ ਦਾ ਨਿਸ਼ਾਨ ਉਸ ਦੇ ਚਿਹਰੇ ਨੂੰ ਡਰਾਉਣਾ ਬਣਾ ਰਿਹਾ ਸੀ। ਪੂਰੇ ਪੰਦਰਾਂ ਸਾਲ ਦੇ ਉਸਦੇ ਰੋਹਬ ਦਾਬੇ ਨੂੰ ਅਜਾਬ ਰਾਏ ਨੇ ਟਿਕਾਣੇ ਲਗਾ ਦਿੱਤਾ ਸੀ। ਦੋ ਤਿੰਨ ਸਾਲ ਦੇ ਵਿਚ ਵਿਚ ਹੀ ਅਜਾਬ ਰਾਏ ਦਾ ਰੋਹਬ ਅਤੇ ਧਾਂਕ ਵਧਦੀ ਗਈ, ਜਿਸ ਕਰਕੇ ਸਾਰਿਆਂ ਨੂੰ ਅਜਾਬ ਰਾਏ ਤੋਂ ਡਰ ਲੱਗਦਾ ਸੀ।

... ਤਿੰਨ ਚਾਰ ਸਾਲ ਪਹਿਲਾਂ ਅਜਾਬ ਰਾਏ ਲੰਕੇਸ਼ਵਰ ਆਪਣੇ ਰਾਜੂਰ ਪਿੰਡ ਨੂੰ ਛੱਡ ਕੇ ਯਵਤਮਾਲ ਆਇਆ ਸੀ। ਚਾਰ-ਛੇ ਨੌਜਵਾਨਾਂ ਨੂੰ ਇਕੱਠਾ ਕਰਕੇ ਉਸਨੇ ਨਵਾਂ ਧੰਦਾ ਸ਼ੁਰੂ ਕਰ ਦਿੱਤਾ ਸੀ। ਡਾਕ ਦੇ ਸਟੈਂਡ ਤੋਂ ਕਿਤਾਬਾਂ, ਪਾਰਸਲ, ਪੇਪਰ ਚੋਰੀ ਚੁੱਕ ਕੇ ਲਿਆਉਣ ਦਾ। ਦਲਾਲੀ ਕਰਨ ਵਾਲੇ ਨੂੰ ਇਕ ਪਾਰਸਲ ਦੇ ਬਦਲੇ ਰੁਪਈਆਂ ਡੇੜ ਰੁਪਏ ਦੇ ਕੇ ਵਸਤੂ ਦੀ ਹੇਰਾਫੇਰੀ ਕੀਤੀ ਜਾਂਦੀ। ਪੇਂਡੂ-ਅਨਪੜ੍ਹ ਆਦਮੀਆਂ ਨੂੰ ਫਸਾਇਆ ਜਾਂਦਾ। ਤਾਕਤਵਾਲੀ ਬਾਂਹ, ਚੌੜੀ ਛਾਤੀ, ਭਾਰੀ ਗਰਦਨ, ਗਹਿਰਾ ਕਾਲਾ ਚਮਕਦਾਰ ਰੰਗ। ਪ੍ਰੰਤੂ ਬੜੀ ਮਿੱਠੀ ਭਾਸ਼ਾ ਅਤੇ ਵਿਰੋਧੀਆਂ ਨੂੰ ਦਬੋਚ ਦੇਣ ਦੀ ਜਿੱਦ... ਇਨ੍ਹਾਂ ਗੁਣਾਂ ਦੇ ਕਾਰਨ ਵਿਸ਼ੇਸ਼ ਵਿਅਕਤੀਆਂ ਵਿਚ ਉਸ ਨੂੰ ਅਸਾਨੀ ਨਾਲ ਥਾਂ ਪ੍ਰਾਪਤ ਹੋ ਗਈ ਸੀ।

ਬਰਸਾਤ ਸ਼ੁਰੂ ਹੋਣ ਵਾਲੀ ਸੀ। ਰਾਜਨੀਤਿਕ ਪਾਰਟੀਆਂ ਦੀਆਂ ਰੈਲੀਆਂ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਸੜਕਾਂ ਉੱਤੇ ਬੱਜਰੀ ਤੇ ਲੁੱਕ ਵਿਛਾਈ ਜਾ ਰਹੀ ਸੀ ਅਤੇ ਕਿਤੇ ਕਿਤੇ ਸੜਕਾ ਚੌੜੀਆਂ ਕੀਤੀਆਂ ਜਾ ਰਹੀਆਂ ਸਨ। ਖੁੱਲੀਆਂ ਨਾਲੀਆਂ ਸੀਮਿੰਟ ਨਾਲ ਬਣਾਈਆਂ ਜਾ ਰਹੀਆਂ ਸਨ। ਉਨ੍ਹਾਂ ਥੱਲੇ ਫਰਸ ਲਾਇਆ ਜਾ ਰਿਹਾ ਸੀ। ਫੁੱਟਪਾਥ ਉੱਤੇ ਆਉਣ ਵਾਲੇ ਮਕਾਨ ਢਾਹੇ ਜਾ ਰਹੇ ਸਨ। ਰਾਜ ਨਿਗਮ ਦੀਆਂ ਬੱਸਾਂ ਸਿੱਧੀਆਂ ਸਟੈਂਡ ਉੱਤੇ ਆ ਸਕਣ ਇਸ ਲਈ ਰਸਤੇ ਵਿਚ ਆਉਣ ਵਾਲੀਆਂ ਝੁੱਗੀਆਂ ਝੋਪੜੀਆਂ ਤਬਾਹ ਕੀਤੀਆਂ ਜਾ ਰਹੀਆਂ ਸਨ।

ਅਜਿਹੀ ਸਥਿਤੀ ਵਿਚ ਅਜਾਬ ਰਾਏ ਦਾ ਬਿਮਾਰ ਰਹਿਣ ਵਾਲਾ ਜੀਜਾ ਦਵਾਈ ਤੇ ਇਲਾਜ਼ ਲਈ ਉਸ ਕੋਲ ਆਇਆ ਸੀ। ਆਪਣੀ ਰਸੂਖਦਾਰ ਛਵੀ ਦੇ ਲਈ ਅਜਾਬ ਰਾਏ ਨੇ ਸੇਖੀ ਮਾਰੀ ਸੀ ਕਿ ਵੱਡੇ ਵੱਡੇ ਡਾਕਟਰਾਂ ਨਾਲ ਉਸ ਦੀ ਜਾਣ ਪਛਾਣ ਹੈ। ਪ੍ਰੰਤੂ ਇਲਾਜ਼ ਦੇ ਲਈ ਜੀਜੇ ਦੇ ਆ ਜਾਣ ਤੇ ਉਹ ਪਰੇਸ਼ਾਨ ਹੋ ਗਿਆ।

ਅਜਾਬ ਰਾਏ ਗ਼ਲਤ-ਮਲਤ ਥਾਵਾਂ ਤੋਂ ਪੈਸਾ ਇਕੱਠਾ ਕਰਦਾ ਸੀ। ਪ੍ਰੰਤੂ ਇਨ੍ਹਾਂ ਪੈਸਿਆਂ ਦੀ ਉਹ ਉਚਿਤ ਵਰਤੋਂ ਵੀ ਕਰਦਾ ਸੀ। ਬੁੱਧ ਬਸਤੀ, ਦਲਿਤ ਬਸਤੀ, ਮੋਮਿਨਪੁਰਾ ਕਿਤੇ ਵੀ ਕਿਸੇ ਦਾ ਘਰ ਢਹਿ ਗਿਆ ਕਿ ਉਹ ਉਸ ਨੂੰ ਖਰੀਦ ਲੈਂਦਾ। ਚਾਰ-ਪੰਜ ਰੁਪਏ ਦੇ ਕੇ ਜੋਸ਼ੀ ਵਕੀਲ ਤੋਂ ਕਾਨੂੰਨੀ ਦਸਤਾਵੇਜ਼ ਬਣਵਾ ਲੈਂਦਾ। ਉਸ ਘਰ ਦੀ ਮੁਰੰਮਤ ਕਰਵਾਉਂਦਾ ਅਤੇ ਕਿਰਾਏਦਾਰ ਰੱਖ ਕੇ ਅਜਾਬ ਰਾਏ ਪੈਸੇ ਕਮਾਉਣ ਦਾ ਰਸਤਾ ਲੱਭ ਲੈਂਦਾ। ਬੜੀ ਬਰੀਕ ਦ੍ਰਿਸ਼ਟੀ ਨਾਲ ਉਸ ਦੇ ਇਹ ਕੰਮ ਕਾਰ ਚੱਲਦੇ ਸਨ। ਭੀਮਪੁਰੇ ਦੀ ਇਕ ਝੋਪੜੀ ਅਜਾਬ ਰਾਏ ਨੇ ਹੁਣੇ ਹੁਣੇ ਖਰੀਦੀ ਸੀ। ਬਿਮਾਰ ਜੀਜੇ ਹਰਦਾਸ ਦੀ ਮੰਜੀ ਉਥੇ ਹੀ ਸੀ। ਕਿਸੇ ਰਾਹੀਂ ਉਥੇ ਰੋਟੀ-ਪਾਣੀ ਪੁੱਜਦਾ ਕੀਤਾ ਜਾਂਦਾ ਸੀ।

ਉਸ ਹਫ਼ਤੇ ਉਸ ਦੇ ਕਾਲੇ ਧੰਦੇ ਵਿਚ ਲੱਗੇ ਦੋ-ਚਾਰ ਬਦਮਾਸ ਨੌਜਵਾਨਾਂ ਨੂੰ ਪੁਲਿਸ ਨੇ ਫੜ ਲਿਆ ਸੀ। ਉਸਦੇ ਪਸੰਦ ਦੇ ਇਕ ਮਕਾਨ ਨੂੰ ਰਸਤੇ ਵਿਚ ਆ ਜਾਣ ਕਾਰਨ ਡੇਗ ਦਿੱਤਾ ਗਿਆ ਸੀ। ਹੁਣ ਇਸ ਝੁੱਗੀ ਉੱਤੇ ਵੀ ਇਹ ਨੌਬਤ ਆਉਣ ਵਾਲੀ ਸੀ। ਫਿਰ ਤਪਦਿਕ ਨਾਲ ਪੀੜਤ ਜੀਜੇ ਨੂੰ ਆਪਣੇ ਨਾਲ ਰੱਖਣਾ ਪਵੇਗਾ। ਪੁਲਿਸ ਤੋਂ ਅਜਾਬ ਰਾਏ ਚਿੜ ਗਿਆ ਸੀ। ਦੋ-ਚਾਰ ਥਾਵਾਂ ਦੀ ਹਾਰ ਉਸ ਨੂੰ ਮਹਿੰਗੀ ਪਈ ਸੀ।

ਅਤੇ ਇਸੇ ਕਰਕੇ ਅਜਾਬ ਰਾਏ ਨੇ ਚੰਦਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਖੁਦ ਦੇ ਪੈਸੇ ਲਾ ਕੇ 'ਝੁੱਗੀ ਬਚਾਓ ਸੰਘ' ਬਣਾ ਲਿਆ। ਇਕ ਦੋ ਵਾਰ ਭੀਮਪੁਰੇ ਦੀਆਂ ਝੁੱਗੀਆਂ ਬਚ ਗਈਆਂ ਸਨ। ਪ੍ਰੰਤੂ ਹੁਣ ਨਗਰ ਪਰਿਸ਼ਦ ਅਤੇ ਪੁਲਿਸ ਰਾਜਨੀਤਿਕ ਪਾਰਟੀਆਂ ਦੀਆਂ ਚੋਣਾਂ ਦੇ ਕਾਰਨ ਸਰਗਰਮ ਸਨ।

ਚੋਣਾਂ ਕੁਝ ਹੀ ਦਿਨਾਂ ਵਿਚ ਹੋਣ ਵਾਲੀਆਂ ਸਨ। ਨਾਰੇਬਾਜ਼ੀ ਚੱਲ ਰਹੀ ਸੀ। ਝੁੱਗੀਆਂ ਢਾਹੁਣ ਵਾਲੀ ਪੁਲਿਸ ਉੱਤੇ ਪੱਥਰਾ ਕੀਤਾ ਗਿਆ। ਅਜਾਬ ਰਾਏ ਦੇ ਲੋਕਾਂ ਅਤੇ ਪੁਲਿਸ ਵਿਚਕਾਰ ਕੁੱਟ ਮਾਰ ਸ਼ੁਰੂ ਹੋ ਗਈ। ਖੁਦ ਨੂੰ ਬਚਾਉਣ ਦੀ ਕੋਸ਼ਿਸ਼ ਅਜਾਬ ਰਾਏ ਕਰ ਰਹੇ ਸਨ। ਇੰਸਪੈਕਟਰ ਉੱਤੇ ਸੋਢਾ ਵਾਟਰ ਦੀਆਂ ਬੋਤਲਾਂ ਦਾ ਮੀਂਹ ਵਰਨ ਲੱਗਾ। ਭੀੜ ਉਗਰ ਹੋ ਗਈ ਸੀ। ਮਹੌਲ ਤਣਾਓ ਨਾਲ ਭਰ ਗਿਆ ਸੀ। ਹਵਾ ਵਿਚ ਗੋਲੀਆਂ ਚਲਾਈਆਂ ਗਈਆਂ। ਲੋਕ ਦੌੜਨ ਲੱਗੇ। ਦਵਾ ਦੀਆਂ ਬੋਤਲ ਲੈ ਕੇ ਹਰਦਾਸ ਭੱਜ ਰਿਹਾ ਸੀ। ਇਕ ਇਨਸਪੈਕਟਰ ਦੀ ਗੱਲ੍ਹ ਦੀ ਹੱਡੀ ਟੁੱਟ ਗਈ ਸੀ ਅਤੇ ਉਸ ਨੇ ਗੋਲੀ ਚਲਾ ਦਿੱਤੀ। ਭਗਦੜ ਮਚ ਗਈ। ਡਰ ਅਤੇ ਸਹਿਮ ਦੀ ਸਥਿਤੀ ਪੈਦਾ ਹੋ ਗਈ।

ਰਸੂਖ਼ਦਾਰ ਨੇਤਾਵਾਂ ਨੂੰ ਮਿਲ ਕੇ ਅਜਾਬ ਰਾਏ ਉਸੇ ਸਮੇਂ ਪਰਤ ਰਿਹਾ ਸੀ। ਉਨ੍ਹਾਂ ਨੇਤਾਵਾਂ ਨਾਲ ਮੁਲਾਕਾਤ ਵੀ ਸੰਯੋਗ ਨਾਲ ਹੋ ਗਈ ਸੀ। ਮੀਟਿੰਗ ਦੇ ਲਈ ਪ੍ਰਦੇਸ ਦੇ ਨੇਤਾ ਆਪਣੀਆਂ ਮਹਿੰਗੀਆਂ ਕਾਰਾਂ ਵਿਚ ਆ ਰਹੇ ਸਨ। ਉਨ੍ਹਾਂ ਦੀਆਂ ਕਾਰਾਂ ਸਾਹਮਣੇ ਅਜਾਬ ਰਾਏ ਲੰਮਾ ਪੈ ਗਿਆ ਸੀ। ਝਟ ਦੇਣੀ ਬਰੇਕਾਂ ਲਗਾਈਆਂ ਗਈਆਂ। ਪੁਲਿਸ ਦੌੜੀ। ਨੇਤਾ ਲੋਕ ਥੱਲੇ ਉੱਤਰੇ। ਇਰਦ-ਗਿਰਦ ਤਮਾਸ਼ਬੀਨਾਂ ਦੀ ਭੀੜ ਇਕੱਠੀ ਹੋ ਗਈ।

"ਮੈਂ ਝੁੱਗੀ ਬਚਾਓ ਸੰਘ' ਦਾ ਪ੍ਰਧਾਨ ਅਜਾਬ ਰਾਏ ਲੰਕੇਸ਼ਵਰ!" ਅਜਾਬ ਰਾਏ ਨੇ ਆਪਣੀ ਜਾਣ ਪਛਾਣ ਕਰਵਾਈ।

ਨੇਤਾਵਾਂ ਨੇ ਉਸ ਨੂੰ ਚੁੱਕਿਆ। ਅਜਾਬ ਰਾਏ ਦੇ ਮੋਢੇ 'ਤੇ ਹੱਥ ਰੱਖ ਕੇ ਨੇਤਾਵਾਂ ਨੇ ਉਸ ਦੀ ਸਮੱਸਿਆ ਸੁਣੀ। ਤਮਾਸ਼ਬੀਨਾ ਦਾ ਝੁੰਡ ਤੇ ਰੋਕਿਆ ਹੋਇਆ ਰਸਤਾ, ਟਰੱਕ ਅਤੇ ਰਾਜ ਨਿਗਮ ਦੀਆਂ ਬੱਸਾਂ ਦੇ ਚੀਕਦੇ ਹਾਰਨ। ਸਭ ਤੋਂ ਵੱਡੇ ਨੇਤਾ ਸਰਖੋਤ ਦੁਬਿਧਾ ਵਿਚ ਫਸ ਗਏ। ਬਾਅਦ ਵਿਚ ਉਹ ਅਜਾਬ ਰਾਏ ਨੂੰ ਲੈ ਕੇ ਸੜਕ ਤੋਂ ਦੂਰ ਹੱਟ ਗਏ। ਨੇੜੇ ਦੇ ਵੱਡੇ ਹੋਟਲ ਤੋਂ ਕਲੈਕਟਰ ਨੂੰ ਫੋਨ ਕੀਤਾ। "ਉਏ ਦੇਖ ਮੈਂ ਰਾਜ ਮੰਤਰੀ ਅੱਜ ਦੀ ਰੈਲੀ ਦੀ ਪ੍ਰਧਾਨਗੀ ਕਰਨ ਵਾਲਾ ਸਰਖੋਤ ਗੱਲ ਕਰ



ਰਿਹਾ ਹਾਂ। ਝੁੱਗੀਆਂ ਢਾਹੁਣੀਆਂ ਬੰਦ ਕਰ ਦਿਓ ਅਤੇ ਪੁਲਿਸ ਵੱਲੋਂ ਕੀਤੀ ਗਈ ਜਬਰਦਸਤੀ ਦੀ ਤਲਾਸ਼ ਕਰੋਂ!"

ਲੈਮਨ ਪਿਆ ਕੇ ਅਤੇ ਤਸੱਲੀ ਤੇ ਹੌਸਲਾ ਦੇ ਕੇ ਸਰਖੋਤ ਆਪਣੇ ਸਾਥੀਆਂ ਨਾਲ ਤੁਰ ਪਏ। ਉਸ ਦੀ ਜੈ ਜੈ ਕਰ ਕਰਨ ਵਾਲੀ ਭੀੜ ਨੇ ਅਜਾਬ ਰਾਏ ਦੀ ਵੀ ਜੈ ਜੈ ਕਾਰ ਦਿੱਤੀ ਸੀ ਅਤੇ ਅਜਾਬ ਰਾਏ ਅਚਾਨਿਕ ਨੇਤਾ ਬਣ ਗਿਆ ਸੀ।

ਆਪਣੀ ਬਸਤੀ ਦੇ ਵਲੋਂ ਨਵੇਂ-ਨਵੇਂ ਸਾਥੀਆਂ ਅਤੇ ਪ੍ਰਸ਼ੰਸ਼ਕਾਂ ਨੂੰ ਲੈ ਕੇ ਅਜਾਬ ਰਾਏ ਆ ਰਿਹਾ ਸੀ। ਇਕ ਦੋ ਪੱਥਰ ਉਸ ਦੇ ਨੇੜਿਓਂ ਦੀ ਨਿਕਲ ਗਏ ਸੀ। ਪੁਲਿਸ ਦੀ ਜੀਪ ਦੌੜ ਰਹੀ ਸੀ। ਰਸਤਾ ਚੌੜਾ ਕਰਨ ਅਤੇ ਝੁੱਗੀਆਂ ਢਾਹੁਣ ਦਾ ਕੰਮ ਰੋਕ ਦਿੱਤਾ ਗਿਆ। ਭੀਮਪੁਰੇ ਸਥਿਤ ਉਸਦਾ ਨਵਾਂ ਘਰ ਬਚ ਗਿਆ ਸੀ।

ਹਸਪਤਾਲ ਲਿਜਾਂਦਿਆਂ ਸਮੇਂ ਹੀ ਗੋਲੀ ਲੱਗਣ ਨਾਲ ਹਰਦਾਸ ਦੀ ਜਾਨ ਚਲੀ ਗਈ ਸੀ। ਜੀਜੇ ਦੇ ਮਰਨ ਦੇ ਕਾਰਨ ਤਾਂ ਅਜਾਬ ਰਾਏ ਦਾ ਸਵਾਰਥ ਤਿਆਗ ਇਕ ਦਮ ਤਰੋਤਾਜਾ ਹੋ ਗਿਆ ਸੀ। ਅਤੇ ਇਨ੍ਹਾਂ ਦਿਨ੍ਹਾਂ ਵਿਚ ਨਗਰ ਪ੍ਰੀਸ਼ਦ ਦੀ ਚੋਣ ਹੋਈ। ਅਜਾਬ ਰਾਏ ਚੋਣ ਜਿੱਤ ਗਿਆ ਸੀ। ਉਸਨੇ ਭੀਮਪੁਰੇ ਵਿਚ ਆਪਣਾ ਦਫ਼ਤਰ ਬਣਾ ਲਿਆ ਸੀ। ਸ਼ੋਸ਼ਿਤਾਂ ਅਤੇ ਦਲਿਤਾਂ ਦਾ ਨੇਤਾ ਮਨ ਕੇ ਸਾਰੇ ਅਜਾਬ ਰਾਏ ਨੂੰ ਸਨਮਾਨ ਦਿੰਦੇ ਸਨ।

ਇਧਰ ਬੰਬਈ ਵਿਚ ਸੱਤਾ ਵਿਚ ਤਬਦੀਲੀ ਆ ਗਈ। ਪੁਰਾਣੇ ਅਧਿਕਾਰੀਆਂ ਦੀ ਬਦਲੀ ਹੋ ਗਈ। ਪਿਛੜੀਆਂ ਜਾਤੀਆਂ ਦੇ ਮੁੱਦਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਯਤਨ ਇਹ ਸੱਤਾਧਾਰੀ ਵਰਗ ਕਰ ਰਿਹਾ ਸੀ। ਨਾਨਾ ਸਾਹਿਬ ਬਰੇਰਕਰ ਦੇ ਜਨਤਾ ਇਲਾਕੇ ਦੇ ਇਕ ਵੱਡੇ ਆਦਮੀ ਦੇ ਨਾਤੇ ਅਜਾਬ ਰਾਏ ਸ਼ਾਨ ਨਾਲ ਸ਼ਹਿਰ ਵਿਚ ਘੁੰਮਦਾ। ਇਕ ਸ਼ਾਨਦਾਰ ਮਕਾਨ ਉਸ ਨੇ ਬਣਾ ਲਿਆ ਸੀ। ਖੁਦ ਦੀ ਔਕਾਤ ਨੂੰ ਜਾਣ ਕੇ ਭਵਿੱਖ ਦੀਆਂ ਯੋਜਨਾਵਾਂ ਬੁਣਦਾ ਹੋਇਆ ਅਜਾਬ ਰਾਏ ਅਨੇਕ ਘਟਨਾਵਾਂ ਵਿਚ ਰੁਝਿਆ ਰਹਿੰਦਾ। ਉਸਦੇ ਚਿਹਰੇ ਉੱਤੇ ਖੁਸ਼ਹਾਲੀ ਚਮਕ ਰਹੀ ਸੀ।

ਸਿਗਰੇਟ ਦਾ ਕਸ਼ ਖਿੱਚਦੇ ਹੋਇਆ ਅਜਾਬ ਰਾਏ ਨੂੰ ਅਨੇਕਾਂ ਗੱਲਾਂ ਦਾ ਚੇਤਾ ਆਇਆ। ਤਿੰਨ ਸਾਲ ਬੀਤ ਗਏ ਸਨ। ਕਿਸੇ ਸਮੇਂ ਸ਼ੇਖੀ ਮਾਰਨੇ ਵਾਲਾ ਇਹੀ ਹੰਸਰਾਜ ਯੇਸਕਰ ਅੱਜ ਹੱਸਦਾ ਹੋਇਆ ਅਧੀਨਗੀ ਨਾਲ ਝੁਕ ਕੇ ਗੱਲ ਕਰ ਰਿਹਾ ਸੀ।

"ਫਿਰ ਯੈਸਕਰ! ਆਪਣੇ ਕੰਮ ਦਾ ਕੀ ਬਣਿਆ ?' ਸਿਗਰਟ ਚੱਪਲ ਨਾਲ ਮਸਲਦੇ ਹੋਇਆਂ ਅਜਾਬ ਰਾਏ ਨੇ ਹੰਸ ਰਾਜ ਨੂੰ ਪੁੱਛਿਆ। ਇਸ ਬੁੱਢੇ ਹੰਸਰਾਜ ਨੇ ਅਜਾਬ ਰਾਏ ਨੂੰ ਦੋ ਚਾਰ ਵਾਰ ਕੁੱਟਣ ਦਾ ਯਤਨ ਵੀ ਕੀਤਾ ਸੀ। ਪ੍ਰੰਤੂ ਉਸਦੀਆਂ ਸ਼ਰਾਬ ਦੀਆਂ ਭੱਠੀਆਂ ਦਾ ਥਾਂ ਟਿਕਾਣਾ ਪੁਲਿਸ ਨੂੰ ਦੇ ਕੇ ਅਜਾਬ ਰਾਏ ਨੇ ਉਸਦਾ ਧੰਦਾ ਖਤਮ ਕਰ ਦਿੱਤਾ ਸੀ ਅਤੇ ਚੋਣ ਜਿੱਤਣ ਤੋਂ ਬਾਅਦ ਅਜਾਬ ਰਾਏ ਨੇ ਹੰਸਰਾਜ ਦੇ ਧੰਦੇ ਨੂੰ ਤਰੀਕੇ ਨਾਲ ਚਲਾਉਣ ਦਾ ਹੱਲ ਕੱਢ ਦਿੱਤਾ ਸੀ।

ਉਸ ਕੋਲੋਂ ਹਫ਼ਤਾ ਵਸੂਲੀ ਦੇ ਵੱਧ ਪੈਸੇ ਮੰਗ ਲਏ ਸਨ। ਅਤੇ ਉਸ ਮੰਗ ਨੂੰ ਮੰਨਣ ਤੋਂ ਹੰਸ ਰਾਜ ਨਾਹ ਨੁਕਰ ਕਰ ਰਿਹਾ ਸੀ। ਭੱਠੀਆਂ ਉੱਤੇ ਕੰਮ ਕਰਨ ਵਾਲੇ ਲੜਕਿਆਂ ਦੇ ਸਾਹਮਣੇ ਅਜਾਬ ਰਾਏ ਨੂੰ ਮਾੜਾ ਚੰਗਾ ਬੋਲਦਾ ਸੀ। ਨਿਸਚਿਤ ਤਰੀਖ ਨਿਕਲ ਗਈ ਸੀ। ਸੁਨੇਹਾ ਭੇਜ ਭੇਜ ਕੇ ਅਜਾਬ ਰਾਏ ਥੱਕ ਗਿਆ ਸੀ। ਪਿਛਲੇ ਹਫ਼ਤੇ ਇਸਪੈਕਟਰ ਸੇਖ਼ ਸਾਹਿਬ ਨੇ ਹੰਸਰਾਜ ਦੀਆਂ ਭੱਠੀਆਂ ਉੱਤੇ ਛਾਪਾ ਮਾਰਿਆ ਸੀ, ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਸੀ। ਸਾਰਿਆਂ ਦੀ ਚੰਗੀ ਕੁੱਟ ਮਾਰ ਕੀਤੀ ਸੀ।

ਹੰਸਰਾਜ ਬਰਬਾਦ ਹੋ ਗਿਆ ਸੀ। ਹਾਰ ਹੰਭ ਕੇ ਅਜਾਬ ਰਾਏ ਦੇ ਕੋਲ ਆਇਆ ਸੀ। ਗਜਭਿਆ

ਮਾਸਟਰ, ਨਾਨਾ ਸੋਨਾਵਣੇ, ਭਿਕਰੂ ਸਾਲਵਯਾ ਅਤੇ ਤੁਕਾ ਪਹਿਲਵਾਨ ਸਾਰੇ ਜਣੇ ਦਫ਼ਤਰ 'ਚ ਬੈਠੇ ਸਨ। ਅਜਾਬ ਰਾਏ ਕੰਮ ਵਿਚ ਰੁਝਿਆ ਹੋਇਆ ਸੀ।

ਹੰਸ ਰਾਜ ਨੇ ਆਉਂਦਿਆਂ ਹੀ ਅਜਾਬ ਰਾਏ ਦੇ ਪੈਰਾਂ ਨੂੰ ਹੱਥ ਲਾ ਕੇ ਮੱਥਾ ਟੇਕਿਆ। ਹੱਥ ਜੋੜ ਕੇ ਬੇਨਤੀ ਕਰਨ ਲੱਗਾ, "ਬਾਬੂ ਜੀ, ਮੈਨੂੰ ਬਚਾਓ। ਜੇਕਰ ਆਪਣੇ ਪੁੱਤ ਤੋਂ ਗ਼ਲਤੀ ਹੋ ਗਈ ਹੋਵੇ ਕੀ ਉਸ ਨੂੰ ਬਾਪ ਮਾਰ ਦਿੰਦਾ ਹੈ?" ਹੰਸਰਾਜ ਕਹਿ ਰਿਹਾ ਸੀ। ਮਾਸਟਰ, ਸੋਨਾਵਣੇ, ਭਿਕਰੂ, ਤੁਕਾ ਸਾਰੇ ਹੈਰਾਨੀ ਨਾਲ ਵੇਖ ਰਹੇ ਸਨ।

"ਵਾਹ ਯੇਸਕਰ ਚਾਚਾ! ਮੈਂ ਆਪ ਦੇ ਬੱਚਿਆਂ ਦੇ ਬਰਾਬਰ ਹਾਂ। ਕੀ ਹੋਇਆ? ਉਹ ਤਾਂ ਦੱਸੋ? ਮੇਰੇ ਕੋਲੋਂ ਜੋ ਵੀ ਹੋਵੇਗਾ ਕਰਾਗਾ।" ਮਿੱਠੀ ਅਵਾਜ਼ ਨਾਲ ਅਜਾਬ ਰਾਏ ਬੋਲ ਰਿਹਾ ਸੀ।

ਲੈਣ-ਦੇਣ ਦੇ ਆਪਣੇ ਵਿਹਾਰ ਦੇ ਸਬੰਧ ਵਿਚ ਅਜਾਬ ਰਾਏ ਕਿਸੇ ਦੇ ਕੋਲ ਗਲਤੀ ਨਾਲ ਵੀ ਬੋਲਦਾ ਨਹੀਂ ਸੀ। ਇਸ ਤਰ੍ਹਾਂ ਆਰਥਿਕ ਵਿਹਾਰ ਉਨ੍ਹਾਂ ਦੋਹਾਂ ਵਿਚਕਾਰ ਸੀਮਿਤ ਅਤੇ ਗੁਪਤ ਰਹਿੰਦਾ। ਇਸ ਲਈ ਉਸਦਾ ਰੋਹਬ ਸੀ ਅਤੇ ਸ਼ਾਨ ਸੀ।

ਹੰਸਰਾਜ ਨੇ ਹਾਜ਼ਰ ਲੋਕਾਂ ਤੋਂ ਲਕੋ ਕੇ ਕੁਝ ਗੱਲਾਂ ਕੀਤੀਆਂ ਅਤੇ ਕੁਝ ਕੋਲੋਂ ਹੀ ਲਾ ਕੇ ਕਰ ਦਿੱਤੀਆਂ।

"ਤੁਹਾਨੂੰ ਪਤਾ ਹੀ ਹੈ ਬਾਬੂ ਜੀ ਕਿ ਮੇਰਾ ਧੰਦਾ ਕਿਸ ਤਰ੍ਹਾਂ ਦਾ ਹੈ। ਅਸੀਂ ਅਨਪੜ੍ਹ ਆਦਮੀ ਪੇਟ ਦੀ ਅੱਗ ਬੁਝਾਉਣ ਦੇ ਲਈ ਜੋ ਕੰਮ ਮਿਲਦਾ ਹੈ ਕਰਦੇ ਹਾਂ। ਇਹ ਨਵਾਂ ਸੇਖ਼ ਸਾਹਿਬ ਆਇਆ ਹੈ ਨਾ, ਉਸਦੀ ਭੁੱਖ ਵੱਡੀ ਹੈ। ਪਰ ਐਨਾ ਵੱਡੀ ਪੱਧਰ ਤੇ ਧੰਦਾ ਕਿੱਥੇ ਹੁੰਦਾ ਹੈ? ਚੋਰੀ ਛਿਪੇ ਕਰਦੇ ਹਾਂ! ਗੁੜ, ਸੀਰਾ, ਮਹੂਆ ਤੇ ਹੋਰ ਵਸਤਾਂ ਦਾ ਭਾਅ ਵਧ ਗਿਆ ਹੈ। ਲੜਕਿਆ ਨੂੰ ਪੈਸੇ ਦੇਣੇ ਪੈਂਦੇ ਹਨ। ਪਿਛਲੀ ਵਾਰ ਹਫ਼ਤਾ ਕੁੱਝ ਘੱਟ ਦਿੱਤਾ ਗਿਆ। ਉਸਨੇ ਕਿੰਨਾ ਨੁਕਸਾਨ ਕਰ ਦਿੱਤਾ ਮੇਰੇ ਵਰਗੇ ਗਰੀਬ ਦਾ। ਹੁਣ ਜੇਕਰ ਕੁਝ ਗਲਤੀਆਂ ਵੀ ਹੋਈਆਂ ਹੋਣਗੀਆਂ ਤਾਂ ਆਖਰ ਹੈ ਤਾਂ ਅਸੀਂ ਤੁਹਾਡੀ ਜਾਤ ਬਰਾਦਰੀ ਦੇ? ਕੁਝ ਕਹੋ ਉਸ ਨੂੰ। ਤੇਰੇ ਵਰਗੇ ਵੱਡੇ ਬੰਦੇ ਦੇ ਆਸਰੇ ਹੀ ਮੇਰੇ ਵਰਗੇ ਗਰੀਬ ਦਾ ਘਰ ਚੱਲੇਗਾ।"

"ਕਿੰਨੀ ਵਾਰ ਤੈਨੂੰ ਸਮਝਾਇਆ ਹੈ ਚਾਚਾ। ਇਸ ਤਰ੍ਹਾਂ ਦੇ ਧੰਦਾ ਕਰਨ ਵਾਲਿਆਂ ਲੋਕਾਂ ਦੇ ਸਬੰਧ ਵਿਚ ਜੇਕਰ ਉਸ ਨੂੰ ਕਹਾਂਗੇ ਤਾਂ ਉਹ ਮੇਰੇ ਬਾਰੇ ਵਿਚ ਕੀ ਸੋਚੇਗਾ? ਮੇਰੀ ਕੀ ਇੱਜ਼ਤ ਰਹਿ ਜਾਵੇਗੀ? ਤੈਨੂੰ ਮੈਂ ਕਿਹਾ ਕਿਤਾਬਾਂ ਦੀ ਦੁਕਾਨ ਲਾ ਦਿੰਦਾ ਹਾਂ। ਆਪਣੇ ਲੋਕਾਂ ਨੂੰ ਇਸ ਧੰਦੇ ਵਿਚ ਆਉਣਾ ਚਾਹੀਦਾ ਹੈ। ਪ੍ਰੰਤੂ ਤੇਰੀ ਪੁਰਾਣੀ ਆਦਤ ਨਹੀਂ ਜਾਂਦੀ। ਤੇਰੇ ਲਈ ਮੈਨੂੰ ਦੂਜਿਆਂ ਦੀ ਮਿੰਨਤ ਕਰਨੀ ਪੈਂਦੀ ਹੈ। ਤੂੰ ਇਕ ਦਮ ਫਾਲਤੂ ਬੰਦਾ ਏ।" ਅਜਾਬ ਰਾਏ ਨੇ ਉਸਨੂੰ ਝਿੜਕਿਆ। ਸਾਰੇ ਲੋਕ ਸਹਿਮਤੀ ਨਾਲ ਧੌਣਾ ਹਿਲਾ ਰਹੇ ਸਨ।

ਭਾਨੂ ਦਾਸ ਨੇ ਚਾਹ ਬਣਾਈ। ਸਾਰਿਆਂ ਨੇ ਸੜਾਕੇ ਮਾਰ ਕੇ ਚਾਹ ਪੀ ਲਈ। ਸਾਰੇ ਬੀੜੀ ਸਿਗਰਟ ਦਾ ਧੂੰਆਂ ਕੱਢਣ ਲੱਗੇ। ਪਾਨ ਚੱਬਦੇ ਹੋਏ 'ਕੁੱਝ ਕਰਦਾ ਹਾਂ।" ਇਸ ਤਰ੍ਹਾਂ ਅਜਾਬ ਰਾਏ ਨੇ ਉਸ ਨੂੰ ਕਿਹਾ। ... ਹਾਂ ਤਾਂ ਗਜਭਿਆ ਮਾਸਟਰ ਹੁਣ ਤੇਰਾ ਕੰਮ ਕੀ ਏ!" ਅਜਾਬ ਰਾਏ ਨੇ ਹੰਸ ਰਾਜ ਨੂੰ ਤੋਰਦੇ ਹੋਇਆ ਕਿਹਾ, "ਤੁਹਾਡਾ ਕੰਮ ਮੈਨੂੰ ਚੇਤੇ ਹੈ। ਅੱਜ ਰਾਤ ਨੂੰ ਆਉਂਦਾ ਹਾਂ ਮਿਲਣ ਲਈ। " ਹੰਸਰਾਜ ਨੇ ਨਿਮਰਤਾ ਨਾਲ ਵਿਚੋਂ ਹੀ ਕਿਹਾ ਅਤੇ ਉਹ ਨਿਕਲ ਗਿਆ।

ਅਜਾਬ ਰਾਏ ਨੇ ਸ਼ੇਖ਼ ਸਾਹਿਬ ਨੂੰ ਕਹਿ ਕੇ ਲੜਕਿਆਂ ਨੂੰ ਛੁਡਾ ਦਿੱਤਾ ਸੀ। ਕਰਜੇ ਦੇ ਰੂਪ ਵਿਚ ਧੰਦੇ ਦੇ ਲਈ ਪੈਸੇ ਦਿੱਤੇ ਸਨ। ਕੰਮ ਹੋ ਗਿਆ ਸੀ।



ਗਾਂਧੀ ਚੌਂਕ ਵਿਚ ਪਹੁੰਚ ਕੇ ਅਜਾਬ ਰਾਏ ਨੇ ਚਮਾਰ ਤੋਂ ਚੱਪਲ 'ਤੇ ਬੁਰਸ਼ ਮਰਾ ਲਈ। ਮਜਦੂਰ ਸਭਾ ਦਾ ਮੋਰਚਾ ਜ਼ਿਲ੍ਹਾ ਕਚਿਹਰੀ ਵੱਲ ਜਾ ਰਿਹਾ ਸੀ। ਕੱਟੀ ਬਾਬੂ ਨੇ ਉਸ ਨੂੰ ਹੱਥ ਜੋੜ ਕੇ ਨਮਸਕਾਰ ਕੀਤਾ। ਅਜਾਬ ਰਾਏ ਨੇ "ਕੀ ਸਭ ਕੁਝ ਠੀਕ ਚੱਲ ਰਿਹਾ ਹੈ?" ਇਸ ਆਸ ਨਾਲ ਗਰਦਨ ਹਿਲਾ ਕੇ ਪੁੱਛ ਪੜਤਾਲ ਕੀਤੀ। ਕੱਟੀ ਬਾਬੂ ਨੇ ਵੀ ਇਸ਼ਾਰੇ ਨਾਲ ਹੀ 'ਸਭ ਕੁੱਝ ਠੀਕ ਚੱਲ ਰਿਹਾ ਹੈ।' ਅਜਿਹਾ ਸੰਕੇਤ ਦਿੱਤਾ ਅਤੇ ਤਾਂਗੇ ਵਿਚ ਰੱਖੇ ਮਾਇਕ ਵਿਚੋਂ ਨਾਅਰਾ ਲਗਾਇਆ, 'ਮਜਦੂਰ ਸਭਾ ਜਿੰਦਾਬਾਦ! ਸਾਡੀਆਂ ਮੰਗਾਂ ਪੂਰੀਆਂ ਕਰੋ। ਗਲੀ ਗਲੀ ਵਿਚ ਸ਼ੋਰ ਹੈ...।" ਅਤੇ ਹੌਲੀ-ਹੌਲੀ ਮੋਰਚਾ ਅੱਗੇ ਸਰਕਣ ਲੱਗਾ। ਸ਼ੇਖ਼ ਸਾਹਿਬ ਵੀ ਮੋਰਚੇ ਦੇ ਨਾਲ ਸੀ। ਉਸ ਨੂੰ ਵੀ ਅਜਾਬ ਰਾਏ ਨੇ ਰਾਜੀ ਖ਼ੁਸ਼ੀ ਪੁੱਛੀ।

ਦੂਰ ਤੱਕ ਮੋਰਚਾ ਲੰਘ ਜਾਣ ਤੇ ਅਜਾਬ ਰਾਏ ਨੇ ਏਧਰ ਉਧਰ ਵੇਖਿਆ ਅਤੇ ਤੇਜੀ ਨਾਲ ਗਲੀ ਤੋਂ ਪਾਰ ਨਿਕਲ ਗਿਆ। ਗੁੱਜਰ-ਮਾਖੜੀਆਂ ਦੀ ਬਸਤੀ ਸੀ। ਗੁੱਜਰ ਮੰਡੀ ਦੀ ਨੁਕਰ ਤੇ ਅਜਾਬ ਰਾਏ ਰੁਕ ਗਿਆ। ਗਿਆਰਾ ਵੱਜ ਰਹੇ ਸਨ। ਤਿੱਖੀ ਧੁੱਪ ਸੀ। ਅਜਾਬ ਰਾਏ ਨੇ ਬੂਹੇ ਦਾ ਕੁੰਡਾ ਖੜਕਾਇਆ।

ਵਤਸਲੀ ਨੇ ਦਰਵਾਜ਼ਾ ਖੋਲਿਆ। ਅਜਾਬ ਰਾਏ ਨੂੰ ਵੇਖ ਕੇ ਉਹ ਹੱਸੀ, 'ਆਓ ਅਜਾਬ ਰਾਏ, ਸਾਹਿਬ ਨੂੰ ਕਿਤੇ ਦੇਖਿਆ ਹੈ?" ਉਸਨੇ ਮੁੜ ਕੁੰਡੀ ਲਗਾ ਦਿੱਤੀ।

"ਹਾਂ, ਗਏ ਹੈ ਨਾ, ਮੋਰਚੇ ਵਾਲਿਆਂ ਦੇ ਪਿੱਛੇ ਡਾਂਗ ਹਿਲਾਉਂਦੇ।" ਅਜਾਬ ਰਾਏ ਨੇ ਪਲੰਘ ਉੱਤੇ ਪਲੱਥਾ ਮਾਰ ਕੇ ਬੈਠਦੇ ਹੋਏ ਬੋਲੇ।

"ਕਿਹੜੀ ਲਾਠੀ?" ਵਤਸਲੀ ਨੇ ਲੱਕ ਉੱਤੇ ਹੱਥ ਰੱਖਦੇ ਹੋਇਆ ਸ਼ਰਾਰਤ ਨਾਲ ਪੁੱਛਿਆ। ਉਸਦੇ ਇਸ ਸਵਾਲ ਵਿਚ ਅਸ਼ਲੀਲ ਇਸ਼ਾਰਾ ਸੀ।

"ਹੁਣ ਤੈਨੂੰ ਪਤਾ ਹੈ ਜਾਂ ਮੈਨੂੰ?" ਅਜਾਬ ਰਾਏ ਨੇ ਉਸੇ ਢੰਗ ਨਾਲ ਜਵਾਬ ਦਿੱਤਾ ਅਤੇ ਉਸ ਨੂੰ ਆਪਣੇ ਵੱਲ ਖਿੱਚ ਕੇ ਬਾਹਾਂ ਵਿਚ ਲੈ ਲਿਆ। ਉਸ ਦੀ ਸਾੜ੍ਹੀ ਫਰਸ਼ ਉੱਤੇ ਪਈ ਸੀ।

"ਐਨੀ ਕਾਹਲੀ ਵੀ ਕੀ ਹੈ, ਸਬਰ ਨਾਲ ਚੱਲ ਨਾ!" ਉਸ ਵੱਲ ਖਿਸਕਦੀ ਹੋਈ ਵਤਸਲੀ ਬੋਲੀ। ਕਮਰਾ ਚਾਰੇ ਪਾਸਿਓ ਬੰਦ ਸੀ। ਸਾਹ ਘੁੱਟਣ ਲੱਗਾ।

ਇਹ ਵਤਸਲੀ ਨਿਰੀ ਪੇਂਡੂ। ਪਤੀ ਦੀ ਮੌਤ ਤੋਂ ਬਾਅਦ ਉਸਨੇ ਮੁੜ ਵਿਆਹ ਕਰ ਲਿਆ ਸੀ। ਪਰ ਦੂਜਾ ਪਤੀ ਬਹੁਤ ਹੀ ਸ਼ੱਕੀ ਸੁਭਾਅ ਦਾ ਸੀ। ਬੁੱਢਾ ਸੀ। ਉਸਦੇ ਇਸ ਤਰ੍ਹਾਂ ਦੇ ਸ਼ੱਕੀ ਵਿਹਾਰ ਕਰਕੇ ਉਸਨੂੰ ਗੁੱਸਾ ਆਇਆ। ਅਤੇ ਇਕ ਦਿਨ ਉਹ ਗਵਾਚ ਗਈ। ਅਮਰਾਵਤੀ ਦੇ ਇਕ ਸਰਦਾਰ ਜੀ ਦੇ ਕੋਲ ਸੀ ਉਹ। ਬਾਅਦ ਵਿਚ ਨਾਗਪੁਰ ਦੇ ਇਕ ਮਾਸਟਰ ਦੇ ਕੋਲ ਰਹੀ। ਕੁਝ ਦਿਨ ਉਸ ਨੇ ਧੰਦਾ ਵੀ ਕੀਤਾ ਸੀ। ਅਜਾਬ ਰਾਏ ਨੂੰ ਇਸ ਸਾਰੇ ਕੁਝ ਦੀ ਜਾਣਕਾਰੀ ਸੀ। ਰਾਜੂਰ, ਛੇਅ ਪਿੰਡ, ਧਾਮਣ ਪਿੰਡ ਦੀਆਂ ਬਸਤੀਆਂ ਦੇ ਲੋਕਾਂ ਨੂੰ ਵਤਸਲੀ ਦੀ ਦਸ ਬਾਰਾਂ ਸਾਲ ਦੀ ਜੀਵਨ ਯਾਤਰਾ ਪਤਾ ਸੀ। ਪਰੰਤੂ ਹੁਣ ਉਹ ਥੱਕ ਗਈ ਸੀ। ਮਰਦ ਲੋਕ ਉਸ ਨੂੰ ਵਰਤਦੇ ਸੀ। ਇਸ ਦਾ ਉਸ ਨੂੰ ਗੁੱਸਾ ਆ ਰਿਹਾ ਸੀ। ਸਰੀਰ ਦੀ ਸੁੰਦਰਤਾ ਤਾਂ ਚਾਰ ਪੰਜ ਸਾਲ ਬਾਅਦ ਖਤਮ ਹੋ ਜਾਵੇਗਾ। ਇਹ ਉਹ ਚੰਗੀ ਤਰ੍ਹਾਂ ਜਾਣਦੀ ਸੀ। ਨਾਗਪੁਰ ਵਿਚ ਸ਼ੇਖ਼ ਸਾਹਿਬ ਨੇ ਉਸ ਨੂੰ ਦੇਖਿਆ ਅਤੇ ਉਸ ਲਈ ਉਸ ਨੇ ਜੋ ਵੀ ਕਰਨਾ ਸੀ ਉਹ ਕੀਤਾ। ਪਰ ਨਿਕਾਹ ਕਰਵਾਉਣ ਦੀ ਹਿੰਮਤ ਉਸ ਦੀ ਨਹੀਂ ਪਈ। ਸ਼ੇਖ਼ ਸਾਹਿਬ ਰੰਡੇ ਸੀ। ਬਾਲ ਬੱਚਿਆਂ ਦਾ ਝੰਜਟ ਨਹੀਂ ਸੀ। ਅਤੇ ਇਕ ਦਿਨ ਅਜਾਬ ਰਾਏ ਨੇ ਉਸ ਨੂੰ ਦੇਖਿਆ ਯਵਤਮਾਲ ਵਿਚ। ਸ਼ੇਖ਼ ਸਾਹਿਬ ਅਤੇ ਅਜਾਬ ਰਾਏ ਦੀ ਜਾਣ ਪਹਿਚਾਣ ਉਸ ਨੂੰ ਅਸ਼ੁੱਭ ਮਹਿਸੂਸ ਹੋ ਰਹੀ ਸੀ। ਸ਼ੇਖ਼ ਸਾਹਿਬ ਨੂੰ ਉਸ ਨੇ ਕਿਹਾ ਸੀ, "ਵਾਹ ਸਾਹਿਬ! ਤੁਸੀਂ ਅਸੀਂ ਹੁਣ ਸਾਂਢੂ ਬਣਾਗੇ!" ਡਰੀ ਹੋਈ ਵਤਸਲੀ

ਪਹਿਲੀ ਮੁਲਾਕਾਤ ਵਿਚ ਹੀ ਅਜਾਬ ਰਾਏ ਦੇ ਇਸ ਤਰ੍ਹਾਂ ਦੇ ਬੋਲ ਤੋਂ ਹੈਰਾਨ ਤੇ ਪਰੇਸ਼ਾਨ ਹੋਈ ਸੀ।

ਲੰਕੇਸ਼ਵਰ ਜੀ ! ਤੁਸੀਂ ਕਿਵੇਂ ਸਾਂਢੂ ਹੋ ਜਾਓਗੇ? ਮੇਰੀ ਹੋਣ ਵਾਲੀ ਬੀਬੀ ਨੂੰ ਤੁਸੀਂ ਜਾਣਦੇ ਹੋ?" ਸ਼ੇਖ ਨੇ ਹੈਰਾਨੀ ਨਾਲ ਪੁੱਛਿਆ ਸੀ।

" ਵਾਹ ਜੀ ਉਹੀ ਤਾਂ ਕਹਿ ਰਿਹਾ ਹਾਂ। ਸਾਡੀ ਘਰ ਵਾਲੀ ਅਤੇ ਵਤਸਾ ਭੈਣਾਂ ਹਨ ਬਚਪਨ ਦੀਆਂ ਸਹੇਲੀਆਂ।" ਅਜਾਬ ਰਾਏ ਨੇ ਵਤਸਲੀ ਦੇ ਵੱਲ ਦੇਖਦੇ ਹੋਇਆ ਕਿਹਾ ਸੀ। ਉਸਨੇ ਸੁੱਖ ਦਾ ਸਾਹ ਲਿਆ। ਅਜਾਬ ਰਾਏ ਅਤੇ ਸ਼ੇਖ ਸਾਹਿਬ ਦੇ ਮਿਲਣ ਤੋਂ ਬਾਅਦ ਉਸਦਾ ਆਚੰਭਾ ਖਤਮ ਹੋਇਆ ਸੀ। ਉਸ ਸਮੇਂ ਉਹ ਉਸ ਦੀ ਸਿਆਣਪ ਤੋਂ ਉਸ ਵੱਲ ਹੈਰਾਨ ਹੋ ਕੇ ਦੇਖ ਰਹੀ ਸੀ। ਪ੍ਰੰਤੂ ਅਜਾਬ ਰਾਏ ਨੇ ਮੁੜ ਕੇ ਵੀ ਦੇਖਿਆ ਨਹੀਂ ਸੀ। ਉਹ ਚਲਾ ਗਿਆ। ਇਕ ਮਹੀਨਾ ਬੀਤ ਗਿਆ।

ਅਤੇ ਇਕ ਦਿਨ ਦੁਪਹਿਰ ਨੂੰ ਅਜਾਬ ਰਾਏ ਹਾਜ਼ਿਰ ਹੋਇਆ। ਸ਼ੇਖ ਸਾਹਿਬ ਇਕ ਕੇਸ ਦੇ ਸਿਲਸਿਲੇ ਵਿਚ ਨਾਗਪੁਰ ਗਏ ਸੀ।

"ਹਾਂ ਬਸਤੀ ! ਇਹ ਪਿੰਡ ਮੇਰਾ ਹੈ। ਤੂੰ ਕਿਸ ਤਰ੍ਹਾਂ ਦੀ ਏਂ, ਇਸ ਤੋਂ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਅਜੇ ਸਾਹਿਬ ਨੂੰ ਮੈਂ ਐਸ. ਟੀ. 'ਚ ਬਿਠਾ ਦਿੱਤਾ ਹੈ। ਭਗਵਾਨ ਦੀ ਕ੍ਰਿਪਾ ਨਾਲ ਪੈਸਿਆਂ ਦੀ ਚਿੰਤਾ ਨਹੀਂ ਹੈ। ਪੈਸਾ ਸਾਰਿਆਂ ਦਾ ਮੂੰਹ ਬੰਦ ਰੱਖੇਗਾ। ਮੇਰੀ ਇਥੇ ਇੱਜ਼ਤ ਹੈ। ਚਾਰ ਆਦਮੀ ਜਾਣਦੇ ਹਨ ਪਛਾਣਦੇ ਹਨ। ਉਦੋਂ ਇਹ ਮਸਲਾ ਆਪਣੇ ਵਿਚ ਰਹੇਗਾ।"

... ਵਤਸਲੀ ਨੂੰ ਦੂਜਾ ਕੁਝ ਵੀ ਕਾਰਜ ਕਰਨ ਦੀ ਸੰਭਾਵਨਾ ਨਹੀਂ ਸੀ। ਮਰਦਾ ਦੀ ਕਮਜ਼ੋਰੀ ਨੂੰ ਉਹ ਚੰਗੀ ਤਰ੍ਹਾਂ ਜਾਣਦੀ ਸੀ। "ਔਰਤ ਥੱਲੇ ਪੈ ਗਈ ਤਾਂ ਹਾਥੀ ਦਾ ਭਾਰ ਵੀ ਉਸ ਨੂੰ ਫੁੱਲ ਵਾਂਗ ਲੱਗਦਾ ਹੈ।" ਉਹ ਇਹ ਅਨੁਭਵ ਤੋਂ ਜਾਣਦੀ ਸੀ। ਅਜਾਬ ਰਾਏ ਵਰਗੇ ਜਾਣੂ ਘਰ ਦੇ ਆਦਮੀ ਨੂੰ ਗੁੱਸੇ ਕਰਨ ਜਾਂ ਧੱਕਾ ਦੇਣ ਤੇ ਆਪਣੀ ਮੁਸੀਬਤ ਵਧਾਉਣ ਨੂੰ ਉਹ ਤਿਆਰ ਨਹੀਂ ਸੀ। ਉਸ ਦਿਨ ਉਸ ਦੇ ਵੱਲੋਂ ਪ੍ਰਾਪਤ ਸੁੱਖ ਤੋਂ ਅਜਾਬ ਰਾਏ ਖੁਸ਼ ਹੋਇਆ ਸੀ। ਅਤੇ ਮੌਕਾ ਮਿਲਦੇ ਹੀ, ਪੰਦਰਾਂ ਵੀਹ ਦਿਨ ਵਿਚ ਇਕ ਘੰਟੇ ਦੇ ਲਈ ਆ ਕੇ ਜਾਂਦਾ ਸੀ।

ਵਤਸਲੀ ਵੱਲੋਂ ਹੋ ਕੇ ਅਜਾਬ ਰਾਏ ਮੁੜ ਗਾਂਧੀ ਚੌਂਕ 'ਚ ਆ ਗਿਆ। ਸਿਗਰਟ ਲਾ ਲਈ। 'ਜੈ ਭੀਮ ਸਾਹਿਬ ' ਦੀ ਆਵਾਜ਼ ਆ ਜਾਣ ਦੇ ਕਾਰਨ ਉਹ ਪਿੱਛੇ ਮੁੜ ਗਿਆ। ਭੀਮਾ ਮੋਢੇ ਉੱਤੇ ਲੱਕੜਾ ਦਾ ਗੱਠਾ ਲੈ ਕੇ ਖੜਾ ਸੀ। ਪਸੀਨੇ ਨਾਲ ਭਿੱਜਿਆ ਹੋਇਆ ਸੀ ਉਹ।

'ਜੈ ਭੀਮ ! ਕਿਵੇਂ ਭੀਮਾ? ਅੱਜ ਐਨੀ ਧੁੱਪ ਵਿਚ ਮੰਡੀ ਵਿਚ ਕਿਵੇਂ?" ਅਜਾਬ ਰਾਏ ਮੁੜ ਕੇ ਬੋਲੇ। ਉਸਦੇ ਮੂੰਹ ਦਾ ਧੂੰਆਂ ਧੁੱਪ ਨਾਲ ਫੈਲ ਰਿਹਾ ਸੀ।

"ਹਾਂ ਜੀ ! ਭਤੀਜੀ ਦੀ ਮੰਗਣੀ ਹੈ ਹਿੰਗਣਘਾਟ 'ਚ। ਕੁਝ ਚੀਜਾ ਲਈਆਂ ਹਨ !" ਭੀਮਾ ਬੋਲ ਰਿਹਾ ਸੀ। ਮਿਊਸੀਪਲ ਕਮੇਟੀ ਵਿਚ ਉਹ ਸਫ਼ਾਈ ਕਾਮਾ ਸੀ। 'ਜਾਣਦੇ ਹੋ ਨਾ ਸਾਹਿਬ ਨੂੰ?" ਨਾਲ ਵਾਲੇ ਲੜਕੇ ਨੂੰ ਭੀਮਾ ਪੁੱਛ ਰਿਹਾ ਸੀ। ਪੰਜ ਸੱਤ ਸਾਲ ਦੇ ਲੜਕੇ ਦੇ ਮੂੰਹ ਉੱਤੇ ਡਰ ਦੇ ਚਿੰਨ ਪ੍ਰਗਟ ਹੋਏ।

"ਓਏ ਸਾਹਿਬ ਹਨ। ਆਪਣੀ ਬਸਤੀ ਵਿਚ ਪਾਣੀ ਆਉਂਦਾ ਹੈ ਨਾ ਮੋਟਰ ਦਾ। ਤੇਰੀ ਮਾਂ ਜਾਂਦੀ ਹੈ ਨੰਬਰ ਲਗਾਉਣ ! ਸਵੇਰੇ ਸ਼ਾਮ? ਉਹ ਮੋਟਰ ਸਾਹਿਬ ਨੇ ਹੀ ਸ਼ੁਰੂ ਕੀਤੀ ਹੈ। ਪਾਣੀ ਛਿੜਕਦੇ ਹੈ ਨਾ ਰਸਤੇ ਵਿਚ ਪਿਛਲੇ ਹਫ਼ਤੇ ਤੋਂ? ਇਹ ਸਾਹਿਬ ਦੇ ਕਾਰਨ ਹੈ। ਜੈ ਭੀਮ ਕਰ। ਪੈਰ ਛੂਹ। ਉਸ ਵਰਗਾ ਬਣ।" ਭੀਮਾ ਆਪਣੇ ਮੁੰਡੇ ਨੂੰ ਅਜਾਬ ਰਾਏ ਬਾਰੇ ਜਾਣੂ ਕਰਾ ਰਿਹਾ ਸੀ। ਅਜਾਬ ਰਾਏ ਠਰੰਮੇ ਨਾਲ ਮੁਸਕਰਾਉਂਦਾ ਖੜਾ ਸੀ... ਅੱਖਾਂ ਉਗਾੜ ਕੇ ਡਰ ਅਤੇ ਸ਼ਰਮ ਨਾਲ ਉਸ ਨੇ ' ਜੈ ਭੀਮ ਕਿਹਾ' ਅਤੇ



ਅਜਾਬ ਰਾਏ ਦੇ ਪੈਰ ਛੂਹੇ।

"ਓਏ ਇਹ ਕੀ?... ਹੁਸ਼ਿਆਰ ਹੈ ਲੜਕਾ। ਪੜ੍ਹਨ-ਲਿਖਣ ਭੇਜ ਦੇ ਇਸ ਨੂੰ।" ਪਾਨ ਵਾਲੇ ਦੇ ਕੋਲੋਂ ਭੀਮਾ ਦੇ ਲਈ ਪਾਨ ਅਤੇ ਬੀੜੀਆਂ ਉਸਨੇ ਲਈਆਂ। ਜੇਬ ਵਿਚੋਂ ਹੱਥ ਪਾ ਕੇ ਦਸ ਪੈਸੇ ਕੱਢ ਕੇ ਦਿੱਤੇ। ਉਹ ਖੁਸ਼ ਹੋ ਗਿਆ।

"ਸਾਰਾ ਕੁਝ ਠੀਕ ਹੈ ਨਾ?"

ਅਜਾਬ ਰਾਏ ਨੇ ਪਾਨ ਨਾਲ ਲਾਲ ਹੋਇਆ ਅੰਗੂਠਾ ਰੁਮਾਲ ਨਾਲ ਪੂੰਝਦੇ ਹੋਇਆ ਭੀਮਾ ਨੂੰ ਪੁੱਛਿਆ ਸੀ। ਭੀਮਾ ਦੇ ਉਜੱਡ ਸੁਭਾ ਦਾ ਹਮੇਸ਼ਾ ਉਸ ਨੂੰ ਲਾਭ ਮਿਲਿਆ ਸੀ।

"ਆਪਣੀ ਕ੍ਰਿਪਾ ਚਾਹੀਦੀ ਹੈ ਸਾਹਿਬ। ਪ੍ਰੰਤੂ ਉਸ ਸਫ਼ਾਈ ਕਾਮਾ ਯੂਨੀਅਨ ਦਾ ਕੀ ਬਣਿਆ? " ਭੀਮਾ ਉੱਤਰ ਦਿੰਦਾ ਅਤੇ ਮੋਢਾ ਬਦਲਦੇ ਹੋਇਆ, ਚਲਦੇ ਚਲਦੇ ਹੋਏ ਸਵਾਲ ਕਰ ਬੈਠਾ।

"ਅਜੇ ਕਾਹਲੀ ਨਾ ਕਰੋ ਨਵੇਂ ਕਲੈਕਟਰ ਆਉਣ ਵਾਲੇ ਹਨ। ਉਦੋਂ ਸ਼ੁਰੂ ਕਰਾਂਗੇ। ਪੰਜ ਛੇ ਮਹੀਨੇ ਹੋਏ ਕਿ ਨਹੀਂ ਉਸਨੂੰ?" ਅਜਾਬ ਰਾਏ ਉਤਰ 'ਚ ਹੀ ਸਵਾਲ ਦੀ ਉਲਝਣ ਬਣਾ ਰਹੇ ਸਨ। ਰੋਕ ਕੇ ਭੀਮਾ ਵੱਲ ਇਕ ਟੱਕ ਵੇਖ ਰਹੇ ਸਨ।

"ਨਹੀਂ ਸਾਹਿਬ ਸਵਾ ਸਾਲ ਹੋਏ ਹਨ। ਤੁਹਾਡਾ ਸਤਿਕਾਰ ਕੀਤਾ ਸੀ, ਉਦੋਂ ਤੋਂ ਹਰ ਮਹੀਨੇ ਚੰਦਾ ਦਿੰਦੇ ਹਾਂ ਨਾ ਅਸੀਂ ਇਕ ਰੁਪਏ। ਤੁਕਾ ਪਹਿਲਵਾਨ ਕਹਿੰਦਾ ਸੀ, ਯੂਨੀਅਨ ਨੂੰ ਮੁੱਖ ਮੰਤਰੀ ਵਲੋਂ ਸਨਮਾਨ ਮਿਲੇਗਾ। ਬਾਅਦ ਵਿਚ ਰਸੀਦ ਦੇਣ ਵਾਲੇ ਹਨ।"

"ਅਰੇ... ਹੁਣ ਹੁੰਦਾ ਆਇਆ ਹੈ ਕੰਮ।" ਅਜਾਬ ਰਾਏ ਨੇ ਸ਼ਾਂਤ ਬੋਲ ਨਾਲ ਕਿਹਾ। ਉਸਨੇ ਕੰਨ ਖੁਰਕਣ ਦੇ ਲਈ ਫਿਰ ਤੋਂ ਤੀਲ ਕੱਢੀ।

"ਸਾਡਾ ਤਾਂ ਪੂਰਾ ਭਰੋਸਾ ਹੈ ਸਾਹਿਬ। ਪਰ..." ਭੀਮਾ ਵਿਚੋਂ ਹੀ ਡੋਲ ਗਿਆ।

"ਨਹੀਂ ਨਹੀਂ ਤੁਹਾਡੇ ਵਰਗਿਆਂ ਦੀ ਗੱਲ ਇਕੋ ਹੈ। ਮੈਂ ਕਿਹਾ ਵੀ ਉਹਨੂੰ। ਜਲਦੀ ਹੀ ਕਾਗਜ਼ ਪੱਤਰ, ਸਟੈਪ, ਸਹਿਮਤੀ ਭੇਜਣ ਨੂੰ ਕਿਹਾ ਹੈ। ਪਰ ਕੋਈ ਰਸੀਦ ਤਾਂ ਪੁੱਛਦਾ ਨਹੀਂ ਹੈ ਨਾ?" ਅਜਾਬ ਰਾਏ ਨੇ ਪੁੱਛਿਆ।

"ਪੁੱਛਦੇ ਨਹੀਂ ਹਨ, ਪਰ ਗੁਲਾਬ ਸਾਲਾ ਤੁਹਾਡੇ ਘਰ ਦੇ ਨੇੜੇ ਰਹਿੰਦਾ ਹੈ ਨਾ? ਉਹ ਕਿਚ ਕਿਚ ਕਰ ਰਿਹਾ ਹੈ। ਅਤੇ ਉਹ ਹਾਈ ਸਕੂਲ 'ਚ ਪੜ੍ਹਾਉਣ ਵਾਲਾ ਗਿਰਧਾਰੀ। ਤੁਹਾਡੇ ਗਜਭਿਆ ਮਾਸਟਰ ਦਾ ਹੀ ਛੋਟਾ ਭਰਾ ਹੈ ਉਹ। ਮੰਦਰ ਦਾ ਮੈਦਾਨ ਸਾਫ ਕਰਨ ਵਾਲਾ ਭਿਕੂ, ਚੰਮਤ ਇਹ ਸਾਰੇ ਬਹੁਤ ਬੋਲਦੇ ਹਨ !" ਪਾਨ ਚੱਬਦੇ ਹੋਏ ਖੁਸ਼ੀ ਨਾਲ ਭੀਮਾ ਬੋਲ ਰਿਹਾ ਸੀ। ਹੁਣ ਉਹ ਮੋਢੇ ਤੇ ਚੁੱਕਿਆ ਗੱਠਾ ਥੱਲੇ ਰੱਖ ਚੁੱਕਾ ਸੀ। ਬੀੜੀ ਪੀਂਦਾ ਨੱਕ-ਮੂੰਹ ਤੋਂ ਧੂੰਆਂ ਕੱਢਦਾ ਹੋਇਆ ਉਹ ਬੋਲ ਰਿਹਾ ਸੀ। ਧੌਣ ਹਿਲਾ ਰਿਹਾ ਸੀ।

"ਬੇਟਾ ਏਕਮ ! ਜਾਹ ਤੂੰ ਜੇਕਰ ਗੋਲੀਆਂ ਲੈਣੀਆਂ ਹਨ ਤਾਂ ਲੈ ਆ।" ਜੇਬ ਤੋਂ ਦਸ ਪੈਸੇ ਲੱਭਦੇ ਹੋਇਆ ਏਕਮ ਗੋਲੀ-ਬਿਸਕੁਟ ਦੁਕਾਨ ਤੋਂ ਲੈਣ ਦੌੜਿਆ। ਐਨਾ ਵੱਡਾ ਆਦਮੀ, ਆਪਣੇ ਬਾਪ ਦੇ ਨਾਲ ਬੜੇ ਠਰੰਮੇ ਨਾਲ ਗੱਲਬਾਤ ਕਰ ਰਿਹਾ ਹੈ। ਇਸ ਨਾਲ ਉਸ ਨੂੰ ਪ੍ਰਸੰਨਤਾ ਮਿਲ ਰਹੀ ਸੀ।

"ਇਹ ਦੇਖ ਭੀਮੇ ਭਰਾ ! ਅਸੀਂ ਕਿਸੇ ਦਾ ਮੂੰਹ ਬੰਦ ਨਹੀਂ ਕਰ ਸਕਦੇ। ਲੋਕ ਤੰਤਰ ਦਾ ਇਹੀ ਤਾਂ ਲਾਭ ਹੈ। ਖੁੱਲ ਕੇ ਬੋਲ ਸਕਦਾ ਹੈ ਆਦਮੀ। ਪਰ ਮੇਰਾ ਕੰਮ, ਹੁਣ ਪੂਰੇ ਜ਼ਿਲ੍ਹੇ ਨੂੰ ਪਤਾ ਹੈ। ਕੀ ਕਹਿ ਰਹੇ ਸੀ ਉਹ... ਗਿਰਧਾਰੀ, ਗੁਲ ਬਾ, ਭਿਕੂ, ਸੰਮਪਤ?" ਸਿਗਰਟ ਖੁੱਲੇ ਗਟਰ ਵਿਚ ਸੁੱਟਦੇ ਹੋਏ ਅਜਾਬ ਰਾਏ ਨੇ ਪੁੱਛਿਆ। ਉਸਦੇ ਬੋਲ ਸ਼ਾਂਤ ਅਤੇ ਸੰਜਮ ਵਾਲੇ ਸਨ।

"ਉਨ੍ਹਾਂ ਦੀਆਂ ਗੱਲਾਂ ਉੱਤੇ ਕੌਣ ਭਰੋਸਾ ਕਰੇਗਾ? ਗੁਲ ਬਾ ਕਹਿੰਦਾ ਹੈ ਲੰਕੇਸ਼ਵਰ ਚਾਲੂ ਹੈ। ਸਫ਼ਾਈ ਯੂਨੀਅਨ-ਵਨੀਅਨ ਕੁਝ ਨਹੀਂ ਹੈ। ਪਵਾਰ ਡਾਈਵਰ ਨੂੰ ਮਿਊਸੀਪਲਟੀ ਤਨਖਾਹ ਦਿੰਦੀ ਹੈ। ਪਾਣੀ ਛਿੜਕਾਉਣ ਤੇ ਸਵੇਰ ਸ਼ਾਮ ਪਾਣੀ ਭਰ ਕੇ ਲਿਆਉਣ ਲਈ। ਹਰ ਘਰ ਵਾਲੇ ਤੋਂ ਉਸ ਨੂੰ ਇਕ ਇਕ ਰੁਪਈਆ ਦੇਣ ਦੀ ਲੋੜ ਨਹੀਂ। ਇਹ ਸਾਰੇ ਪੈਸੇ ਅਜਾਬ ਰਾਏ ਡਕਾਰ ਜਾਂਦਾ ਹੈ। ਮਕਾਨ ਲੈਂਦਾ ਹੈ।" ਭੀਮਾ ਹੁਣ ਉਤਸਾਹ ਨਾਲ ਬੋਲ ਰਿਹਾ ਸੀ। ਆਪਣੀਆਂ ਗੱਲਾਂ ਗੁਲਾਬ ਰਾਏ ਦੇ ਸਿਰ ਮੜ ਰਿਹਾ ਸੀ।

"ਚੰਗਾ! ਕੁਝ ਤਾਂ ਗਲਤ ਫਹਿਮੀ ਹੋਈ ਹੈ ਉਸ ਨੂੰ। ਉਸ ਨਾਲ ਗੱਲ ਕਰਾਂਗਾ ਮੈਂ। ਫ਼ਜ਼ੂਲ ਕੌਣ ਸੁਣੇਗਾ ਅਜਿਹੀਆਂ ਗੱਲਾਂ?" ਅਜਾਬ ਰਾਏ ਨੇ ਕਿਹਾ। ਉਹ ਗੁੱਸੇ ਵਿਚ ਨਹੀਂ ਸੀ। ਕ੍ਰੋਧ ਵਿਚ ਨਹੀਂ ਸੀ। ਭੀਮਾ ਨੂੰ ਹੈਰਾਨੀ ਹੋਈ।

"ਪਰ ਸਾਹਿਬ ਮੇਰਾ ਨਾਂ ਨਾ ਲਿਓ।"

"ਨਹੀਂ ਕੀ ਮੈਂ ਪਾਗਲ ਹਾਂ? ਪਰ ਗਿਰਧਾਰੀ ਅੰਗਰੇਜ਼ੀ ਸਕੂਲ ਦਾ ਮਾਸਟਰ ਕੀ ਕਹਿੰਦਾ ਹੈ?" ਉਸ ਵੱਲ ਮੁੜਦੇ ਹੋਏ ਅਜਾਬ ਰਾਏ ਨੇ ਨਵਾਂ ਸਵਾਲ ਸਹਿਜਤਾ ਨਾਲ ਪੁੱਛਿਆ।

"ਉਸਦਾ ਕੁਝ ਵੱਖਰਾ ਹੀ ਪੈਂਤੜਾ ਹੈ। ਆਪਣੇ ਭਰਾ ਦੀ ਬਦਨਾਮੀ ਕਰਦਾ ਹੈ ਉਹ। ਕਹਿੰਦਾ ਹੈ, ਸਕੂਲ ਦੇ ਲਈ ਚੰਦਾ ਕਿੰਨੇ ਸਾਲ ਇਕੱਠਾ ਕਰਦੇ ਰਹਿਣਗੇ। ਹੈ ਕੋਈ ਹਿਸਾਬ? ਜੇਕਰ ਕਾਨੂੰਨ ਨਾਲ ਵੇਖੀਏ ਤਾਂ ਹਜ਼ਾਰਾ ਰੁਪਏ ਚਾਹੀਦੇ ਹਨ ਬੈਂਕ ਵਿਚ ਸਕੂਲ ਦੇ ਖਾਤੇ ਵਿਚ। ਕਦੇ ਪੁੱਛਣਾ ਚਾਹੀਦਾ ਹੈ ਮੀਟਿੰਗ ਵਿਚ ਜਾਂ ਪ੍ਰਧਾਨ ਨੂੰ ਜਾਂ ਜਿਲ੍ਹੇ ਦੇ ਮੰਤਰੀ ਨੂੰ ਲਿਖਣਾ ਚਾਹੀਦਾ ਹੈ। ਕਹਿ ਰਿਹਾ ਸੀ ਮੈਂ ਹੀ ਲਿਖਦਾ ਹਾਂ ਇਕ ਦਿਨ!" ਭੀਮਾ ਨੇ ਬੀੜੀ ਦੇ ਟੁਕੜੇ ਨੂੰ ਸੁੱਟਦੇ ਹੋਇਆ ਗੱਲ ਰੋਕ ਦਿੱਤੀ।

"ਹਾਂ! ਕਹਿ ਦੇਣਾ ਲਿਖ ਦੇਵੇ? ਸਾਰਾ ਹਿਸਾਬ ਕਿਤਾਬ ਹੈ।" ਦ੍ਰਿੜਤਾ ਨਾਲ ਅਜਾਬ ਰਾਏ ਨੇ ਕਿਹਾ। 'ਚੰਮਪਤ ਦਾ ਕੀ ਹੈ? ਉਸ ਨੂੰ ਤਨਖਾਹ ਮਿਲਦੀ ਹੈ, ਦਫ਼ਤਰ ਵਿਚ ਸੋਨੇ ਦੇ ਫੋਕਟ ਵਿਚ ਸਹੂਲਤ ਹੁੰਦੀ ਹੈ। ਚਾਹ ਪਾਣੀ, ਨਾਸਤਾ ਸਾਰਾ ਕੁਝ ਮਿਲਦਾ ਹੈ। ਅਤੇ ਫਿਰ ਵੀ ਉਹ ਇਹ ਕਹਿ ਰਿਹਾ ਹੈ?" ਅੱਗੇ ਉਹ ਬੋਲਿਆ।

"ਉਹ ਤਾਂ ਕਹਿੰਦਾ ਸੀ ਥਾਂ ਲਈ, ਬੁੱਧ ਮੰਦਰ ਲਈ। ਹਰ ਸਭਾ ਵਿਚ ਚੰਦਾ ਇਕੱਠਾ ਕਰਦੇ ਹਨ। ਕਿੰਨੇ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਕਦੋਂ ਉਸ ਮੂਰਤੀ ਦੇ ਦਰਸ਼ਨ ਹੋਣਗੇ, ਕਿਹਨੂੰ ਪਤਾ ਹੈ? ਸਾਹਿਬ ਉਹ ਚਾਲੂ ਬੰਦਾ ਹੈ।" ਭੀਮਾ ਗੱਲ ਕਰਦਾ ਕਰਦਾ ਹੋਇਆ ਰੁਕ ਗਿਆ। ਅੱਗੇ ਉਹੀ ਬੋਲਿਆ, "ਉਏ ਭਰਾਵਾ, ਬਹੁਤ ਦੇਰ ਹੋ ਗਈ। ਚਲਦਾ ਹਾਂ! ਜੈ ਭੀਮ।" ਪਾਰਕ ਦੀ ਦੁਕਾਨ ਦੀ ਛਾਂ ਵਿਚ ਬੈਠੇ ਏਕਮ ਨੂੰ ਉਸ ਨੇ ਇਸ਼ਾਰਾ ਕੀਤਾ। ਗੱਠਾ ਮੁੜ ਮੋਢੇ ਉੱਤੇ ਲੱਦ ਲਿਆ ਅਤੇ ਉਹ ਤੇਜ਼ ਚਾਲ ਨਾਲ ਤੁਰ ਪਿਆ।

...ਦੁਪਹਿਰ ਦਾ ਇਕ ਵੱਜ ਗਿਆ ਸੀ। ਘੜੀ ਵੱਲ ਵੇਖਦਾ ਹੋਇਆ ਅਜਾਬ ਰਾਏ ਇਸਮਾਇਲ ਦੇ ਹੋਟਲ ਵਿਚ ਵੜ ਗਿਆ। ਪੇਟ ਭਰ ਕੇ ਉਸ ਨੇ ਮਟਨ-ਕੀਮਾ, ਰੋਟੀਆਂ ਖਾਧੀਆਂ। ਘੰਟਾ ਭਰ ਉਹ ਬੜੀ ਰੀਝ ਨਾਲ ਖਾਂਦਾ ਰਿਹਾ। ਮਜਦੂਰ ਸਭਾ ਦੇ ਮੋਰਚੇ ਵਾਲੇ ਵਾਪਸ ਮੁੜਦੇ ਹੋਏ ਦਿਖਾਈ ਦੇ ਰਹੇ ਸਨ।

ਮੁੜ ਪਾਨ ਅਤੇ ਸਿਗਰਟ ਲੈਣ ਤੋਂ ਬਾਅਦ ਅਜਾਬ ਰਾਏ ਨੇ ਰਿਕਸ਼ਾ ਰੋਕਿਆ। "ਬੋਲੋ ਸਾਹਿਬ!" ਝਟਕੇ ਨਾਲ ਬ੍ਰੇਕ ਲਾ ਕੇ ਰਿਕਸ਼ੇ ਵਾਲਾ ਬੋਲਿਆ। ਨਵੀਂ ਰਿਕਸ਼ਾ ਸੀ। ਲੜਕਾ ਵੀ ਜਾਣੂ ਸੀ। "ਕਿੱਥੇ ਜਾਣਾ ਬਾਬੂ ਜੀ?" ਰਿਕਸ਼ੇ ਵਿਚ ਬੈਠੇ ਅਜਾਬ ਰਾਏ ਨੂੰ ਰਿਕਸ਼ੇ ਵਾਲੇ ਨੇ ਪੁੱਛਿਆ ਅਤੇ ਅਜਾਬ ਰਾਏ ਦੀ ਸਹਿਜਤਾ ਛੂ ਮੰਤਰ ਹੋ ਗਈ।



"ਪਹਿਲਾ ਸੱਤ ਬੰਗਲਾ ਰੁਕਣਾ, ਉਥੇ ਥੋੜਾ ਕੰਮ ਹੈ। ਉਥੋਂ ਗੁਡਮ ਫਲੈਟ ਅਤੇ ਫਿਰ ਭੀਮਪੁਰ ਦੇ ਚੌਂਕ ਵਿਚ। ਸਮਝੇ?" ਅਜਾਬ ਰਾਏ ਨੇ ਇਕੋ ਸਾਹ ਦੱਸਿਆ।

ਲੜਕੇ ਨੇ ਉਸ ਵੱਲ ਸਵਾਲੀਆਂ ਨਜ਼ਰਾ ਨਾਲ ਵੇਖਿਆ। ਰਿਕਸ਼ੇ ਵਿਚ ਬੈਠਣ ਵਾਲਾ ਗਾਹਕ ਸਥਾਨ ਦੱਸ ਕੇ ਤੁਰੰਤ ਪੈਸੇ ਪੁੱਛ ਕੇ ਪਰੇਸ਼ਾਨ ਕਰਦੇ ਹਨ। ਪਰ ਇਹ ਆਦਮੀ ਦੋ ਦੋ ਮੀਲ ਦੇ ਸਥਾਨਾਂ ਨੂੰ ਤਾਂ ਤਿੰਨ ਵੱਖ-ਵੱਖ ਦਿਖਾਵਾਂ ਵਿਚ ਫੈਲਿਆ ਹੋਇਆ ਹੈ, ਕਹਿ ਕੇ ਅੱਖਾਂ ਬੰਦ ਕਰਕੇ ਬੈਠਾ ਹੈ। ਕੋਈ ਵੱਡਾ ਵਿਅਕਤੀ ਹੋਵੇਗਾ। ਇਸ ਲਈ ਉਸ ਨੇ ਚੁੱਪ-ਚਾਪ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ।

ਰਸਤੇ ਵਿਚ ਲੰਘਦੇ ਹੋਇਆ ਘੱਟੋ ਘੱਟ ਚਾਰ ਪੰਜ ਲੋਕਾਂ ਨੇ ਅਜਾਬ ਰਾਏ ਨੂੰ ਸਲਾਮ ਕੀਤਾ ਸੀ। ਹਮੇਸ਼ਾਂ ਰਿਕਸ਼ੇਵਾਲੇ ਨਾਲ ਗੱਪ-ਸ਼ੱਪ ਕਰਨ ਵਾਲਾ ਅਜਾਬ ਰਾਏ ਅੱਜ ਖ਼ਾਮੋਸ਼ ਸੀ।

ਅਜਾਬ ਰਾਏ ਘਰ ਆਇਆ, ਉਦੋਂ ਸ਼ਾਮ ਹੋ ਚੁੱਕੀ ਸੀ। ਪਿਛਲੇ ਦੋ ਦਿਨ ਬੜੇ ਖਰਾਬ ਗਏ ਸਨ। ਕਈ ਲੋਕਾਂ ਨਾਲ ਉਹ ਮਿਲਿਆ ਸੀ। ਉਸਦੀ ਪਾਰਟੀ ਇਸ ਵਾਰ ਉਸ ਨੂੰ ਟਿਕਟ ਦੇਣ ਦਾ ਵਿਚਾਰ ਨਹੀਂ ਰੱਖਦੀ ਸੀ, ਇਹ ਪਤਾ ਲੱਗਣ ਤੇ ਉਹ ਬੇਚੈਨ ਹੋਇਆ ਸੀ। ਭੈਣ ਦਾ ਛੇਅ ਪਿੰਡ ਤੋਂ ਖ਼ਤ ਆਇਆ ਸੀ। ਆਪਣੀ ਲੜਕੀ, ਨਹੀਂ ਤਾਂ ਘੱਟੋ ਘੱਟ ਭੈਣ ਸਮਝ ਕੇ ਨਣਦ ਦੀ ਮੰਗਣੀ ਦੇ ਲਈ ਉਸਨੇ ਬੇਨਤੀ ਕੀਤੀ ਸੀ। ਅਗਲੇ ਮਹੀਨੇ ਦੀ ਪੰਦਰਾ ਤਰੀਕ ਨੂੰ ਸ਼ੇਖ ਸਾਹਿਬ ਦੀ ਬਦਲੀ ਨਾਸਿਕ ਦੀ ਹੋਣ ਵਾਲੀ ਸੀ। ਕੱਲ੍ਹ ਹੀ ਉਸ ਨੇ ਇਹ ਜਾਣਕਾਰੀ ਅਜਾਬ ਰਾਏ ਨੂੰ ਖੁਸ਼ੀ ਨਾਲ ਦਿੱਤੀ ਸੀ।

ਰਿਕਸ਼ਾ ਉਸਨੇ ਦੂਰ ਸੜਕ ਉੱਤੇ ਹੀ ਖੜਾ ਕਰ ਦਿੱਤਾ। ਬਸਤੀ ਵਿਚ ਉਹ ਕਦੇ ਕਦੇ ਰਿਕਸ਼ੇ ਵਿਚ ਆਉਂਦਾ ਸੀ। ਨਹੀਂ ਤਾਂ ਅਕਸਰ ਉਹ ਪੈਦਲ ਹੀ ਆਉਂਦਾ -ਜਾਂਦਾ ਸੀ। ਲੋਕ ਰਸਤੇ ਵਿਚ ਮਿਲਦੇ, "ਸਾਡਾ ਕੀ ਏ? ਅਸੀਂ ਝੁੱਗੀਆਂ ਵਿਚ ਰਹਿਣ ਵਾਲੇ! ਪੈਦਲ ਚੱਲਣ ਵਾਲੇ!" ਅਜਿਹੇ ਭਾਸ਼ਣ ਉਹ ਏਥੇ ਹੁੰਦੀ ਸਭਾ ਵਿਚ ਦਿੰਦੇ। ਲੋਕ ਉਸ ਦੀ ਮਿਹਨਤ ਅਤੇ ਸਿੱਧੇ ਸਾਦੇ ਰਹਿਣ ਸਹਿਣ ਦੀ ਪ੍ਰਸ਼ੰਸ਼ਾ ਕਰਦੇ।

ਉਹ ਘਰ ਵਿਚ ਵੜ ਗਿਆ। ਭੀਮਪੁਰੇ ਵਿਚ ਅੱਜ ਹਨੇਰਾ ਸੀ। ਬਿਜਲੀ ਦੀ ਕੁਝ ਤਕਨੀਕੀ ਖਰਾਬੀ ਹੋਵੇਗੀ ਇਸ ਲਈ ਲੋਕ ਚੁੱਪ ਬੈਠੇ ਹੋਏ ਸਨ। ਕੇਵਲ ਅਜਾਬ ਰਾਏ ਦੇ ਘਰ ਵਿਚ ਬਿਜਲੀ ਸੀ। ਪਰ ਅੱਜ ਉਹ ਵੀ ਗਾਇਬ ਸੀ। ਦੋ ਢਾਈ ਸੌ ਘਰਾਂ ਦੇ ਪਿੰਡ ਦੀ ਹੱਦ ਤੋਂ ਪਰੇ ਦੀ ਇਹ ਬਸਤੀ ਹੁਣ ਇਹਦੇ ਇਰਦ ਗਿਰਦ ਪਿੰਡ ਵਸਣ ਦੇ ਕਾਰਨ ਘਿਰ ਗਈ ਸੀ। ਪਰ ਸਥਿਤੀ ਪਹਿਲਾਂ ਵਾਲੀ ਸੀ।

"ਅੱਜ ਸੁੱਕਰਵਾਰ ਹੈ ਨਾ!' ਉਸਨੇ ਪਤਨੀ ਨੂੰ ਪੁੱਛਿਆ।

"ਹਾਂ, ਪਰ ਬਿਜਲੀ ਨੂੰ ਕੀ ਹੋ ਗਿਆ ਅੱਜ?" ਪਤਨੀ ਨੇ ਪੁੱਛਿਆ।

"ਅੱਜ ਸੁੱਕਰਵਾਰ ਹੈ ਨਾ! ਫਿਰ ਇਹ ਲਾਇਨ ਬੰਦ ਹੈ ਅੱਜ। ਮੈਂ... " ਅਵਾਜ਼ ਉੱਚੀ ਬੋਲਣ ਵਾਲਾ ਅਜਾਬ ਰਾਏ ਰੁਕਿਆ। ਉਹ ਕਹਿਣ ਵਾਲਾ ਸੀ, "ਮੈਂ ਹੀ ਅਜਿਹੀ ਵਿਵਸਥਾ ਕੀਤੀ ਹੈ। ਕੰਮ ਹੈ ਅਹਿਮ।" ਪਰ ਉਹ ਰੁਕਿਆ ਅਤੇ ਕਹਿਣ ਲੱਗਾ, "ਮੈਂ ਹੁਣੇ ਆਇਆ ਪੁੱਛ ਪੜਤਾਲ ਕਰਕੇ।"

ਬਿਮਲ ਚਿੱਕ ਉੱਤੇ ਸੁੱਤੀ ਹੋਈ ਸੀ। ਉਸ ਤੋਂ ਬਾਅਦ ਅਜਾਬ ਰਾਏ ਦੇ ਕੋਈ ਔਲਾਦ ਨਹੀਂ ਹੋਈ ਸੀ। ਇਨ੍ਹਾਂ ਸਾਰੀਆਂ ਨਿੱਜੀ ਘਟਨਾਵਾਂ ਦੀ ਪੂੰਜੀ ਉਹ ਸਭਾਵਾਂ ਵਿਚ ਵੀ ਕਰਦਾ ਸੀ। ਪਰਿਵਾਰ ਨਿਯੋਜਨ, ਸਰਕਾਰੀ ਯੋਜਨਾ, ਵੱਧਦੀ ਹੋਈ ਅਬਾਦੀ, ਦੇਸ਼ ਦੇ ਭਿਆਨਿਕ ਸਵਾਲ, ਆਪਣੀ ਜਾਤੀ ਦੀ ਅਗਿਆਨਤਾ ਅਤੇ ਦਲਿੱਦਰਤਾ ਉਪਰੰਤ ਦੱਸ ਵੀਹ ਬੱਚੇ। ਇਹ ਸਾਰੇ ਸਵਾਲ ਅਜਾਬ ਰਾਏ ਆਪਣੀ ਪੇਂਡੂ ਭਾਸ਼ਾ ਵਿਚ ਪ੍ਰੰਤੂ ਫੈਸਲਾ ਕੁਨ ਦ੍ਰਿੜਤਾ ਨਾਲ ਘੰਟਾ ਘੰਟਾ ਬੋਲਦਾ ਸੀ।

ਘਰ ਵਿਚ ਚੱਕੀ ਉੱਤੇ ਲਾਲਟੈਨ ਰੱਖੀ ਸੀ। ਗਵਾਂਢ ਵਿਚ ਸੰਮਪਤ ਦਾ ਲਪੇਟਿਆ ਹੋਇਆ

ਬਿਸਤਰਾ ਪਿਆ ਸੀ। ਉਸ ਉੱਤੇ ਸ਼ੇਰ ਮੂੰਹਾ ਬਿੱਲਾ ਸ਼ਾਹੀ ਅੰਦਾਜ਼ ਵਿਚ ਬੈਠਾ ਸੀ। ਇਕ ਪੈਰ ਚੁੱਕ ਕੇ ਉਹ ਆਪਣੀਆਂ ਲਾਲ ਸੁਰਖ ਇੰਦਰੀਆਂ ਨੂੰ ਜੀਭ ਨਾਲ ਬੜੀ ਰੀਝ ਨਾਲ ਚੱਟ ਕੇ ਸਾਫ਼ ਕਰ ਰਿਹਾ ਸੀ। ਉਸ ਨੂੰ ਇਸ ਸਥਿਤੀ ਵਿਚ ਦੇਖ ਕੇ ਅਜਾਬ ਰਾਏ ਨੂੰ ਹਾਸਾ ਆ ਗਿਆ। ਉਹ ਉਸ ਦਾ ਪਿਆਰਾ ਦੋਸਤ ਸੀ।

ਉਸਦੇ ਸ਼ੱਕ ਕਰਨ ਤੇ ਬਿੱਲਾ ਉੱਠ ਬੈਠਾ ਅਤੇ ਲਾਡ ਨਾਲ ਗੁਰ ਗੁਰ ਕਰਨ ਲੱਗਾ ਤੇ ਉਸਦੇ ਪੈਰਾਂ ਦੇ ਇਰਦ ਗਿਰਦ ਘੁੰਮਣ ਲੱਗਾ। ਉਸਦੇ ਵਾਲ਼ਾ ਤੇ ਪੈਰ ਫੇਰਦਿਆ ਹੋਇਆ ਅਜਾਬ ਰਾਏ ਕੱਪੜੇ ਬਦਲ ਰਿਹਾ ਸੀ।

"ਅੱਜ ਬਹੁਤ ਤਕਲੀਫ਼ ਹੋਈ ਮੈਨੂੰ! ਹੁਣ ਘੁੱਟ -ਦੋ ਘੁੱਟ ਪੀ ਕੇ ਸੌਂ ਜਾਣ ਵਾਲਾ ਹਾਂ। ਜੇਕਰ ਕੋਈ ਆ ਗਿਆ ਤਾਂ ਕਹਿਣਾ ਸਿਹਤ ਚੰਗੀ ਨਹੀਂ ਹੈ, ਦਵਾਈ ਲੈ ਕੇ ਸੁੱਤਾ ਹਾਂ।" ਖਾਣਾ ਖਾਣ ਤੋਂ ਬਾਅਦ ਉਸਨੇ ਪਤਨੀ ਨੂੰ ਹਿਦਾਇਤ ਦਿੱਤੀ।

ਉਸਨੇ ਗਰਦਨ ਹਿਲਾਈ। "ਕਿਉਂ ਸਿਰਦਰਦ ਹੋ ਰਿਹਾ ਕੀ? ਜਾਂ ਕਿਸੇ ਸਭਾ ਵਿਚ ਲੜਾਈ ਝਗੜਾ ਹੋਇਆ?" ਉਸਦੀ ਪਤਨੀ ਚਿੰਤਾ ਨਾਲ ਪੁੱਛ ਰਹੀ ਸੀ।

"ਉਸ ਤਰ੍ਹਾਂ ਦਾ ਕੁਝ ਨਹੀਂ ਹੈ। ਪਰ ਆਪਣਾ ਸੰਮਪਤ ਕੰਮ ਛੱਡ ਕੇ ਜਾ ਰਿਹਾ ਹੈ। ਕਹਿੰਦਾ ਹੈ ਮੈਂ ਯਵਤਮਾਲ ਵਿਚ ਨਹੀਂ ਰਹਿਣਾ। ਮੰਦਿਰ ਬਣੇਗਾ ਜਾਂ...! ਪਤਨੀ ਦੀ ਪ੍ਰਤਿਕ੍ਰਿਆ ਦੀ ਇੱਛਾ ਨਾਲ ਉਸ ਨੇ ਜਾਨ ਬੁੱਝ ਕੇ ਉਸ ਵਾਕ ਨੂੰ ਅਧੂਰਾ ਛੱਡ ਦਿੱਤਾ ਸੀ।

ਜਾਂਦਾ ਹੈ ਤਾਂ ਜਾਣ ਦਿਓ, ਪੰਜਾਹ ਮਿਲਣਗੇ ਅਜਿਹੇ ਪੜ੍ਹੇ ਲਿਖੇ, ਭਿਕਸ਼ੂ!" ਉਸ ਦੀ ਇੱਛਾ ਅਨੁਸਾਰ ਪ੍ਰਤੀਕ੍ਰਿਆ ਹੋਈ।

ਇਕ ਰਾਹਤ ਦਾ ਸਾਹ ਛੱਡਦਿਆਂ ਹੋਇਆ ਅਜਾਬ ਰਾਏ ਨੇ ਧੌਣ ਹਿਲਾਈ... ਹੁਣ ਤੁੱਕਾ ਪਹਿਲਵਾਨ ਸੰਮਪਤ ਦੇ ਨਾਲ ਪੂਣੇਂ ਦੀ ਗੱਡੀ ਵਿਚ ਹੋਵੇਗਾ। ਅਤੇ ਤੁਕਾ ਨੇ ਪੂਣੇਂ ਵਿਚ ਹੀ ਉਸਦਾ ਪ੍ਰਬੰਧ ਕੀਤਾ ਹੋਵੇਗਾ। ਤੁਕਾ ਨੇ ਇਹ ਕੰਮ ਸਵੀਕਾਰ ਕੀਤਾ ਹੈ। ਬੁੱਧ ਦੀ ਮੂਰਤੀ ਨੂੰ ਪਸੰਦ ਕਰਨ ਉਹ ਗਏ ਸੀ। ਅਤੇ ਭੀਮਪੁਰੇ ਦੇ ਲੋਕਾਂ ਨੂੰ ਹੈਰਾਨ ਕਰਨ ਦੇ ਲਈ, ਉਸਦਾ ਨਤੀਜਾ ਉਸਨੇ ਗੁਪਤ ਰੱਖਿਆ ਸੀ। ਹੁਣ ਸੰਮਪਤ ਕਦੀ ਵੀ ਕਿਸੇ ਨੂੰ ਮਿਲਣ ਵਾਲਾ ਨਹੀਂ ਸੀ। ਇਹ ਕੇਵਲ ਅਜਾਬ ਰਾਏ ਜਾਣਦਾ ਸੀ।

"ਹੋਰ ਕੀ ਹੋਇਆ?" ਸਾਤਿਵਕ ਬਾਰੇ ਅਵੇਗ ਨਾਲ ਉਸਦੀ ਪਤਨੀ ਲਹਾਨੂ ਪੁੱਛ ਰਹੀ ਸੀ। ਪਤੀ ਦੇ ਕਾਰੋਬਾਰ ਤੋਂ ਉਹ ਪ੍ਰਸੰਨ ਸੀ।

"ਪੱਕੀ ਗੱਲ ਨਹੀਂ ਪਤਾ। ਪਰ ਆਪਣੇ ਹੀਰਾਮਨ ਦਾ ਛੋਟਾ ਭਰਾ! ਕੀ ਨਾਂ ਸੀ ਉਸਦਾ?' ਹੈਰਾਨ ਜਿਹਾ ਅਜਾਬ ਰਾਏ ਬੋਲ ਰਿਹਾ ਸੀ।

"ਗਿਰਧਾਰੀ, ਅੰਗ੍ਰੇਜ਼ੀ ਸਕੂਲ ਦਾ ਮਾਸਟਰ, ਭਲਾ ਆਦਮੀ! ਨਾ ਕਿਸੇ ਨਾਲ ਲੈਣਾ ਨਾ ਦੇਣਾ। ਪਰ ਉਸਦਾ ਕੀ ਏ?" ਉਲਟਾ ਲਹਾਨੂੰ ਨੇ ਹੀ ਅਜਾਬ ਰਾਏ ਨੂੰ ਹੈਰਾਨੀ ਨਾਲ ਪੁੱਛਿਆ।

"ਕੁੱਝ ਪਤਾ ਨਹੀਂ। ਪਰ ਲੱਗਦਾ ਹੈ ਸਕੂਲ 'ਚ ਕੁਝ ਤਾਂ ਹੋਇਆ ਹੈ। ਜਾਣ ਦੇ।" ਅਕੜੇਵਾ ਲੈਂਦੇ ਹੋਇਆ ਅਜਾਬ ਰਾਏ ਉੱਠਿਆ। ਜੇਬ ਵਿਚੋਂ ਪੈਸੇ ਗਿਣ ਕੇ ਰੱਖੇ। ਘੜੀ ਨੂੰ ਚਾਬੀ ਦਿੱਤੀ।

...ਬਾਅਦ ਵਿਚ ਲਾਲਟੈਣ ਦੀ ਰੋਸ਼ਨੀ ਵਿਚ ਉਸਨੇ ਵਿਸਕੀ ਦੀ ਬੋਤਲ ਕੱਢੀ। ਇਕ ਨੀਂਦ ਦੀ ਗੋਲੀ ਮੂੰਹ ਵਿਚ ਰੱਖੀ ਅਤੇ ਅੱਧਾ ਗਿਲਾਸ ਵਿਸਕੀ ਨਾਲ ਖਾ ਕੇ ਉਹ ਪਲੰਘ ਉੱਤੇ ਸੌਂ ਗਿਆ।

ਥੱਕੇ ਹੋਏ ਪਤੀ ਨੂੰ ਇਕੱਲਾ ਛੱਡ ਕੇ ਲਹਾਨੂੰ ਉੱਠੀ।



ਸੰਘਣਾ ਹਨੇਰਾ ਸੀ। ਚੰਦ ਤੋਂ ਇਲਾਵਾ ਚਮਕਣ ਵਾਲੇ ਤਾਰੇ ਮੱਧਮ ਲੱਗ ਰਹੇ ਸਨ। ਇਕ ਦਮ ਹਨੇਰਾ...

...ਅੱਧੀ ਰਾਤ ਨੂੰ ਅਚਾਨਿਕ ਭੀਮਪੁਰੇ ਵਿਚ ਕਾਵਾਂ ਰੌਲੀ ਪੈ ਗਈ। ਚਾਰੇ ਪਾਸਿਓਂ ਚੀਕਣ - ਰੋਣ ਦੀ ਆਵਾਜ਼ ਆ ਰਹੀਆਂ ਸਨ। ਕੁੱਤੇ ਭੌਂਕ ਰਹੇ ਸਨ।

"ਅਜਾਬ ਰਾਏ ਸਾਹਿਬ, ਅਜੀ ਸਾਹਿਬ, ਲੰਕੇਸ਼ਵਰ ਬਾਬੂ, ਅਜੀ ਨੇਤਾ ਜੀ!" ਪੰਜ ਸੱਤ ਲੋਕਾਂ ਦੀਆਂ ਆਵਾਜ਼ਾਂ ਸੁਣ ਕੇ ਲਹਾਨੂੰ ਨੇ ਦਰਵਾਜ਼ਾ ਖੋਹਲਿਆ। ਸੰਮਪਤ ਵੀ ਜਾਗ ਗਿਆ ਸੀ। ਗੁਲਾਬ ਸਾਲਵਾ ਦੀ ਪਤਨੀ ਮੈਨਾ ਛਾਤੀ ਨਾਲ ਸਿਆਪਾ ਕਰ ਰਹੀ ਸੀ।

"ਓਹ ਭਾਬੀ!! ਉਠਾਓ ਅਜਾਬ ਰਾਏ ਨੂੰ! ਕਿਸੇ ਹਰਾਮੀ ਨੇ ਮੇਰੇ ਪਤੀ ਨੂੰ ਬਾਹਰ ਸੱਦਿਆ ਅਤੇ ਉਸ ਉੱਤੇ ਕੰਬਲ ਪਾ ਕੇ ਬਹੁਤ ਕੁੱਟਿਆ! ਹਾਏ ਭਾਬੀ ਜੀ! ਮੇਰਾ ਪਤੀ ਮਰ ਰਿਹਾ ਹੈ... " ਮੈਨਾ ਰੋਣ ਲੱਗੀ ਹੋਈ ਸੀ। ਜ਼ਮੀਨ ਉੱਤੇ ਡਿੱਗਦੀ ਜਾ ਰਹੀ ਸੀ। ਲੋਕ ਸਮਝਾ ਰਹੇ ਸਨ।

ਲਹਾਨੂੰ ਉਨ੍ਹਾਂ ਨੂੰ ਬੋਲ ਦੱਸ ਕੇ ਥੱਕ ਗਈ। ਪਰ ਉਹ ਮੰਨ ਨਹੀਂ ਰਹੇ ਸਨ। ਮੈਨਾ ਦਾ ਦੁੱਖ ਉਨ੍ਹਾਂ ਕੋਲੋਂ ਸਹਿਨ ਨਹੀਂ ਹੋ ਰਿਹਾ ਸੀ। ਗੁਲਾਬ ਰਾਏ ਨੂੰ ਅੱਜ ਦੀ ਹਨੇਰੀ ਰਾਤ ਨੂੰ ਕਿਸੇ ਨੇ ਕੁੱਟਿਆ ਹੋਵੇਗਾ। ਇਸ ਦਾ ਵੀ ਉਹ ਅੰਦਾਜਾ ਨਹੀਂ ਲਾ ਰਹੀ ਸੀ।

ਅੰਤ ਉਹ ਦੋਹਾਂ ਨੂੰ ਅਜਾਬ ਰਾਏ ਦੇ ਪਲੰਘ ਕੋਲ ਲੈ ਗਈ। ਉਨ੍ਹਾਂ ਨੇ ਉਸ ਨੂੰ ਕਾਫੀ ਹਿਲਾਇਆ ਪਰ ਉਹ ਗਹਿਰੀ ਨੀਂਦ ਵਿਚ ਘਰਾੜੇ ਮਾਰ ਰਿਹਾ ਸੀ। ਜਾਗਣ ਦੀ ਹਾਲਤ ਵਿਚ ਉਹ ਨਹੀਂ ਸੀ।

"ਚਲੋ ਦੇਰ ਕਰਨ ਦੀ ਚਾਹਤ ਨਾਲ ਹਸਪਤਾਲ ਵਿਚ ਲੈ ਕੇ ਜਾਵਾਗੇ।" ਉਨ੍ਹਾਂ ਵਿਚੋਂ ਕੋਈ ਬੋਲਿਆ ਸੀ। ਅਤੇ ਉਹ ਸਾਰੇ ਬਾਹਰ ਨਿਕਲ ਗਏ। ਮੈਨਾ ਦੀ ਰੋਣ ਦੀ ਆਵਾਜ਼ ਆ ਰਹੀ ਸੀ।

ਮੁੜ ਦਰਵਾਜ਼ਾ ਖੜਕਿਆ। ਹੁਣ ਲਹਾਨੂੰ ਨੂੰ ਗੁੱਸਾ ਆ ਗਿਆ। ਉਹ ਗੁੱਸੇ ਨਾਲ ਉੱਠ ਪਈ।

"ਕਿਸ ਤਰ੍ਹਾਂ ਦੇ ਲੋਕ ਹਨ? ਉਏ ਨੇਤਾਵਾਂ ਦੇ ਵੀ ਬਾਲ ਬੱਚੇ ਹੁੰਦੇ ਨੇ, ਪਰਿਵਾਰ ਹੁੰਦਾ ਹੈ। ਰਾਤ ਨੂੰ ਉਨ੍ਹਾਂ ਨੂੰ ਵੀ ਨੀਂਦ ਆਉਂਦੀ ਹੈ!" ਬੋਲਦਿਆਂ ਹੋਇਆ ਉਸਨੇ ਲਾਲਟੇਨ ਦੀ ਬੱਤੀ ਉਪਰ ਕੀਤੀ ਅਤੇ ਚਿਟਕਣੀ ਖੋਹਲਦਿਆਂ ਹੀ ਹਨੇਰੇ ਵਿਚ ਵਿਅਕਤੀ ਨੇੜੇ ਆਇਆ।

"ਅਰੇ ਭਾਬੀ ਸਾਹਿਬ ਨੂੰ ਜਗਾਓ, ਬਹੁਤ ਜ਼ਰੂਰੀ ਕੰਮ ਹੈ।" ਹੀਰਾਮਨ ਗਜਭਿਆ ਧੀਮੇ ਬੋਲਾ ਨਾਲ ਲਹਾਨੂੰ ਨੂੰ ਦੱਸ ਰਿਹਾ ਸੀ। ਗਜਭਿਆ ਅਜਾਬ ਰਾਏ ਦੇ ਨਾਲ ਉੱਠਣ ਬੈਠਣ ਵਾਲਾ ਬੰਦਾ ਸੀ। ਪਰ ਦੁਖੀ ਹੋਈ ਲਹਾਨੂੰ ਨੇ ਅਜਾਬ ਰਾਏ ਦੀ ਸਿਹਤ ਖਰਾਬ ਹੋਣ ਦੀ ਸ਼ਿਕਾਇਤ ਕੀਤਾ ਅਤੇ ਨੀਂਦ ਦੀ ਗੋਲੀ ਦੇ ਸਬੰਧ ਵਿਚ ਦੱਸਿਆ।

"ਅਸੀਂ ਤਾਂ ਉਸ ਨੂੰ ਬਹੁਤ ਚੰਗਾ ਬੰਦਾ ਸਮਝਦੇ ਸੀ। ਕੀ ਕੀਤਾ ਹੈ ਗਿਰਧਾਰੀ ਨੇ?" ਪਤੀ ਵਲੋਂ ਪੈਦਾ ਕੀਤੀ ਹੋਈ ਉਸਦੀ ਚਾਹਤ ਜਮਹਾਈ ਦੇ ਨਾਲ ਨਾਲ ਪੈਦਾ ਹੋ ਗਈ। ਉਸ ਨੂੰ ਇਹ ਕਿਵੇਂ ਪਤਾ ਲੱਗਿਆ? ਇਹ ਪੁੱਛਣ ਦੇ ਲਈ ਵੀ ਹੀਰਾਮਨ ਭੁੱਲ ਗਿਆ।

"ਕੁੱਝ ਤਾਂ ਗੜਬੜ ਹੈ ਭਾਬੀ, ਸੱਤ ਬੰਗਲੇ ਪਾਰ ਦਾ... ਗਡੂਮ ਫਲੈਟ ਜਾਣਦੀ ਹੈ ਨਾ। ਉਥੇ ਮਜਦੂਰ ਸਭਾ ਦੇ ਕੱਟੀ ਬਾਬੂ ਹੈ ਨਾ?" ਹੀਰਾਮਨ ਉਸ ਨੂੰ ਦੱਸ ਰਿਹਾ ਸੀ। ਉਸਦਾ ਸੁਰ ਅਪਰਾਧੀ ਸੀ।

"ਉਸ ਦਾ ਸੰਦੇਸ਼ ਹੈ?" ਚਿੰਤਾਗ੍ਰਸ਼ਤ ਲਹਾਨੂੰ ਨੇ ਪੁੱਛਿਆ, "ਫਿਰ ਤਾਂ ਜਗਾਉਣਾ ਹੀ ਹੋਵੇਗਾ।" ਅਜਾਬ ਰਾਏ ਨੇ ਇਸ ਤਰ੍ਹਾਂ ਦਾ ਸੰਕੇਤ ਉਸਨੂੰ ਪਹਿਲਾ ਦਿੱਤਾ ਸੀ। "ਉਸਦੀ ਭੈਣ ਹੈ ਅੰਗਰੇਜ਼ੀ ਸਕੂਲ ਵਿਚ। ਗਿਰਧਾਰੀ ਹੀ ਪੜ੍ਹਾਉਂਦਾ ਹੈ ਉਸ ਨੂੰ। ਕੱਲ 'ਕਵਿਤਾ ਸਮਝਾਉਣ ਲਈ' ਦੁਪਹਿਰ ਨੂੰ ਉਹ ਰੁਕਿਆ। ਇਕ ਕਮਰੇ ਵਿਚ ਉਹ ਬੈਠੇ ਸੀ। ਦਸ ਮਿੰਟ ਵਿਚ ਹੀ ਉਸ ਛੋਕਰੀ ਚੀਕੀ-"ਗਿਰਧਾਰੀ ਨੇ

ਹੱਥ ਫੜ ਕੇ ਉਸ ਦਾ ਪੇਟੀਕੋਟ ਖੋਲਣ ਦੀ ਕੋਸ਼ਿਸ਼ ਕੀਤੀ।" ਹੀਰਾਮਨ ਵਚਿੱਤਰ ਭੈਅ-ਗ੍ਰਸਤ ਹੋ ਕੇ ਬੋਲ ਰਿਹਾ ਸੀ।

"ਹੈਂ ਕਮਾਲ ਹੈ, ਫਿਰ?" ਅਚਾਨਿਕ ਚੌਂਕ ਕੇ ਲਹਾਨੂੰ ਬੋਲੀ। ਗਿਰਧਾਰੀ ਦੇ ਇਸ ਕੰਮ ਤੋਂ ਉਸਦਾ ਭੋਲਾ ਭਾਲਾ ਦਿਲ ਡਰ ਗਿਆ ਸੀ।

...'ਫਿਰ ਕੀ! ਕੱਟੀ ਬਾਬੂ ਨੇ ਸ਼ਿਕਾਇਤ ਕੀਤੀ ਅਤੇ ਹੁਣੇ ਹੁਣੇ ਸ਼ੇਖ ਸਾਹਿਬ ਉਸ ਜੀਪ ਵਿਚ ਬਿਠਾ ਕੇ ਲੈ ਗਏ ਨਾ! ਹੁਣੇ ਭੱਜ ਨੱਠ ਕੀਤੀ ਤਾਂ ਕੋਈ ਸ਼ਿਕਾਇਤ ਨਹੀਂ ਕਰਨਗੇ ਨਹੀਂ ਤਾਂ ਝੰਝਟ।" ਹੀਰਾਮਨ ਨੇ ਅਜਾਬ ਰਾਏ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਹਾਏ ਹਾਏ ਕਰ ਰਿਹਾ ਸੀ। ਏਧਰ ਉਧਰ ਵੱਖ ਰਿਹਾ ਸੀ। ਹੱਥ ਨੂੰ ਜ਼ੋਰ ਜ਼ੋਰ ਨਾਲ ਝਟਕ ਰਿਹਾ ਸੀ। ਅੰਤ ਹੀਰਾਮਨ ਨੇ ਉਸਦਾ ਪਿੱਛਾ ਛੱਡ ਦਿੱਤਾ।

ਭੀਮਪੁਰੇ ਦੀ ਬਸਤੀ ਸਾਂਤ ਹੋਈ। ਲਾਲਟੈਣ ਦੀ ਬੱਤੀ ਘੱਟ ਕਰਕੇ ਅਜਾਬ ਰਾਏ ਦੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਲਹਾਨੂੰ ਅੰਦਰ ਗਈ। ਬਿਸਤਰ ਵਿਚ ਥੱਲੇ ਨੂੰ ਖਿਸਕ ਗਈ ਬਿਮਲ ਨੂੰ ਉਸ ਨੇ ਆਪਣੇ ਨੇੜੇ ਕੀਤਾ।

ਥੋੜੀ ਦੇਰ ਬਾਅਦ ਅਜਾਬ ਰਾਏ ਨੇ ਪਲੰਘ ਦੇ ਥੱਲੇ ਹੱਥ ਪਾਇਆ, ਥੱਲੇ ਰੱਖੀ ਹੋਈ ਵਿਸਕੀ ਦੀ ਬੋਤਲ ਚੁੱਕੀ ਅਤੇ ਉਸੇ ਤਰ੍ਹਾਂ ਮੂੰਹ ਵਿਚ ਉਲੱਦ ਲਈ। ਹੌਲੀ ਹੌਲੀ ਉਸ ਨੂੰ ਨੀਂਦ ਆ ਗਈ। "ਭੀਮ ਵਿਚਾਰ ਕੇਂਦਰ' ਦਾ ਹਿਸਾਬ ਪੁੱਛਣ ਵਾਲੇ ਨਾਨਾ ਸੋਨਾਬਣੇ ਦੀ ਕੁੱਟ ਮਾਰ ਬਾਕੀ ਸੀ। ਨੀਂਦ ਤੋਂ ਪਹਿਲਾਂ ਉਸ ਨੇ ਛੇ ਪਿੰਡ ਦੇ ਸੰਮਪਤ ਵੱਲੋਂ ਖਤ ਲਿਖ ਦਿੱਤਾ ਸੀ। ਖ਼ਤ ਕਮੀਜ਼ ਦੀ ਜੇਬ ਵਿਚ ਹੀ ਸੀ। ਨਮੂ ਭੈਣ ਦੀ ਨਣਦ ਦਰੋਪਦੀ ਬੜੀ ਸੁੰਦਰ ਸੀ। ਕੇਵਲ ਧੌਣ ਉੱਤੇ ਕੋਹੜ ਸੀ। ਉਸਨੇ ਲਿਖਵਾਇਆ ਸੀ ਭੂਆ ਨੂੰ ਲੈ ਕੇ ਆ ਜਾ, ਨਹੀਂ ਤਾਂ ਗੱਡੀ ਵਿਚ ਬਿਠਾ ਦੇ। ਦੋ ਚਾਰ ਚੰਗੇ ਲੜਕੇ ਹਨ ਏਧਰ ਮਾਮੂ ਦੀ ਨਜ਼ਰਾਂ ਵਿਚ। ਮਹੀਨੇ ਦੇ ਵਿਚ ਵਿਚ ਸਾਰਾ ਕੰਮ ਹੋ ਜਾਵੇਗਾ।'

ਵਿਸਕੀ ਦਾ ਨਸ਼ਾ ਅੱਖਾਂ ਨੂੰ ਭਾਰੀ ਭਾਰੀ ਕਰਦਾ ਗਿਆ ਉਂਝ ਅਜਾਬ ਰਾਏ ਦਾ ਮਨ ਸਾਰਾ ਕੁੱਝ ਭੁੱਲ ਗਿਆ। ਉਸਦੇ ਖੰਭ ਨਿਕਲ ਆਏ ਸਨ। ਸੇਖ ਸਾਹਿਬ ਦੀ ਗੁਜਰ ਮੰਡੀ ਦਾ ਕਮਰਾ ਉਸਨੇ ਆਪਣੇ ਨਾਂ ਉੱਤੇ ਕਿਰਾਏ ਉੱਤੇ ਲੈ ਰੱਖਿਆ ਸੀ। ਕਿਰਾਏ ਦੀ ਰਸੀਦ ਵੀ ਜੇਬ ਵਿਚ ਸੀ।

ਸ਼ੇਖ ਸਾਹਿਬ ਦੇ ਨਾਲ ਨਾਸਿਕ ਗਏ ਹੋਏ ਵਤਸਲੀ ਦੇ ਸਥਾਨ ਉੱਤੇ ਸੰਘਣੇ ਵਾਲਾਂ ਵਾਲੀ ਗੱਠੀ ਹੋਈ ਛਾਤੀ ਵਾਲੀ ਦਰੋਪਦੀ ਨੂੰ ਅੱਖਾ ਮੁੰਦ ਕੇ ਪਈ ਹੋਈ ਅਵਸਥਾ ਵਿਚ ਉਹ ਵੇਖ ਰਿਹਾ ਸੀ। ਉਸਦਾ ਮਨ ਛੇ ਪਿੰਡ ਦੀ ਗੱਡੀ ਨੂੰ ਖਿੱਚ ਕੇ ਲਿਆ ਰਿਹਾ ਸੀ। ਬੁੱਲ੍ਹਾਂ ਉੱਤੇ ਹਾਸਾ ਸੀ। ਦਰੋਪਦੀ ਦੀ ਉੱਪਰ ਥੱਲੇ ਹੋਣ ਵਾਲੀ ਛਾਤੀ ਉਸ ਨੂੰ ਦਿਸਣ ਲੱਗੀ। ਚੂੜੀਆਂ ਦੀ ਨਰਮ ਅਵਾਜ਼ ਉਸਨੂੰ ਸੁਣਾਈ ਦੇਣ ਲੱਗੀ। ਅਤੇ ਫਿਰ ਅਜਾਬ ਰਾਏ ਗਹਿਰੀ ਨੀਂਦ ਵਿਚ ਸੌਂ ਗਿਆ।

ਭੀਮਪੁਰ ਦੇ ਸਾਰੇ ਲੋਕ ਗਹਿਰੀ ਨੀਂਦ ਵਿਚ ਸਨ। ✪


**ਮੇਰਾ ਬਚਪਨ ਮੇਰੇ ਮੋਢੇ** (ਸਵੈ ਜੀਵਨੀ)

ਸ਼ਿਓਰਾਜ ਸਿੰਘ ਬੇਚੈਨ, ਅਨੁ. ਬਲਬੀਰ ਮਾਧੋਪੁਰੀ

ਮੁੱਲ 200 ਰੁ., ਪੰਨੇ 192

ISBN:978-81-922343-4-2, Year:2012






## ਉਦਾਸੀ / - ਸੁਧਾਕਰ ਗਾਇਕਵਾੜ (Sudhakar Gaikwad)

ਮਾਂ ਦੀ ਨਿਰੰਤਰ ਖਿਚ ਖਿਚ। 'ਜਾਓ', 'ਜਾਓ' ਬਹੁਤ ਪਰੇਸ਼ਾਨ ਹੋਇਆ। ਹੁਣ ਐਨੀ ਦੂਰ ਜਾਣਾ ਹੋਵੇਗਾ! ਉਹ ਵੀ ਤੁਰ ਕੇ। ਭਾਵਣਨਾ ਤੋਂ ਰੁਪਏ ਲਿਆਉਣੇ ਹਨ, ਉਧਾਰ। ਨਹੀਂ ਦੇਵੇਗਾ ਉਹ। ਜੇਕਰ ਉਸਦੇ ਕੋਲ ਮੈਂ ਨਾ ਗਿਆ ਤਾਂ ਮਾਂ ਪਰੇਸ਼ਾਨ ਕਰੇਗੀ। ਕੱਲ੍ਹ ਉਹ ਘਰ ਆਇਆ ਸੀ। ਉਂਝ ਹੀ। ਪਿਤਾ ਜੀ ਦਾ ਮਿੱਤਰ ਹੈ ਨਾ! ਕੱਲ੍ਹ ਤੋਂ ਘਰ ਵਿਚ ਕੁਝ ਵੀ ਨਹੀਂ ਖਾਣ ਲਈ। ਮਾਂ ਨੇ ਉਸ ਤੋਂ ਪੈਸੇ ਉਧਾਰ ਮੰਗੇ ਤਾਂ ਉਹ ਆਪਣਾ ਹੀ ਰੋਣਾ ਰੋਣ ਲੱਗਾ। ਕਹਿ ਰਿਹਾ ਸੀ ਕਿ ਇਸ ਮਹੀਨੇ ਖਰਚ ਬਹੁਤ ਹੋ ਗਿਆ ਹੈ। ਪਤਨੀ ਨੂੰ ਦੋ ਸਾੜੀਆਂ ਲੈ ਕੇ ਦਿੱਤੀਆਂ ਹਨ। ਸੌ ਸੌ ਰੁਪਏ ਦੀਆਂ। ਲੜਕੀ ਦੇ ਲਈ ਵੂਲੀ ਦੀ ਸਾੜੀ ਲਈ ਹੈ ਡੇਡ਼ ਸੌ ਦੀ। ਫਿਰ ਕਹਿਣ ਲੱਗਾ ਪਤਨੀ ਦੇ ਮਾਸੀ ਦੇ ਭਰਾ ਨੂੰ ਦੋ ਸੌ ਰੁਪਏ ਉਧਾਰ ਦਿੱਤੇ। ਐਨੀ ਲੰਮੀ ਚੌੜੀ ਲਿਸਟ ਦੱਸਦਾ ਰਿਹਾ ਸਾਲਾ। ਕੱਪੜੇ ਦੀ ਮਿੱਲ੍ਹ ਵਿਚ ਕੰਮ ਕਰਦਾ ਹੈ। ਡੀਂਗਾ ਐਨੀਆਂ ਵੱਡੀਆਂ ਮਾਰਦਾ ਹੈ। ਇਹ ਰੁਪਏ ਉਧਾਰ ਦੇਵੇਗਾ? ਮੈਨੂੰ ਨਹੀਂ ਲੱਗਦਾ ਕਿ ਇਹ ਦੇਵੇਗਾ। ਪਰ ਮਾਂ ਨੂੰ ਕਿਵੇਂ ਕਹਾਂ? ਅੰਤ ਨੂੰ ਕਹਿ ਹੀ ਦਿੱਤਾ ਤਾਂ ਉਹ ਕਹਿਣ ਲੱਗੀ-"ਤੂੰ ਜਨਮ ਤੋਂ ਹੀ ਆਲਸੀ ਏਂ।' ਫਿਰ ਕੀ ਕਰਾਂ? ਜਾਣਾ ਹੀ ਪਵੇਗਾ। ਸਾਲੀ ਵੱਡੀ ਮੁਸੀਬਤ ਹੈ। ਅਸਲ ਵਿਚ ਮੈਨੂੰ ਨੌਕਰੀ ਚਾਹੀਦੀ ਹੈ। ਕਿੰਨੇ ਦਿਨ ਹੋਰਨਾ ਦੇ ਅੱਗੇ ਪੈਰ ਪਸਾਰਾਗਾ। ਇਸਦੀ ਟੋਪੀ ਉਸਦੇ ਸਿਰ ਅਤੇ ਉਸਦੀ ਇਸਦੇ-ਆਖਿਰ ਕਿੰਨੇ ਦਿਨ ਤੱਕ? ਕਦੋਂ ਤੱਕ। ਕੱਲ੍ਹ ਮਾਂ ਖੁਦ ਨੂੰ ਹੀ ਨਿੰਦ ਰਹੀ ਸੀ-ਹੁਣ ਸਾਡੀ ਜ਼ਿੰਦਗੀ ਹੀ ਮੰਗ ਕੇ ਖਾਣ ਵਾਲਿਆਂ ਦੀ ਬਣ ਗਈ ਹੈ। ਸਵੇਰ ਸ਼ਾਮ ਹੋਰਨਾ ਦੇ ਅੱਗੇ ਹੱਥ ਅੱਡਣਾ ਪੈਂਦਾ ਹੈ। ਕੁੱਤੇ ਦੀ ਜਿਹੜੀ ਇੱਜਤ ਹੁੰਦੀ ਹੈ ਉਹ ਵੀ ਸਾਡੀ ਨਹੀਂ।" ਹੁਣ ਉਸ ਨੂੰ ਕੀ ਕਹਾਂ? ਕਿੰਨਾ ਕਰਦੀ ਹੈ ਉਹ ਸਾਡੇ ਲਈ। ਉਸ ਨੂੰ ਹੁਣ ਅਰਾਮ ਮਿਲਣਾ ਚਾਹੀਦਾ ਹੈ। ਮੈਂ ਘੋੜੇ ਵਾਂਗ ਵਧਦਾ ਗਿਆ ਫਿਰ ਵੀ ਬਿਨਾ ਕਿਸੇ ਕਮਾਈ ਦੇ ਰੋਜ਼ ਖਾਂਦਾ ਹਾਂ। ਅਤੇ ਕਰਾਂ ਵੀ ਕੀ? ਨੌਕਰੀ ਕਰਨ ਦੇ ਲਈ ਟਾਲ ਮਟੋਲ ਥੋੜਾ ਕਰਦਾ ਹਾਂ? ਭਾਵਣਨਾ ਪਹਿਲਾ ਕਹਿੰਦਾ ਸੀ ਕਿ ਤੈਨੂੰ ਕੰਮ ਉੱਤੇ ਲਗਾਉਂਗਾ। ਮਿੱਲ੍ਹ ਦਾ ਮਾਲਕ ਉਸ ਦਾ ਜਾਣੂ ਹੈ। ਉਸੇ ਨੂੰ ਕਹਿ ਦੇਵਾਂ ਤਾਂ ਉਹ ਇਨਕਾਰ ਨਹੀਂ ਕਰੇਗਾ। ਪਰੰਤੂ ਪੰਜ ਸੌ ਰੁਪਏ ਭਰਨੇ ਪੈਣਗੇ। ਪਿਤਾ ਜੀ ਤਿਆਰ ਹੋ ਗਏ। ਪੰਜ ਸੌ ਭਰ ਦੇਣਗੇ। ਅਜਿਹਾ ਉਨ੍ਹਾਂ ਨੇ ਕਿਹਾ। ਕਿੱਥੋਂ ਭਰਨਗੇ? ਕਰਜਾ ਲੈ ਕੇ ਹੀ ਨਾ! ਜਾਣ ਦਿਓ। ਭਾਵਣਨਾ ਮੈਨੂੰ ਕਦੋਂ ਕੰਮ ਉੱਤੇ ਲਗਾਵੇਗਾ। ਪ੍ਰਮਾਤਮਾ ਜਾਣੇ। ਐਵੇਂ ਗੱਪਾ ਮਾਰਦਾ ਹੈ ਸਾਲਾ!

ਕੁਝ ਵੀ ਨਹੀਂ ਸੁੱਝ ਰਿਹਾ ਹੈ। ਬੇਆਸ ਸਥਿਤੀ। ਐਨੀ ਦੂਰ ਤੁਰ ਕੇ ਜਾਣਾ ਹੈ। ਰਮਾਬਾਈ ਨਗਰ ਤੱਕ। ਉਥੇ ਭਾਵਣਨਾ ਰਹਿੰਦਾ ਹੈ। ਪੈਸੇ ਜੇਬ ਵਿਚ ਹੁੰਦੇ ਤਾਂ ਬੱਸ ਵਿਚ ਚਲੇ ਜਾਂਦਾ। ਐਨੀ ਦੂਰ ਤੁਰਿਆ ਵੀ ਨਹੀਂ ਜਾਂਦਾ। ਸਵੇਰ ਤੋਂ ਚਾਹ ਵੀ ਨਹੀਂ ਮਿਲੀ। ਭੈਣ ਵੀ ਭੁੱਖੀ ਸਕੂਲ ਗਈ ਹੈ। ਹੁਣ ਤਾਂ ਉਹ ਵੱਡੀ ਹੋ ਗਈ ਹੈ। ਜੀਅ ਤਾਂ ਬਹੁਤ ਕਰਦਾ ਹੈ ਕਿ ਉਹ ਵੀ ਹੋਰ ਕੁੜੀਆਂ ਵਾਂਗ ਰਹੇ, ਕੱਪੜੇ ਪਾਵੇ। ਕੁੜਤਾ ਜਾਂ ਸਕੱਰਟ ਉਸ ਨੂੰ ਖਰੀਦ ਦਈਏ। ਪਰ ਕੀਤਾ ਕੀ ਜਾਵੇ? ਇਸ ਲਈ ਪੈਸੇ ਚਾਹੀਦੇ ਹਨ। ਪਿਤਾ ਦੀ ਤਨਖਾਹ ਘਰ ਦੇ ਜ਼ਰੂਰੀ ਖਰਚਿਆਂ ਵਿਚ ਉੜ ਜਾਂਦੀ ਹੈ-ਬਾਕੀ ਪੈਸੇ ਕਰਜੇ ਦੀਆਂ ਕਿਸ਼ਤਾਂ ਵਿਚ ਚਲੇ ਜਾਂਦਾ ਹੈ। ਭੈਣ ਸੋਚਦੀ ਹੋਈ ਉਦਾਸ ਹੋ ਜਾਂਦੀ ਹੈ। ਬੋਲਦੀ ਕੁਝ ਵੀ ਨਹੀਂ। ਜਦੋਂ ਕੁਝ ਬੋਲਦੀ ਹੈ ਤਾਂ ਇਕ ਦਮ ਉਖੜੀ ਹੋਈ। ਬਾਅਦ ਵਿਚ ਚਿੜ ਜਾਂਦੀ ਹੈ, ਫਿਰ ਰੋਣ ਲੱਗ ਪੈਂਦੀ ਹੈ। ਇਕੱਲੀ ਹੀ। ਕੱਲ੍ਹ ਕਿਤਾਬ ਲੈ ਕੇ ਤਾਕੀ ਵਿਚ ਬੈਠੀ ਸੀ। ਇਕਦਮ ਗੰਭੀਰ ਹੋ ਕੇ ਪਤਾ ਨਹੀਂ ਕੀ ਸੋਚ ਰਹੀ ਸੀ।

ਅਚਾਨਿਕ ਧਿਆਨ ਗਿਆ। ਲੱਗਿਆ ਕਿ ਉਸ ਬੰਦੇ ਦਾ ਗਲ਼ਾ ਫੜ ਕੇ ਦੋ ਥੱਪੜ ਮਾਰ ਦਿਆਂ।

ਬਦਮਾਸ਼ ਕਿਸੇ ਥਾਂ ਦਾ! ਇਕ ਮਹਿਲਾ ਫੁੱਟਪਾਥ ਤੇ ਬਲਾਊਜ਼ ਦੇਖ ਰਹੀ ਸੀ ਅਤੇ ਉਹ ਆਦਮੀ ਠੀਕ ਉਸ ਦੇ ਪਿੱਛੇ। ਪਹਿਲਾਂ ਮੈਨੂੰ ਲੱਗਾ ਕਿ ਉਹ ਸਾਇਦ ਉਸਦਾ ਪਤੀ ਹੈ। ਧਿਆਨ ਨਾਲ ਦੇਖਣ ਤੇ ਲੱਗਾ ਕਿ ਅਜਿਹਾ ਨਹੀਂ ਹੈ। ਮੈਂ ਅੱਗੇ ਵੱਧਣਾ ਚਾਹੁੰਦਾ ਸੀ। ਪਰ ਮਨ ਨਹੀਂ ਕਰ ਰਿਹਾ ਸੀ। ਉਥੇ ਹੀ ਖੜਾ ਰਿਹਾ। ਉਸ ਵੱਲ ਵੇਖੀ ਜਾਵਾ। ਉਸ ਦਾ ਸੱਜਾ ਹੱਥ ਔਰਤ ਦੀਆਂ ਛਾਤੀਆਂ ਉੱਤੇ, ਸਾਇਦ ਉਸ ਨੂੰ ਚੁੰਮ ਰਿਹਾ ਸੀ। ਸਾਇਦ ਇਸੇ ਲਈ ਉਹ ਔਰਤ ਉਥੋਂ ਖਿਸਕ ਗਈ ਅਤੇ ਉਹ ਬੰਦਾ ਉਹਦੀ ਪਿੱਠ ਨੂੰ ਨਿਹਾਰਦਾ ਰਿਹਾ। ਇੱਛਾ ਹੋਈ ਦੌੜਦਾ ਹੋਇਆ ਜਾਵਾਂ ਅਤੇ ਸਾਲੇ ਦੇ ਚਿੱਤੜਾ 'ਤੇ ਲੱਤ ਮਾਰਾਂ। ਜਾਣ ਦਿਓ, ਮਰਨ ਦਿਓ ਸਾਲੇ ਨੂੰ। ਮੈਂ ਅੱਗੇ ਨਿਕਲ ਗਿਆ।

ਖੁੱਲ੍ਹੇ ਮੈਦਾਨ ਉੱਤੇ ਹੁਣ ਮੈਂ ਤੁਰ ਰਿਹਾ ਸੀ। ਦੋਹਾਂ ਪਾਸਿਆ ਤੋਂ ਗੰਦਾ ਅਤੇ ਸੜਿਆ ਮੁਸਕ ਮਾਰਦਾ ਪਾਣੀ। ਉਸਦੇ ਇਰਦ ਗਿਰਦ ਬਹੁਤ ਉੱਚਾ ਘਾਹ। ਅਤੇ ਇਸਦੇ ਵਿਚਕਾਰ ਰਸਤਾ। ਘਾਹ ਵਿਚ ਦੋ ਤਿੰਨ ਲੋਕ ਟੱਟੀ ਕਰਨ ਬੈਠੇ ਸਨ। ਇਕ ਦੂਜੇ ਤੋਂ ਅਜਨਬੀ ਬਣ ਕੇ। ਧੌਣ ਨੀਵੀਂ ਕਰਕੇ। ਸਾਹਮਣੇ ਹੱਥ ਰੱਖ ਕੇ। ਚਾਰੇ ਪਾਸੇ ਮੁਸ਼ਕ ਫੈਲਿਆ ਹੋਇਆ ਸੀ। ਸਾਹ ਘੁੱਟ ਹੋ ਰਿਹਾ ਸੀ। ਨੇੜੇ ਦੀ ਇਕ ਗਲੀ ਵਿਚ ਵੜ ਗਿਆ। ਇਥੋਂ ਹੀ ਝੁੱਗੀਆਂ ਦੀ ਬਸਤੀ ਸ਼ੁਰੂ ਹੋ ਜਾਂਦੀ ਹੈ। ਇਥੋਂ ਦੀਆਂ ਗਲੀਆਂ ਨੂੰ ਜਾਨਣਾ ਮੁਸ਼ਕਲ ਹੈ। ਸਾਰੀਆਂ ਇਕੋ ਜਿਹੀਆਂ ਲੱਗਦੀਆਂ ਹਨ। ਕਿਹੜੀ ਗਲੀ ਕਿਥੇ ਨਿਕਲਦੀ ਹੈ-ਕੁਝ ਵੀ ਪਤਾ ਨਹੀਂ ਲੱਗਦਾ। ਆਖਰ ਰੁਕ ਹੀ ਗਿਆ। ਇਕ ਬੰਦਾ ਨੰਗ-ਧੜੰਗਾ ਮੰਜੇ ਉੱਤੇ ਲੰਮਾ ਪਿਆ ਸੀ। ਉਹਦੇ ਤੇੜ ਨਿੱਕਾ ਜਿਹਾ ਕੱਛਾ ਸੀ। ਨੇੜੇ ਹੀ ਇਕ ਕੁੜੀ ਭਾਂਢੇ ਮਾਂਜ ਰਹੀ ਸੀ। ਉਸ ਨੂੰ ਲੰਘ ਕੇ ਅੱਗੇ ਗਿਆ। ਇਕ ਝੌਂਪੜੀ ਦੇ ਅੱਗੇ ਰੁਕ ਗਿਆ। ਅੰਦਰ ਝਾਕਿਆ। ਹੱਸਿਆ। ਐਵੇਂ ਹੀ। ਅਤੇ ਉਸ ਸਾਲੀ ਨੇ ਮੂੰਹ ਫੇਰ ਲਿਆ। ਭਾਵਨਨਾ ਦੀ ਕੁੜੀ ਊਸ਼ਾ ਹੈ ਉਹ। ਮੈਨੂੰ ਵੇਖ ਦੇ ਮੂੰਹ ਪਰੇ ਕਰ ਲੈਂਦੀ ਹੈ ਸਾਲੀ! ਠੀਕ ਹੈ, ਜੋ ਮਨ ਵਿਚ ਆਵੇ ਕਰਨਾ ਚਾਹੀਦਾ ਹੈ। ਇਹਨੂੰ ਏਨਾ ਸਿਰ 'ਤੇ ਕੌਣ ਚੜ੍ਹਾਉਂਦਾ ਹੈ?

"ਆਓ।" ਭਾਵਨਨਾ ਨੇ ਕਿਹਾ। ਅੰਦਰ ਗਿਆ। ਐਵੇਂ ਹੀ ਹੱਸਣ ਲੱਗਾ। ਭਾਵਨਨਾ ਅੰਦਰ ਇਕ ਦਰੀ ਉੱਤੇ ਲੰਮਾ ਪਿਆ ਸੀ। ਕੇਵਲ ਕੱਛਾ ਪਾਈ। ਲੱਕ ਤੋਂ ਥੱਲੇ ਉਹਦਾ ਕੱਛੀ ਢਿੱਲੀ ਹੋ ਕੇ ਥੱਲੇ ਨੂੰ ਖਿਸਕ ਰਹੀ ਸੀ। ਉਸ ਵੱਲ ਵੇਖਿਆ ਨਹੀਂ ਜਾਂਦਾ ਸੀ। ਕੌੜ੍ਹਤ ਆਉਂਦੀ ਸੀ। ਸਾਲੇ ਨੂੰ ਭੋਰਾ ਵੀ ਸ਼ਰਮ ਨਹੀਂ ਆਉਂਦੀ! ਪਤਨੀ ਦੇ ਮੋਹਰੇ ਠੀਕ ਹੈ। ਪਰ ਜਵਾਨ ਕੁੜੀ ਦੇ ਅੱਗੇ? ਮੈਂ ਮਿੱਟੀ ਦੀ ਕੰਧ ਨਾਲ ਲੱਗ ਕੇ ਬੈਠ ਗਿਆ।

"ਕਿਵੇਂ ਹੋ ਰੱਘੂ?" ਮੂੰਹ ਨੂੰ ਮਸੂਮ ਜਿਹਾ ਬਣਾ ਕੇ ਭਾਵਨਨਾ ਕਹਿਣ ਲੱਗਾ। ਐਨਾ ਕੁ ਬੋਲ ਬੋਲਣ ਤੇ ਉਹਦੇ ਮੂੰਹ ਵਿਚੋਂ ਥੁੱਕ ਨਿਕਲਣ ਲੱਗੀ। ਦਾੜੀ ਵੱਡੀ ਹੋਈ ਅਤੇ ਉਸ ਉੱਤੇ ਲਾਲ ਥੁੱਕ! ਨਫ਼ਰਤ ਆਈ ਮੈਨੂੰ। ਫਿਰ ਉਹ ਉੱਠ ਕੇ ਵਿਹੜੇ ਵਿਚ ਗਿਆ। ਉਥੇ ਥੁੱਕ ਆਇਆ। ਬਹੁਤ ਹੀ ਗੰਦੇ ਤਰੀਕੇ ਨਾਲ ਮੂੰਹ ਵਿਚ ਉਂਗਲੀ ਪਾ ਕੇ ਮੂੰਹ ਵਿਚ ਰੱਖਿਆ ਤਮਾਖੂ ਅਤੇ ਪਾਨ ਦੇ ਫੋਟਕ ਨੂੰ ਉਹ ਥੁੱਕ ਰਿਹਾ ਸੀ। ਮੈਂ ਉਸਦੀ ਪਿੱਠ ਅਤੇ ਲੱਕ ਨੂੰ ਵੇਖਣ ਲੱਗਾ ਅਤੇ ਧੌਣ ਨੀਵੀਂ ਕਰ ਲਈ। ਉਸ ਵੱਲ ਵੇਖਿਆ ਨਹੀਂ ਜਾਂਦਾ ਸੀ। ਉਸਦੀ ਰੀੜ ਦੀ ਹੱਡੀ ਉਭਰੀ ਹੋਈ ਦਿਸ ਰਹੀ ਸੀ। ਲਾਹਣਤ ਹੈ! ਇਹ ਬੰਦਾ ਘੱਟੋ ਘੱਟ ਆਪਣਾ ਕੱਛਾ ਤਾਂ ਚੰਗੀ ਤਰ੍ਹਾਂ ਬੰਨ੍ਹ ਲੈਂਦਾ। ਮੂਰਖ ਕਿਸੇ ਥਾਂ ਦਾ! ਉਥੋਂ ਮੇਰੇ ਵੱਲ ਮੁੜ ਕੇ ਇਕ ਹੱਥ ਜ਼ਮੀਨ ਉੱਤੇ ਲਾ ਕੇ ਉਸ ਹੱਥ ਉੱਤੇ ਸਰੀਰ ਦਾ ਭਾਰ ਪਾ ਕੇ ਬੈਠ ਗਿਆ। ਹੈਰਾਨ ਤੇ ਦੁੱਖੀ ਨਾਲ! ਹਾਏ ਹਾਏ!! ਕੀ ਕਹਾਂ ਰਘੂ ਤੈਨੂੰ? ਦੇਖ ਨਾ ਲੱਕ ਬਹੁਤ ਹੀ ਦਰਦ ਕਰ ਰਿਹਾ ਹੈ। ਦੇਖ ਕੱਲ੍ਹ ਤੋਂ ਭੁੰਜੇ ਹੀ ਲੰਮਾ ਪਿਆ ਹੋਇਆ ਹਾਂ।"

"ਡਾਕਟਰ ਦੇ ਕੋਲ ਜਾਣਾ ਸੀ।" ਮੈਂ ਊਸ਼ਾ ਦੀ ਪਿੱਠ ਨੂੰ ਨਿਹਾਰਨ ਲੱਗਾ।



"ਉਏ ਕਿਥੇ ਡਾਕਟਰ?" ਉਹ ਮਿੱਟੀ ਦੀ ਕੰਧ ਉੱਤੇ ਪਿੱਠ ਰੱਖ ਕੇ ਕਹਿਣ ਲੱਗਾ, "ਬੋਤਲ ਵਿਚ ਕੇਵਲ ਪਾਣੀ ਭਰ ਕੇ ਦਿੰਦੇ ਹਨ ਸਾਲੇ! ਪੈਸੇ ਦਿਓ ਅਤੇ ਪੀਓ ਬੋਤਲ ਦਾ ਪਾਣੀ!' ਅਤੇ ਉਹ ਹੱਸਣ ਲੱਗਾ। "ਉਏ ਉਸ ਪਾਣੀ ਨਾਲ ਸਿਹਤ ਠੀਕ ਨਹੀਂ ਹੋਣ ਲੱਗੀ।' ਅਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਹ ਕਹਿਣ ਲੱਗਾ, "ਭਿਵਾ ਕੰਮ ਉੱਤੇ ਗਿਆ ਹੈ ਕੀ?"

"ਹਾਂ! ਹੁਣ ਉਸ ਦੀ ਦਿਨ ਦੀ ਡਿਊਟੀ ਹੈ।" ਭਿਵਾ ਮੇਰੇ ਪਿਤਾ ਜੀ ਹਨ।

"ਹਾਂ, ਤਾਂ ਫਿਰ? ਤੇਰੀ ਨੌਕਰੀ ਦਾ ਕੁਝ ਜੁਗਾੜ ਬਣਿਆ ਕਿ ਨਹੀਂ?"

"ਹੂੰ... ਕੁੱਝ ਨਹੀਂ ਬਣਿਆ!" ਊਸ਼ਾ ਵੱਲ ਵੇਖਦਿਆਂ ਮੈਂ ਕਿਹਾ। ਉਹ ਪਿਆਜ ਕੱਟ ਰਹੀ ਸੀ। ਪਿਆਜ ਦਾ ਇਕ ਗੋਲ ਪੀਸ ਉਸਦੇ ਪਿੱਛੇ ਪਿਆ ਸੀ।

ਭਾਵਨਨਾ ਨੇ ਕਿਹਾ, "ਆਪਣੀ ਮਿੱਲ੍ਹ ਵਿਚ ਤੇਰੇ ਲਈ ਨੌਕਰੀ ਲੱਭਣੀ ਚਾਹੁੰਦਾ ਸੀ। ਪ੍ਰੰਤੂ ਹੁਣ ਭਰਤੀ ਬੰਦ ਹੈ। ਕੀ ਭਿਵਾ ਦੀ ਮਿੱਲ੍ਹ ਵਿਚ ਕੰਮ ਨਹੀਂ ਹੈ ?"

"ਔਹ ਵੇਖ ਤੇਰੇ ਪਿੱਛੇ ਪਿਆ ਹੈ ਪਿਆਜ।" ਊਸ਼ਾ ਪਿਆਜ ਲੱਭ ਰਹੀ ਸੀ। ਮੈਂ ਪਿਆਜ ਵੱਲ ਇਸ਼ਾਰਾ ਕਰ ਰਿਹਾ ਸੀ। ਪਰ ਉਹ ਸਾਲੀ ਉਂਝ ਹੀ ਚੁੱਪ! ਨਜ਼ਰ ਘੁਮਾ ਕੇ ਉਸ ਨੇ ਦੇਖਿਆ ਤੱਕ ਨਹੀਂ। ਪਿਆਜ ਦੀ ਦੂਜੀ ਗੱਠੀ ਕੱਟਣ ਲੱਗੀ। ਜਾਣ ਦਿਓ ਸੜੀ ਹੋਈ...।

"ਉਹ ਪੂਰੀ ਵਾਹ ਲਾ ਰਹੇ ਹਨ ਪਰ ਕੁਝ ਹੋ ਨਹੀਂ ਰਿਹਾ। " ਮੈਂ ਕਿਹਾ।

"ਭਰਾਵਾ ਹੁਣ ਪਹਿਲਾਂ ਵਾਂਗ ਨੌਕਰੀਆਂ ਨਹੀਂ ਮਿਲਦੀਆਂ।" ਭਾਵਨਨਾ ਕਹਿ ਰਿਹਾ ਸੀ।

"ਹੁਣ ਸਾਡਾ ਰਾਜ ਚਲੇ ਗਿਆ ਹੈ। ਹੁਣ ਤਾਂ ਔਰਤਾਂ ਰਾਜ ਸੱਤਾ ਉੱਤੇ ਆ ਗਈਆਂ ਹਨ। ਹੁਣ ਰਹਿ ਵੀ ਕੀ ਗਿਆ ਹੈ? ਸਾਡੇ ਸਮੇਂ ਵਿਚ ਲੋਕ ਘਰੋਂ ਆ ਕੇ ਕੰਮ ਉੱਤੇ ਲੈ ਕੇ ਜਾਂਦੇ ਸਨ। ਮੈਨੂੰ ਵੇਖ, ਉਨ੍ਹਾਂ ਦਿਨ੍ਹਾਂ 'ਚ ਮੈਂ ਰੂਬੀ ਮਿੱਲ੍ਹ ਵਿਚ ਕੰਮ ਕਰਦਾ ਸੀ। ਕੀ ਕਹਾਂ ਉਨ੍ਹਾਂ ਦਿਨਾਂ ਦੇ ਬਾਰੇ ਵਿਚ? ਇਕ ਦਿਨ ਕੰਮ ਤਾਂ ਦਸ ਦਿਨ ਅਰਾਮ! ਫਿਰ ਮਿੱਲ੍ਹ ਮੈਨੇਜ਼ਰ ਘਰ ਵਿਚ ਆਉਂਦਾ ਸੀ। ਕੀ ਬੰਦਾ ਸੀ ਉਹ ਵੀ। ਮੋਟਾ ਲਾਲ ਸੁਰਖ ਰੰਗ ਦਾ। ਇਰਾਨੀ ਸੀ ਉਹ। ਮਰ ਗਿਆ ਵਿਚਾਰਾ। ਮੈਂ ਉਸ ਦੀ ਮੌਤ ਉੱਤੇ ਗਿਆ ਸੀ। ਦਸ ਰੁਪਏ ਦਾ ਫੁੱਲਾਂ ਦਾ ਹਾਰ ਪਾਇਆ ਸੀ ਮੈਂ ਉਸ ਦੀ ਦੇਹ ਉੱਤੇ। ਹਾਂ ਦਸ ਰੁਪਏ ਦਾ ਅਤੇ ਉਹ ਵੀ ਉਨ੍ਹਾਂ ਦਿਨ੍ਹਾਂ ਦੇ ਦਸ ਰੁਪਏ। ਉਏ ਉਨ੍ਹਾਂ ਦਿਨ੍ਹਾਂ ਵਿਚ ਇਕ ਮਹੀਨੇ ਦਾ ਰਾਸ਼ਨ ਆ ਜਾਂਦਾ ਸੀ ਦਸ ਰੁਪਏ ਵਿਚ। ਹਾਂ ਤਾਂ ਮੈਂ ਕਹਿ ਰਿਹਾ ਸੀ ਰਘੂ ਤੈਨੂੰ, ਹਾਂ, ਉਹ ਮੈਨੇਜ਼ਰ ਜਦੋਂ ਘਰ ਆਉਂਦਾ ਸੀ ਪਿਤਾ ਜੀ ਨੂੰ ਪੁੱਛਦਾ ਸੀ ਬਾਬ ਕਿੱਥੇ ਹੈ ਬਾਬ? ਉਸ ਨੂੰ ਕੰਮ ਉੱਤੇ ਆਉਣ ਲਈ ਕਹਿਣਾ।' ਅਤੇ ਭਾਵਨਨਾ ਹੱਸਣ ਲੱਗਾ। ਅਜੀਬ ਹਾਸਾ! ਅਤੇ ਹੱਸਦਿਆਂ-ਹੱਸਦਿਆਂ ਕਹਿਣ ਲੱਗਾ, "ਉਏ ਫਿਰ ਕੀ ਪੁੱਛਦਾ ਏਂ ਰਘੂ? ਉਹ ਆ ਗਿਆ ਕਿ ਮੈਂ ਗੁੰਮ ਹੋ ਜਾਂਦਾ ਸੀ। ਫਿਰ ਮੇਰਾ ਬੁੱਢਾ ਪਿਓ ਮੈਨੂੰ ਗਾਲ੍ਹਾਂ ਦਿੰਦਾ ਸੀ ਤੇ ਕੰਮ ਉੱਤੇ ਭੇਜ ਦਿੰਦਾ ਸੀ। ਅਤੇ ਹੁਣ ਵੇਖ, ਪੈਸੇ ਖਰਚ ਕਰਕੇ ਵੀ ਨੌਕਰੀਆਂ ਨਹੀਂ ਮਿਲਦੀਆਂ। "

ਮੈਨੂੰ ਲੱਗਾ ਐਵੇਂ ਇਥੇ ਆ ਕੇ ਝੱਖ ਮਾਰੀ ਹੈ। ਹੁਣ ਇਸ ਦੀ ਫਜ਼ੂਲ ਦੀ ਬੱਕ ਬੱਕ ਸੁਣਨੀ ਪਵੇਗੀ। ਭਾਵਨਨਾ ਦੀ ਪਤਨੀ ਚੁੱਲ੍ਹੇ ਦੇ ਨੇੜੇ ਬੈਠੀ ਸੀ। ਫਟੀ ਪੁਰਾਣੀ ਅਤੇ ਗੰਦੀ ਧੋਤੀ ਪਾ ਕੇ। ਘੁੰਡ ਵੱਲ ਦਾ ਹਿੱਸਾ ਪੂਰੀ ਤਰ੍ਹਾਂ ਫਟਿਆ ਹੋਇਆ। ਸਾਲਾ ਕੱਲ੍ਹ ਤਾਂ ਕਹਿ ਰਿਹਾ ਸੀ ਕਿ ਪਤਨੀ ਨੂੰ ਸੌ ਸੌ ਰੁਪਏ ਦੀਆਂ ਦੋ ਸਾੜ੍ਹੀਆਂ ਲੈ ਕੇ ਦਿੱਤੀਆਂ ਹਨ। ਬਦਮਾਸ ਐਵੇਂ ਗੱਪਾ ਦਾ ਪਹਾੜ ਉਸਾਰ ਰਿਹਾ ਹੈ। ਉਸਦੀ ਪਤਨੀ ਨੇ ਚੁੱਲ੍ਹੇ ਉੱਤੇ ਤੌੜੀ ਰੱਖੀ।

ਭਾਵਨਨਾ ਕਹਿ ਰਿਹਾ ਸੀ, "ਤੂੰ ਕੰਮ ਉੱਤੇ ਲੱਗ ਗਿਆ ਤਾਂ ਦਿਨ ਚੰਗੇ ਆ ਜਾਣਗੇ। ਘਰ ਦੀ ਹਾਲਤ ਸੁਧਰ ਜਾਵੇਗੀ। ਭਿਵਾ ਅਤੇ ਤੇਰੀ ਤਨਖਾਹ! ਵਾਹ ਉਦੋਂ ਤਾਂ ਜੀਣ ਦਾ ਮਜ਼ਾ ਹੀ ਆ

ਜਾਵੇਗਾ।" ਫਿਰ ਪਤਨੀ ਵੱਲ ਵੇਖਦਿਆਂ ਹੋਇਆ ਉਹ ਕਹਿਣ ਲੱਗਾ, "ਚਾਹ ਬਣਾਓ ਭਲਾ।" ਉਦੋਂ ਤੱਕ ਉਹ ਗਰਮ ਤੌੜੀ ਵਿਚ ਤੇਲ ਪਾ ਚੁੱਕੀ ਸੀ। ਬਚੇ ਮਿਰਚ ਦੇ ਟੁਕੜੇ ਵੀ ਉਸ ਵਿਚ ਪਾ ਦਿੱਤੇ। ਉਹ ਸਾਇਦ ਸੇਕ ਲਾ ਰਹੀ ਸੀ। ਤਿੜਕ ਤਿੜਕ ਦੀ ਆਵਾਜ਼ ਹੋਈ। ਮਿਰਚਾ ਨੂੰ ਉਹ ਚਮਚ ਨਾਲ ਹਿਲਾਉਣ ਲੱਗੀ। ਉਦੋਂ ਹੀ ਚਮਚ ਦੇ ਖੜਕਣ ਦੀ ਆਵਾਜ਼ ਆਉਣ ਲੱਗੀ। ਭਾਵਨਨਾ ਕਹਿਣ ਲੱਗੀ, "ਗੋਦੀ ਮਿੱਲ੍ਹ ਵਿਚ ਕੰਮ ਕਰੇਂਗਾ ਕਿ?" ਮੈਂ ਉਸ਼ਾ ਵੱਲ ਵੇਖ ਰਿਹਾ ਸੀ। ਉਸਦੀ ਪਿੱਠ ਮੇਰੇ ਵੱਲ ਸੀ। ਪਿੱਛਾ ਇਕ ਦਮ ਭਰਿਆ ਹੋਇਆ। ਇੱਛਾ ਹੋ ਰਹੀ ਸੀ ਕਿ ਉਸ ਦੀ ਭਰਵੀਂ ਪਿੱਠ ਉੱਤੇ ਆਪਣੇ ਬੁੱਲ ਰੱਖ ਦੇਵਾਂ। "ਉੱਥੇ ਮੇਰੀ ਕਾਫੀ ਜਾਣ ਪਛਾਣ ਹੈ। ਦੇਖਦਾ ਹਾਂ ਉਥੇ ਕੁਝ ਕੰਮ ਬਣ ਜਾਵੇ ਤਾਂ।" ਏਹਦੀ ਕੀ ਜਾਣ ਪਛਾਣ ਹੋਵੇਗੀ? ਜਾਣਦਾ ਹਾਂ ਮੈਂ। ਇਹ ਕੇਵਲ ਗੱਲਾਂ ਦੇ ਪਹਾੜ ਖੜੇ ਕਰਦਾ ਹੈ ਸਾਲਾ। ਪਰ ਮੈਂ ਅਚਾਨਿਕ ਕਹਿ ਗਿਆ, "ਅੰਨਾ ਮਾਂ ਨੇ ਪੈਸੇ ਉਧਾਰ ਮੰਗੇ ਹਨ।"

ਇਸ ਬੋਲ ਨੂੰ ਸੁਣ ਕੇ ਉਸਦੀ ਪਤਨੀ ਇਕਦਮ ਘਬਰਾ ਗਈ। ਗੁੱਸੇ ਨਾਲ ਮੇਰੇ ਵੱਲ ਵੇਖਣ ਲੱਗੀ। ਅਤੇ ਫਿਰ ਧੋਤੀ ਹੋਈ ਸਬਜੀ ਨੂੰ ਉਹ ਤੌੜੀ ਵਿਚ ਪਾਉਣ ਲੱਗੀ।

"ਰੁਪਏ? " ਭਾਵਨਨਾ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ, ਤੂੰ ਸਾਇਦ ਕਿਹਾ ਸੀ ਨਾ ਮਾਂ ਨੂੰ ਕੱਲ੍ਹ ਘਰ ਵਿਚ?"

"ਉਹ ਹਾਂ, ਮੈਨੂੰ ਚੇਤੇ ਹੀ ਨਹੀਂ ਰਿਹਾ। ਥੋੜੀ ਦੇਰ ਪਹਿਲਾਂ ਆਉਂਦਾ! ਕਿਉਂਕਿ ਤੇਰੇ ਆਉਣ ਤੇ ਕੁੱਝ ਪਲ ਪਹਿਲਾਂ ਇਕ ਆਦਮੀ ਆਇਆ ਸੀ। ਉਹ ਮੇਰੇ ਗੁਵਾਂਢ ਵਿਚ ਹੀ ਰਹਿੰਦਾ ਹੈ। ਕਹਿਣ ਲੱਗਾ-ਚਾਲੀ ਰੁਪਏ ਦੀ ਤੁਰੰਤ ਲੋੜ ਹੈ। ਜ਼ਰੂਰਤ ਕਿਸ ਨੂੰ ਨਹੀਂ ਹੁੰਦੀ? ਐਨਾ ਸ਼ਕਤੀਸ਼ਾਲੀ ਭਗਵਾਨ ਉਹਨੂੰ ਵੀ ਲੋੜ ਪੈ ਜਾਂਦੀ ਕਿ ਨਹੀਂ? ਫਿਰ ਆਪਾਂ ਕਿਹਦੇ ਪਾਣੀ ਹਾਰ ਹਾਂ? ਇਹ ਮਿੱਟੀ ਦਾ ਸਰੀਰ ਮਿੱਟੀ ਵਿਚ ਮਿਲ ਜਾਣ ਵਾਲਾ ਹੈ। ਅਸੀਂ ਕਿੰਨੀ ਵੀ ਕਮਾਈ ਕਰੀਏ। ਮਰਦੇ ਸਮੇਂ ਨਾਲ ਥੋੜਾ ਲੈ ਕੇ ਜਾਂਦੇ ਹਾਂ। ਨਹੀਂ ਨਾ। ਇਥੇ ਦਾ ਇਥੇ ਹੀ ਰਹਿ ਜਾਂਦਾ ਹੈ। ਮੈਂ ਸੋਚਿਆ ਜੇ ਮੇਰੇ ਘਰ ਆਇਆ ਹੈ ਤਾਂ ਸਹਾਇਤਾ ਕਰੋ। ਇਸ ਲਈ ਉਸ ਨੂੰ ਚਾਲੀ ਰੁਪਏ ਦੇ ਦਿੱਤੇ। ਤੂੰ ਅਜੇ ਸਾਇਦ ਨੁਕਰ ਵਾਲੇ ਮਦਰਾਸੀ ਹੋਟਲ ਤੱਕ ਪਹੁੰਚਿਆ ਹੋਵੇਂਗਾ। ਅਤੇ ਮੈਂ ਉਸ ਨੂੰ ਰੁਪਏ ਦੇ ਦਿੱਤੇ। ਕੇਵਲ ਪੰਜ ਮਿੰਟ ਪਹਿਲਾਂ ਆ ਜਾਂਦਾ ਤਾਂ ਤੈਨੂੰ ਦੇ ਦਿੰਦਾ। ਖ਼ੈਰ ਹੁਣ ਕਿਤੇ ਹੋਰ ਥਾਂ ਕੋਸ਼ਿਸ਼ ਕਰਾਂਗਾ। "

"ਤਾਂ ਫਿਰ ਮੈਂ ਜਾਵਾਂ।" ਮੈਂ ਕਿਹਾ। ਜੇ ਸੱਚ ਕਹਾਂ ਤਾਂ ਮੇਰੀ ਉਥੋਂ ਜਾਣ ਦੀ ਕੋਈ ਵੀ ਇੱਛਾ ਨਹੀਂ ਸੀ! ਊਸ਼ਾ ਨੂੰ ਚੰਗੀ ਤਰ੍ਹਾਂ ਵੇਖਣਾ ਚਾਹੁੰਦਾ ਸੀ। ਪਰ ਉਹ ਸਾਲੀ ਸਿੱਧੀ ਨਜ਼ਰ ਨਾਲ ਮੈਨੂੰ ਵੇਖ ਹੀ ਨਹੀਂ ਸੀ ਰਹੀ। ਨਾ ਵੇਖੇ। ਪਰ ਭਾਵਨਨਾ ਦੀਆਂ ਫਜ਼ੂਲ ਗੱਲਾਂ ਕਿਵੇਂ ਸੁਣਾ? ਉਸ ਸਮੇਂ ਉਥੇ ਇਕ ਔਰਤ ਆਈ। ਪਾਟੀ ਤੇ ਪੁਰਾਣੀ ਸਾੜ੍ਹੀ ਤੇੜ ਲਾਈ ਹੋਈ ਸੀ। ਮੈਨੂੰ ਵੇਖ ਕੇ ਉਹ ਔਰਤ ਬਾਹਰ ਹੀ ਰੁਕ ਗਈ। ਉਸਨੇ ਆਪਣਾ ਸਿਰ ਦਾ ਪੱਲਾ ਠੀਕ ਕੀਤਾ। ਅਤੇ ਫਿਰ ਅੰਦਰ ਆ ਗਈ। ਭਾਵਨਨਾ ਨੇ ਉਸ ਨੂੰ ਪੁੱਛਿਆ, "ਕਿਵੇਂ ਹੈ ਗਿਰਜਾ?" ਪਰ ਭਾਵਨਨਾ ਵੱਲ ਰੁੱਖਾ ਜਿਹਾ ਵੇਖਦੀ ਹੋਈ ਉਹ ਸਾਡੇ ਦੋਹਾਂ ਵੱਲ ਪਿੱਠ ਕਰਕੇ ਬੈਠ ਗਈ।

ਭਾਵਨਨਾ ਦੀ ਪਤਨੀ ਨੂੰ ਉਹ ਕਹਿਣ ਲੱਗੀ, "ਭਾਬੀ ਇਕ ਚਮਚ ਮਿਰਚ ਦਾ ਪਾਊਡਰ ਦੇਵੀਂ! ਸਾਡੇ ਘਰ ਅੱਜ ਮੁਕ ਗਿਆ ਹੈ।"

"ਭੈਣੇ! ਸਾਡੇ ਘਰ ਵੀ ਹੁਣੇ ਹੀ ਖਤਮ ਹੋਇਆ ਹੈ। ਥੋੜਾ ਜਿਹਾ ਲੈ ਲਓ। ਦੇ ਦਿੰਦੀ ਹਾਂ ਝਾੜ ਕੇ।" ਭਾਵਨਨਾ ਦੀ ਪਤਨੀ ਨੇ ਕਿਹਾ।

"ਦੇਖ।" ਉਹ ਔਰਤ ਕਹਿਣ ਲੱਗੀ, ਪੈਸੇ ਦੇ ਕੇ ਉਹ ਗਿਆ ਨਹੀਂ। ਹੁਣ ਘਰ ਵਿਚ ਕੀ ਹੈ, ਕੀ



ਨਹੀਂ ਹੈ, ਇਸਦੀ ਉਹਨੂੰ ਕੋਈ ਚਿੰਤਾ ਨਹੀਂ।" ਅਜੇ ਉਹ ਮਿਰਚ ਲੈ ਕੇ ਨਿਕਲੀ ਹੀ ਸੀ। ਮੈਂ ਊਸ਼ਾ ਵੱਲ ਵੇਖਿਆ ਸਾਲੀ ਖ਼ੂਬ ਸਮਾਰਟ ਲੱਗ ਰਹੀ ਸੀ। ਪਰ ਉਸੇ ਵੇਲੇ ਉਸਦੀ ਮਾਂ ਨੇ ਮੇਰੇ ਵੱਲ ਵੇਖਿਆ। ਮੇਰੀ ਨਜ਼ਰ ਇਕ ਦਮ ਝੁਕ ਗਈ। ਅਜੀਬ ਜਿਹਾ ਲੱਗਣ ਲੱਗਾ। ਚੋਰੀ ਜਿਓ ਫੜੀ ਗਈ ਸੀ। ਮੈਂ ਅਪਰਾਧ ਕਾਰਨ ਦੁੱਖੀ ਹੋ ਗਿਆ। ਉਂਝ ਊਸ਼ਾ ਵੱਲ ਲਗਾਤਾਰ ਵੇਖਣਾ ਠੀਕ ਨਹੀਂ ਸੀ। ਅਤੇ ਮੈਨੂੰ ਉਥੇ ਬੈਠਣਾ ਹੀ ਬੇਕਾਰ ਲੱਗਣ ਲੱਗਾ। "ਚੰਗਾ ਅੰਨਾ ਚੱਲਦਾ ਹਾਂ।" ਕਹਿ ਕੇ ਮੈਂ ਉਥੋਂ ਉੱਠ ਤੁਰਿਆ। "ਉਏ ਮੂਰਖਾ ਰੁਕ ਜਰਾ, ਚਾਹ ਤਾਂ ਪੀ ਕੇ ਜਾਹ।" ਉਹ ਵੀ ਉੱਠਿਆ। "ਨਹੀਂ ਹੁਣ ਮੈਂ ਚੱਲਦਾ ਹਾਂ।" ਐਨੀ ਦੇਰ ਤੋਂ ਇਹ ਆਦਮੀ ਪਤਨੀ ਨੂੰ ਚਾਹ ਬਣਾਉਣ ਲਈ ਕਹਿ ਰਿਹਾ ਹੈ। ਪਰ ਉਹ ਇਸਦੀ ਗੱਲ ਨੂੰ ਅਣਸੁਣਿਆ ਹੀ ਕਰੀ ਜਾ ਰਹੀ ਹੈ। ਜਾਣ ਦਿਓ। ਭਾਵਨਨਾ ਕਹਿ ਰਿਹਾ ਸੀ, "ਮੈਂ ਕੋਸ਼ਿਸ਼ ਕਰਾਗਾ ਪੈਸੇ ਦੇ ਲਈ। ਮਿਲਣ ਤੋਂ ਬਾਅਦ ਸਿੱਧਾ ਘਰ ਲੈ ਜਾਊਂਗਾ।"

ਅਤੇ ਉਸ ਨੇ ਆਲੇ ਵਿਚ ਪਏ ਲੋਟੇ ਨੂੰ ਚੁੱਕਿਆ ਅਤੇ ਮਿੱਟੀ ਦੇ ਘੜੇ ਵਿਚੋਂ ਪਾਣੀ ਲੈ ਕੇ ਪੀਣ ਲੱਗਾ। ਮੈਂ ਵਿਹੜੇ ਵਿਚ ਆ ਕੇ ਚੱਪਲ ਪਾਉਣ ਲੱਗਾ ਪਿਆ। ਅਤੇ ਫਿਰ ਮੇਰਾ ਧਿਆਨ ਉਧਰ ਗਿਆ। ਊਸ਼ਾ ਚਾਵਲ ਚੁਗ ਰਹੀ ਸੀ। ਉਸਦੀਆਂ ਗੱਲ੍ਹਾਂ ਉੱਤੇ ਜਵਾਨੀ ਦੀ ਲਾਲੀ ਸਪੱਸ਼ਟ ਦਿਸ ਰਹੀ ਸੀ। ਇਕ ਦਮ ਸਮਾਰਟ ਲੱਗ ਰਹੀ ਸੀ। ਮੈਂ ਭਾਵਨਨਾ ਨੂੰ ਫਿਰ ਕਿਹਾ, "ਅੰਨਾ! ਚੰਗਾ ਚੱਲਦਾ ਹਾਂ ਮੈਂ !" ਅਤੇ ਫਿਰ ਬਾਹਰ ਨਿਕਲ ਗਿਆ। ਪਿੱਛੇ ਮੁੜ ਕੇ ਇਕ ਵਾਰ ਫਿਰ ਮੈਂ ਵੇਖਿਆ। ਪਰ ਉਹ ਸਾਲੀ ਗਰਦਨ ਝੁਕਾ ਕੇ ਬੈਠੀ ਹੋਈ ਸੀ। ਚਾਵਲ ਚੁਗਦੀ ਰਹੀ। ਸਾਲੀ ਮੇਰੇ ਵੱਲ ਵੇਖਣਾ ਤੱਕ ਨਹੀਂ ਚਾਹੁੰਦੀ। ਨਾ ਵੇਖੇ। ਚਾਵਲ ਖਾਂਦੀ ਹੈ ਤਾਂ ਖਾਣ ਦਿਓ। ਇਹਨੂੰ ਕੌਣ ਖਾਂਦਾ ਹੈ, ਡੰਗਰ?"

ਘਰ ਨੂੰ ਪਰਤਿਆ, ਪਰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। ਐਵੇਂ ਹੀ ਬੋਲੀ ਜਾ ਰਿਹਾਂ ਸਾਂ। ਭਾਵਨਨਾ ਨੇ ਪੈਸੇ ਨਹੀਂ ਦਿੱਤੇ। ਮੈਨੂੰ ਲੱਗਦਾ ਹੀ ਨਹੀਂ ਸੀ ਕਿ ਉਹ ਪੈਸੇ ਦੇਵੇਗਾ। ਪਰ ਮਾਂ ਦੀ ਇੱਛਾ। ਪਤਾ ਨਹੀਂ ਇਹ ਹਾਲਤ ਕਿਵੇਂ ਮੁੱਕੇਗੀ? ਸੁਹਾਸ ਕਹਿ ਰਿਹਾ ਸੀ ਕਿ ਟਾਈਪਿੰਗ ਸਿੱਖਣ ਨੂੰ ਚਲਦੇ ਹਾਂ। ਟਾਈਪਿੰਗ ਦੇ ਲਈ ਫਿਲਹਾਲ ਡਿਮਾਂਡ ਹੈ ਪਰ ਉਸਦੇ ਲਈ ਰੁਪਏ ਕਿੱਥੋਂ ਲੈ ਕੇ ਆਵਾਂ? ਘਰ ਦਾ ਖਰਚ ਕਰਦੇ ਹੋਇਆ ਹੀ ਮਾਂ ਬਾਪ ਪਰੇਸ਼ਾਨ ਸਨ, ਫਿਰ ਇਸਦੀ ਫੀਸ ਲਈ ਰੁਪਏ ਕਿੱਥੋਂ ਲੈ ਕੇ ਆਵਾਂਗੇ। ਭੈਣ ਸਕੂਲ ਵਿਚ ਆਪਣੇ ਅਧਿਆਪਕ ਕੋਲੋਂ ਟਿਊਸ਼ਨ ਪੜ੍ਹਦੀ ਹੈ। ਇਕ ਦਿਨ ਭੈਣ ਰੋਣ ਲੱਗੀ, "ਸਾਰੀਆਂ ਕੁੜੀਆਂ ਟਿਊਸ਼ਨ ਜਾਂਦੀਆਂ ਹਨ ਕੇਵਲ ਮੈਂ ਹੀ ਨਹੀਂ ਜਾ ਰਹੀ।" ਕਰਾਗੇ ਕੀ? ਬਾਅਦ ਵਿਚ ਚੁੱਪ ਹੋ ਗਈ। ਹਰੇਕ ਜਾਣੂ ਨੂੰ ਮੈਂ ਕਹਿੰਦਾ ਸਾਂ ਕਿ ਕਿ ਦੇਖੋਂ ਭਰਾਵੋਂ ਜੇਕਰ ਕੋਈ ਕੰਮ ਹੋਵੇ ਤਾਂ ਦੱਸਣਾ । ਬਹੁਤ ਲਚਾਰ ਹੋ ਕੇ ਕਹਿਣਾ ਪੈਂਦਾ ਹੈ। ਅੱਖਾਂ ਵਿਚ ਅੱਥਰੂ ਲੈ ਕੇ। ਪਿਤਾ ਜੀ ਤਾਂ ਮੇਰੀ ਨੌਕਰੀ ਦੇ ਲਈ ਸਿੱਧੇ ਹੱਥ ਜੋੜਦੇ ਹਨ। ਪਰ ਨਹੀਂ ਕੁਝ ਨਹੀਂ ਹੋ ਰਿਹਾ। ਮਾਂ ਕਹਿੰਦੀ ਹੈ ਜੇਕਰ ਕਿਸਮਤ ਵਿਚ ਹੋਵੇ ਤਾਂ ਨੌਕਰੀ ਤੁਰੰਤ ਮਿਲ ਜਾਂਦੀ ਹੈ।" ਕਦੋਂ ਮਿਲੇਗੀ ਕਿਸੇ ਨੂੰ ਪਤਾ ਨਹੀਂ। ਬੇਰੋਜ਼ਗਾਰ ਦਫ਼ਤਰ ਗਿਆ। ਸੁਣਿਆ ਸੀ ਕਿ ਉਥੇ ਇਕ ਵਿਅਕਤੀ ਹੈ। ਕਲਰਕ ਹੈ। ਫੋਨ ਕਰਦਾ ਹੈ ਪਰ ਰੁਪਏ ਦੋ ਸੌ ਲੈਂਦਾ ਹੈ। ਕਿੱਥੋਂ ਲੈ ਕੇ ਆਵਾਂ ਐਨੇ ਰੁਪਏ? ਠੀਕ ਹੈ? ਪੈਸੇ ਦੇ ਵੀ ਦੇਵਾਂਗਾ। ਪਰ ਅੱਗੋ ਦੀ ਕਿ ਗਰੰਟੀ ਹੈ? ਉਹ ਤਾਂ ਕੇਵਲ ਨੌਕਰੀ ਨਿਕਲੀ ਦੱਸਣ ਦੇ ਰੁਪਏ ਲੈਂਦਾ ਹੈ। ਚਾਰੇ ਪਾਸੇ ਰਿਸ਼ਵਤ ... ਭਾਈ ਭਤੀਜਾਵਾਦ।

ਅਚਾਨਿਕ ਮੈਂ ਘਬਰਾ ਗਿਆ। ਇਕ ਕੁੜੀ ਮੈਕਸੀ ਵਿਚ ਨੁੰਮਕੇ ਲਾਉਂਦੀ ਹੋਈ ਆਈ। ਸਿਮਤਾ ਵਾਂਗ ਲੱਗ ਰਹੀ ਸੀ। ਪੂਰੀ ਤਰ੍ਹਾਂ ਸਿਮਤਾ ਹੀ। ਅਨਿਲ ਦੀ ਪਿਆਰੀ। ਸਾਲੇ ਨੇ ਉਸ ਨੂੰ ਕਿਵੇਂ ਫਸਾਇਆ ਹੈ ਪਤਾ ਨਹੀਂ। ਬ੍ਰਾਹਮਣ ਹੈ ਸਿਮਤਾ ਜੋਸ਼ੀ। ਦੋਵੇਂ ਘੁੰਮਦੇ ਵੀ ਸਨ। ਰਾਤ ਨੂੰ ਅਨਿਲ ਮੈਨੂੰ ਮਸਾਲੇ ਲਾ ਕੇ ਗੱਲਾਂ ਦੱਸਦਾ। ਇੰਜ ਕੀਤਾ, ਔਹ ਕੀਤਾ... ਵਗੈਰਾ ਵਗੈਰਾ। ਇਕ ਦੂਜੇ ਨੂੰ ਚੁੰਮਣ ਦੀ ਗੱਲ ਵੀ ਦੱਸ

ਦਿੰਦਾ। ਮੈਂ ਇਹ ਸੁਣ ਕੇ ਕਾਫੀ ਪਰੇਸ਼ਾਨ ਹੋ ਜਾਂਦਾ। ਲਹੂ ਖੌਲਣ ਲੱਗ ਪੈਂਦਾ। ਲੱਗਦਾ ਕਿਸੇ ਕੁੜੀ ਨੂੰ ਮੈਂ ਵੀ ਪਿਆਰ ਵਿਚ ਫਸਾ ਲਵਾਂ। ਪਰ ਕੀਤਾ ਕੀ ਜਾਵੇ। ਕੋਈ ਸਾਲੀ ਆਪਣੇ ਵੱਲ ਵੇਖਦੀ ਹੀ ਨਹੀਂ। ਸਖੂ ਨੇ ਵੀ ਨਹੀਂ ਵੇਖਿਆ। ਸਖੂ ਵੇਖਣ ਨੂੰ ਇਕਦਮ ਸਧਾਰਨ। ਨੱਕ ਉਪਰ ਵੱਲ ਨੂੰ ਗਿਆ ਹੋਇਆ। ਅੱਖਾਂ ਵੀ ਅਜੀਬ। ਦੰਦ ਬਾਹਰ ਨੂੰ ਨਿਕਲੇ ਹੋਏ। ਜਦੋਂ ਹੱਸਦੀ ਤਾਂ ਲੱਗਦਾ ਜਿਵੇਂ ਖਾ ਜਾਣਾ ਹੋਵੇ। ਮੇਰੇ ਮਨ ਵਿਚ ਸਵਾਲ ਪੈਦਾ ਹੁੰਦਾ ਕਿ ਇਸ ਨੂੰ ਚੁੰਮਿਆ ਕਿਵੇਂ ਜਾਵੇ। ਉਹ ਅਨਿਲ ਉੱਤੇ ਪੂਰੀ ਤਰ੍ਹਾਂ ਮਰਦੀ ਸੀ। ਪਰ ਅਨਿਲ ਸਿਮਤਾ ਦਾ ਚੱਕਰ ਚੱਲ ਰਿਹਾ ਸੀ।

ਇਕ ਦਿਨ ਅਨਿਲ ਨੇ ਸਮਿਤੀ ਨੂੰ ਪੁੱਛਿਆ, "ਆਪਾ ਦੋਵੇਂ ਵਿਆਹ ਕਰ ਲਵਾਂਗੇ?" ਤਾਂ ਸਿਮਤਾ ਨਾਂਹ ਕਰ ਗਈ। ਅਨਿਲ ਨੇ ਕਿਹਾ ਤੇਰੇ ਲਈ ਸਾਰਾ ਕੁਝ ਛੱਡਦਾ ਹਾਂ। ਘਰ ਵੀ। ਤਾਂ ਉਹ ਕਹਿਣ ਲੱਗੀ, "ਜੇਕਰ ਤੂੰ ਪੂਰੀ ਤਰ੍ਹਾਂ ਬਦਲ ਵੀ ਗਿਆ ਤਾਂ ਤੇਰਾ ਨੀਵੀਂ ਜਾਤ ਦਾ ਲਹੂ ਥੋੜਾ ਬਦਲਦੇ।" ਅਨਿਲ ਇਸ ਗੱਲ ਤੋਂ ਚਿੜ ਗਿਆ। ਪਰ ਕਰੂਗਾ ਕੀ? ਬੈਠਾ ਰੋਂਦਾ ਰਿਹਾ। ਉਸਦੀਆਂ ਯਾਦਾਂ ਨੂੰ ਲੈ ਕੇ। ਉਨ੍ਹਾਂ ਦਿਨ੍ਹਾਂ ਵਿਚ ਉਹ ਬਹੁਤ ਅੰਦਰੋਂ ਟੁੱਟ ਗਿਆ ਸੀ। ਘਰੋਂ ਬਾਹਰ ਹੀ ਸਮਾਂ ਲੰਘਾ ਲੈਂਦਾ। ਪਾਗਲਾ ਵਾਂਗ। ਅਜੇ ਪਰਸੋ ਕਹਿ ਰਿਹਾ ਸੀ, "ਸਿਮਤਾ ਨੇ ਵਿਆਹ ਕਰ ਲਿਆ ਹੈ ਇਕ ਇੰਜੀਨੀਅਰ ਦੇ ਨਾਲ। ਸਾਲੀ ਨੇ ਮੇਰੀ ਬੇਇੱਜ਼ਤੀ ਕੀਤੀ ਹੈ। ਅਛੂਤਾਂ ਦਾ ਲਹੂ ਬਦਲ ਨਹੀਂ ਸਕਦਾ। ਇਹ ਕਿਹਾ ਸੀ ਉਸ ਨੇ। ਮੈਂ ਉਹਦੀ ਜ਼ਿੰਦਗੀ ਤਬਾਹ ਕਰ ਦੇਵਾਂਗਾ।' ਮੈਂ ਉਸ ਨੂੰ ਸਮਝਾਉਂਦਾ ਰਿਹਾ। "ਜਾਣ ਦੇ ਯਾਰ, ਜਿਹੜੀ ਘਟਨਾ ਬੀਤ ਗਈ ਉਸ ਨੂੰ ਭੁੱਲ ਜਾ।"

ਮੇਰੀ ਆਪਣੀ ਜ਼ਿੰਦਗੀ ਵਿਚ ਕੋਈ ਕੁੜੀ ਨਹੀਂ ਆਈ ਭਾਵ ਕਿ ਪ੍ਰੇਮਿਕਾ ਦੇ ਰੂਪ ਵਿਚ। ਹੁਣ ਕੋਈ ਆਵੇਗੀ? ਮੈਨੂੰ ਯਕੀਨ ਨਹੀਂ। ਜੇ ਆਵੇਗੀ ਤਾਂ ਪਤਨੀ ਦੇ ਰੂਪ ਵਿਚ। ਪਰ ਉਸ ਵਿਚ ਕਿਹੜਾ ਥ੍ਰਿਲ ਰਹੇਗਾ। ਪ੍ਰੇਮਿਕਾ ਦੇ ਨਾਲ ਘੁੰਮਦਿਆਂ ਹੋਇਆ ਜਿਸ ਥ੍ਰਿਲ ਦਾ ਅਨੁਭਵ ਹੁੰਦਾ ਹੈ। ਉਸ ਤਰ੍ਹਾਂ ਦਾ ਥ੍ਰਿਲ ਪਤਨੀ ਦੇ ਨਾਲ ਹਜ਼ਾਰ ਵਾਰ ਘੁੰਮਦਿਆਂ ਵੀ ਨਹੀਂ ਹੁੰਦਾ। ਅਜਿਹਾ ਅਨਿਲ ਕਹਿੰਦਾ ਹੈ। ਖ਼ੈਰ ਜਦੋਂ ਸਕੂਲ ਵਿਚ ਪੜ੍ਹਦਾ ਸੀ ਉਦੋਂ ਇਕ ਕੁੜੀ ਮੇਰੀ ਜ਼ਿੰਦਗੀ ਵਿਚ ਆਈ ਸੀ। ਬੇਚੈਨ ਕਰਕੇ ਤੁਰਦੀ ਬਣੀ। ਰੇਖਾ ਚਾਫੇਕਰ। ਮੈਂ ਉਦੋਂ ਮੈਟ੍ਰਿਕ ਵਿਚ ਸੀ। ਉਹ ਬਹੁਤ ਹੁਸ਼ਿਆਰ ਸੀ। ਅਧਿਆਪਕ ਜਦੋਂ ਵੀ ਕੋਈ ਸਵਾਲ ਪੁੱਛਦੇ ਉਹ ਝੱਟ ਉਤਰ ਦੇ ਦਿੰਦੀ। ਮੈਂ ਪਿੱਛਲੇ ਬੈਂਚ ਉੱਤੇ। ਸੰਸਕ੍ਰਿਤ ਦੇ ਅਧਿਆਪਕ ਜਦੋਂ ਵੀ ਸੋਟੀ ਲੈ ਕੇ ਆਉਂਦੇ ਤਾਂ ਕਾਲੀ ਟੋਪੀ ਲਈ ਹੋਈ, ਮੱਥੇ ਉੱਤੇ ਤਿਲਕ, ਕਾਲਾ ਕੋਟ ਅਤੇ ਧੋਤੀ। ਸੋਟੀ ਘੁੰਮਾਉਂਦੇ ਹੋਇਆ ਕਲਾਸ ਵਿਚ ਆਉਂਦੇ, "ਧਾਤੂ ਰੂਪ ਕਿਸ ਕਿਸ ਨੇ ਚੇਤੇ ਕੀਤਾ ਹੈ।" ਅਤੇ ਹਰ ਨੂੰ ਕਹਿਣ ਲੱਗਦੇ। ਜਰਾ ਜਿੰਨੀ ਵੀ ਗਲਤੀ ਹੋਈ ਤਾਂ ਸੋਟੀ ਨਾਲ ਕੁੱਟਣ ਲੱਗਦੇ। ਜਦੋਂ ਮੇਰੇ ਕੋਲ ਆਉਂਦੇ ਤਾਂ ਮੈਂ ਹੱਥ ਅੱਗੇ ਕਰ ਦਿੰਦਾ। ਭਲਾ ਕਿਹਨੂੰ ਆਉਂਦੀ ਸੀ ਸੰਸਕ੍ਰਿਤ? ਘੋਟਾ ਲਾਉਣ ਦੀ ਮੇਰੀ ਆਦਤ ਨਹੀਂ ਸੀ। ਫਿਰ ਉਹ ਕਹਿੰਦੇ, "ਬੈਠ, ਬੈਠ ਕਾਂਬਲੇ, ਤੂੰ ਬੈਠ। ...ਅਛੂਤ ਭਲਾ ਕਦੇ ਸੰਸਕ੍ਰਿਤ ਪੜ੍ਹ ਸਕਦੇ ਹਨ। ਉਨ੍ਹਾਂ ਪਵਿੱਤਰ ਸ਼ਬਦਾਂ ਨੂੰ ਬੋਲ ਕੇ ਉਨ੍ਹਾਂ ਨੂੰ ਅਪਵਿੱਤਰ ਨਾ ਕਰਨਾ ਹੀ ਠੀਕ ਹੈ।" ਅਤੇ ਉਹ ਅੱਗੇ ਤੁਰ ਪੈਂਦੇ। ਸਾਰੀ ਕਲਾਸ ਮੇਰੇ ਵੱਲ ਵੇਖਦੀ ਤੇ ਹੱਸਦੀ। ਕੁੱਟ ਖਾਣ ਵਾਲੇ ਬੱਚੇ ਵੀ ਹੱਸਦੇ। ਪ੍ਰੰਤੂ ਕੇਵਲ ਰੇਖਾ ਹੱਸਦੀ ਨਹੀਂ ਸੀ। ਚੁਪਚਾਪ ਮੇਰੇ ਵੱਲ ਵੇਖਦੀ, ਉਦਾਸੀ ਅਤੇ ਨਰਾਜਗੀ ਨਾਲ। ਫਿਰ ਛੁੱਟੀ ਸਮੇਂ ਮੇਰੇ ਵੱਲ ਆਉਂਦੀ ਤੇ ਕਹਿੰਦੀ, "ਮੈਂ ਪੜ੍ਹਾਵਾ ਗੀ ਤੈਨੂੰ ਸੰਸਕ੍ਰਿਤ। ਤੂੰ ਪੜ੍ਹ ਮਨ ਲਾ ਕੇ ! ਰਘੂ ! ਅਧਿਆਪਕ ਦੀਆਂ ਅਜਿਹੀਆਂ ਬੇਇੱਜ਼ਤ ਕਰਨ ਵਾਲੀਆਂ ਗੱਲਾਂ ਮੈਨੂੰ ਚੰਗੀਆਂ ਨਹੀਂ ਲੱਗਦੀਆਂ।" ਬੜੀ ਪੀੜ ਨਾਲ ਉਹ ਇਹ ਕਹਿੰਦੀ। ਪਤਾ ਨਹੀਂ ਕਿਉਂ ਮੈਨੂੰ ਉਸ ਦਾ ਡਰ ਲੱਗਦਾ। ਉਹ ਜਦੋਂ ਨੇੜੇ ਆਉਂਦੀ ਤਾਂ ਮੇਰਾ ਹਿਰਦਾ ਇਕਦਮ ਗਰਮ ਹੋ ਜਾਂਦਾ ਬਸ ਉਂਝ ਹੀ। ਕੀ ਕਹਾਂ ਕੁਝ ਪਤਾ ਹੀ ਨਹੀਂ ਲੱਗਦਾ ਸੀ। ਉਹ



ਕਹਿੰਦੀ ਜਾਂਦੀ।

ਸਕੂਲ ਦਾ ਆਖਰੀ ਦਿਨ ਸੀ। ਵਿਦਾਇਗੀ ਸਮਾਰੋਹ। ਸ਼ਾਮ ਨੂੰ ਸਮਾਗਮ ਖਤਮ ਹੋਇਆ। ਸਾਰੇ ਨਿਕਲ ਗਏ। ਮੈਂ ਹਾਲ ਵਿਚੋਂ ਬਾਹਰ ਨਿਕਲ ਰਿਹਾ ਸੀ ਕਿ ਰੇਖਾ ਨੇ ਮੈਨੂੰ ਇਕ ਨੁਕਰੇ ਫੜ ਲਿਆ। ਬਹੁਤ ਨਜ਼ਦੀਕ ਆ ਗਈ ਅਤੇ ਬਹੁਤ ਹੀ ਵੇਗ ਨਾਲ ਉਹ ਬੋਲੀ, "ਰਘੂ, ਕਿੰਨਾ ਸੁੰਦਰ ਲੱਗਦਾ ਏਂ ਤੂੰ।" ਅਤੇ ਮੈਨੂੰ ਦੋਹਾਂ ਹੱਥਾਂ ਵਿਚ ਲੈ ਕੇ ਉਸ ਨੇ ਮੈਨੂੰ ਸ਼ਿੱਦਤ ਨਾਲ ਚੁੰਮ ਲਿਆ। ਮੈਂ ਘਬਰਾ ਗਿਆ। ਉਸ ਵੱਲ ਕੇਵਲ ਦੇਖਦਾ ਰਿਹਾ। ਉਸ ਦੀਆਂ ਅੱਖਾਂ ਵਿਚ ਬਹੁਤ ਡੂੰਘਾ ਬਹੁਤ ਗਹਿਰਾ ਦੇਖਦਾ ਰਿਹਾ ਬਸ ਅਤੇ ਫਿਰ ਉਸ ਸਥਿਤੀ ਦਾ ਅਹਿਸਾਸ ਹੋਇਆ। ਮੇਰੇ ਤੋਂ ਵੱਖ ਹੋ ਗਈ। ਏਧਰ ਉਧਰ ਵੇਖਣ ਲੱਗੀ ਘਬਰਾ ਕੇ। ਫਿਰ ਇਕ ਦਮ ਹੱਸਣ ਲੱਗੀ। ਅਤੇ ਹੱਸਦੇ ਹੋਇਆ ਕਹਿਣ ਲੱਗੀ, "ਬੁੱਧੂ ਏਂ ਤੂੰ ਤਾਂ, ਪੂਰੀ ਤਰ੍ਹਾਂ ਬੁੱਧੂ !!' ਅਤੇ ਭੱਜਦੀ ਹੋਈ ਉਥੋਂ ਤੁਰ ਪਈ। ਅਤੇ ਮੈਨੂੰ ਅਹਿਸਾਸ ਹੋਇਆ ਕਿ ਮੇਰਾ ਦਿਲ ਧੜਕ ਰਿਹਾ ਹੈ। ਮੈਂ ਉਸ ਨੂੰ ਲੱਭਣ ਲੱਗਾ ਪਰ ਉਹ ਕਿਤੇ ਵੀ ਦਿਖਾਈ ਨਾ ਦਿੱਤੀ। ਕਿੱਥੇ ਲੁਕ ਗਈ ਪਤਾ ਨਹੀਂ ਲੱਗਾ। ਸਕੂਲ ਗੇਟ ਤੋਂ ਬਾਹਰ ਆ ਗਿਆ ਤਾਂ ਉਹ ਕੁੜੀਆਂ ਦੇ ਗਰੁੱਪ ਨਾਲ ਖੜੀ ਸੀ। ਪਿੱਛੇ ਮੁੜ ਕੇ ਉਸਨੇ ਮੈਨੂੰ ਦੇਖਿਆ, ਹੱਸੀ। ਹੱਥ ਉਪਰ ਨੂੰ ਕੀਤਾ। ਮੈਂ ਸਮਝ ਗਿਆ। ਉਹ ਮੈਨੂੰ ਅਲਵਿਦਾ ਕਹਿ ਰਹੀ ਸੀ।

ਫਿਰ ਮੈਨੂੰ ਉਹ ਮਿਲੀ ਨਹੀਂ। ਕਦੀ ਵੀ ਨਹੀਂ ਮਿਲੀ। ਪ੍ਰੀਖਿਆ ਦੇ ਦਿਨ੍ਹਾਂ ਵਿਚ ਉਸਦੇ ਕੇਂਦਰ ਵਿਚ ਗਿਆ ਸੀ। ਪਰ ਉੱਥੇ ਵੀ ਦਿਸੀ ਨਾ। ਅੱਜ ਤੱਕ ਵੀ ਨਹੀਂ। ਕਦੇ ਕਦੇ ਮੈਂ ਬਹੁਤ ਵਿਆਕੁਲ ਹੋ ਜਾਂਦਾ ਹਾਂ। ਉਸਦੀ ਯਾਦ ਆਉਂਦੀ ਹੈ ਤਾਂ ਅੰਦਰੋਂ ਪੂਰੀ ਤਰ੍ਹਾਂ ਹਿੱਲ ਜਾਂਦਾ ਹਾਂ। ਉਨ੍ਹਾਂ ਦਿਨ੍ਹਾਂ ਵਿਚ ਮੈਂ ਕਿੰਨਾ ਬੇਵਕੂਫ ਸਾਂ। ਉਸਨੇ ਜਦੋਂ ਹੱਥ ਉਪਰ ਨੂੰ ਕੀਤਾ ਤਾਂ ਮੈਂ ਉਸ ਦਾ ਉੱਤਰ ਤੱਕ ਨਹੀਂ ਦਿੱਤਾ। ਐਨੀ ਮੂਰਖਤਾ ਕਿਵੇਂ ਹੋਈ। ਅੱਜ ਲੱਗਦਾ ਹੈ ਕਿ ਉਹ ਮੁੜ ਪਰਤੇ ਅਤੇ ਹੱਸਦਿਆਂ ਹੋਇਆ ਕਹੇ, "ਰਘੂ ਕਿੰਨੇ ਸੁੰਦਰ ਲੱਗਦੇ ਹੋ ਤੁਸੀਂ।" ਅਤੇ ਫਿਰ ਬੋਲੇ, "ਬੁੱਧੂ ਏਂ ਨਿਰਾ ਬੁੱਧੂ।" ਪਰ ਹੁਣ ਮੈਂ ਬੁੱਧੂ ਕਿੱਥੇ ਹਾਂ?

ਘਰ ਆਇਆ। ਭੈਣ ਦਰੀ ਵਿਛਾ ਕੇ ਸੁੱਤੀ ਪਈ ਸੀ। ਸਕੂਲ ਦੇ ਕੱਪੜਿਆਂ ਵਿਚ ਹੀ। ਉਸ ਉੱਤੇ ਵਧੇਰੇ ਕੱਪੜੇ ਨਹੀਂ ਸਨ। ਉਸ ਦੇ ਕੱਪੜੇ ਲੈਣੇ ਹਨ। ਕਦੋਂ ਲਵਾਂਗੇ। ਮਾਂ ਥੱਲੇ ਜ਼ਮੀਨ ਉੱਤੇ ਲੰਮੀ ਪਈ ਸੀ। ਮੈਂ ਅੰਦਰ ਗਿਆ। ਮੇਰੇ ਖੜਾਕ ਨਾਲ ਮਾਂ ਜਾਗ ਪਈ। ਮੇਰੇ ਵੱਲ ਵੇਖਿਆ। ਸਵਾਲੀਆਂ ਨਜ਼ਰਾ ਨਾਲ। ਉਹ ਪੁੱਛਣਾ ਚਾਹੁੰਦੀ ਸੀ , "ਕੀ ਭਵਿਣਨਾ ਨੇ ਰੁਪਏ ਦਿੱਤੇ?" ਪਰ ਮੈਂ ਬਿਨਾ ਕੁਝ ਕਹੇ, ਕਮੀਜ਼ ਲਹੁਣ ਵਿਚ ਰੁਝ ਗਿਆ। ਕਮੀਜ਼ ਲਾਹ ਕੇ ਮੈਂ ਉਸ ਨੂੰ ਤਹਿ ਲਾ ਕੇ ਰੱਖ ਦਿੱਤਾ। ਮਿੱਟੀ ਦੇ ਘੜੇ ਨੂੰ ਲੈ ਕੇ ਹੱਥ ਮੂੰਹ ਧੋਤਾ। ਅਤੇ ਭੋਜਨ ਦੀ ਤਿਆਰੀ ਵਿਚ ਬੈਠ ਗਿਆ, "ਖਾਣ ਨੂੰ ਦਿਓ ਮੈਨੂੰ?"

"ਉਥੇ ਕੀ ਹੋ ਗਿਆ?" ਗਲਾਸ ਮੈਂ ਮੂੰਹ ਨੂੰ ਲਾ ਲਿਆ ਅਤੇ ਪਾਣੀ ਪੀਂਦਾ ਰਿਹਾ। ਮਾਂ ਨੇ ਇਕ ਰੋਟੀ ਪਰੋਸ ਦਿੱਤੀ। ਮੈਂ ਕਿਹਾ ਸਬਜੀ ਦਾਲ?" ਕੁਝ ਨਾ ਕਹਿੰਦੇ ਹੋਏ ਮਾਂ ਨੇ ਕੇਵਲ ਮਿਰਚਾ ਰੋਟੀ ਉੱਤੇ ਧੂੜ ਦਿੱਤੀਆਂ। ਮੈਂ ਫਿਰ ਪੁੱਛਿਆ, "ਸਬਜੀ, ਦਾਲ?" ਉਹ ਕੁਝ ਨਾ ਬੋਲੀ। ਮੈਂ ਕੇਵਲ ਰੁੱਖੀ ਰੋਟੀ ਹੀ ਖਾਂਦਾ ਰਿਹਾ। ਮਾਂ ਨੇ ਫਿਰ ਕਿਹਾ, "ਕੀ ਕਹਿ ਰਿਹਾ ਸੀ ਭਾਵਣਨਾ?"

"ਕਹਿ ਰਿਹਾ ਸੀ ਰੁਪਏ ਮੇਰੇ ਕੋਲ ਹੈ ਨਹੀਂ।"

"ਕੁਝ ਵੀ ਨਹੀਂ ਦਿੱਤਾ ਉਸ ਨੇ?" ਮੈਂ ਖ਼ਾਮੋਸ਼। ਬੁੱਤ ਵਾਂਗ। ਮੈਨੂੰ ਆਪਣੇ ਆਪ ਉੱਤੇ ਖਿੱਝ ਆ ਗਈ। ਬਹੁਤ ਭੁੱਖ ਲੱਗ ਗਈ ਸੀ। ਇਸ ਲਈ ਤਾਂ ਘਰ ਆਇਆ ਸੀ ਅਤੇ ਇਥੇ ਕੇਵਲ ਰੋਟੀ ਮਿਰਚ। ਥੋੜੀ ਦੇਰ ਬਾਅਦ ਮਾਂ ਕਹਿਣ ਲੱਗੀ, "ਸੂਮੀ ਦੀ ਮਾਂ ਤੋਂ ਗਲਾਸ ਭਰ ਕੇ ਆਟਾ ਲੈ ਆਈ। ਦੋ ਵੱਡੀਆਂ ਇਕ ਛੋਟੀ -ਤਿੰਨ ਰੋਟੀਆਂ ਬਣੀਆਂ। ਡੇੜ ਬੱਚਿਆਂ ਨਾ ਖਾ ਲਈ। ਇਕ ਤੇਰੇ ਲਈ ਰੱਖ ਲਈ ਸੀ।" ਅਤੇ ਉਹ ਖਾਮੋਸ ਹੋ ਗਈ। ਰੋਟੀ ਖਾਣ ਦਾ ਮੇਰਾ ਉਤਸਾਹ ਹੀ ਮਰ ਗਿਆ। ਪਰ ਕਰਾਂ ਕੀ? ਆਂਦਰਾਂ ਤਾਂ

ਰੋਟੀਆਂ ਅੰਦਰ ਨੂੰ ਖਿੱਚ ਰਹੀਆਂ ਸਨ। ਮਾਂ ਫਿਰ ਹੜਬੜਾਉਣ ਲੱਗੀ, "ਭਗਵਾਨ ਹੁਣ ਬੱਸ ਵੀ ਕਰ। ਹੁਣ ਹੋਰ ਸਹਿ ਨਹੀਂ ਹੋ ਰਿਹਾ।" ਅਤੇ ਉਹ ਆਪਣਾ ਮੂੰਹ ਲਕੋਂਦੀ ਹੋਈ ਹੌਲੀ ਹੌਲੀ ਰੋਣ ਲੱਗ ਪਈ। ਮਾਂ ਦੀ ਇਹ ਸਥਿਤੀ ਮੇਰੇ ਲਈ ਬਹੁਤ ਦੁਖ ਦੇਣ ਵਾਲੀ ਸੀ। ਰੋਟੀ ਦਾ ਟੁਕੜਾ ਹੱਥ ਵਿਚ ਹੀ ਰਹਿ ਗਿਆ। ਹੁਣ ਹੋਰ ਖਾਣਾ ਸੰਭਵ ਨਹੀਂ ਸੀ। ਪਿੱਤਲ ਦੀ ਥਾਲੀ ਨੂੰ ਮੈਂ ਖਿਸਕਾ ਦਿੱਤਾ ਅਤੇ ਉਥੋਂ ਉੱਠ ਗਿਆ। ਥਾਲੀ ਦੀ ਆਵਾਜ਼ ਸੁਣ ਕੇ ਮਾਂ ਚੀਕੀ। ਧੌਣ ਚੁੱਕ ਕੇ ਉਸ ਨੇ ਮੈਨੂੰ ਵੇਖਿਆ। ਥਾਲੀ ਵੱਲ ਵੀ ਵੇਖਿਆ। ਅੱਧੀ ਰੋਟੀ ਪਈ ਹੋਈ ਹੈ। ਇਸ ਨੂੰ ਵੇਖ ਕੇ ਉਹ ਕਹਿਣ ਲੱਗੀ, "ਉਸ ਬੱਚੀ ਨੂੰ ਜਗਾਓ, ਉਸ ਨੇ ਕੁੱਝ ਨਹੀਂ ਖਾਧਾ।"

ਮੈਂ ਦੁੱਖ ਵਿਚ ਪਰੇਸ਼ਾਨ ਹੋ ਗਿਆ, "ਮਤਲਬ ਤੂੰ ਰਮਾ ਨੂੰ ਰੋਟੀ ਨਹੀਂ ਦਿੱਤੀ।" ਮਾਂ ਚੁੱਪ। ਮੈਂ ਰਮਾ ਦੇ ਨੇੜੇ ਗਿਆ। ਉਸ ਨੂੰ ਜਗਾਉਂਦੇ ਹੋਇਆ ਮੈਂ ਕਿਹਾ, "ਰਮਾ ਏ ਰਮਾ ਉੱਠ... ਉੱਠ ਜਰਾ। ਰੋਟੀ ਖਾ ਲੈ।" ਪਰ ਉਹ ਨਹੀਂ ਮੰਨੀ। ਮੈਂ ਉਸ ਨੂੰ ਜਬਰਦਸਤੀ ਉਠਾਇਆ। ਅਤੇ ਰੋਟੀ ਖਵਾਉਣ ਲੱਗਾ ਜਿਵੇਂ ਛੋਟੇ ਬੱਚਿਆਂ ਨੂੰ ਮਾਂ ਖਵਾਉਂਦੀ ਹੈ ਨਾ ਉਸ ਤਰ੍ਹਾਂ। ਤਾਂ ਉਸ ਨੇ ਮੇਰੇ ਹੱਥਾਂ ਨੂੰ ਧੱਕਾ ਦੇ ਦਿੱਤਾ। ਰੋਟੀ ਵੀ ਸੁੱਟ ਦਿੱਤੀ। ਹੱਥੋ ਪਾਈ ਵਿਚ ਉਹ ਥੱਲੇ ਡਿੱਗ ਪਈ। ਰੋਟੀ ਦੂਰ ਡਿੱਗ ਗਈ। ਉਸ ਤੇ ਭੁੱਕੀਆਂ ਹੋਈਆਂ ਮਿਰਚਾਂ ਵੀ ਥੱਲੇ ਡਿੱਗ ਪਈਆਂ। ਮਾਂ ਨੂੰ ਬੜਾ ਗੁੱਸਾ ਆਇਆ। ਚੀਕਣ ਲੱਗੀ। "ਰਹਿਣ ਦੇ ਇਸ ਭੁੱਖੀ ਨੂੰ। ਮੱਛਰੀ ਫਿਰ ਰਹੀ ਹੈ। ਇਹ ਠੀਕ ਨਹੀਂ ਹੈ, ਜਾਣਾ ਤਾਂ ਪੈਣਾ ਹੀ ਹੈ ਇਕ ਦਿਨ ਪਤੀ ਦੇ ਘਰ! ਚੰਗੀ ਸੱਸ ਮਿਲ ਗਈ ਤਾਂ ਠੀਕ, ਨਹੀਂ ਤਾਂ ਬੁਰਾ ਹਾਲ ਹੋਵੇਗਾ ਤੇਰਾ।"

"ਇਹ ਤੂੰ ਚੁਪ ਕਰਕੇ ਬੈਠ, ਬੱਕ ਬੱਕ ਨਾ ਕਰੀ ਜਾਹ।" ਰਮਾ ਬੋਲੀ ਸੀ।

"ਤੂੰ ਕਿਸ ਨੂੰ ਕਹਿ ਰਹੀ ਏਂ?" ਹੁਣ ਮਾਂ ਵੀ ਬੋਲ ਪਈ ਸੀ, "ਦੋ ਥੱਪੜ ਮਾਰ ਦੇਵਾਂਗੀ। ਤੇਰੀ ਹਰ ਗੱਲ ਮੈਂ ਸਹਿਨ ਕਰ ਰਹੀ ਹਾਂ। ਹੁਣ ਮੈਨੂੰ ਸਮਝ ਲੱਗ ਰਹੀ ਹੈ ਤੂੰ ਮੇਰੀ ਕੋਈ ਗੱਲ ਕੰਨ ਵਿਚ ਪਾਉਂਦੀ ਹੀ ਨਹੀਂ।" ਰਮਾ ਮਾਂ ਵੱਲ ਵੇਖ ਰਹੀ ਸੀ। ਗੁੱਸੇ ਨਾਲ। ਅੱਖਾਂ ਵਿਚ ਅੱਥਰੂ ਲਈ। ਮਾਂ ਨੇ ਫਿਰ ਕਿਹਾ, "ਵੇਖ ਕਿਵੇਂ ਰਹੀ ਹੈ ਮੇਰੇ ਵੱਲ, ਮੱਝ ਦੇ ਵਾਂਗ।"

"ਹਾਂ ਹਾਂ ਮੈਂ ਮੱਝ ਹੀ ਹਾਂ।" ਰਮਾ ਕਹਿਣ ਲੱਗੀ। ਉਹ ਸ਼ਾਇਦ ਅੰਦਰੋਂ ਰੋ ਰਹੀ ਸੀ। ਫਿਰ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਕਿਰਨ ਲੱਗ ਪਏ। ਅਵਾਜ਼ ਬਦਲ ਗਈ। ਅਤੇ ਰੋਂਦਿਆਂ ਕਹਿਣ ਲੱਗੀ, "ਸਕੂਲੋ ਆਉਣ ਤੋਂ ਬਾਅਦ ਤੂੰ ਮੈਨੂੰ ਰੋਟੀ ਕਿਉਂ ਨਹੀਂ ਦਿੱਤੀ? ਰਾਤ ਨੂੰ ਬਹੁਤ ਥੋੜੀ ਰੋਟੀ ਦਿੱਤੀ ਖਾਣ ਲਈ। ਸਵੇਰੇ ਚਾਹ ਵੀ ਨਹੀਂ।" ਉਹ ਰੁਕ ਗਈ ਤੇ ਸਕੱਰਟ ਨਾਲ ਅੱਖਾਂ ਪੂੰਝਣ ਲੱਗ ਪਈ। "ਬੱਸ ਬਹੁਤ ਹੋ ਗਿਆ ਰੋਣਾ, ਹੁਣ ਹੋਰ ਨਹੀਂ, ਹੁਣ ਐਵੇਂ ਰੋਈ ਨਾ ਜਾ।" ਮਾਂ ਨੇ ਕਿਹਾ, "ਤੈਨੂੰ ਖਾਣ ਨੂੰ ਦਿੰਦੀ ਜਿਵੇਂ ਤੂੰ ਦਸ ਮਣ ਦਾ ਭਾਰ ਚੁੱਕ ਕੇ ਆਈਂ ਹੋਵੇ।" ਫਿਰ ਮੇਰੇ ਵੱਲ ਵੇਖ ਕੇ ਕਹਿਣ ਲੱਗੀ, "ਕੱਲ੍ਹ ਨੂੰ ਇਹ ਕੰਮ ਤੇ ਲੱਗੇਗਾ। ਜੇਕਰ ਇਹ ਸੁੱਕ ਕੇ ਤੀਲਾ ਹੋ ਗਿਆ ਤਾਂ ਇਹਨੂੰ ਭਲਾ ਕੌਣ ਕੰਮ ਉੱਤੇ ਰੱਖੇਗਾ? ਔਰਤ ਦੀ ਕੀ ਹੋਂਦ ਹੈ? ਜਿਹੜਾ ਟੁੱਕ ਮਿਲ ਜਾਵੇ ਖਾ ਲਵੇ, ਜੇ ਨਾ ਮਿਲੇ ਤਾਂ ਭੁੱਖੀ ਸੌਂ ਜਾਵੇ। ਪਰ ਬੰਦੇ ਨੂੰ ਭੁੱਖੇ ਨਹੀਂ ਰੱਖਿਆ ਜਾ ਸਕਦਾ।" ਫਿਰ ਉਹ ਆਪਣੇ ਆਪ ਨੂੰ ਕਹਿਣ ਲੱਗੀ, "ਕੀ ਅਸੀਂ ਤੇਰੀ ਦੇਖ ਭਾਲ ਨਹੀਂ ਕਰਦੇ?" ਤੈਨੂੰ ਕੀ ਅਸੀਂ ਖਰੀਦਿਆ ਹੈ ਜਾਂ ਕਿਤਿਓ ਮੰਗ ਕੇ ਲਿਆਂਦਾ ਹੈ?"

"ਜਾਣ ਦੇ ਮਾਂ। ਤੂੰ ਹੁਣ ਚੁੱਪ ਹੋ ਜਾ।" ਮੈਂ ਰਮਾ ਨੂੰ ਕਲਾਵੇ ਵਿਚ ਲੈ ਕੇ ਉਹਦੀਆਂ ਅੱਖਾਂ ਪੂੰਝ ਰਿਹਾ ਸੀ। ਉਹ ਮੇਰੇ ਨਾਲ ਲੱਗ ਕੇ ਰੋਣ ਲੱਗੀ। ਮੈਂ ਉਸ ਦੀ ਪਿੱਠ ਉੱਤੇ ਹੱਥ ਫੇਰ ਰਿਹਾ ਸੀ। ਪਿਆਰ ਨਾਲ ਭਰਿਆ। ਉਸਦਾ ਦਿਲ ਜੋਰ ਨਾਲ ਧੜਕ ਰਿਹਾ ਸੀ। ਮਾਂ ਫਿਰ ਗੁੱਸੇ ਨਾਲ ਕਹਿਣ ਲੱਗੀ, "ਏ ਚੁੱਪ ਕਰ ਜਾ ਹੁਣ, ਹੁਣ ਰੋਣਾ ਨਹੀਂ।"



ਰਮਾ ਝੱਟ ਨਾਲ ਉੱਠੀ ਅਤੇ ਮਾਂ ਨੂੰ ਧਮਕੀ ਨਾਲ ਕਹਿਣ ਲੱਗੀ, "ਤੂੰ ਚੁੱਪ ਬੈਠ। ਤੈਨੂੰ ਮੈਂ ਕਹਿ ਰਹੀ ਹਾਂ।"

"ਫਿਰ ਤੂੰ ਰੋ ਕਿਓ ਰਹੀਂ ਏਂ? ਕਿਸੇ ਨੇ ਤੈਨੂੰ ਕੁੱਟਿਆ ਜਾਂ ਮਾਰਿਆ? ਕਿ ਤੇਰੀ ਮਾਂ ਮਰ ਗਈ ਜਿਹੜੀ ਤੂੰ ਐਨਾ ਰੋਣ ਲੱਗੀ ਹੋਈ ਏਂ।"

ਮੈਂ ਰਮਾ ਦੀਆਂ ਅੱਖਾਂ ਪੂੰਝ ਦਿੱਤੀਆਂ। ਅੱਧੀ ਰੋਟੀ ਉਸਦੇ ਸਾਹਮਣੇ ਰੱਖ ਦਿੱਤੀ। ਪਰ ਮੈਂ ਖੁਦ ਨੂੰ ਸੰਭਾਲ ਨਹੀਂ ਪਾ ਰਹੀ ਸੀ। ਕਿਵੇਂ ਕਹਾਂ ਉਸ ਨੂੰ ਕਿ ਰੋਟੀ ਖਾ ਲੈ। ਰਾਤ ਨੂੰ ਉਹ ਅੱਧੀ ਰੋਟੀ ਹੀ ਖਾ ਸਕੀ ਸੀ। ਸਵੇਰ ਤੋਂ ਕੁਝ ਵੀ ਨਹੀਂ ਖਾਧਾ ਸੀ ਅਤੇ ਘਰ ਵਿਚ ਰੋਟੀ ਹੁੰਦਿਆਂ ਹੋਇਆ ਮਾਂ ਨੇ ਉਸ ਨੂੰ ਰੋਟੀ ਦਿੱਤੀ ਨਹੀਂ ਸੀ। ਮਾਂ ਵੀ ਤਾਂ ਕੱਲ੍ਹ ਤੋਂ ਭੁੱਖੀ ਹੈ। ਰੋਟੀ ਮੇਰੇ ਲਈ ਰੱਖੀ ਗਈ ਸੀ। ਮੈਂ ਵੀ ਤਾਂ ਕਿੱਥੇ ਜਾਂਦਾ ਹਾਂ ਕੰਮ ਉੱਤੇ। ਮਾਂ ਨੂੰ ਚਾਹੀਦਾ ਸੀ ਕਿ ਉਹ ਰਮਾ ਨੂੰ ਰੋਟੀ ਦਿੰਦੀ। ਥੋੜ੍ਹੀ ਜਿਹੀ ਰੋਟੀ ਤਾਂ ਦੇ ਦਿੰਦੀ। ਮੈਂ ਬਹੁਤ ਉਦਾਸ ਹੋ ਗਿਆ। ਰਮਾ ਹੁਣ ਦਰੀ ਉੱਤੇ ਲੰਮੀ ਪਈ ਸੀ। ਪੱਕਾ ਹੈ ਉਹ ਅਜੇ ਵੀ ਅੰਦਰੋਂ ਰੋ ਰਹੀ ਸੀ। ਮਾਂ ਭੁੰਜੇ ਲੰਮੀ ਪਈ ਸੀ। ਸਿਰ ਉੱਤੇ ਹੱਥ ਰੱਖ ਕੇ, ਅੱਖਾਂ ਬੰਦ ਕਰੀ। ਅੱਥਰੂਆਂ ਦੀ ਧਾਰੀ ਉਹਦੇ ਕੰਨਾਂ ਤੱਕ ਆ ਗਈ ਸੀ। ਮੈਨੂੰ ਲੱਗਾ ਇਥੋਂ ਭੱਜ ਜਾਵਾਂ ਅਤੇ ਕਿਸੇ ਰੇਲ ਪਟੜੀ ਦੇ ਥੱਲੇ... ਨਹੀਂ ਚਾਹੀਦੀ ਮੈਨੂੰ ਅਜਿਹੀ ਜ਼ਿੰਦਗੀ।

ਘਰ ਤੋਂ ਨਿਕਲ ਗਿਆ। ਤੁਰਦਾ ਰਿਹਾ। ਦੂਰ ਤੱਕ ਤੁਰਦਾ ਜਾਵਾਂ। ਘਰ ਵਿਚ ਬੈਠਿਆ ਹੀ ਨਹੀਂ ਜਾਂਦਾ। ਫਿਰ ਬਿਨਾ ਕਿਸੇ ਉਦੇਸ ਦੇ ਭਟਕਣਾ। ਐਵੇਂ ਫਜ਼ੂਲ ਹੀ। ਪੈਰ ਜਦੋਂ ਥੱਕ ਨਹੀਂ ਜਾਂਦੇ ਉਦੋਂ ਤੱਕ। ਮਨ ਹਲਕਾ ਹੋਣ ਤੱਕ। ਥੱਕ ਜਾਂਦਾ ਤਾਂ ਘਰ ਪਰਤ ਜਾਂਦਾ। ਏਸੇ ਤਰ੍ਹਾਂ ਹੀ ਚਲਦਾ ਰਿਹਾ ਏਧਰ ਓਧਰ ਕਈ ਦਿਨਾਂ ਤੱਕ। ਕਿਵੇਂ ਸਮਝ ਵਿਚ ਨਹੀਂ ਆਉਂਦਾ।

ਜਿੱਥੋਂ ਮੈਂ ਲੰਘ ਰਿਹਾਂ ਹਾਂ ਉਥੇ ਨਿੱਕੇ ਨਿੱਕੇ ਇੰਜੀਨੀਅਰਿੰਗ ਫਾਰਮ ਹਨ। ਇਕ ਦੂਜੇ ਨਾਲ ਲੱਗੇ ਹੋਏ। ਮਸ਼ੀਨਾਂ ਦੀ ਦਿਨ ਭਰ ਘਿਰ ਘਿਰ। ਠੱਕ-ਠੱਕ ਦੀਆਂ ਭਾਰੀਆਂ ਆਵਾਜ਼ਾਂ। ਇੱਛਾ ਹੋਈ ਕਿ ਕਿਸੇ ਕੰਪਨੀ ਵਿਚ ਜਾ ਕੇ ਸਿੱਧਾ ਪੁੱਛਾ ਕਿ ਕਿਸੇ ਕੰਮ ਉੱਤੇ ਰੱਖ ਸਕਦੇ ਹੋ? ਪਰ ਕਿਵੇਂ ਪੁੱਛਾਂ? ਅੰਦਰ ਕੌਣ ਵੜਨ ਦੇਵੇਗਾ ਮੈਨੂੰ? ਉਸੇ ਸਮੇਂ ਇਕ ਬੰਦਾ ਲੋਹੇ ਦੇ ਬਕਸੇ ਲੈ ਕੇ ਅੰਦਰੋਂ ਨਿਕਲਿਆ। ਬਕਸਿਆਂ ਦੇ ਬੋਝ ਤੋਂ ਉਹ ਅੱਧਿਓ ਵੱਧ ਝੁਕਿਆ ਹੋਇਆ ਸੀ। ਸਾਇਦ ਬਕਸਾ ਬਹੁਤ ਭਾਰਾ ਹੋਵੇਗਾ। ਗੋਡਿਆ ਤੱਕ ਬੰਨ੍ਹੀ ਹੋਈ ਧੋਤੀ ਅਤੇ ਫਟੀ ਹੋਈ ਬਨੈਣ। ਫੁੱਟਪਾਥ ਉੱਤੇ ਖੜੀ ਹੱਥ ਨਾਲ ਖਿੱਚਣ ਵਾਲੀ ਗੱਡੀ ਉੱਤੇ ਉਸ ਨੇ ਉਹ ਬਕਸਾ ਲਾਹ ਦਿੱਤਾ। ਉਸੇ ਸਮੇਂ ਇਕ ਆਪ ਟੂ ਡੇਟ ਬੰਦਾ ਅੰਦਰੋਂ ਆਇਆ ਅਤੇ ਉਸ ਬੰਦੇ ਨੂੰ ਝਿੜਕਣ ਲੱਗਾ, "ਓਏ ਜਾਨਵਰ ਇਹ ਸਰਕਾਰੀ ਮਾਲ ਹੈ? ਸਿੱਧਾ ਰੱਖ!" ਬੰਦੇ ਨੇ ਬਕਸਾ ਸਿੱਧਾ ਰੱਖ ਦਿੱਤਾ। ਰੱਸੀ ਨਾਲ ਉਸ ਨੂੰ ਪੱਕਾ ਬੰਨ੍ਹ ਦਿੱਤਾ। ਉਹ ਬਾਬੂ ਉਥੋਂ ਚਲੇ ਗਿਆ। ਮਨ ਕੀਤਾ ਕਿ ਉਸ ਦੇ ਮਗਰ ਜਾਵਾਂ ਅਤੇ ਪੁੱਛਾਂ ਕਿ ਕੰਮ ਉਤੇ ਰੱਖ ਸਕੋਗੇ ? ਪਰ ਕਿਵੇਂ ਪੁੱਛਾ? ਡਰ ਲਗਦਾ ਹੈ। ਮਨ ਘਬਰਾਉਂਦਾ ਹੈ। ਸਾਂਤ ਨਹੀਂ ਹੁੰਦਾ।

ਐਨ ਉਸ ਵੇਲੇ ਭਾਰ ਚੁੱਕਣ ਵਾਲੇ ਬੰਦੇ ਨੇ ਮੈਨੂੰ ਪੁੱਛਿਆ, "ਧੱਕਾ ਲਾਓਗੇ?" ਮੈਂ ਚੁੱਪ ਚਾਪ ਖੜਾ ਰਿਹਾ। ਸਾਲਾ ਮੇਰੀ ਇਸ ਤਰ੍ਹਾਂ ਦੀ ਹਾਲਤ ਵੇਖ ਕੇ ਪੁੱਛ ਰਿਹਾ ਹੈ। ਮੈਂ ਚੁਪ ਚਾਪ ਖੜਾ ਰਿਹਾ। ਅਜਿਹੇ ਕੰਮ ਲਈ ਮੈਂ ਮਨੋ ਤਿਆਰ ਨਹੀਂ ਸੀ। ਮੈਂ ਐਨਾ ਪੜ੍ਹਿਆ ਹਾਂ ਤੇ ਇਹ ਗੱਡੀ ਖਿਚਾਂ ਗਾ? ਇਹਨੂੰ ਧੱਕਾ ਲਾਵਾਂਗਾ, ਉਦੋਂ ਤੱਕ ਉਹ ਬੰਦਾ ਮੋਢੇ ਉੱਤੇ ਤੌਲੀਆ ਰੱਖ ਚੁੱਕਾ ਸੀ, ਗੱਡੀ ਖਿੱਚਣ ਦੀ ਤਿਆਰੀ ਵਿਚ ਸੀ। ਰੱਸੀ ਮੋਢੇ ਵਿਚ ਫਸਾ ਕੇ ਉਹ ਗੱਡੀ ਖਿੱਚਣ ਲੱਗਾ। ਮੈਨੂੰ ਕਈ ਗੱਲਾਂ ਦਾ ਪਤਾ ਨਹੀਂ। ਘਰ ਦੀ ਸਾਰੀ ਸਥਿਤੀ ਚੇਤੇ ਆ ਗਈ। ਮੈਂ ਦੌੜਦਾ ਹੋਇਆ ਨਿਕਲਿਆ। ਬੰਦੇ ਨੂੰ ਕਿਹਾ, "ਮੈਂ ਧੱਕਾ ਮਾਰਾਗਾ।" ਭਾਈ

ਨੇ ਕਿਹਾ, "ਦੋ ਰੁਪਏ ਦੇਵਾਂਗਾ।" ਮੈਂ ਕੁਝ ਨਹੀਂ ਕਿਹਾ। ਭਾਈ ਗੱਡੀ ਖਿੱਚ ਰਿਹਾ ਸੀ। ਅਤੇ ਮੈਂ ਪਿੱਛੇ ਤੋਂ ਧੱਕਾ ਲਾ ਰਿਹਾ ਸੀ। ਲੱਤਾ ਦਰਦ ਨਾਲ ਦੁੱਖਣ ਲੱਗੀਆਂ। ਲੱਕ ਵੀ। ਪਰ ਕਰਦਾ ਕੀ? ਮਾਂ ਅੱਜ ਕੁਝ ਤਾਂ ਖਾ ਸਕੇਗੀ। ਨਿੱਕੇ ਜਿਹੇ ਕਾਰਖਾਨੇ ਵਿਚ ਅਸੀਂ ਰੁਕ ਗਏ। ਭਾਈ ਨੇ ਗੱਡੀ ਖੜੀ ਕਰ ਦਿੱਤੀ। ਗੇਟ ਕੀਪਰ ਨੂੰ ਚਿੱਠੀ ਦੇ ਦਿੱਤੀ। ਉਸਨੇ ਅੰਦਰ ਜਾਣ ਦੇ ਦਿੱਤਾ।

ਮਸ਼ੀਨਾਂ ਦੀ ਭਿਆਨਿਕ ਅਵਾਜ਼। ਸਾਹਮਣੇ ਲੋਹੇ ਦੇ ਟੁਕੜਿਆਂ ਦੇ ਛੋਟੇ ਵੱਡੇ ਢੇਰ ਵਿਖਾਈ ਦੇ ਰਹੇ ਸਨ। ਬਕਸੇ ਦੀ ਰੱਸੀ ਖੋਲ੍ਹ ਕੇ ਭਾਈ ਨੇ ਬਕਸਾ ਸਿਰ ਉੱਤੇ ਚੁੱਕ ਲਿਆ। ਮੈਂ ਵੀ ਉਸ ਦੀ ਸਹਾਇਤਾ ਕਰ ਰਿਹਾ ਸੀ। ਬਕਸਾ ਬਹੁਤ ਭਾਰਾ ਸੀ। ਮੈਨੂੰ ਲੱਗਾ ਕਿ ਮੇਰੇ ਹੀ ਸਿਰ ਉੱਤੇ ਰੱਖ ਦੇਵੇਗਾ। ਜੇਕਰ ਰੱਖ ਦਿੰਦਾ ਤਾਂ ਮੈਂ ਮਰ ਹੀ ਜਾਂਦਾ। ਉਸ ਬਕਸੇ ਨੂੰ ਲੈ ਕੇ ਉਹ ਅੰਦਰ ਚਲੇ ਗਿਆ। ਕਿੱਥੇ ਪਤਾ ਨਹੀਂ? ਮੈਂ ਹੱਥ ਨਾਲ ਖਿੱਚਣ ਵਾਲੀ ਗੱਡੀ ਦੇ ਨੇੜੇ ਖੜਾ ਰਿਹਾ। ਸਾਹਮਣੇ ਕ੍ਰੇਨ, ਬਹੁਤ ਵੱਡੀ, ਉੱਚੀ। ਉੱਥੇ ਪੰਜ ਛੇ ਲੋਕ ਕੰਮ ਕਰ ਰਹੇ ਸਨ। ਲੋਹੇ ਦੇ ਸਰੀਆਂ ਦਾ ਢੇਰ। ਕ੍ਰੇਨ ਉਸ ਨੂੰ ਚੁੱਕ ਕੇ ਵੱਡੇ ਟਰੱਕ ਵਿਚ ਲੱਦ ਰਹੀ ਸੀ। ਇਕ ਨੇ ਕ੍ਰੇਨ ਦੀ ਹੁੱਕ ਵਿਚ ਲੋਹੇ ਦਾ ਮੋਟਾ ਸਰੀਆਂ ਫਸਾ ਦਿੱਤਾ। ਅਤੇ ਚੀਕ ਪਿਆ, ਓਏ... ਸਾਰੰਗ... ਹਬੇਸ਼... ਸਾਰੰਗ।" ਉਸੇ ਸਮੇਂ ਦੂਜਾ ਚੀਕਿਆ, "ਏ ਏ ਪਾਂਡੂ ਬਹਿਨਚੋਦ, ਹੁੱਕ ਕੱਢ ਦੇ। ਏ ਸਾਲੇ ਉਧਰ ਕਿੱਥੇ ਖੜਾ ਰਹਿੰਦਾ ਏਂ। ਕੰਮ ਕਰਨ ਨੂੰ ਆਇਆ ਕਿ ਖੜਾ ਰਹਿਣ ਨੂੰ? ਤੈਨੂੰ ਕਿੰਨੀ ਵਾਰ ਕਿਹਾ ਤੂੰ ਸੁਣਦਾ ਹੀ ਨਹੀਂ। ਬੰਦਾ ਬਣ ਕੇ ਕੰਮ ਕਰ। ਨਹੀਂ ਤਾਂ ਤੈਨੂੰ ਕੱਢ ਦੇਵਾਂਗਾ। ਹੁਣ ਮੈਂ ਤੈਨੂੰ ਆਖਰੀ ਵਾਰ ਕਹਿ ਰਿਹਾ।" ਅਤੇ ਉਸ ਨੇ ਤਮਾਖੂ ਮੂੰਹ ਵਿਚ ਪਾ ਲਿਆ ਸੀ। ਸਿਰ ਉੱਤੇ ਲਈ ਗਾਂਧੀ ਟੋਪੀ ਲਾਹ ਕੇ ਉਹ ਫਿਰ ਚੀਕਿਆ, "ਓਏ ਸਾਰੰਗ ਥੋੜਾ ਥੱਲੇ ਹਾਂ ਥੱਲੇ ਬਸ ਬਸ....ਬਸ ਕਰ ਸਾਰੰਗ।"

"ਤੁਰੋ।" ਸੁਣ ਕੇ ਮੈਂ ਉਖੜ ਗਿਆ। ਬਾਈ ਆ ਚੁੱਕਾ ਸੀ। ਰੱਸੀ ਨੂੰ ਉਸ ਨੇ ਠੀਕ ਤਰ੍ਹਾਂ ਬੰਨ੍ਹ ਦਿੱਤਾ। ਹੱਥ ਗੱਡੀ ਖਿੱਚਦੇ ਹੋਇਆ ਉਹ ਬਾਹਰ ਨਿਕਲਿਆ। ਉਸ ਨੇ ਮੈਨੂੰ ਦੋ ਰੁਪਏ ਦਿੱਤੇ। ਮੈਂ ਉਹ ਚੁੱਪ ਚਾਪ ਜੇਬ ਵਿਚ ਪਾ ਲਏ। ਉਹ ਗੱਡੀ ਖਿੱਚ ਕੇ ਲੈ ਕੇ ਜਾ ਰਿਹਾ ਸੀ। ਮੈਂ ਉਸ ਨੂੰ ਪੁੱਛਿਆ, "ਉਧਰ ਮੈਨੂੰ ਕੰਮ ਮਿਲ ਸਕਦਾ ਹੈ?" ਭਾਈ ਨੇ ਕਿਹਾ, "ਮੈਨੂੰ ਕੀ ਪਤਾ?" ਫਿਰ ਉਹ ਕੁਝ ਨਹੀਂ ਬੋਲਿਆ। ਆਪਣੀ ਮਸਤੀ ਵਿਚ ਅੱਗੇ ਵਧਣ ਲੱਗਾ। ਮੈਂ ਵੀ ਚੁੱਪ, ਖਾਮੋਸ਼, ਭੁੱਖ ਲੱਗ ਗਈ ਸੀ। ਮਨ ਕੀਤਾ ਕਿ ਹੋਟਲ ਵਿਚ ਜਾ ਕੇ ਕੁੱਝ ਖਾ ਲਵਾ। ਸਿੱਧਾ ਹੋਟਲ ਵਿਚ ਗਿਆ ਕਿ ਅਚਾਨਿਕ ਚੇਤੇ ਆਇਆ। ਮਾਂ ਅਤੇ ਭੈਣ ਦੋਵੇਂ ਭੁੱਖੀਆਂ ਹਨ। ਦੋ ਗਲਾਸ ਪਾਣੀ ਪੀ ਕੇ ਉੱਥੋਂ ਤੁਰ ਪਿਆ।

ਘਰ ਆ ਗਿਆ। ਸ਼ਾਮ ਹੋ ਚੁੱਕੀ ਸੀ। ਪਿਤਾ ਜੀ ਵਿਹੜੇ ਵਿਚ ਛੋਟੇ ਭਰਾਵਾਂ ਨਾਲ ਖੇਡ ਰਹੇ ਸਨ। ਉਨ੍ਹਾਂ ਨੂੰ ਕੋਈ ਕਹਾਣੀ ਸੁਣਾ ਰਹੇ ਸਨ। ਅੰਦਰ ਘੁੰਮਦੇ ਸਮੇਂ ਉਨ੍ਹਾਂ ਨੇ ਮੈਨੂੰ ਵੇਖਿਆ। ਉਸ ਦੇ ਕੋਲ ਛੋਟਾ ਅਨਿਲ ਬੈਠਾ ਸੀ। ਮੇਰੇ ਨੇੜੇ ਆਉਂਦੇ ਹੀ ਉਹ ਇਕਦਮ ਉੱਠ ਪਿਆ ਅਤੇ ਕਹਿਣ ਲੱਗਾ, "ਦਾਦਾ, ਅਸੀਂ ਕੇਲੇ ਖਾਧੇ ਹਨ।" ਮੈਂ ਹੱਸਿਆ। ਉਹ ਫਿਰ ਪਿਤਾ ਜੀ ਕੋਲ ਚਲੇ ਗਿਆ।

ਮੈਂ ਅੰਦਰ ਗਿਆ। ਪਿਤਾ ਜੀ ਸਾਇਦ ਕਿਤਿਓਂ ਉਧਾਰ ਪੈਸੇ ਲੈ ਕੇ ਆਏ ਸਨ। ਕਿਉਂਕਿ ਚੁੱਲ੍ਹਾ ਤਪ ਚੁੱਕਾ ਸੀ। ਰਮਾ ਬੈਂਗਨ ਕੱਟ ਰਹੀ ਸੀ। ਮੈਨੂੰ ਵੇਖ ਕੇ ਮਾਂ ਨੇ ਪੁੱਛਿਆ, "ਕਿੱਥੇ ਗਿਆ ਸੀ?" ਉਸਦੇ ਹੱਥ ਉੱਤੇ ਮੈਂ ਦੋ ਰੁਪਏ ਰੱਖ ਦਿੱਤੇ। ਕੁਝ ਕਿਹਾ ਨਹੀਂ ਮੈਂ। ਕਹਿੰਦਾ ਕੀ। ਕਿਵੇਂ ਕਹਿ ਦੇਵਾਂ ਕਿ ਹੱਥ ਗੱਡੀ ਨੂੰ ਧੱਕਾ ਲਾ ਕੇ ਪੈਸੇ ਕਮਾਏ ਹਨ। ਮਾਂ ਨੇ ਪੁੱਛਿਆ, "ਕਿਥੋਂ ਲੈ ਕੇ ਆਇਆ ਏਂ?"

ਮੈਂ ਕਿਹਾ 'ਦੋਸਤ ਦੇ ਕੋਲੋਂ।" ਮੈਂ ਝੂਠ ਬੋਲਿਆ ਸੀ। ਹੋਰ ਕੀ ਕਹਿੰਦਾ। ਉਸ ਨੂੰ ਲੱਗਦਾ ਹੈ ਕਿ ਮੈਂ ਕੋਈ ਚੰਗਾ ਕੰਮ ਕਰਨ ਲਈ ਆਫਿਸ ਵਿਚ ਲੱਗ ਜਾਵਾਗਾ। ਪਤਾ ਨਹੀਂ ਕਦੋਂ ਲੱਗਾਗਾ?

ਮਾਂ ਨੇ ਦੀਵਾ ਜਗਾਇਆ। ਉਸਦੀ ਮੱਧਮ ਰੋਸ਼ਨੀ ਕਮਰੇ ਵਿਚ ਫੈਲ ਗਈ। ਮੈਂ ਹੱਥ ਪੈਰ ਧੋ ਲਏ।



ਵਿਹੜੇ ਵਿਚ ਆ ਗਿਆ। ਪਿਤਾ ਜੀ ਉਥੇ ਹੀ ਸਨ। ਛੋਟੇ ਭਰਾਵਾਂ ਨੂੰ ਕਹਾਣੀ ਸੁਣਾ ਰਹੇ। ਮੈਂ ਉਦਾਸੀ ਦਾ ਅਨੁਭਵ ਕਰਨ ਲੱਗਾ। ਸਾਹਮਣੇ ਘਰ ਵਿਚੋਂ ਮੋਹਨ ਦੀ ਘਰ ਵਾਲੀ ਬੁੜ ਬੁੜ ਕਰ ਰਹੀ ਸੀ। ਉਸਦੇ ਦਰਵਾਜ਼ੇ ਦੇ ਸਾਹਮਣੇ ਮਾਰਵਾੜੀ ਖੜਾ ਸੀ। ਉਧਾਰ ਲਿਆ ਰੁਪਈਆ ਲੈਣ ਲਈ। "ਏ ਕਿਓਂ ਤੰਗ ਕਰ ਰਹੀ ਏਂ ਤੂੰ ਸਾਨੂੰ। ਦੇ ਦੇ ਰੁਪਏ। ਅਜਿਹਾ ਕਿਉਂ ਕਰ ਰਹੀ ਏਂ। ਦੇ ਦੇ। ਤੈਨੂੰ ਕਹਿ ਰਿਹਾ ਹਾਂ ਭਲਾ, ਅਜਿਹਾ ਨਹੀਂ ਚੱਲੇਗਾ।

"ਕਹਿ ਦਿੱਤਾ ਹੈ ਨਾ ਬਾਬਾ ਸਾਹਿਬ ਤੈਨੂੰ? ਜਾਓ ਜਾਓ!" ਮੋਹਨ ਦੀ ਮਾਂ ਚਿੜ ਕੇ ਕਹਿ ਰਹੀ ਸੀ।

"ਪੱਧਰੇ ਦਿਨ, ਪੱਧਰੇ ਦਿਨ ਕਿਉਂ ਕਹਿ ਰਹੀ ਹੈ? ਉਹ ਮਾਰਵਾੜੀ ਕਹਿ ਰਿਹਾ ਸੀ, "ਤੇਰੇ ਕੋਲ ਰੁਪਏ ਹੋਣਗੇ ਹੀ... ਨਹੀਂ ਹਨ... ਕਿਉਂ ਕਹਿੰਦੀ ਏਂ? ਵਿਆਜ ਤਾਂ ਦੇ ਦੇ। ਪੰਜ ਮਹੀਨੇ ਹੋ ਗਏ। ਵਿਆਜ ਵੀ ਨਹੀਂ, ਪੈਸੇ ਵੀ ਨਹੀਂ। ਅਜਿਹਾ ਨਹੀਂ ਚੱਲੇਗਾ ਕਹਿ ਦਿੰਦਾ ਹਾਂ।" ਗਾਲਾਂ ਕੱਢ ਚਾਹੇ ਕੁੱਟ ਮਾਰ।" ਮੋਹਨ ਦੀ ਮਾਂ ਹੋਰ ਚਿੜ ਗਈ। ਉੱਚੀ ਉੱਚੀ ਚੀਕਣ ਲੱਗੀ, "ਕਪੇ... ਏ ਕਪੇ।"

ਉਸਦੀ ਕੁੜੀ ਦੌੜਦੀ ਹੋਈ ਆਈ। ਪੰਜ ਸਾਲਾਂ ਦੀ। ਕੇਵਲ ਨਿੱਕਰ ਵਿਚ ਆਈ।

"ਏ ਰੰਡੀਏ, ਤੈਨੂੰ ਕਿਹਾ ਸੀ ਕਿ ਲੈ ਕੇ ਆ। ਜਾਹ ਲੈ ਕੇ ਆ।"

"ਨਾ ਮੈਂ ਨਹੀਂ ਜਾਂਦੀ।" ਕਲਪਨਾ ਨੇ ਧੌਣ ਹਿਲਾ ਕੇ ਆਪਣੀ ਨਾਹ ਕਹਿ ਦਿੱਤੀ। ਖੱਬੇ ਹੱਥ ਦਾ ਪੰਜਾ ਨੱਕ ਉੱਤੇ ਫੇਰ ਕੇ ਉਸਨੇ ਕਿਹਾ, "ਮੈਂ ਤਾਂ ਪੜ੍ਹਨ ਬੈਠੀ ਹਾਂ।"

"ਏ, ਕਹਿ ਰਹੀ ਹਾਂ ਨਾ ਜਾਹ।" ਉਸਦੀ ਮਾਂ ਚੀਕੀ। "ਵੱਡੀ ਬ੍ਰਾਹਮਣ ਦੀ ਕੁੜੀ ਬਣ ਗਈ ਹੈ। ਤੂੰ ਪੜ੍ਹਨ ਬੈਠੀ ਏਂ, ਜਾ ਭੱਜ ਜਾ ਉਸ ਨੂੰ ਲੈ ਕੇ ਆ।" ਮਾਰਵਾੜੀ ਉਸ ਵੱਲ ਵੇਖ ਰਿਹਾ ਸੀ। ਕਹਿਣ ਲੱਗਾ, "ਸਾਲੇ ਤੂੰ ਬੜਾ ਹਰਾਮੀ ਏਂ।" ਅਤੇ ਉਹ ਬੁੜ ਬੁੜ ਕਰਦਾ ਹੋਇਆ ਨਿਕਲ ਪਿਆ। ਸਾਲੀ, ਹੁਣ ਮੈਂ ਪੁਲਿਸ ਕੋਲ ਹੀ ਜਾਵਾਂਗਾ।'

"ਦਾਦਾ।" ਮੈਂ ਘਬਰਾ ਗਿਆ। ਰਮਾ ਮੈਨੂੰ ਆਵਾਜ਼ ਦੇ ਰਹੀ ਸੀ। ਉਹ ਮੇਰੇ ਪਿੱਛੇ ਖੜੀ ਸੀ। ਹੱਸਦੀ ਹੋਈ। ਮਾਰਵਾੜੀ ਵੱਲ ਵੇਖਦੀ ਹੋਈ। ਮਾਰਵਾੜੀ ਵਾਰ ਵਾਰ ਮੁੜ ਕੇ ਬਕਵਾਸ ਕਰ ਰਿਹਾ ਸੀ, "ਮੈਂ ਹੁਣ ਪੁਲਿਸ ਕੋਲ ਜਾਵਾਂਗਾ। ਕਹਿ ਦਿੰਦਾ ਹਾਂ। ਮੈਂ ਤੈਨੂੰ ਵੇਖ ਲਵਾਗਾ। ਪੈਸੇ ਕਿਵੇਂ ਨਹੀਂ ਦਿੰਦੀ? ਰਮਾ ਹੱਸਣ ਲੱਗੀ। ਮੇਰੇ ਮੋਢੇ ਉੱਤੇ ਹੱਥ ਰੱਖ ਕੇ ਉਸ ਨੇ ਕਿਹਾ, "ਏ ਦਾਦਾ ਆਪਣੀ ਸ਼ਰਟ ਦੇਣਾ। ਮੈਂ ਬਲਾਊਜ਼ ਧੋਣਾ ਹੈ।" ਅਤੇ ਉਹ ਮਾਰਵਾੜੀ ਵੱਲ ਵੇਖ ਕੇ ਹੱਸਣ ਲੱਗੀ।

ਮੈਂ ਅੰਦਰ ਗਿਆ। ਉਸ ਨੂੰ ਕਮੀਜ਼ ਚਾਹੀਦੀ ਹੈ। ਕੱਲ ਸਕੂਲ ਜਾਵੇਗੀ। ਬਲਾਊਜ ਗੰਦਾ ਹੋ ਗਿਆ ਹੈ। ਹੁਣ ਜੇਕਰ ਧੋ ਦਿੱਤਾ ਤਾਂ ਸਵੇਰ ਤੱਕ ਸੁੱਕ ਜਾਵੇਗਾ। ਉਦੋਂ ਤੱਕ ਉਹ ਕਮੀਜ਼ ਪਾ ਕੇ ਬੈਠੇਗੀ। ਰਮਾ ਬਲਾਊਜ਼ ਲਾਹ ਚੁੱਕੀ ਸੀ। ਮੈਂ ਉਸ ਨੂੰ ਕਮੀਜ਼ ਦੇ ਦਿੱਤੀ।

ਮੈਂ ਬਾਹਰ ਆ ਗਿਆ। ਬੂਹੇ ਵਿਚ। ਚੰਦ ਮੂਰਨਮਾਸ਼ੀ ਵਿਚ ਚਮਕ ਰਿਹਾ ਸੀ। ਪਰ ਮੈਂ ਉਦਾਸੀ ਦਾ ਅਨੁਭਵ ਕਰ ਰਿਹਾ ਸੀ। ਪਿਤਾ ਜੀ ਬੱਚਿਆਂ ਨੂੰ ਲੈ ਕੇ ਅੰਦਰ ਜਾ ਚੁੱਕੇ ਸਨ। ਰਮਾ ਦਰਵਾਜ਼ੇ ਦੇ ਸਾਹਮਣੇ ਇਕ ਪੱਥਰ ਉੱਤੇ ਬਲਾਊਜ ਧੋ ਰਹੀ ਸੀ। ਸਾਹਮਣੇ ਬੱਚੇ ਖੇਡ ਰਹੇ ਸਨ। ਉਸ ਸਮੇਂ ਮੋਹਨ ਸਾਹਮਣੇ ਆ ਗਿਆ। ਹੱਥ ਵਿਚ ਸਿਗਰਟ। ਭੈਣ ਦੀ... ਰਮਾ ਦੀ ਪਿੱਠ ਵੱਲ ਵੇਖਦੇ ਹੋਏ ਉਹ ਬੋਲਿਆ, "ਕਿਵੇਂ ਹੈ ਰਘੂ, ਖਾਣਾ ਖਾ ਲਿਆ?" ਮੈਂ ਨਾਹ ਵਿਚ ਸੰਕੇਤ ਦਿੱਤਾ। ਮੂੰਹ ਵਿਚ ਹੀ ਕਿਹਾ, "ਨਹੀਂ ਅਜੇ ਨਹੀਂ।" ਉਸ ਸਮੇਂ ਮਾਂ ਅੰਦਰੋਂ ਆਈ। "ਕਿਉਂ ਵੇ? ਏਥੇ ਕਿਉਂ ਖੜਾ ਏਂ, ਚੱਲ ਅੰਦਰ ਖਾਣਾ ਖਾ ਲੈ।"

ਉਸੇ ਸਮੇਂ ਦੂਜੇ ਪਾਸੇ ਇਆਯਾ ਦੌੜਦੇ ਹੋਇਆ ਗਿਆ। ਮੋਹਨ ਨੇ ਪੁੱਛਿਆ, "ਕਿਉਂ ਕੀ ਹੋਇਆ ਆ ਉਏ?' ਦੌੜਦਿਆਂ ਹੀ ਇਆਯਾ ਨੇ ਕਿਹਾ, "ਆਂਟੀ ਦੀ ਝੁੱਗੀ ਨੂੰ ਅੱਗ ਲੱਗ ਗਈ ਹੈ।"

"ਆਂਟੀ ਦੀ ਝੁੱਗੀ ਨੂੰ ਅੱਗ ਲੱਗ ਗਈ? ਇਹ ਕਹਿੰਦਾ ਹੋਇਆ ਮੋਹਨ ਪਿੱਛੇ ਘੁੰਮ ਗਿਆ ਅਤੇ ਦੌੜਦਿਆਂ ਆਂਟੀ ਦੀ ਝੁੱਗੀ ਵੱਲ ਚਲੇ ਗਿਆ। ਮੈਂ ਵੀ ਭੱਜਾ। ਉਸ ਸਮੇਂ ਮਾਂ ਜੋਰ ਨਾਲ ਚੀਕੀ, "ਏ ਰਘੂ ! ਪਰਤ ਆ। ਉਥੇ ਨਾ ਜਾਹ।" ਪਲ ਭਰ ਮੈਂ ਰੁਕਿਆ ਅਤੇ ਕਿਹਾ, "ਰੁਕੋ ! ਮੈਂ ਹੁਣੇ ਆਇਆ।"

ਭੀੜ ਇਕੱਠੀ ਹੋ ਗਈ ਸੀ। ਅੱਗ ਭੜਕ ਗਈ ਸੀ। ਝੁੱਗੀਆਂ ਜਲ਼ ਰਹੀਆਂ ਸਨ। ਅਤੇ ਛੱਤ ਦਾ ਉਪਰਲਾ ਹਿੱਸਾ ਢਹਿ ਰਿਹਾ ਸੀ। ਕੁਝ ਲੋਕ ਬਾਲਟੀਆਂ ਲੈ ਕੇ ਇਧਰ ਉਧਰ ਤੋਂ ਪਾਣੀ ਭਰ ਕੇ ਅੱਗ ਉੱਤੇ ਸੁੱਟ ਰਹੇ ਸਨ। ਸੁਲੇਮਾ, ਇਅਯਾ, ਜੋਸੇਫ ਦੂਜੇ ਪਾਸੇ ਤੋਂ ਪਾਣੀ ਸੁੱਟ ਰਹੇ ਸਨ। ਝੁੱਗੀ ਦੇ ਦੂਜੇ ਪਾਸੇ ਲਟਕਣ ਵਾਲਾ ਮਟਕੇ ਦੇ ਨੰਬਰ ਦਾ ਬੋਰਡ ਅੱਧਿਓਂ ਵੱਧ ਜਲ ਚੁੱਕਾ ਸੀ। ਅਧ ਜਲੇ ਭਾਗ ਉੱਤੇ 1,2,3,4 ਆਦਿ ਨੰਬਰ ਦਿਸ ਰਹੇ ਸਨ। ਉਥੋਂ ਹੀ ਝੁੱਗੀ ਦੇ ਵਿਚੋਂ ਖੰਭੇ ਉੱਤੇ ਲਟਕਿਆ ਹੋਇਆ ਈਸਾ ਮਸੀਹ ਦਾ ਫ੍ਰੇਮ ਕੀਤਾ ਹੋਇਆ ਫੋਟੋ ਦਿਖਾਈ ਦੇ ਰਿਹਾ ਸੀ। ਉਸ ਖੰਭੇ ਦੇ ਨੇੜੇ ਰੱਖੇ ਹੋਏ ਮੇਜ ਉੱਤੇ ਸ਼ਰਾਬ ਨਾਲ ਭਰੀਆਂ ਬੋਤਲਾ, ਦੋ ਖਾਲੀ ਕੱਚ ਦੇ ਗਲਾਸ ਅਤੇ ਨਮਕੀਨ ਦਾ ਭਰਿਆ ਹੋਇਆ ਕੌਲਾ ਦਿਖਾਈ ਦੇ ਰਿਹਾ ਸੀ।

ਬੁੱਢਾ ਅੱਪਾ ਆਪਣੇ ਸਿਰ ਉੱਤੇ ਚੁੱਕ ਕੇ ਰੇਤ ਦਾ ਭਰਿਆ ਹੋਇਆ ਟੋਕਰਾ ਲੈ ਆਇਆ ਅਤੇ ਅੱਗ ਉੱਤੇ ਇਕ ਦਮ ਖਿਲਾਰ ਕੇ ਸੁੱਟ ਦਿੱਤਾ। ਸਾਰੇ ਹੱਸਣ ਲੱਗੇ। ਔਰਤਾਂ ਨੇ ਘੁੰਡ ਵਿਚੋਂ ਹੱਸਣਾ ਸ਼ੁਰੂ ਕਰ ਦਿੱਤਾ। ਕੋਈ ਜੋਰ ਨਾਲ ਕਹਿਣ ਲੱਗਾ, "ਉਏ ਅੱਪਾ ਰੇਤ ਨਾ ਸੁੱਟਿਆ ਕਰ। ਪਾਣੀ ਹੀ ਪਾਉਂਦੇ ਜਾਓ। ' ਬੁੱਢਾ ਅੱਪਾ ਮੇਰੇ ਵੱਲ ਵੇਖਦਾ ਹੋਇਆ ਬੋਲਿਆ, "ਉਏ ਰਘੂ, ਟੋਕਰਾ ਭਰ ਕੇ ਲੈ ਆ।"

ਪਰ ਮੈਂ ਦੂਜੇ ਪਾਸੇ ਵੇਖ ਰਿਹਾ ਸੀ। ਆਪਣੇ ਆਪ ਤੋਂ ਖਿਝ ਰਿਹਾ ਸੀ। ਮੈਂ ਮਨ ਹੀ ਮਨ ਕਿਹਾ, "ਮਰਨ ਦੇ ਇਹਨਾਂ ਨੂੰ... ਅਜਿਹੀ ਹੀ ਅੱਗ ਲੱਗਣ ਦਿਓ।" ਮੈਂ ਉਥੋਂ ਖਿਸਕ ਗਿਆ। ਸਾਹਮਣੇ ਸ਼ਰਾਬ ਦਾ ਡਰੰਮ ਡਿੱਗਿਆ ਹੋਇਆ ਸੀ। ਅੰਦਰ ਦਾ ਮਸਾਲਾ ਬਾਹਲ ਨਿਕਲਿਆ ਹੋਇਆ ਸੀ। ਅਜੀਬ ਜਿਹੀ ਗੰਧ ਆ ਗਈ ਸੀ। ਮੈਂ ਡਰੰਮ ਨੂੰ ਲੰਘ ਕੇ ਅੱਗੇ ਨਿਕਲ ਗਿਆ। ਖੱਬੇ ਪਾਸੇ ਗੁਜਰਾਤੀ ਕੁੜੀਆਂ ਇਕ ਦੂਜੇ ਦੇ ਮੋਢਿਆ ਉੱਤੇ ਹੱਥ ਰੱਖ ਕੇ ਖੜੀਆਂ ਸਨ। ਉਸੇ ਸਮੇਂ ਭੀੜ ਵਿਚੋਂ ਨਾਮਯਾ ਉਥੇ ਆਇਆ। ਇਕ ਗੁਜਰਾਤੀ ਕੁੜੀ ਨੂੰ ਜੋਰ ਨਾਲ ਧੱਕਾ ਦਿੰਦਿਆ ਹੋਇਆ ਅੱਗੇ ਨਿਕਲ ਗਿਆ। ਮੈਂ ਉਸ ਨੂੰ ਧੱਕਾ ਦਿੰਦੇ ਹੋਇਆ ਵੇਖ ਲਿਆ। ਉਹ ਲੜਕੀ ਡਿੱਗਦੀ ਡਿੱਗਦੀ ਸੰਭਲ ਗਈ। ਗੁੱਸੇ ਨਾਲ ਗਾਲ੍ਹਾ ਕੱਢਣ ਲੱਗੀ। ਪਰ ਉਦੋਂ ਤੱਕ ਨਾਮਯਾ ਭੀੜ ਵਿਚ ਖਪ ਗਿਆ।

ਮੈਂ ਨਾਮਯਾ ਨੂੰ ਹਜ਼ਾਰ ਗਾਲਾ ਦਿੱਤੀਆਂ। ਕਿਸੇ ਦਿਨ ਸਾਲੇ ਦੇ ਜੁੱਤੀਆਂ ਮਾਰਨੀਆਂ ਪੈਣੀਆਂ ਹਨ।

ਅੱਗੇ ਆਇਆ। ਰਮਾ ਉੱਥੇ ਸੀ। ਲੜਕੀਆਂ ਦੀ ਭੀੜ ਵਿਚ ਮੈਂ ਉਸ ਨੂੰ ਕਿਹਾ, "ਚੱਲ ਘਰ ਚੱਲ।"

ਰਮਾ ਅਤੇ ਮੈਂ ਘਰ ਵੱਲ ਤੁਰ ਪਏ। ਰਮਾ ਪਿੱਛੇ ਮੁੜ ਕੇ ਵੇਖ ਰਹੀ ਸੀ ! ਮੈਂ ਰਮਾ ਨੂੰ ਕਿਹਾ, "ਹੋਰ ਅੱਗ ਲੱਗਣੀ ਚਾਹੀਦੀ ਹੈ। ਇਹ ਵੱਡੀਆਂ ਵੱਡੀਆਂ ਝੁੱਗੀਆਂ ਰਾਖ ਹੋ ਜਾਣੀਆਂ ਚਾਹੀਦੀਆਂ ਹਨ। " ਉਸੇ ਸਮੇਂ ਅੱਗਿਓ ਆਉਣ ਵਾਲੇ ਬਾਪੂ ਤਾਤਯਾ ਨੇ ਪੁੱਛਿਆ, "ਫਾਇਰ ਬ੍ਰਿਗੇਟ ਆ ਗਈ ਕਿ ਨਹੀਂ?"

ਉਸਦੇ ਵੱਲ ਨਾ ਵੇਖਦੇ ਹੋਇਆ ਮੈਂ ਕਿਹਾ, "ਨਹੀਂ ਅਜੇ ਨਹੀਂ।'

ਰਮਾ ਹੱਸਦਿਆ ਕਹਿਣ ਲੱਗੀ, "ਏ ਦਾਦਾ, ਉਹ ਆਂਟੀ ਹੈ ਨਾ ਆਂਟੀ ! ਉਹ ਨਾ, ਉਥੇ ਅੱਗ ਲੱਗਣ ਤੋਂ ਬਾਅਦ ਕੰਧ ਟੱਪਣ ਲੱਗੀ ਅਤੇ ਉਸ ਸਮੇਂ ਉਸਦੀ ਸਕੱਰਟ ਹੀ ਲੱਥ ਗਈ।" ਅਤੇ ਰਮਾ ਹੱਸਣ ਲੱਗੀ। ਮੈਂ ਵੀ ਹੱਸ ਰਿਹਾ ਸੀ, ਪਰ ਉਦਾਸੀ ਨਾਲ। ✪



## ਤਬਾਹੀ / - ਯੋਗੀਰਾਜ ਬਾਘਮਾਰੇ (Yogiraj Waghmare)

ਜਦੋਂ ਕੋਈ ਬਦਸੂਰਤ ਨਾਰੀ ਬਹੁਤ ਮਹਿੰਗੇ ਗਹਿਣੇ ਪਾ ਲੈਂਦੀ ਹੈ ਉਦੋਂ ਸਭ ਦਾ ਧਿਆਨ ਉਸ ਵੱਲ ਖਿੱਚਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਉਸ ਦੁਕਾਨ ਉੱਤੇ ਟੰਗੇ ਹੋਏ ਸਾਇਨ ਬੋਰਡ ਵੱਲ ਸਭ ਦਾ ਧਿਆਨ ਖਿੱਚਿਆ ਜਾਂਦਾ। ਉਹ ਰਸਤਾ ਹੀ ਆਮ ਅਤੇ ਮੇਨ ਰੋਡ ਨੂੰ ਜਾ ਕੇ ਮਿਲਣ ਵਾਲਾ ਸੀ। ਛੋਟੇ ਮੋਟੇ ਖੱਡਿਆ ਨਾਲ ਭਰਿਆ ਹੋਇਆ ਅਜੇ ਉਥੇ ਲੁੱਕ ਵਾਲੀ ਬੱਜਰੀ ਨਹੀਂ ਪਈ ਸੀ। ਰਸਤੇ ਦੀ ਨੁਕਰ ਉੱਤੇ ਬਿਜਲੀ ਦਾ ਇਕ ਖੰਭਾ ਉਸ ਉੱਪਰ 'ਖਤਰਾ 420 ਵੋਲਟਸ' ਲਿਖਿਆ ਹੋਇਆ ਹੈ। ਉਸਦੇ ਥੱਲੇ ਦੱਖਣ ਵੱਲ ਤੀਰ ਨਾਲ ਦਿਖਾਇਆ ਹੋਇਆ ਦੂਜਾ ਬੋਰਡ, ਜਿਸ ਉੱਤੇ ਲਿਖਿਆ ਹੋਇਆ ਸੀ, "ਡਾ. ਬਾਬਾ ਸਾਹਿਬ ਅੰਬੇਡਕਰ ਮਾਰਗ' ਦੋ ਚਾਰ ਕਦਮ ਚੱਲਣ ਉੱਤੇ ਮੁੱਖ ਬੋਰਡ ਦਿਖਾਈ ਦਿੰਦਾ ਸੀ। ਬੋਰਡ 4-2 ਫੁੱਟ ਦਾ ਹੈ, ਹਰੇ ਲਾਲ ਅੱਖਰਾਂ ਵਿਚ ਲਿਖਿਆ ਹੋਇਆ, 'ਕਰੁਣਾ ਜਨਰਲ ਸਟੋਰ, ਪ੍ਰੋ. ਸ਼੍ਰੀ ਜੀ. ਆਰ. ਸੋਨਾਕਾਂਬਲੇ, ਭੀਮ ਨਗਰ, ਇਥੇ ਘਰ ਅਤੇ ਸਰੀਰ ਨੂੰ ਸਿੰਗਾਰਨ ਵਾਲੀਆਂ ਸਾਰੀਆਂ ਵਸਤੂਆਂ ਸਸਤੇ ਭਾਅ ਮਿਲਣਗੀਆਂ' ਅਤੇ ਇਕ ਕੋਨੇ ਉੱਤੇ ਛੋਟੇ ਅੱਖਰਾਂ ਨਾਲ ਲਿਖਿਆ ਹੋਇਆ, 'ਅਜੰਤਾ ਆਰਟਸ'

ਗੋਹੇ-ਮਿੱਟੀ ਨਾਲ ਲਿੱਪਿਆ ਪੋਚਿਆ ਛੋਟਾ ਜਿਹਾ ਮਕਾਨ। ਮਕਾਨ ਕੀ, ਤਖ਼ਤਾਂ ਨੂੰ ਠੋਕ ਕੇ ਬਣਾਇਆ ਹੋਇਆ ਪੰਜ ਛੇ ਫੁੱਟ ਦਾ ਕਮਰਾ। ਉਸੇ ਵਿਚ ਦੁਕਾਨ ਸਜਾ ਕੇ ਬੈਠੇ ਹੋਏ ਹਨ ਸੋਨ ਕਾਂਬਲੇ। ਪੰਜ ਛੇ ਮਹੀਨੇ ਹੋਏ ਹੋਣਗੇ ਦੁਕਾਨ ਨੂੰ ਖੋਹਲਿਆ। ਕਾਲਜ ਛੱਡਣ ਤੋਂ ਬਾਅਦ ਕਿਹੜੇ ਧੰਦਾ ਕੀਤਾ ਜਾਵੇ ਇਸ ਸਬੰਧੀ ਉਸਦੇ ਮਨ ਵਿਚ ਅਨੇਕਾਂ ਸਵਾਲ ਪੈਦਾ ਹੋ ਰਹੇ ਸਨ। ਬੇਰੋਜਗਾਰ ਦਫ਼ਤਰ ਵਿਚ ਉਸ ਨੇ ਆਪਣਾ ਨਾਂ ਦਰਜ ਕਰਵਾ ਦਿੱਤਾ ਸੀ। ਪ੍ਰੰਤੂ ਅੱਜ ਤੱਕ ਇਕ ਵਾਰ ਵੀ ਪੇਪਰ ਜਾਂ ਇੰਟਰਵਿਊ ਲਈ ਨਹੀਂ ਸੱਦਿਆ ਗਿਆ। ਨਿੱਜ ਅਖ਼ਬਾਰਾਂ ਦੀ ਫਰੋਲਾ ਫਰਾਲੀ ਕਰਨਾ, ਇਸ਼ਤਿਹਾਰ ਪੜ੍ਹਨਾ, ਤੁਰੰਤ ਅਰਜੀ ਲਿਖਣਾ। ਡਿਗਰੀ ਸਰਟੀਫਿਕੇਟ, ਜਾਤੀ ਅਤੇ ਘਰੇਲੂ ਆਮਦਨ ਦਾ ਪ੍ਰਮਾਣ ਪੱਤਰ ਅਤੇ ਸਾਰੇ ਸਰਟੀਫਿਕੇਟ ਦੀਆਂ ਕਾਪੀਆਂ ਨੂੰ ਨੱਥੀ ਕਰਕੇ ਅਰਜੀ ਭੇਜਣੀ, ਬਾਅਦ ਵਿਚ ਪੇਪਰ ਤੇ ਇੰਟਰਵਿਊ ਦੀ ਉਡੀਕ ਕਰਨੀ ਬਸ ਉਦਾਸੀ ਹੀ ਪੱਲੇ ਪੈਂਦੀ। ਪੂਰੀ ਤਰ੍ਹਾਂ ਬੇਰੋਜਗਾਰ ਹੋਣ ਕਾਰਨ ਉਸ ਨੂੰ ਡੇਢ ਹਜ਼ਾਰ ਰੁਪਏ ਦਾ ਕਰਜਾ ਮਿਲਿਆ। ਉਸ ਨਾਲ ਇਹ 'ਕਰੁਣਾ ਜਨਰਲ ਸਟੋਰ' ਸਕਾਰ ਹੋਇਆ।

ਸੋਨਾ ਕਾਂਬਲੇ ਦੀ ਸ਼ੁਰੂ ਵਿਚ ਲੱਗੀ ਦੁਕਾਨ, ਮੇਨ ਰੋਡ ਜਾਂ ਮੰਡੀ ਵਿਚ ਹੋਣੀ ਚਾਹੀਦੀ ਹੈ। ਬਹੁਤ ਗਾਹਕੀ ਵਧੇਗੀ। ਬੈਂਕ ਦਾ ਕਰਜ਼ਾ ਜਲਦੀ ਚੁੱਕਾ ਦਿੱਤਾ ਜਾਵੇਗਾ। ਇਸ ਲਈ ਉਸ ਨੇ ਮੇਨ ਰੋਡ ਉੱਤੇ ਥਾਂ ਲੱਭੀ। ਕਿਸੇ ਇਕ ਦੁਕਾਨਦਾਰ ਦਾ ਸਟੋਰ ਰੂਮ ਸੀ। ਦੁਕਾਨ ਬੰਦ ਸੀ ਇਸ ਲਈ ਸਹਿਜਤਾ ਨਾਲ ਪੁੱਛਣ ਤੇ ਦੁਕਾਨਦਾਰ ਬੋਲਿਆ, "ਥਾਂ ਦੇਣ ਵਿਚ ਕੋਈ ਇਤਰਾਜ਼ ਨਹੀਂ, ਪਰ ਦੋ ਸੌ ਰੁਪਏ...।"

ਇਸ ਸਬੰਧ ਵਿਚ ਸੋਨਕਾਂਬਲੇ ਚੁੱਪ ਰਿਹਾ।

ਨਗਰ ਪ੍ਰੀਸ਼ਦ ਦੀ ਮੰਡੀ ਵਿਚ ਥਾਂ ਲੈਣ ਲਈ ਉਹ ਨਗਰ ਪ੍ਰਧਾਨ ਨੂੰ ਮਿਲਿਆ। ਆਪਣੀ ਸਥਿਤੀ ਨੂੰ ਉਸ ਨੇ ਸਪੱਸ਼ਟ ਕੀਤਾ। ਪ੍ਰੰਤੂ ਨਗਰ ਪ੍ਰਧਾਨ ਨੇ ਉਸ ਤੋਂ ਪਹਿਲਾਂ ਹੀ ਕਿਸੇ ਹੋਟਲ ਵਾਲੇ ਨੂੰ ਥਾਂ ਦੇ ਦਿੱਤੀ। ਚਾਰ ਪੰਜ ਸਥਾਨਾਂ ਦਾ ਅਨੁਭਵ ਇਸ ਤਰ੍ਹਾਂ ਦਾ ਰਿਹਾ। ਇਸ ਲਈ ਉਸ ਨੇ ਆਪਣੇ ਮੁਹੱਲੇ ਵਿਚ ਦੁਕਾਨ ਸ਼ੁਰੂ ਕਰ ਦਿੱਤੀ। ਆਪਣੇ ਮੁਹੱਲੇ ਵਿਚ ਆਪਣੀ ਖੁਦ ਦੀ ਦੁਕਾਨ ਹੋਣੀ ਚਾਹੀਦੀ ਹੈ, ਉਹ ਉਸ ਦਾ ਕਈ ਦਿਨਾਂ ਦਾ ਸੁਪਨਾ ਸਕਾਰ ਹੋ ਗਿਆ। ਇਸ ਨਾਲ ਭੀਮ ਨਗਰ ਦੀਆਂ ਇਸਤਰੀਆਂ ਨੂੰ ਸੁੱਖ ਦਾ ਸਾਹ ਆਇਆ। ਕਿਸੇ ਵੀ ਤਰ੍ਹਾਂ ਦੀ ਛੋਟੀ ਵੱਡੀ ਚੀਜ ਦੇ ਲਈ ਉਸ ਨੂੰ ਕਮੇਟੀ ਦੀ ਦੁਕਾਨ ਉੱਤੇ ਕਈ

ਚੱਕਰ ਕੱਟਣੇ ਪਏ ਸੀ! ਕਦੀ ਕਦੀ ਤਾਂ ਦੁਕਾਨ ਵੀ ਬੰਦ ਰਹਿੰਦੀ। ਚੁਆਨੀ ਦੇ ਗਾਹਕ ਕਹਿ ਕੇ ਉਹ ਬੇਇੱਜ਼ਤ ਵੀ ਕਰਦਾ ਉਹ ਵੱਖਰਾ। ਫਿਰ ਵੀ ਬੇਨਤੀ ਕਰਦੇ ਹੋਏ ਇਕ ਅੱਧੀ ਇਸਤਰੀ ਕਹਿੰਦੀ, "ਬਾਬਾ ਗਰੀਬਾਂ ਦੀ ਘਰ ਗ੍ਰਹਿਸਤੀ ਹੈ! ਜਦੋਂ ਲਿਆਵੇ ਉਦੋਂ ਖਾਵੇ। ਤੇਲ ਹੈ ਤਾਂ ਨਮਕ ਨਹੀਂ।" ਕੋਮਟੀ ਗੁੱਸੇ ਵਿਚ ਕਹਿੰਦਾ, "ਇਕ ਵਾਰ ਪੈਸਾ ਇਕੱਠਾ ਕਰਕੇ ਮਾਲ ਲੈ ਜਾਣਾ ਚਾਹੀਦਾ ਹੈ। ਦੋ ਚਾਰ ਪੈਸਿਆਂ ਵਿਚੋਂ ਸਤਾਰਾ ਚੀਜਾਂ ਲੈਂਦੇ ਹੋ। ਮੈਨੂੰ ਰੁੱਘੇ ਵਿਚ ਮਗਜ ਮਾਰੀ ਕਰਨੀ ਪੈਂਦੀ ਹੈ।' ਐਨੀਆਂ ਝਿੜਕਾ ਤੋਂ ਬਾਅਦ ਵੀ ਗਾਹਕ ਜਾਂਦਾ ਨਾ ਕਿਉਂਕਿ ਮਜਬੂਰੀ ਸੀ। ਉਸ ਦੁਕਾਨ ਤੋਂ ਇਲਾਵਾ ਨੇੜੇ ਕੋਈ ਹੋਰ ਦੁਕਾਨ ਨਹੀਂ ਸੀ।

ਇਹ ਸੱਚ ਸੀ ਕਿ ਕੋਮਟੀ ਚੀਜਾਂ ਮਹਿੰਗੀਆਂ ਵੇਚਦਾ ਹੈ। ਪੈਸੇ-ਦੋ ਪੈਸੇ ਦੇ ਗਾਹਕ ਹੋਣ ਦੇ ਬਾਵਜੂਦ ਵੀ ਕੋਮਟੀ ਦੀ ਦੁਕਾਨ ਬੜੀ ਵਧੀਆਂ ਚੱਲਦੀ ਸੀ। ਕੋਮਟੀ ਦਿਨ ਦੁਗਣਾ ਤੇ ਰਾਤ ਚੌਗੁਣਾ ਕਮਾ ਰਿਹਾ ਸੀ। ਮੰਜਿਲਾਂ ਉੱਤੇ ਮੰਜਿਲਾਂ ਚੜ ਰਹੀਆਂ ਸਨ। ਕੋਈ ਗਾਹਕ ਲੇਲੜੀਆਂ ਕੱਢਦਾ, "ਲਾਲਾ ਜੀ ਦੋ ਪੈਸੇ ਦਾ ਮਿੱਟੀ ਦਾ ਤੇਲ ਦੇ ਦਿਓ, ਕੱਲ੍ਹ ਘਾਹ-ਫੂਸ ਵੇਚ ਕੇ ਦੇ ਦੇਵਾਗਾਂ।' ਉਂਜ ਕੋਮਟੀ ਝੱਟ ਨਾਲ ਕਹਿੰਦਾ, "ਨਹੀਂ ਓਏ ਬਾਬਾ, ਉਧਾਰ ਦਾ ਮਾਮਲਾ ਇਥੇ ਨਹੀਂ। ਤੈਨੂੰ ਉਧਾਰ ਦੇ ਕੇ ਤੇਰੇ ਮਗਰ ਮਗਰ ਭੀਖ ਮੰਗਦਾ ਫਿਰਾ। ਆਪਣਾ ਮਾਲ ਦੇ ਕੇ ਤੇਰਾ ਵਾਰ-ਵਾਰ ਮੂੰਹ ਵੇਖਦਾ ਰਹਾਂ, ਕਿਉਂ?"

ਕੋਮਟੀ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਲੇਲੜੀਆਂ ਕੱਢਣ ਵਾਲੇ ਗਾਹਕਾਂ ਨੂੰ ਠੰਡਾ ਕਰ ਦਿੰਦੀਆਂ। ਇਕ ਵਾਰ ਵੀ ਉਸ ਨੇ ਕਿਸੇ ਨੂੰ ਉਧਾਰ ਨਹੀਂ ਦਿੱਤਾ। ਸੋਨਕਾਂਬਲੇ ਵੀ ਬਚਪਨ ਵਿਚ ਇਸੇ ਦੁਕਾਨ ਤੋਂ ਕਾਪੀਆਂ, ਕਾਗ਼ਜ, ਪੈਨ ਅਦਿ ਲੈਂਦਾ ਸੀ। ਕਾਪੀਆਂ ਦਾ ਕਾਗਜ਼ ਘਟੀਆਂ ਕਿਸਮ ਦਾ ਹੁੰਦਾ। ਉਸ ਉੱਤੇ ਸਿਆਹੀ ਫੈਲਦੀ। ਬੱਚੇ ਸ਼ਿਕਾਇਤ ਕਰਦੇ, ਕਾਪੀ ਬਦਲ ਕੇ ਮੰਗਦੇ। ਪਰੰਤੂ ਕੋਮਟੀ ਗੁੱਸੇ ਹੁੰਦਾ, ਤੇਰੇ ਪਿਓ ਨੇ ਕਦੇ ਬਦਲ ਕੇ ਕੋਈ ਪੈਸਾ ਦਿੱਤਾ ਹੈ। ਲੈਣੀ ਹੈ ਤਾਂ ਲਓ ਨਹੀਂ ਚੱਲਦੇ ਬਣੋ।" ਸੋਨਕਾਂਬਲੇ ਨੂੰ ਗੁੱਸੇ ਆਉਂਦਾ। ਦੁਕਾਨਦਾਰ ਤੋਂ ਬਦਲਾ ਲੈਣ ਦਾ ਉਹ ਨਿਸਚਾ ਕਰਦਾ। ਅਸਲ ਵਿਚ ਇਹ ਦੁਕਾਨ ਖੋਲ੍ਹ ਕੇ ਉਹ ਇਕ ਤਰ੍ਹਾਂ ਨਾਲ ਬਦਲਾ ਹੀ ਲੈ ਰਿਹਾ ਸੀ। 'ਕਰੁਣਾ ਸਟੋਰ' ਕੋਮਟੀ ਦੇ ਗੁਵਾਂਢ ਵਿਚ ਹੀ ਉਸ ਨੇ ਸ਼ੁਰੂ ਕੀਤਾ ਸੀ।

ਭੀਮ ਨਗਰ ਦੇ ਸਾਰੇ ਗਾਹਕ ਹੁਣ ਉਸ ਦੀ ਦੁਕਾਨ ਉੱਤੇ ਆਉਂਦੇ। ਕੋਮਟੀ ਦੀ ਦੁਕਾਨ ਉਜੜ ਗਈ। ਕੋਮਟੀ ਕਹਿੰਦਾ, "ਹੋਣ ਘੇੜ ਅਤੇ ਦੁਕਾਨ ਲਾਉਣ ਤੇ ਚਲਾਉਣ ਤੁਰ ਪੈਣ। ਹੁਣ ਤਾਂ ਸਾਨੂੰ ਲੱਕੜੀਆਂ ਦਾ ਗੁੱਠੇ ਬੰਨ੍ਹ ਕੇ ਸਿਰਾਂ ਤੇ ਢੋਣੇ ਪੈਣਗੇ। ਇਹ ਵੀ ਸਮਾਂ ਵੇਖਣਾ ਸੀ। " ਦੂਜਾ ਦੁਕਾਨਦਾਰ ਉਸ ਦਾ ਸਾਥ ਦਿੰਦਾ।

ਸੂਹ ਲੈਣ ਲਈ ਲੋਭਾ ਮਾਂਗੀਨ ਬੜੀ ਤੇਜੀ ਨਾਲ ਪੌੜੀਆਂ ਚੜ੍ਹ ਕੇ ਦੁਕਾਨ ਵਿਚ ਆਇਆ ਅਤੇ ਹਾਈਬ੍ਰੀਡ ਤੱਕੜੀ 'ਚ ਪਾਉਂਦੀ ਹੋਈ ਬੋਲੀ, ਬਹੁਤ ਚੰਗੀ ਦੁਕਾਨ ਲਾਈ ਹੈ। ਹੁਣ ਕੌਣ ਜਾਂਦਾ ਹੈ ਮਰਨ ਦੇ ਲਈ ਉਧਰ।' ਸੋਨਾ ਕਾਂਬਲੇ ਹੱਸਦੇ ਹੋਇਆ ਸਹਿਮਤੀ ਪ੍ਰਗਟ ਕਰਦਾ। ਬੁੱਢੀ ਸੁੰਘਣੀ ਲੈ ਕੇ ਤੁਰਦੀ ਬਣਦੀ। ਦੋ ਬੱਚੇ ਆਏ। 'ਗੋਲੀਆ ਦਿਓ' ਪੰਜ ਪੈਸੇ ਉਸ ਨੇ ਤਖਤ ਉੱਤੇ ਰੱਖ ਦਿੱਤੇ। ਉਨ੍ਹਾਂ ਨੂੰ ਗੋਲੀਆਂ ਦੇ ਨਾਲ ਉਸਨੇ ਇਕ ਬਿਸਕੁਟ ਵੀ ਦੇ ਦਿੱਤਾ। ਬੱਚੇ ਦੌੜੇ ਦੌੜੇ ਘਰ ਵੱਲ ਨੂੰ ਗਏ। ਸੋਨਕਾਂਬਲੇ ਉਨ੍ਹਾਂ ਵੱਲ ਬਹੁਤ ਦੇਰ ਤੱਕ ਦੇਖਦਾ ਰਿਹਾ। ਬਾਲਕ ਜਦੋਂ ਅੱਖੋਂ ਉਹਲੇ ਹੋ ਗਏ ਤਾਂ ਉਸ ਨੇ ਕੱਪੜਾ ਚੁੱਕਿਆ ਤੇ ਡੱਬੇ ਸਾਫ਼ ਕਰਨ ਲੱਗ ਪਿਆ। ਆਪਣੀ ਦੁਕਾਨ ਉੱਤੇ ਸਹਿਜਤਾ ਨਾਲ ਉਸਦੀ ਨਜ਼ਰ ਟਿੱਕੀ। ਇਸ ਛੋਟੀ ਜਿਹੀ ਦੁਕਾਨ ਵਿਚੋਂ ਬਹੁਤ ਵੱਡੀ ਦੁਕਾਨ ਨਿਕਲ ਰਹੀ ਹੈ। ਅਜਿਹਾ ਉਸ ਨੂੰ ਮਹਿਸੂਸ ਹੋਇਆ। ਕੱਲ੍ਹ ਨੂੰ ਮੈਂ ਬਹੁਤ ਵੱਡਾ ਪੂੰਜੀਪਤੀ ਬਣਾਗਾ। ਦੋ ਤਿੰਨ ਨੌਕਰ ਹੋਣਗੇ। ਹਿਸਾਬ ਕਿਤਾਬ ਲਿਖਣ ਲਈ ਨੁਕਰ



ਵਿਚ ਮੁਨੀਮ ਹੋਵੇਗਾ। ਸੋਲਾਪੁਰ ਤੋਂ ਮਾਲ ਲੈ ਕੇ ਆਇਆ ਟਰੱਕ ਦੁਕਾਨ ਦੇ ਸਾਹਮਣੇ ਖੜਾ ਹੋਇਆ ਕਰੇਗਾ। ਉਸ ਸਮੇਂ ਲੋਕ ਸੋਨਕਾਂਬਲੇ ਸਾਹੂਕਾਰ ਕਹਿਣਗੇ। ਸੋਨਕਾਂਬਲੇ ਮਨ ਵਿਚ ਹੱਸਦਾ। ਪਰੰਤੂ ਇਹ ਹਾਸਾ ਅਜੇ ਧੁੰਦਲਾ ਹੋਇਆ ਹੀ ਨਹੀਂ ਹੋਵੇਗਾ ਕਿ ਅੱਠ ਦੱਸ ਨੌਜਵਾਨਾਂ ਦਾ ਜਥਾ ਦੁਕਾਨ ਵੱਲ ਆ ਗਿਆ।

"ਓਏ ਵਾਹ! ਦੁਕਾਨਦਾਰ ਕਿਵੇਂ ਹੱਸੀ ਜਾ ਰਹੇ ਹੋ?" ਉਸ ਜਥੇ ਵਿਚੋਂ ਰਘੂ ਨੇ ਸਵਾਲ ਕੀਤਾ।

ਆਪਣੇ ਆਪ ਨੂੰ ਸੰਭਲਦੇ ਹੋਇਆ ਸੋਨਾ ਕਾਂਬਲੇ ਨੇ ਕਿਹਾ, "ਕਿੱਥੇ ਕੌਣ ਹੱਸਦਾ ਹੈ?"

"ਨਾ ਜੀ ਅਸੀਂ ਵੇਖਿਆ ਹੈ।" ਦੁਕਾਨ ਦੇ ਤਖਤ ਉੱਤੇ ਹੱਥ ਰੱਖਦੇ ਹੋਇਆ ਭਾਸਕਰ ਨੇ ਕਿਹਾ। ਸੋਨਕਾਂਬਲੇ ਨੂੰ ਲੱਗਾ ਕਿ ਦੱਸ ਹੀ ਦੇਣਾ ਚਾਹੀਦਾ ਹੈ ਭਵਿੱਖ ਦਾ ਸੁਪਨਾ ਆਪਣੇ ਮਿੱਤਰਾਂ ਨੂੰ। ਪਰੰਤੂ ਅਜੇ ਨਹੀਂ। ਟਾਲਣ ਦੀ ਕੋਸ਼ਿਸ਼ ਕਰਦਿਆਂ ਹੋਇਆ ਉਹ ਕਹਿਣ ਲੱਗਾ, ਕੁਝ ਵੀ ਕਹਿੰਦੇ ਰਹਿੰਦੇ ਹੋ। ਤੈਨੂੰ ਮਜ਼ਾਕ ਕਰਨ ਦੀ ਆਦਤ ਰਹਿੰਦੀ ਹੈ। ਚੰਗਾ ਕਿਵੇਂ ਆਉਣਾ ਹੋਇਆ ਸਾਰੇ ਜਣਿਆ ਦਾ?"

"ਕਿਵੇਂ ਆਉਣਾ ਹੋਇਆ? ਸੋਚਿਆ ਸੋਨਕਾਂਬਲੇ ਸਾਹੂਕਾਰ ਵੱਲ ਜਾਣਾ ਚਾਹੀਦਾ।" ਪ੍ਰਭਾਕਰ ਨੇ ਰਘੂ ਨੂੰ ਅੱਖਾਂ ਦੇ ਇਸ਼ਾਰਾ ਕਰਦਿਆਂ ਹੋਇਆ ਕਿਹਾ। ਉਦੋਂ ਸਾਰੇ ਹੱਸਣ ਲੱਗੇ। ਇਕੱਲਾ ਸੋਨਕਾਂਬਲੇ ਕਾਫੀ ਦੇਰ ਹੱਸਦਾ ਰਿਹਾ। ਉਸਦੇ ਸੁਪਨੇ ਦੇ ਨਾਲ ਇਹ ਸ਼ਬਦਾਵਲੀ ਮਿਲ ਰਹੀ ਸੀ। ਫਿਰ ਵੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਨਾ ਕਰਕੇ ਹਾਸੇ ਨੂੰ ਰੋਕਦੇ ਹੋਇਆ ਉਸਨੇ ਕਿਹਾ, "ਓਏ ਤੁਸੀਂ ਲੋਕ ਤਾਂ ਐਵੇਂ ਹੀ ਚਿੜਾਂਦੇ ਹੋਵੋਗੇ। ਤੁਹਾਡੇ ਗਰੁੱਪ ਦੇ ਨਾਲ ਮੈਂ ਨਹੀਂ ਨਾ! ਛੱਡ ਇਨ੍ਹਾਂ ਗੱਲਾਂ ਨੂੰ! ਚੰਗਾ ਪੈਂਥਰ ਦਾ ਕੀ ਕਰਨਾ ਹੈ?"

"ਹੁਣ ਹੋਈ ਨਾ ਗੱਲ ਕੁਝ ਕੰਮ ਦੀ। ਜਦੋਂ ਦੀ ਦੁਕਾਨ ਪਾਈ ਹੈ, ਤੇਰਾ ਪੈਂਥਰ ਦੇ ਨਾਲ ਸਬੰਧ ਹੀ ਨਹੀਂ ਰਿਹਾ।" ਅਜਿਹੀਆਂ ਗੱਲਾਂ ਕਰਨ ਲੱਗੇ ਸੀ। ਇਸ ਉੱਤੇ ਸਾਰੇ ਹਾਂ ਵਿਚ ਹਾਂ ਮਿਲਾਉਂਦੇ ਰਹੇ। ਸੋਨਕਾਂਬਲੇ ਨੂੰ ਉਹ ਇਕ ਚਣੌਤੀ ਲੱਗੀ। "ਪ੍ਰੰਤੂ ਵਿਸਥਾਰ ਨਾਲ ਤਾਂ ਦੱਸੋ ਨਾ? ਸਬੰਧ ਹੀ ਨਹੀਂ ਰਿਹਾ ਅਜਿਹੀ ਗੱਲ ਨਹੀਂ ਹੈ, ਮੈਂ?" ਤੱਕੜੀ ਵਿਚ ਕਿਸੇ ਭਾਰੀ ਚੀਜ਼ ਨੂੰ ਤੋਲਦਿਆਂ ਹੋਇਆ ਸੋਨਕਾਂਬਲੇ ਬੋਲਿਆ। "ਤੇਰੇ ਸਬੰਧ ਵਿਚ ਸਾਡੀ ਗਲਤ ਫ਼ਹਿਮੀ ਨਹੀਂ ਹੈ। ਬਸ ਉਂਜ ਹੀ ਕਿਹਾ ਹੈ। ਚੱਲ ਛੱਡ ਇਨ੍ਹਾਂ ਗੱਲਾਂ ਨੂੰ। ਤੂੰ ਹੁਣ ਪੈਂਥਰ ਨੂੰ ਕਿੰਨਾ ਚੰਦਾ ਦੇਵੇਂਗਾ ਪਹਿਲਾ ਦੱਸ ਤਾਂ ਦੇ?" ਰਾਹੁਲ ਨੇ ਸਾਰਿਆਂ ਅਵਾਜ਼ ਬੰਦ ਕਰਦਿਆਂ ਹੋਇਆ ਮੁੱਖ ਮੁੱਦੇ ਉੱਤੇ ਧਿਆਨ ਕੇਂਦਰਿਤ ਕਰਨ ਦਾ ਯਤਨ ਕੀਤਾ।

"ਅੱਛਾ ਤਾਂ ਚੰਦੇ ਦੇ ਲਈ ਹੀ ਆਏ ਹੋ?" ਮੁੜ ਸੋਨਕਾਂਬਲੇ ਨੇ ਹੱਸਦਿਆਂ ਹੋਇਆ ਪੁੱਛਿਆ।

"ਤੂੰ ਹੀ ਕਹਿ ਪ੍ਰਸੰਗ ਔਖਾ ਹੈ। ਪਰਸੋ ਬੰਬਈ ਵਿਚ ਪੈਂਥਰ ਦਾ ਮੋਰਚਾ ਹੈ। ਅੱਜ ਹੀ ਅਰੁਣ ਦਾ ਖ਼ਤ ਆਇਆ ਹੈ। ਪੈਂਥਰ ਦੇ ਅਨੇਕਾਂ ਜੱਥੇ ਲੈ ਕੇ ਆਉਣ ਲਈ ਕਿਹਾ ਹੈ। ਕੱਲ ਸਾਡੀ ਮੀਟਿੰਗ ਹੈ। ਉਧਰ ਵੀ ਜਾਣਾ ਹੈ। ਤੂੰ ਜਿੰਨਾ ਚੰਦਾ ਦੇਣਾ ਹੈ ਦੇ। ਜਬਰਦਸਤੀ ਨਹੀਂ ਹੈ।" ਰਘੂ ਨੇ ਕਿਹਾ।

ਸੋਨਕਾਂਬਲੇ ਹੱਸਣ ਲੱਗਾ। ਸੰਦੂਕ ਵਿਚੋਂ ਪੈਸੇ ਕੱਢਦੇ ਹੋਇਆ ਉਸ ਨੇ ਪੁੱਛਿਆ, "ਆਪਣੇ ਪਿੰਡ ਦੀ ਆਪਣੀ ਪੁਜੀਸ਼ਨ ਕਿਸ ਤਰ੍ਹਾਂ ਦੀ ਹੈ। ਕੱਲ੍ਹ ਦੁਕਾਨ ਬੰਦ ਸੀ। ਪਰਸੋਂ ਸਾਰੇ ਸਕੂਲ ਅਤੇ ਕਾਲਜ ਬੰਦ ਹੋਣ ਵਾਲੇ ਹਨ। ਅਤੇ ਸਮਾਜਿਕ ਸੰਸਥਾਵਾਂ ਵੀ ਸਾਥ ਦੇਣ ਵਾਲੀਆਂ ਹਨ। ਵਿਦਿਆਰਥੀ ਜਥੇਬੰਦੀ ਦੀ ਅੱਜ ਮੀਟਿੰਗ ਹੈ। "

"ਉਥੇ ਭਾਵੇਂ ਕੁਝ ਵੀ ਹੋਵੇ, ਵਿਦਿਆਰਥੀ ਸੰਘ ਵਿਰੋਧ ਕਰਨ ਵਾਲਾ ਹੈ। ਪਰੰਤੂ ਸਾਨੂੰ ਆਪਣੀਆਂ ਮੰਗਾਂ ਦੀ ਪੂਰਤੀ ਦੇ ਲਈ ਲੜਨਾ ਹੀ ਚਾਹੀਦਾ ਹੈ। ਵਿਸ਼ਵ ਵਿਦਿਆਲਿਆ ਨੂੰ ਡਾ. ਅੰਬੇਡਕਰ ਦਾ ਨਾਂ ਦੇਣਾ ਹੀ ਚਾਹੀਦਾ ਹੈ।"

"ਬੋਧੀਆਂ ਨੂੰ ਸਹੂਲਤਾ ਮਿਲਣੀਆਂ ਹੀ ਚਾਹੀਦੀਆਂ ਹਨ।"

"ਦੈਟਸ ਰਾਈਟ।"

ਸੋਨਕਾਂਬਲੇ ਦੇ ਹੱਥ ਵਿਚੋਂ ਦਸ -ਦਸ ਦੇ ਤਿੰਨ ਨੋਟ ਕਦੋਂ ਖੋਹ ਲਏ ਇਸਦਾ ਉਸ ਨੂੰ ਅਹਿਸਾਸ ਵੀ ਨਹੀਂ ਹੋਇਆ। ਪਲ ਭਰ ਦੇ ਲਈ ਉਸਦੇ ਲਹੂ ਦੀ ਗਤੀ ਤੇਜ ਹੋ ਗਈ।


"ਚਾਹ ਤਾਂ ਪੀਂਦੇ ਜਾਓ।" ਅਜਿਹਾ ਕਹਿਣਾ ਉਹ ਭੁੱਲ ਗਿਆ। ਪਰੰਤੂ ਉਹਨਾਂ ਨੂੰ ਉਸਦੀ ਲੋੜ ਕਿੱਥੇ ਸੀ? ਉਹ ਕੇਵਲ ਬਾਏ ਬਾਏ ਕਰਦੇ ਖਰੂਦ ਮਚਾਉਂਦੇ ਜਾ ਰਹੇ ਸਨ। ਕਲੱਬ ਦੀ ਸਭਾ ਤੋਂ ਬਾਅਦ ਪੈਂਥਰ ਬੰਬਈ ਮੋਰਚਾ ਲਗਾਉਣ ਲਈ ਗਏ। ਸੋਨਕਾਂਬਲੇ ਰੇਡੀਓ ਤੋਂ ਬੰਬਈ ਦੇ ਮੋਰਚੇ ਦਾ ਸਮਾਚਾਰ ਕੰਨ ਲਗਾ ਕੇ ਸੁਣ ਰਿਹਾ ਸੀ।

"ਪੈਂਥਰ ਦੇ ਮੋਰਚੇ ਉੱਤੇ ਹਜ਼ਾਰਾ ਡਾਂਗਾ ਚਲਾਈਆਂ ਗਈਆਂ।"

ਸੋਨਕਾਂਬਲੇ ਵਿਆਕੁਲ ਹੋ ਗਿਆ।

ਦੂਜੇ ਦਿਨ ਵਿਸ਼ਵਵਿਦਿਆਲਿਆ ਦੇ ਨਾਂ ਤਬਦੀਲੀ ਦੇ ਵਿਰੋਧ ਵਿਚ ਸ਼ਹਿਰ ਦੇ ਵਿਦਿਆਰਥੀ ਸੰਘ ਨੇ ਉਗਰ ਜਲੂਸ ਕੱਢਿਆ। ਇਕੱਠੇ ਵਿਦਿਆਰਥੀਆਂ ਨੇ ਡਾ. ਅੰਬੇਡਕਰ ਦੀ ਮੂਰਤੀ ਉੱਤੇ ਪੱਥਰਾ ਨਾਲ ਹਮਲਾ ਕਰ ਦਿੱਤਾ। ਅਤੇ ਪ੍ਰੋ. ਸੋਨਕਾਂਬਲੇ ਦੀ 'ਕਰੁਣਾ ਜਨਰਲ ਸਟੋਰ' ਨੂੰ ਅੱਗ ਲਗਾ ਦਿੱਤੀ। ... ਰਘੂ ਭਾਸਕਰ, ਰਾਹੁਲ ਪ੍ਰਭਾਕਰ ਮੋਰਚੇ ਵਿਚ ਕੁੱਟੇ ਗਏ, ਜਿਹੜੀ ਵੀ ਰੇਲ ਮਿਲੀ ਉਸ ਵਿਚ ਪਿੰਡ ਦੇ ਵੱਲ ਵਾਪਿਸ ਪਰਤੇ। ਕਿਸੇ ਰੇਲ ਦੇ ਸਥਾਨਿਕ ਸਟੇਸਨ ਉੱਤੇ ਉਨ੍ਹਾਂ ਨੇ ਸਮਾਚਾਰ ਪੱਤਰ ਖਰੀਦਿਆ। ਸਹਿਜ ਪੜਤਾਲ ਕਰਦੇ ਸਮੇਂ ਉਸ ਨੂੰ ਉਪਰੋਕਤ ਆਸ ਦਾ ਕਿਸੇ ਨੁਕਰ ਵਿਚ ਸਮਾਚਾਰ ਪੜ੍ਹਨ ਨੂੰ ਮਿਲਿਆ। ਸਾਰੇ ਪੈਂਥਰਸ ਨੇ ਸਮਾਚਾਰ ਪੱਤਰ ਹੱਥਾਂ ਵਿਚ ਮਸਲ ਦਿੱਤਾ। ✪


**ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਰਜਨੀਸ਼ ਬਹਾਦਰ ਸਿੰਘ ਦੀ ਕਹਾਣੀ ਦਲਿਤ ਕਹਾਣੀ ਦੀ ਆਲੋਚਨਾ ਦੀ ਨਵੀਂ ਪੁਸਤਕ**







## ਪਡ / - ਅਮਿਤਾਭ (Amitabh)

"ਪਡ (1. ਮਰਿਆ ਹੋਇਆ ਪਸ਼ੂ, ਜਿਸ ਨੂੰ ਘੇੜ ਜਾਤੀ ਦੇ ਲੋਕ ਡਾਂਗਾ ਨਾਲ ਚੁੱਕ ਕੇ ਲੈ ਆਉਂਦੇ ਹਨ ਅਤੇ ਉਸਦੀ ਖੱਲ ਲਾਹ ਕੇ ਖਾਣ ਲਈ ਉਸ ਦਾ ਮਾਸ ਲੈ ਜਾਂਦੇ ਹਨ।) ਆਈ ਬਈ ਓਏ... ਪਡ ਆਈ ਆ..." ਦੀ ਉੱਚੀ ਆਵਾਜ਼ ਸੁਣ ਕੇ ਅਨੇਕ ਝੁੱਗੀਆਂ ਵਿਚੋਂ ਮੁਰਗਿਆਂ ਵਾਂਗ ਮਰਦ ਔਰਤਾਂ ਅੱਖਾਂ ਨੂੰ ਮਲਦੇ ਹੋਏ ਬਾਹਰ ਵਿਹੜੇ ਵਿਚ ਆ ਗਏ। ਜਿਹੜੇ ਬਾਹਰ ਵਿਹੜੇ ਵਿਚ ਸੁੱਤੇ ਪਏ ਸਨ ਉਹ ਝੱਟ ਦੇਣੀ ਜਾਗ ਕੇ ਉੱਠ ਬੈਠੇ। ਸਾਰਿਆਂ ਦੀ ਜਿੰਦ ਜਾਨ ਕੰਨਾਂ ਤੱਕ ਪਹੁੰਚ ਗਈ ਸੀ। ਅਜੇ ਹੁਣੇ ਹੀ ਸਾਝਰਾ ਹੋਇਆ ਸੀ। ਉਜਾੜ ਥਾਂ ਉੱਤੇ ਪਾਣੀ ਲੈ ਕੇ ਹੱਗਣ-ਮੂਤਣ ਲਈ ਜਾਣ ਦੀ ਅਜੇ ਸ਼ੁਰੂਆਤ ਹੋਈ ਸੀ। ਉਦੋਂ ਹੀ-

"ਕੌਣ ਕਹਿੰਦਾ ਹੈ ਪਡ ਆਈ ਆ?" ਬੁਲਕਾਅ ਬੁੱਢੀ ਚੀਕੀ।

"ਕੀ ਪਤਾ...?" ਰੇਡਵਾ ਨੇ ਕਿਹਾ।

"ਵੇ ਕੌਣ ਕਹਿੰਦਾ ਏ ਪਡ ਆਈ... ਕਿ ਐਵੇਂ ਹੀ ਅਫਵਾਹ ਉਡਾਈ ਜਾ ਰਹੀ ਹੈ?" ਨਾਗਾਅ ਬੁੱਢੀ ਨੇ ਸ਼ੱਕ ਨਾਲ ਫਿਰ ਸਵਾਲ ਕੀਤਾ।

"ਵੇ ਕੌਣ ਕਹਿ ਰਿਹਾ ਹੈ?" ਫਿਰ ਤੋਂ ਬੁਲਕਾਅ ਬੁੱਢੀ ਬੋਲੀ।

"ਉਹ ਦਗੜੂ ਦਾ ਬੇਟਾ ਘੋਂਡਆ ਕਹਿ ਰਿਹਾ ਸੀ।" ਵਾਰਲਆ ਨੇ ਕਿਹਾ।

"ਕੀ ਕਹਿੰਦਾ ਸੀ ਉਹ? ਉਸ ਨੂੰ ਕੀ ਪਤੈ?"

ਏ ਜੀ ਉਹ ਆਇਆ ਹੈ ਨਾ ਪਾਣਨਦਾ ਤੋਂ... ਪਾਂਡਆ ਪਾਡੇਯਾਰ ਅਤੇ ਉਸਦਾ ਪੁੱਤ ਪਡ ਲੈ ਕੇ ਜਾ ਰਹੇ ਸਨ ਤਾਂ ਪਾਣਨਦ ਵਿਚ ਉਸ ਨੇ ਦੇਖਿਆ।" ਵਾਰਲਆ ਨੇ ਸਥਿਤੀ ਨੂੰ ਸਪੱਸ਼ਟ ਕੀਤਾ।

'ਪਡ' ਆਉਣ ਦੀ ਗੱਲ ਹਵਾ ਦੇ ਬੁੱਲੇ ਦੇ ਨਾਲ ਘੇਡ ਬਸਤੀ ਵਿਚ ਫੈਲ ਗਈ। ਸਾਰਿਆਂ ਦੇ ਮੂੰਹ ਵਿਚ ਇਹੋ ਗੱਲ। ਸਾਰੇ ਇਕ ਦੂਜੇ ਨੂੰ ਪੁੱਛ ਰਹੇ ਸਨ, "ਕੀ ਇਹ ਸੱਚ ਹੈ ਕਿ ਪਡ ਆਈ ਹੈ?"

"ਕਿਹੜਾ ਆ ਜਾਨਵਰ?"

"ਸਾਨੂੰ ਕੀ ਪਤੈ?"

"ਉਏ ਘੋਂਡੇਆ, ਕਿਹੜਾ ਪਾਸ਼ੂ ਹੈ?" ਦਗੜੂ ਨੇ ਘੋਡਆ ਨੂੰ ਪੁੱਛ ਗਿੱਛ ਕੀਤਾ।

"ਤਿਮਾਜੀ ਪਟੇਲ ਦੀ ਗਾਂ ਹੈ, ਕਾਮਧੇਨੂ... ਮੁਰਾਦਾ ਪੂਰੀਆਂ ਕਰਨ ਵਾਲੀ ਸਵਰਗ ਦੀ ਇਕ ਗਾਂ। ਅਜਿਹਾ ਪਾਂਡਆ ਹੀ ਕਹਿ ਰਿਹਾ ਸੀ।" ਘੋਡੂ ਨੇ ਸਪਸ਼ਟੀਕਰਨ ਦਿੱਤਾ।

ਐਨੀ ਪੱਕੀ ਖ਼ਬਰ ਮਿਲੀ ਸੀ ਫਿਰ ਕੀ ਸੀ? ਘੇੜਾ ਦੀ ਬਸਤੀ ਵਿਚ ਹਲਚਲ ਮਚ ਗਈ। ਚੀਖ਼ ਪੁਕਾਰ ਸ਼ੁਰੂ ਹੋ ਗਈ। ਬੁਲਕਾਅ ਬੁੱਢੀ ਰੋਡਵਾ ਨੂੰ ਕਹਿਣ ਲੱਗੀ, "ਏ ਦੇਖਦੀ ਕੀ ਏਂ? ਜਾਓ ਛੇਤੀ ਨਾਲ... ਨਹੀਂ ਤਾਂ ਕੁਝ ਨਹੀਂ ਮਿਲੇਗਾ...।"

"ਮੈਂ ਤਾਂ ਹੱਗਣ ਜਾਣਾ ਹੈ...।"

"ਅੱਜ ਦੇ ਦਿਨ ਨਹੀਂ ਗਈ ਤਾਂ ਕੁੱਝ ਨਹੀਂ ਹੁੰਦਾ!" ਰੋਡਬਾ ਨੇ ਝੱਟ ਦੇਣੀ ਝੋਪੜੀ ਵਿਚ ਸਿਲਵਰ ਦੀ ਪਤੀਲੀ ਜਿਹਦੇ ਡਿੱਗ ਡਿੱਗ ਕੇ ਅਨੇਕ ਸੁਰਾਖ ਹੋ ਚੁੱਕੇ ਸਨ ਅਤੇ ਜਿਨ੍ਹਾਂ ਨੂੰ ਬੰਦ ਕਰਨ ਦਾ ਯਤਨ ਵੀ ਹੋਇਆ ਸੀ। ਉਸਨੇ ਆਪਣੇ ਨਾਲ ਲੈ ਲਈ। ਨਹੀਂ ਹਾਂ ਨਹੀਂ ਕਹਿੰਦੇ ਹੋਏ ਰੋਡਬਾ ਨੇ ਜਾਣ ਲੱਗਿਆ ਪਾਣੀ ਨਾਲ ਭਰੀ ਹੋਈ ਬੋਤਲ ਵੀ ਨਾਲ ਲੈ ਲਈ।

ਨਾਗਾਅ ਬੁੱਢੀ ਇਹ ਵੇਖ ਕੇ ਆਪਣੇ ਪੁੱਤ ਦਾਜੀ ਨੂੰ ਗਾਲਾਂ ਦੇਣ ਲੱਗੀ। ਉਸ ਨੂੰ ਉਧਰ ਜਾਣ ਲਈ ਮਿੰਨਤ ਤਰਲੇ ਕਰਨ ਲੱਗੀ। ਜਦੋਂ ਉਹ ਆਪਣੀ ਥਾਂ ਤੋਂ ਹਿਲਦਾ ਨਜ਼ਰ ਨਾ ਆਇਆ ਤਾਂ ਖੁਦ ਸਿਕੋਰਾ ਲੈ ਕੇ ਜਲਦੀ ਜਲਦੀ ਨਿਕਲ ਤੁਰੀ। ਮੂੰਹ ਵਿਚ ਬੁੜ ਬੁੜ ਜਾਰੀ ਸੀ। ਇਹ ਦੇਖ ਕੇ ਧੋਡਆ ਅਤੇ ਦਗਡਆ ਸੁਚੇਤ ਹੋ ਗਏ। ਜਿਵੇਂ ਤਲਵਾਰ ਨੂੰ ਤਿੱਖਾ ਕੀਤਾ ਜਾਂਦਾ ਹੈ ਉਂਞ ਹੀ ਉਨ੍ਹਾਂ ਨੇ ਆਪਣੀਆਂ ਛੁਰੀਆਂ ਨੂੰ ਪੱਥਰ ਉੱਤੇ ਘਸਾ ਕੇ ਤੇਜ਼ ਧਾਰ ਲਗਾਈ। ਉਂਗਲੀਆਂ ਨਾਲ ਧਾਰ ਨੂੰ ਪਰਖਿਆ। ਮਨ ਪਸੰਦ ਧਾਰ ਲਗਾਈ ਗਈ ਸੀ। ਫਿਰ ਉਨ੍ਹਾਂ ਨੇ ਤੂਤ ਦੀਆਂ ਟਾਹਣੀਆਂ ਦੀਆਂ ਬਣੀਆਂ ਦੋ ਟੋਕਰੀਆਂ ਲਈਆਂ... ਸਿਰਸਾ ਦੇ ਵੱਲ ਤੁਰ ਪਏ। ਫਿਰ ਵਾਰਲਆ, ਚਿੰਧਆ, ਚਿੰਧੀ, ਓਧਡਆ, ਗੋਦੀ, ਲਹਾਨਆ, ਬਾਰਕਆ ਸਾਰਿਆਂ ਨੇ ਜਿਹੜੀ ਚੀਜ਼ ਹੱਥ ਵਿਚ ਆਈ ਟੋਕਰੀ.... ਕੜਾਹੀਆਂ, ਲੋਹਾਡਾ, ਅਲਮੀਨੀਅਮ ਦੀ ਪਤੀਲੀ, ਭਗੌਨਾ, ਥਾਲੀ ਉਸ ਨੂੰ ਲੈ ਕੇ ਉਧਰ ਨੂੰ ਭੱਜਣ ਲੱਗੇ। ਉਧਡਆ ਦਾ ਕਿਸ਼ਨਆ ਸਭ ਤੋਂ ਤੇਜ਼ ਦੌੜਨ ਵਾਲਾ ਸੀ। ਉਹ ਆਪਣੀ ਛੁਰੀ ਲੈ ਕੇ ਸਭ ਤੋਂ ਤੇਜ਼ ਦੌੜਿਆ।

ਬਿੱਠੀ ਦੇ ਅਨੇਕ ਨਿਆਣੇ ਸਨ। ਤਿੰਨ ਮੁੰਡੇ ਅਤੇ ਤਿੰਨ ਕੁੜੀਆਂ। ਛੋਟੀ ਨੂੰ ਉਹ ਦੁੱਧ ਚੁੰਘਾ ਰਹੀ ਸੀ। ਉਸਦਾ ਮਰਦ ਦਮੇ ਦੀ ਬਿਮਾਰੀ ਨਾਲ ਪੀੜਤ ਸੀ। ਹਮੇਸਾਂ ਖੰਘਦਾ ਰਹਿੰਦਾ ਸੀ। ਕੰਮ ਕੀ ਕਰਦਾ? ਬਸ ਬੜੀ ਮੁਸ਼ਕਲ ਨਾਲ ਘਰ ਦਾ ਗੁਜਾਰਾ ਚੱਲ ਰਿਹਾ ਸੀ। ਇਕ ਨੂੰ ਦੁੱਧ ਪਿਉਣਾ ਬੰਦ ਹੋ ਜਾਂਦਾ ਤਾਂ ਦੂਜੇ ਨਿਆਣਾ ਤਿਆਰ ਹੋ ਜਾਂਦਾ... ਘਰ ਵਿਚ ਹਰ ਸਾਲ ਨਵੇਂ ਨਿਆਣੇ ਦੀ ਤਿਆਰੀ! ਬੇਚਾਰੀ ਪੇਰਸ਼ਾਨ ਸੀ। ਕੀ ਕਰਦੀ?

ਘਟ ਵੱਧ ਗਿਣਤੀ ਵਿਚ ਸਾਰਿਆਂ ਦੀ ਇਹੀ ਸਥਿਤੀ ਸੀ। ਕੌਣ ਕਿਸ ਦੇ ਨਸੀਬ ਨੂੰ ਰੋਏਗਾ।

"ਨਿਲਆ-ਨਿਲਆ।" ਕਹਿੰਦੀ ਹੋਈ ਬਿਠੀ ਵੱਡੇ ਮੁੰਡੇ ਨੂੰ ਜਗਾ ਰਹੀ ਸੀ। ਪਰ ਉਹ ਨਹੀਂ ਜਾਗਿਆ। ਫਿਰ ਉਹ ਨਿਲਆ ਵਲੋਂ ਉਪਰ ਲਈ ਹੋਈ ਗੋਦੜੀ ਨੂੰ ਜੋਰ ਨਾਲ ਖਿੱਚਣ ਲੱਗੀ। ਸਿੱਟਾ ਇਹ ਨਿਕਲਿਆ ਪਾਟੀ ਹੋਈ ਗੋਦੜੀ ਹੋਰ ਫਟ ਗਈ, ਉਹ ਗੁੱਸੇ ਵਿਚ ਆਇਆ। ਨਿਲਆ ਦਾ ਹੱਥ ਫੜ ਕੇ ਉਸ ਨੇ ਉਸ ਨੂੰ ਬਿਠਾ ਦਿੱਤਾ। ਪਰ ਉਹ ਤਾਂ ਨੀਂਦ ਵਿਚ ਹੀ ਸੀ। ਬਸ ਨੀਂਦ ਲਈ ਤੜਫ ਰਿਹਾ ਸੀ। ਅੱਖਾਂ ਵੀ ਖੋਲ੍ਹ ਨਹੀਂ ਰਿਹਾ ਸੀ। ਰਾਤ ਨੂੰ ਉਹ ਜਗਦੇ ਬੁੱਝਦੇ ਦੀਵੇ ਨਾਲ ਦੇਰ ਤੱਕ ਪੜ੍ਹਾਈ ਕਰਦਾ ਰਿਹਾ ਸੀ। ਕਾਫੀ ਡੂੰਘੀ ਰਾਤ ਨੂੰ ਸੁੱਤਾ ਸੀ। ਪ੍ਰੰਤੂ ਉਸ ਨੂੰ ਜਗਾਉਣਾ ਜ਼ਰੂਰੀ ਸੀ। ਉਸ ਦੀ ਬਾਂਹ ਫੜ ਕੇ ਉਸ ਨੂੰ ਖੜਾ ਕਰ ਦਿੱਤਾ। ਬਿੱਠੀ ਨੇ ਉਸ ਦੀਆਂ ਅੱਖਾਂ ਉੱਤੇ ਪਾਣੀ ਦੇ ਛਿੱਟੇ ਮਾਰੇ। ਉਹ ਰੋਣ ਲੱਗ ਪਿਆ। ਗਾਲਾਂ ਕੱਢਣ ਲੱਗ ਪਿਆ। 'ਕਿਸ ਲਈ ਜਗਾਉਂਦੇ ਹੋ' ਪੁੱਛਣ ਲੱਗਾ। ਪ੍ਰੰਤੂ ਇਹ ਸਭ ਕਹਿਣ ਸੁਣਨ ਦੀ ਕਿਹਨੂੰ ਵਿਹਲ ਸੀ? 'ਪਡ' ਲੈਣ ਲਈ ਤਾਂ ਜਾਣਾ ਹੀ ਪੈਣਾ ਹੈ। ਪਤੀਲੀ ਭਰ ਕੇ ਮਾਸ ਮਿਲ ਜਾਵੇਗਾ ਤਾਂ ਤਿੰਨ ਚਾਰ ਦਿਨ ਅਰਾਮ ਨਾਲ ਲੰਘ ਜਾਣਗੇ। ਨਿਲਆ ਜਾਣਾ ਨਹੀਂ ਚਾਹੁੰਦਾ ਸੀ। ਬਿੱਠੀ ਨੇ ਉਸਦੀ ਪਿੱਠ ਉੱਤੇ ਜੋਰ ਦੀ ਮੁੱਕਾ ਮਾਰਿਆ। ਫਿਰ ਉਸ ਦੇ ਹੱਥ ਵਿਚ ਛੇਕਾ ਨਾਲ ਭਰੀ ਹੋਈ ਸਿਲਵਰ ਦੀ ਪਤੀਲੀ ਦਿੰਦੀ ਹੋਈ ਕਹਿਣ ਲੱਗੀ, "ਚੇਤਾ ਰੱਖੀ ਪਤੀਲੀ ਭਰ ਕੇ ਲਿਆਉਣੀ ਹੈ। ਜੇਕਰ ਖਾਲੀ ਹੱਥ ਪਰਤਿਆ ਤਾਂ ਭੁੱਖੀ ਰੱਖਾਗੀ!'

ਪਾਣਨਦਾ ਦੇ ਵੱਲ ਸਿਰਸਾ ਦੇ ਦਰਖੱਤਾਂ ਦੇ ਥੱਲੇ ਘੇੜੇਆਂ ਦੀ ਪੂਰੀ ਬਸਤੀ ਇਕੱਠੀ ਹੋ ਗਈ ਸੀ। ਹਰ ਇਕ ਹੱਥ ਵਿਚ ਛੁਰੀ ਅਤੇ ਭਾਂਢਾ ਸੀ। ਕੁਝ ਤਾਂ ਤਰਪੈਲ ਦੇ ਟੁੱਕੜੇ ਲੈ ਆਏ ਸਨ। ਜੇ ਭਾਂਢਾ ਨਾ ਹੋਵੇ ਤਾਂ ਫਟਿਆ ਹੋਇਆ ਕੱਪੜਾ ਹੀ ਸਹੀਂ... ਤੇੜ ਲਪੇਟੀ ਹੋਈ ਧੋਤੀ ਅਤੇ ਸਾੜੀ ਦਾ ਪੱਲਾ ਤਾਂ ਸੀ ਹੀ।

ਪਾਣਨਦਾ ਵਿਚ ਸਿਰਸਾ ਦੇ ਵਿਚਕਾਰ ਪਾਂਡੂ ਨੇ ਮਰ ਚੁੱਕੀ ਗਾਂ ਲੰਮੀ ਪਾਈ ਹੋਈ ਸੀ। ਉਸਦਾ ਮੁੰਡਾ



ਸੋਮਯਾ ਅਤੇ ਉਹ ਆਪਣੀਆਂ ਤਿੱਖੀਆਂ ਛੁਰੀਆਂ ਨਾਲ ਗਾਂ ਦੀ ਖੱਲ ਉਤਾਰ ਰਹੇ ਸਨ। 'ਪਡੀ' ਦੇ ਆਸੇ-ਪਾਸੇ ਬਹੁਤ ਭੀੜ ਸੀ। ਕੁਝ ਤਾਂ ਖੜੇ ਸਨ ਕੁਝ ਬੈਠੇ ਸਨ। ਜਦੋਂ ਤੱਕ ਖੱਲ੍ਹ ਲਾਹੀ ਨਹੀਂ ਜਾਂਦੀ ਉਦੋਂ ਤੱਕ ਉਹ ਕਿਸੇ ਨੂੰ ਵੀ ਪਡ ਨੂੰ ਹੱਥ ਲਾਉਣ ਨਹੀਂ ਦਿੰਦਾ ਸੀ। ਖੱਲ੍ਹ ਫਟ ਨਾ ਜਾਵੇ, ਉਸਦੇ ਕਿਤੇ ਗਲੀ ਨਾ ਹੋ ਜਾਵੇ ਇਸ ਲਈ ਪਾਂਡਆ ਬੜੇ ਧਿਆਨ ਤੇ ਕੁਸ਼ਲਤਾ ਨਾਲ ਛੁਰੀ ਚਲਾ ਰਿਹਾ ਸੀ। ਉਸ ਨੇ ਪਹਿਲਾਂ ਗਾਂ ਦੇ ਚਾਰੇ ਪੈਰਾਂ ਤੋਂ ਖਲ੍ਹ ਉਤਾਰੀ ਫਿਰ ਪੂਛ ਅਤੇ ਗਲੇ ਦੀ ਖੱਲ੍ਹ ਲਾਹੀ। ਹੌਲੀ ਹੌਲੀ ਗਾਂ ਦੀ ਪਿੱਠ ਅਤੇ ਢਿੱਡ ਤੋਂ ਵੀ ਖੱਲ੍ਹ ਲਾਹੀ ਗਈ। ਉਸਦੇ ਹੱਥ ਲਹੂ ਨਾਲ ਲਿੱਬੜ ਗਏ ਸਨ। ਦੇਹ ਤੇ ਕੁੜਤਾ ਤਾਂ ਨਹੀਂ ਸੀ। ਲੱਕ ਨਾਲ ਬੰਨ੍ਹੀ ਧੋਤੀ ਉੱਤੇ ਲਹੂ ਦੇ ਧੱਬੇ ਲੱਗ ਚੁੱਕੇ ਸਨ। ਪ੍ਰੰਤੂ ਉਸ ਵੱਲ ਧਿਆਨ ਦੇਣ ਦੀ ਉਸ ਨੂੰ ਵਿਹਲ ਹੀ ਨਹੀਂ ਸੀ। ਲਗਭਗ ਮਹੀਨਾ ਸਵਾ ਮਹੀਨਾ ਹੋਇਆ ਸੀ। ਪ੍ਰੰਤੂ ਅਜਿਹਾ ਮੌਕਾ ਨਹੀਂ ਮਿਲਿਆ ਸੀ। ਇਸ ਨੂੰ ਉਹ ਗਵਾਉਣਾ ਨਹੀਂ ਚਾਹੁੰਦਾ ਸੀ।

'ਪਡ' ਦੇ ਇਰਦ ਗਿਰਦ ਹੁੱਲੜ ਬਾਜੀ ਮਚੀ ਹੋਈ ਸੀ। ਆਪਣੀ ਆਪਣੀ ਥਾਂ ਉਤੇ ਸਾਰੇ ਮੌਕੇ ਦੀ ਤਲਾਸ਼ ਵਿਚ ਝੌਰ ਲਾ ਕੇ ਬੈਠੇ ਹੋਏ ਸਨ। ਸਿਰਸਾ ਦੇ ਦਰਖੱਤਾਂ ਉੱਤੇ ਚੀਲ ਅਤੇ ਇੱਲ੍ਹਾ ਵੀ ਆ ਕੇ ਖੰਭ ਫੜ ਫੜਾਉਣ ਲੱਗ ਪਈਆਂ। ਕੁਝ ਉਪਰ ਵੀ ਚੱਕਰ ਕੱਢਣ ਲੱਗ ਪਈਆਂ। ਉਨ੍ਹਾਂ ਵਿਚ ਝਗੜਾ ਸ਼ੁਰੂ ਹੋ ਗਿਆ ਸੀ। ਪਰਾਂ ਦੀ ਫੜ ਫੜ ਦੀਆਂ ਆਵਾਜ਼ਾਂ... ਕਾਹਲੀ। ਕਾਂਵਾਂ ਦੀ ਕਾਂ ਕਾਂ ਅਤੇ ਕੁੱਤਿਆਂ ਦਾ ਭੌਂਕਣਾ ਸ਼ੁਰੂ ਹੋ ਚੁੱਕਾ ਸੀ। ਕੁੱਝ ਕੁੱਤੇ ਆਪਣੇ ਪਿਛਲੇ ਪੈਰਾਂ ਦੇ ਸਹਾਰੇ ਥੱਲੇ ਬੈਠੇ ਹੋਏ ਸਨ ਅਤੇ ਕੁਝ ਚਾਰੇ ਪੈਰ ਮੋੜ ਕੇ ਧੌਣ ਉੱਚੀ ਕਰਕੇ ਬੈਠੇ ਜੀਭ ਬਾਹਰ ਕੱਢ ਕੇ ਧਰਤੀ ਤੇ ਲਾਰਾ ਸੁੱਟ ਰਹੇ ਸਨ। ਮੌਕੇ ਦੀ ਤਾਕ ਵਿਚ ਉਹ ਵੀ ਸਨ। ਅਤੇ ਅੱਗੇ ਅੱਗੇ ਖਿਸਕ ਰਹੇ ਸਨ। ਉਹ 'ਪਡ' ਨੂੰ ਮੂੰਹ ਲਗਾਉਣ ਦੀ ਕੋਸ਼ਿਸ਼ ਵਿਚ ਸੀ। ਐਨੇ ਨੂੰ ਉਨ੍ਹਾਂ ਨੂੰ ਜੇਕਰ ਕੋਈ ਵੇਖਦਾ ਤਾਂ ਪੱਥਰ ਮਾਰ ਕੇ ਹੱਤ ਹੱਤ ਕਰਕੇ ਭਜਾ ਦਿੰਦਾ।

... ਅੰਤ ਵਿਚ ਖੱਲ੍ਹ ਲਾਹੁਣ ਦਾ ਕੰਮ ਪੂਰਾ ਹੋ ਗਿਆ। ਫਿਰ ਪਾਂਡਆ ਅਤੇ ਸੋਮਆ ਨੇ ਹੌਲੀ ਜਿਹੇ ਪੇਟ ਨੂੰ ਚੀਰ ਦਿੱਤਾ। ਲਹੂ ਦਾ ਫੁਹਾਰਾ ਨਿਕਲਿਆ। ਕਈਆਂ ਦੇ ਸ਼ਰੀਰ ਤੇ ਲਹੂ ਦੀਆਂ ਬੂੰਦਾਂ ਡਿੱਗੀਆਂ। ਸੋਮਆ ਨੇ ਆਪਣਾ ਬਾਟਾ ਲਹੂ ਨਾਲ ਭਰ ਲਿਆ। ਐਨੇ ਨੂੰ ਵਾਰਲਆ ਨੇ ਆਪਣੀ ਟੋਕਰੀ ਅੱਗੇ ਕਰ ਦਿੱਤੀ, ਸੋਮਆ ਨੇ ਉਹ ਵੀ ਭਰ ਲਈ ਉਸਦੇ ਵੱਲ ਸਰਕਾ ਦਿੱਤੀ। ਫਿਰ ਪਾਂਡਆ ਨੇ ਅੰਤੜੀਆਂ ਕੱਢ ਕੇ ਬਾਹਰ ਰੱਖੀਆਂ। ਫਿਰ ਕਲੇਜਾ ਕੱਟਿਆ। ਉਹ ਦੂਜੇ ਬਾਟੇ ਵਿਚ ਪਾ ਦਿੱਤਾ। ਫੇਫੜੇ ਅਤੇ ਦਿਲ ਕੱਢ ਲਿਆ। ਉਹ ਵੀ ਰੱਖ ਲਿਆ। ਫਿਰ ਖੱਬੇ ਪਾਸੇ ਦਾ ਭਾਰਾ ਮਾਸ ਕੱਟਿਆ ਉਹ ਵੀ ਬਾਟੇ ਵਿਚ ਰੱਖ ਲਿਆ। ਇਸ ਤਰ੍ਹਾਂ ਦੋਵੇਂ ਬਾਟੇ ਭਰ ਲਏ। ਉਸ ਉੱਤੇ ਖੱਲ੍ਹ ਨੂੰ ਢੱਕਣ ਵਾਂਗ ਢੱਕ ਦਿੱਤਾ। ਦੋਵੇਂ ਛੁਰੀਆਂ ਠੀਕ ਤਰ੍ਹਾਂ ਰੱਖ ਦਿੱਤੀਆਂ। ਇਕ ਵਾਰ 'ਪਡ' ਵੱਲ ਵੇਖਿਆ ਕੁਝ ਬਾਕੀ ਬਚਿਆ ਤਾਂ ਨਹੀਂ ਸੀ। ਇਸ ਖਿਆਲ ਨਾਲ ਉਹ ਚਾਰੇ ਪਾਸਿਆ ਨੂੰ ਵੇਖਣ ਲੱਗਾ। ਬੇਫਿਕਰ ਹੋ ਕੇ ਬਾਟਾ ਸਿਰ ਉੱਤੇ ਰੱਖ ਕੇ ਉਥੋਂ ਤੁਰ ਪਿਆ।

ਜਿਵੇਂ ਹੀ ਪਾਂਡਆ ਅਤੇ ਸੋਮਆ ਉਥੋਂ ਤੁਰ ਪਏ ਉਸੇ ਵੇਲੇ ਬਹਾਦਰ 'ਹਰ ਹਰ' ਦਾ ਨਾਅਰਾ ਲਗਾਉਂਦੇ ਹੋਏ ਕੇਸਰੀਆਂ ਰਾਜਪੂਤਾਂ ਦੇ ਵਾਂਗ ਪਡ ਉੱਤੇ ਟੁੱਟ ਪਏ। ਵੱਧ ਤੋਂ ਵੱਧ ਮਾਸ ਮੈਨੂੰ ਹੀ ਮਿਲਣਾ ਚਾਹੀਦਾ ਹੈ। ਇਸ ਲਈ ਖਿੱਚ ਧੂਹ ਹੋਣ ਲੱਗ ਪਈ। ਉਸ ਮਰੇ ਹੋਏ ਪਸ਼ੂ ਦੇ ਦਿਲ ਵੱਲ ਦਸ ਬਾਰਾਂ ਛੁਰੀਆਂ ਚਮਕਣ ਲੱਗ ਪਈਆਂ। ਮਾਸ ਕੱਟਦੇ ਤੇ ਟੋਕਰੀਆਂ ਵਿਚ ਪਾਈ ਜਾਂਦੇ। ਕੋਈ ਧੋਤੀ ਵਿਚ ਪਾਈ ਜਾਂਦਾ। ਤੇ ਕੋਈ ਜੇਬ ਵਿਚ। ਸਾਰੇ ਆਪਣੇ ਆਪਣੇ ਭਾਂਢੇ ਮਾਸ ਨਾਲ ਭਰ ਰਹੇ ਸਨ। ਜਿਹਦਾ ਵੱਧ ਹੱਥ ਪੈ ਜਾਂਦਾ ਉਹ ਮਾਸ ਦਾ ਵੱਡਾ ਟੁਕੜਾ ਲੈ ਜਾਂਦਾ। ਜਿਸਦੇ ਹੱਥ ਵਿਚ ਜੋਰ ਸੀ ਉਹ ਮਨ ਚਾਹਾ ਮਾਸ ਕੱਟ ਰਿਹਾ ਸੀ। ਫਜ਼ੂਲ ਬੋਲਣ ਦਾ ਕੋਈ ਅਰਥ ਨਹੀਂ ਸੀ। ਇਕ ਦੂਜੇ ਨੂੰ ਹਰ ਕੋਈ ਥੱਕਾ ਮਾਰ ਰਿਹਾ ਸੀ। ਜਿਹੜਾ ਤਕੜਾ ਸੀ ਉਹ ਅੱਗੇ ਆ ਜਾਂਦਾ ਸੀ। ਇਸ ਲਈ ਗਾਲਾਂ ਦਾ ਵੀ ਮੀਂਹ ਪੈ ਰਿਹਾ ਸੀ, "ਸਾਲੇ ਧੱਕੇ ਕਿਉਂ ਮਾਰਦਾ

ਏਂ, ਆਪਣੇ ਸਾਹਮਣੇ ਦਾ ਹਿੱਸਾ ਕੱਟ...।"

"ਤੂੰ ਕਿਉਂ ਬੋਲਦਾ ਏਂ? ਤੈਨੂੰ ਮਿਲ ਰਿਹਾ ਹੈ ਤਾਂ ਤੂੰ ਵੀ ਲੈ ਲਾ।"

"ਏ ਬਾਰਕਆ, ਇਕ ਟੁਕੜਾ ਮੈਨੂੰ ਵੀ ਦੇਵੀਂ... ਏ ਕਿਸਨਆ ਮੇਰੇ ਪੋਤੇ ਇਕ ਟੁਕੜਾ ਮੈਨੂੰ ਵੀ ਦੇ ਦੇਵੀਂ।" ਨਾਗਾਅ ਬੁੱਢੀ ਮੂੰਹ ਭਰ ਕੇ ਮੰਗ ਰਹੀ ਸੀ। ਨਾਲ ਨਾਲ ਗਾਲਾਂ ਵੀ ਦੇ ਰਹੀ ਸੀ। ਪ੍ਰੰਤੂ ਉਸ ਦੀਆਂ ਗਾਲਾਂ ਦਾ ਕਿਸੇ ਨੂੰ ਧਿਆਨ ਨਹੀਂ ਸੀ। ਮੂੰਹ ਅਤੇ ਹੱਥ ਦੋਵੇਂ ਬਰਾਬਰ ਚੱਲ ਰਹੇ ਸਨ। ਨਿੱਕੇ ਨਿਆਣੇ ਨੂੰ ਮੌਕਾ ਨਹੀਂ ਮਿਲ ਰਿਹਾ ਸੀ। ਬੁੱਢੀਆਂ-ਬੁੱਢਿਆਂ ਦੀ ਚਲਦੀ ਨਹੀਂ ਸੀ। ਜਿੱਥੇ ਮਨੁੱਖ ਦੀ ਇਹ ਹਾਲਤ ਹੋਵੇ ਉਥੇ ਕੁੱਤੇ-ਇੱਲ੍ਹਾਂ ਤੇ ਕਾਵਾਂ ਦੀ ਕਿੱਥੇ ਚਲਦੀ ਹੈ?

ਨਿਲਆ ਨੂੰ ਕਿਸੇ ਤਰ੍ਹਾਂ ਦੀ ਪਰਵਾਹ ਨਹੀਂ ਸੀ। ਮਾਸ ਨੂੰ ਕਿਵੇਂ ਕੱਟਣਾ ਹੈ, ਕਿਸ ਥਾਂ ਉੱਤੋਂ ਕੱਟਣਾ ਹੈ। ਇਹ ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ। ਕਿਸੇ ਵੀ ਤਰ੍ਹਾਂ ਉਸ ਨੂੰ ਪਤੀਲੀ ਭਰ ਕੇ ਮਾਸ ਮਿਲਣਾ ਚਾਹੀਦਾ ਸੀ। ਨਹੀਂ ਤਾਂ ਉਸਨੂੰ ਅੱਜ ਘਰ ਵਿਚੋਂ ਰੋਟੀ ਨਸੀਬ ਨਹੀਂ ਹੋਣੀ ਸੀ। ਨਹੀਂ ਤਾਂ ਡੰਗੋਰੀ ਲੈ ਕੇ ਦਰ ਦਰ ਭੀਖ ਮੰਗਣੀ ਪਵੇਗੀ। ਪਤੀਲੀ 'ਚ ਜੇਕਰ ਵੱਧ ਮਾਸ ਮਿਲ ਜਾਵੇ ਤਾਂ ਉਸ ਦੇ ਟੁਕੜੇ ਸੁਕਾ ਕੇ ਨਮਕ ਲਾ ਕੇ ਤੌਂਡੀ ਵਿਚ ਸਾਂਭ ਕੇ ਰੱਖ ਲਏ ਜਾਣਗੇ। ਫਿਰ ਮਾਂ ਨੇ ਉਸੇ ਦੋ ਟੁਕੜੇ ਭੁੰਨ ਕੇ ਦਿੱਤੇ ਹਨ... ਅਤੇ ਉਹ ਬੜੇ ਸਵਾਦ ਨਾਲ ਖਾ ਰਿਹਾ ਹੈ... ਇਹ ਦ੍ਰਿਸ਼ ਉਸਦੀਆਂ ਅੱਖਾਂ ਸਾਹਮਣੇ ਨੱਚ ਰਿਹਾ ਸੀ।

ਨਿਲਆ ਸਿਲਵਰ ਦੀ ਪਤੀਲੀ ਅਤੇ ਛੁਰੀ ਲੈ ਕੇ ਖੜਾ ਸੀ। 'ਪਡ' ਨੂੰ ਹੱਥ ਨਹੀਂ ਪੈ ਰਿਹਾ ਸੀ। ਚਾਰੇ ਪਾਸੇ ਹਫੜਾ ਦਫੜੀ ਪਈ ਹੋਈ ਸੀ। ਭੀੜ ਉਂਝ ਦੀ ਉਂਝ ਹੀ ਸੀ। ਥੋੜੀ ਜਿਹੀ ਥਾਂ ਦੇਖ ਕੇ ਨਿਲਆ ਅੰਦਰ ਵੜਨ ਦੀ ਕੋਸ਼ਿਸ਼ ਕਰਦਾ ਅਤੇ ਉਦੋਂ ਦੀ ਅੰਦਰ ਦਾ ਬੰਦਾ ਉਸ ਨੂੰ ਬਾਹਰ ਕੱਢ ਦਿੰਦਾ। 'ਪਡ' ਤੱਕ ਜਾਣ ਦੀ ਉਸ ਬਹੁਤ ਕੋਸ਼ਿਸ਼ ਕੀਤੀ ਪਰ ਬੇਅਰਥ...!

ਕਿਸ਼ਨਾ ਦਾ ਬਾਟਾ ਪੂਰੀ ਤਰ੍ਹਾਂ ਭਰ ਗਿਆ। ਗਰਦਨ ਚੁੱਕ ਕੇ ਉਸ ਨੇ ਵੇਖਿਆ। ਨਿਲਆ ਅਜੇ ਉਥੇ ਹੀ ਖੜਾ ਸੀ। ਉਸ ਉੱਤੇ ਕਿਸਨਆ ਨੂੰ ਤਰਸ ਆਇਆ। ਫਿਰ ਤੇਜੀ ਨਾਲ ਦੋ ਚਾਰ ਮਾਸ ਦੇ ਟੁਕੜੇ ਕੱਟ ਕੇ ਉਨ੍ਹਾਂ ਨੂੰ ਨਿਲਆ ਵੱਲ ਸੁੱਟਦਿਆਂ ਹੋਇਆ ਕਹਿਣ ਲੱਗਾ, "ਲੈ ਓਏ ਨਿਲਆ ਮਾਸ ਦੇ ਟੁਕੜੇ... ਪਤੀਲੀ ਵਿਚ ਭਰ ਲੈ ਸਾਲੇ.... ਉਏ ਟੁਕੜੇ ਮਿੱਟੀ ਵਿਚ ਡਿੱਗ ਪਏ। ਭੱਜ ਜਾਅ ਬੁੱਢੀ ਚੁੱਕਣ ਹੀ ਵਾਲੀ ਸੀ ਕਿ ਕਿਸ਼ਨਾ ਕਹਿਣ ਲੱਗਾ, "ਏ ਬੁੜੀਏ! ਲੈਣ ਦੇ ਉਸ ਨੂੰ।" ਨਿਲਆ ਨੇ ਬੋਟੀਆ ਚੁੱਕ ਕੇ ਪਤੀਲੀ ਵਿਚ ਪਾ ਦਿੱਤੀਆਂ। ਕਿਸ਼ਨਾ ਨੇ ਉਸ ਨੂੰ ਅੰਦਰ ਆਉਣ ਦੀ ਥਾਂ ਦੇ ਦਿੱਤੀ। ਪ੍ਰੰਤੂ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਧੱਕਾ ਮਾਰ ਕੇ ਫਿਰ ਤੋਂ ਬਾਹਰ ਕੱਢ ਦਿੱਤਾ ਗਿਆ।

ਪਡ ਦੀਆਂ ਹੁਣ ਕੇਵਲ ਹੱਡੀਆਂ ਦੀ ਬਚੀਆਂ ਸਨ। ਉਨ੍ਹਾਂ ਹੱਡੀਆਂ ਨੂੰ ਵੀ ਹੁਣ ਛਿੱਲ ਛਿੱਲ ਕੇ ਲੋਕ ਲੈਣ ਲੱਗੇ। ਲੋਕ ਲਹੂ ਨਾਲ ਇੰਝ ਰੰਗੇ ਗਏ ਸਨ ਕਿ ਲਗਦਾ ਸੀ ਹੌਲੀ ਖੇਡ ਰਹੇ ਹੋਣ। ਹੱਥ, ਪੈਰ, ਸਰੀਰ ਦੇ ਫਟੇ ਕੱਪੜੇ, ਮੂੰਹ ਨੱਕ, ਕੰਨ, ਸਿਰ ਦੇ ਵਾਲ਼ ਸਾਰੇ ਇਕ ਹੀ ਰੰਗ ਲਾਲ ਨਾਲ ਰੰਗੇ ਗਏ ਸਨ।

ਫਿਰ ਹਰ ਕੋਈ ਆਪਣੀ ਆਪਣੀ ਝੁੱਗੀ ਵੱਲ ਤੁਰ ਪਿਆ। ਹੱਥਾਂ, ਕੱਪੜਿਆਂ, ਮਿੱਟੀ ਦੇ ਭਾਂਢਿਆ, ਬਾਟੀਆਂ, ਧੋਤੀਆਂ ਵਿਚ ਜਿਵੇਂ ਕਿਸੇ ਦਾ ਸੂਤ ਲੱਗ ਰਿਹਾ ਸੀ ਉਹ ਲਹੂ ਨਾਲ ਲਥਪਥ ਮਾਸ ਲੈ ਕੇ ਜਾ ਰਹੇ ਸਨ।

ਬਾਅਦ ਵਿਚ ਕਾਂ, ਚੀਲਾਂ, ਇੱਲ੍ਹਾਂ ਦੀ ਵਾਰੀ ਸੀ। ਇਕ ਦਮ ਕੁੱਤੇ ਜਾਗ ਪਏ। ਅਤੇ ਹੱਡੀਆਂ ਦੇ ਇਸ ਢਾਂਚੇ ਉੱਤੇ ਟੁੱਟ ਪਏ। ਕਾਂਵਾ ਦੀ ਨਜ਼ਰ ਘਰ ਵੱਲ ਜਾਣ ਵਾਲੇ ਲੋਕਾਂ ਤੇ ਪਈ। ਕਾਂ ਭਾਂਢਿਆ ਉੱਤੇ ਅਕਾਸ਼ ਵਿਚ ਘੁੰਮਣ ਲੱਗੇ। ਨਜ਼ਰ ਬਚਾ ਕੇ ਇਕ ਅੱਧਾ ਮਾਸ ਦਾ ਟੁੱਕੜਾ ਚੁੰਝ ਵਿਚ ਲੈ ਕੇ ਕਾਂ,



ਚੀਲ ਦਰੱਖਤ ਉੱਤੇ ਬੈਠ ਜਾਂਦੇ ਤੇ ਫਿਰ ਘੁੰਮਣ ਲੱਗਦੇ। ਇਹ ਉਨ੍ਹਾਂ ਦੀ ਆਦਤ ਸੀ। ਇਕ ਹੱਥ ਨਾਲ ਸਿਰ ਦਾ ਭਾਂਢਾ ਸੰਭਾਲ ਕੇ ਦੂਜੇ ਹੱਥ ਵਿਚ ਛੁਰੀ ਅਤੇ ਲੱਕੜੀ ਉਪਰ ਨੂੰ ਘੁੰਮਾ ਕੇ ਕਾਂਵਾ ਅਤੇ ਇੱਲਾਂ ਨੂੰ ਡਰਾਉਣ ਦੀ ਅਸਫ਼ਲ ਕੋਸ਼ਿਸ਼ ਝੁੱਗੀਆਂ ਨੂੰ ਪਰਤਣ ਵਾਲੇ ਲੋਕ ਕਰ ਰਹੇ ਸਨ। ਇਸ ਤਰ੍ਹਾਂ ਦਾ ਭਾਰ ਸਿਰ ਉੱਤੇ ਲੈ ਕੇ ਸੰਤੁਲਨ ਬਣਾ ਕੇ ਚੱਲਣ ਦੀ ਉਨ੍ਹਾਂ ਨੂੰ ਆਦਤ ਪੈ ਗਈ ਸੀ।

ਨਿਲਆ ਕੁੱਤੇ ਨੂੰ ਭਜਾ ਰਿਹਾ ਸੀ। ਕੁੱਤੇ ਉਸ ਵੱਲ ਝਪਟਦੇ ਤਾਂ ਉਹ ਪੱਥਰ ਮਾਰਦਾ। ਚੀਲ ਅਤੇ ਇੱਲਾਂ ਨੂੰ ਵੀ ਪੱਥਰ ਮਾਰਦਾ। ਨਿਲਆ ਬਚੇ-ਖੁਚੇ ਮਾਸ ਨੂੰ ਛੁਰੀ ਨਾਲ ਬੜੇ ਜੋਰ ਨਾਲ ਕੱਟ ਰਿਹਾ ਸੀ। ਉਂਝ ਕਿਸ਼ਨਾ ਨੇ ਜਿਹੜਾ ਮਾਸ ਉਸ ਨੂੰ ਦਿੱਤਾ ਸੀ। ਉਹ ਚੰਗਾ ਸੀ। ਬਾਕੀ ਤਾਂ ਹੱਡੀਆਂ ਹੀ ਬਚੀਆਂ ਸਨ। ਐਨੇ ਨੂੰ ਇਕ ਕਾਂ ਕੰਕਾਲ ਦੇ ਮੂੰਹ ਉੱਤੇ ਬੈਠ ਉਸ ਨੇ ਪਡ ਦੀ ਅੱਖ ਚੁੰਢ ਮਾਰ ਕੇ ਪਾੜ ਦਿੱਤੀ। ਉਸਨੂੰ ਭਜਾਉਂਦਿਆਂ ਸਮੇਂ ਨਿਲਆ ਦਾ ਧਿਆਨ ਅਚਾਨਿਕ ਗਾਂ ਦੀ ਜੀਭ ਵੱਲ ਗਿਆ। ਜੀਭ ਬਾਹਰ ਨੂੰ ਨਿਕਲੀ ਹੋਈ ਸੀ।

ਉਹ ਸੋਚਣ ਲੱਗਾ ਕਿ ਸਾਰਿਆਂ ਦੀਆਂ ਨਜ਼ਰਾਂ ਤੋਂ ਇਹ ਕਿਵੇਂ ਬਚ ਗਈ? ਹੋ ਸਕਦਾ ਹੈ ਗਾਂ ਨੇ ਮੇਰੇ ਲਈ ਇਹ ਲਕੋ ਕੇ ਰੱਖੀ ਹੋਵੇ। ਉਸ ਨੇ ਜੋਰ ਲਾ ਕੇ ਜੀਭ ਕੱਟ ਕੇ ਪਤੀਲੀ ਵਿਚ ਪਾ ਦਿੱਤੀ। ਐਨੇ ਨੂੰ ਦੋ ਕੁੱਤਿਆਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਲੜਾਈ ਸਮੇਂ ਇਕ ਕੁੱਤੇ ਦੇ ਮੂੰਹ ਵਿਚੋਂ ਹੱਡੀ ਡਿੱਗ ਪਈ ਸੀ। ਨਿਲਆ ਨੇ ਜ਼ੋਰ ਨਾਲ ਪੱਥਰ ਮਾਰ ਕੇ ਦੋਹਾਂ ਨੂੰ ਭਜਾ ਦਿੱਤਾ। ਅਤੇ ਉਸ ਹੱਢੀ ਦੇ ਟੁੱਕੜੇ ਨੂੰ ਪਤੀਲੀ ਵਿਚ ਪਾ ਦਿੱਤਾ। ਜਿਨਾ ਕੁਝ ਇਕੱਠਾ ਹੋਇਆ ਓਨਾ ਹੀ ਬਹੁਤ ਹੈ। ਇਹ ਸੋਚ ਕੇ ਉਹ ਉੱਠ ਪਿਆ। ਛੁਰੀ ਵੀ ਪਤੀਲੀ ਵਿਚ ਰੱਖ ਦਿੱਤੀ। ਪਤੀਲੀ ਹੱਡੀਆਂ ਨਾਲ ਹੀ ਭਰੀ ਹੋਈ ਸੀ। ਉਸ ਨੇ ਪਤੀਲੀ ਸਿਰ ਉੱਤੇ ਰੱਖ ਲਈ ਅਤੇ ਉਹ ਘਰ ਵੱਲ ਤੁਰ ਪਿਆ। ਪ੍ਰੰਤੂ ਚੀਲ, ਕਾਂ ਅਤੇ ਇੱਲਾ ਕੁੱਤੇ ਉਸ ਉੱਤੇ ਝਪਟਣ ਲੱਗੇ। ਕਾਂ ਉੱਪਰ ਪਤੀਲੀ ਉੱਤੇ ਝਪਟਣ ਲੱਗੇ। ਕੰਡਿਆ ਵਾਲੀ ਟਾਹਣੀ ਲੈ ਕੇ ਉਹ ਉਸ ਨੂੰ ਉਡਾਉਣ ਲੱਗਾ। ਇਕ ਇੱਲ੍ਹ ਉਸ ਦੀ ਪਤੀਲੀ ਉੱਤੇ ਝਪਟ ਪਈ। ਪਲ ਭਰ ਨਿਲਆ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਫਿਰ ਵੀ ਉਹ ਸੰਭਲ ਗਿਆ। ਅਤੇ ਦੌੜਨ ਲੱਗਾ। ਇਹ ਦੇਖ ਕੇ ਕੁੱਤੇ ਵੀ ਭੌਂਕਣ ਲੱਗੇ। ਸਭ ਤੋਂ ਬਚਦੇ ਹੋਏ ਉਹ ਦੌੜਨ ਲੱਗਾ। ਇਸ ਦੌੜ ਭੱਜ ਵਿਚ ਉਸਦਾ ਪੈਰ ਕੰਡਿਆ ਦੀ ਟਾਹਣੀ ਉੱਤੇ ਰੱਖ ਹੋ ਗਿਆ। ਪੈਰ ਵਿਚ ਕੰਡੇ ਚੁੱਭ ਗਏ। ਇੱਲ੍ਹਾਂ ਨੇ ਫਿਰ ਤੋਂ ਉਸ ਦਾ ਪਿੱਛਾ ਕੀਤਾ ਅਤੇ ਪਤੀਲੀ ਉੱਤੇ ਝਪਟ ਪਈਆਂ। ਪੈਰ ਵਿਚ ਕੰਡਿਆ ਦੀ ਚੁੱਭਨ ਅਤੇ ਉਪਰ ਇੱਲ੍ਹਾਂ ਤੇ ਕਾਂਵਾ ਦੇ ਹਮਲੇ ਤੋਂ ਪਰੇਸ਼ਾਨੀ ਨਾਲ ਉਹ ਸੰਤੁਲਿਨ ਖੋਹ ਬੈਠਾ ਅਤੇ ਪਤੀਲੀ ਕੰਡਿਆ ਦੀਆਂ ਟਾਹਣੀਆਂ ਵਿਚ ਮੂਧੇ ਮੂੰਹ ਡਿੱਗ ਗਈ। ਕੰਡਿਆ ਦੀਆਂ ਝਾੜੀਆਂ ਵਿਚ ਮਾਸ ਅਤੇ ਹੱਡੀਆਂ ਦੇ ਟੁੱਕੜੇ ਮਿੱਟੀ ਵਿਚ ਡਿੱਗ ਚੁੱਕੇ ਸਨ। ਉਨ੍ਹਾਂ ਉੱਤੇ ਕੁੱਤੇ ਝਪਟਣ ਲੱਗੇ। ਕਾਂ ਅਤੇ ਇੱਲ੍ਹਾਂ ਕਾਂ ਕਾਂ ਕਰਨ ਲੱਗੇ ਅਤੇ ਮਾਸ ਦੇ ਟੁਕੜੇ ਲੈ ਕੇ ਉਡਣ ਲੱਗੇ ਅਤੇ ਕੁੱਤੇ ਹੱਡੀਆਂ ਲੈ ਕੇ ਭੱਜਣ ਲੱਗੇ। ਨਿਲਆ ਉਨ੍ਹਾਂ ਨੂੰ ਭਜਾ ਰਿਹਾ ਸੀ। ਕੰਡੇ ਚੁੱਭਣ ਦੇ ਕਾਰਨ ਪੈਰਾਂ ਵਿਚ ਲਹੂ ਵਹਿ ਰਿਹਾ ਸੀ। ਅੱਗੇ ਤੁਰਿਆ ਨਹੀਂ ਜਾ ਰਿਹਾ ਸੀ। ਪ੍ਰੰਤੂ ਤੁਰਨਾ ਤਾਂ ਜ਼ਰੂਰੀ ਸੀ। ਪਤੀਲੀ ਦੇ ਨੇੜੇ ਜਾ ਕੇ ਸਾਰਾ ਖਿੱਲਰਿਆ ਪਿਆ ਮਾਸ ਇਕੱਠਾ ਕਰਕੇ ਮੁੜ ਪਤੀਲੀ ਵਿਚ ਭਰਨਾ ਜ਼ਰੂਰੀ ਸੀ। ਉਹ ਹੌਲੀ ਜਿਹੀ ਪਤੀਲੀ ਦੇ ਕੋਲ ਗਿਆ। ਪਤੀਲੀ ਸਿੱਧੀ ਰੱਖ ਦਿੱਤੀ। ਫਿਰ ਦੋਵਾਂ ਹੱਥਾਂ ਨਾਲ ਮਿੱਟੀ ਨਾਲ ਲਿਬੜੇ ਹੋਏ ਮਾਸ ਦੇ ਟੁਕੜਿਆ ਦੀ ਮਿੱਟੀ ਪੂੰਝ ਕੇ ਪਤੀਲੀ ਵਿਚ ਪਾਉਣ ਲੱਗਾ। ਧੂੜ ਨਾਲ ਲਿਬੜੀਆਂ ਹੋਈਆਂ ਹੱਡੀਆਂ ਪਾਉਂਦੇ ਸਮੇਂ ਉਹ ਆਪਣੇ ਪੈਰਾਂ ਦਾ ਦੁੱਖ ਦਰਦ ਭੁੱਲਣ ਲੱਗਾ ਸੀ। ਉਪਰ ਕਾਂ, ਚੀਲ, ਇੱਲਾ, ਮੰਡਰਾ ਰਹੀਆਂ ਸਨ। ਕੁੱਤੇ ਭੌਂਕ ਰਹੇ ਸਨ। ਅਤੇ ਨਿਲਆ... ਆਪਣੀ ਪਤੀਲੀ ਭਰਨ ਵਿਚ ਰੁੱਝਿਆ ਹੋਇਆ ਸੀ। ✪

## ਬਦਲਾ / - ਯੋਗਿੰਦਰ ਮੇਸ਼ਰਾਮ (Yagendra Meshram)

ਗੁਣਵੰਤ ਕਦੀ ਕਦੀ ਆਪਣੀ ਜਨਮ ਭੌਂਇੰ ਨੂੰ ਵੇਖਣ ਵੀ ਆਉਂਦਾ ਹੁੰਦਾ ਸੀ। ਮਾਂ ਨੂੰ ਮਿਲਣ ਦੇ ਲਈ ਜਾਂ ਵੱਡੇ ਭਰਾ-ਭਾਬੀ ਨੂੰ ਵੇਖਣ ਦੇ ਲਈ। ਪ੍ਰੰਤੂ ਪਿਛਲੇ ਮਹੀਨੇ ਤੋਂ ਉਹ ਨਹੀਂ ਗਿਆ ਸੀ। ਮਾਂ ਅਤੇ ਭਾਬੀ ਵਿਚ ਹੋਈ ਲੜਾਈ ਤੇ ਨਰਾਜਗੀ ਕਾਰਨ ਉਹ ਨਹੀਂ ਗਿਆ ਸੀ। ਪਿਛਲੀ ਵਾਰ ਉਨ੍ਹਾਂ ਦੋਹਾਂ ਵਿਚ ਬਹੁਤ ਵੱਡਾ ਝਗੜਾ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਵੀ...। ਇਕ ਹਫ਼ਤਾ ਪਹਿਲਾ ਮਾਮੇ ਦੀ ਮੌਤ ਦੀ ਖ਼ਬਰ ਮਿਲੀ, ਉਦੋਂ ਉਹ ਮਿਲ ਆਇਆ। ਉਹ ਬਹੁਤ ਦੁੱਖੀ ਹੋਇਆ। ਘਰ ਦੇ ਨਿੱਤ ਦੇ ਕਲੇਸ਼ ਕਾਰਨ ਭਰਾ ਨੂੰ ਵੱਖਰਾ ਰਹਿਣਾ ਪੈ ਰਿਹਾ ਸੀ, ਉਸ ਘਰ ਦੇ ਇਕ ਮਕਾਨ ਵਿਚ। ਇਕ ਘਰ ਵਿਚ ਦੋ ਦੋ ਚੁੱਲ੍ਹੇ ... ਗੁਣਵੰਤ ਨੂੰ ਬਹੁਤ ਬੁਰਾ ਲੱਗਾ।

ਹੁਣ ਮਾਂ ਅਤੇ ਜਨੀ (ਭੈਣ) ਦੀ ਜ਼ਿੰਮੇਵਾਰੀ ਉਸ ਉੱਤੇ ਆਉਣ ਵਾਲੀ ਸੀ। ਉਂਝ ਤਾਂ ਉਹ ਪਹਿਲਾਂ ਹੀ ਪੈਸੇ ਭੇਜ ਕੇ ਜਿਨੀ ਸਹਾਇਤ ਹੋ ਸਕੇ ਕਰਦਾ ਹੀ ਰਹਿੰਦਾ ਸੀ। ਭਰਾ ਸਮਝਦਾਰ, ਮਿਲਣਸਾਰ ਅਤੇ ਮਿਹਨਤੀ ਸੀ। ਉਹ ਮਾਂ-ਭੈਣ ਦੀ ਜ਼ਿੰਮੇਵਾਰੀ ਨਿਭਾਉਣ ਵਾਲਾ ਹੀ ਸੀ। ਪਰੰਤੂ ਹੁਣ ਉਸ ਨੂੰ ਭੈਣ ਦੀ ਚਿੰਤਾ ਵਧੇਰੇ ਸੀ। ਉਹ ਭਰ ਜਵਾਨ, ਸੁੰਦਰ ਪਰ ਬੇਸਮਝ ਸੀ। ਜੇਕਰ ਉਸ ਕੋਲ ਸਿੱਖਿਆ ਦੇ ਸੰਸਕਾਰ ਹੁੰਦੇ...! ਉਨ੍ਹਾਂ ਸੰਸਕਾਰਾਂ ਕਾਰਨ ਆਦਮੀ ਸੁੰਦਰ ਅਤੇ ਸਿਆਣਾ ਬਣ ਜਾਂਦਾ ਹੈ। ਹੁਣ ਉਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ। ਪਰੰਤੂ ਰਿਸ਼ਤਾ ਕਿੱਥੇ ਕੀਤਾ ਜਾਵੇ? ਉਹ ਇਸ ਚਿੰਤਾ ਵਿਚ ਸੀ ਅਤੇ ਇਸੇ ਸਮੇਂ ਮਾਂ ਤੇ ਭਰਾ ਨੇ ਭੈਣ ਦੇ ਸੰਬੰਧ ਵਿਚ ਸੁਨੇਹਾ ਭੇਜਿਆ ਸੀ। ਕੋਈ ਉਸ ਨੂੰ ਪਸੰਦ ਕਰ ਗਿਆ ਹੈ। ਬਾਅਦ ਵਿਚ ਪਤਾ ਲੱਗਾ ਕਿ ਉਹ ਅਗਲੇ ਐਤਵਾਰ ਨੂੰ ਮੰਗਣੀ ਦੇ ਲਈ ਆਉਣ ਵਾਲੇ ਹਨ। ਉਸ ਨੂੰ ਬਹੁਤ ਖ਼ੁਸ਼ੀ ਹੋਈ।

ਗੁਣਵੰਤ ਆਪਣੀ ਪਤਨੀ ਅਤੇ ਬੱਚਿਆਂ ਨੂੰ ਲੈ ਕੇ ਇਕ ਦਿਨ ਪਹਿਲਾਂ ਹੀ ਪਿੰਡ ਗਿਆ। ਉਨ੍ਹਾਂ ਨੂੰ ਵੇਖ ਕੇ ਮਾਂ ਅਤੇ ਭੈਣ ਨੂੰ ਬਹੁਤ ਖੁਸ਼ੀ ਹੋਈ। ਭੈਣ ਦੇ ਤਾਂ ਧਰਤੀ 'ਤੇ ਪੈਰ ਹੀ ਨਹੀਂ ਲੱਗ ਰਹੇ ਸਨ। ਭਰਾ ਗੁਣਵੰਤ ਦੇ ਦੋ ਸਾਲ ਦੇ ਬੱਚੇ ਨੂੰ ਉਹ ਵਾਰ ਵਾਰ ਚੁੰਮੀ ਜਾ ਰਹੀ ਸੀ। ਉਸ ਨੂੰ ਲੈ ਕੇ ਉਹ ਮੋਰ ਵਾਂਗ ਨੱਚਣ ਲੱਗੀ।

ਐਤਵਾਰ ਦੇ ਦਿਨ ਸਾਝਰੇ ਤੋਂ ਹੀ ਸੁਕੇਸ਼ਿਨੀ ਭਾਬੀ ਨੇ ਨਣਦ ਦੀ ਸਹਾਇਤਾ ਨਾਲ ਘਰ-ਬਾਹਰ ਵਿਹੜੇ ਦੀ ਸਫ਼ਾਈ ਕਰਨੀ ਸ਼ੁਰੂ ਕਰ ਦਿੱਤੀ। ਇਹ ਕੰਮ ਕਰਦਿਆਂ ਜਿਉਂ ਜਿਉਂ ਦਿਨ ਚੜ੍ਹ ਰਿਹਾ ਸੀ, ਭੈਣ ਦੀ ਚੰਚਲ ਜਵਾਨੀ ਦੀ ਸੁੰਦਰਤਾ ਵਿਚ ਹੋਰ ਨਿਖਾਰ ਆ ਰਿਹਾ ਸੀ। ਦੂਜੀਆਂ ਕੁੜੀਆਂ ਵਾਂਗ ਮੇਰਾ ਵੀ ਵਿਆਹ ਹੋਵੇਗਾ, ਇਸ ਕਲਪਨਾ ਦਾ ਆਨੰਦ ਉਸ ਦੇ ਚਿਹਰੇ ਉੱਤੇ ਪਸਰ ਰਿਹਾ ਸੀ। ਉਸ ਦਾ ਦਿਲ ਤੇਜ਼ ਵੀ ਧੜਕਦਾ ਸੀ... ਆਖਿਰ ਇਹ ਵਿਆਹ ਕੀ ਸ਼ੈਅ ਹੈ... ਇਸਤਰੀ -ਪੁਰਸ਼ ਦੀ ਜੋੜੀ ਕਿਸ ਲਈ? ਨਿੱਕੇ ਨਿਆਣੇ ਜਾਂ ਸੰਸਾਰ ਲਈ ਜਾਂ ਹੋਰ ਵੀ ਕੋਈ ਉਦੇਸ਼ ਹੈ? ਫਿਰ ਉਹ ਇਕੱਲੀ ਸ਼ੀਸ਼ੇ ਅੱਗੇ ਖੜ ਕੇ ਆਪਣੇ ਆਪ ਨੂੰ ਆਪਣੀ ਸੁੰਦਰਤਾ ਨੂੰ ਵੇਖ ਕੇ ਖੁਸ਼ ਹੁੰਦੀ ਸੀ। ਸਾਰਾ ਸਰੀਰ ਰੁਮਾਂਸ ਨਾਲ ਭਰ ਜਾਂਦਾ ਸੀ। ਪ੍ਰੰਤੂ ਉਸ ਦੇ ਮਨ ਅੰਦਰ ਪੈਦਾ ਹੁੰਦੇ ਸਾਰੇ ਸਵਾਲਾ ਦਾ ਜਵਾਬ ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਤਾਂ ਵੀ ਇਕ ਬੇਚੈਨੀ ਉਸ ਦੇ ਮਨ ਅੰਦਰ ਪੈਦਾ ਹੋ ਰਹੀ ਸੀ। ਵਿਆਹ... ਔਰਤ-ਮਰਦ ਮਿਲਾਪ ਦਾ 'ਹਿਸਾਬ' ਉਸ ਦੇ ਮਨ ਨੂੰ ਸਵਾਦ ਨਾਲ ਭਰੀ ਜਾ ਰਿਹਾ ਸੀ।



ਉਂਝ ਉਹ ਕੱਲ੍ਹ ਤੋਂ ਆਪਣੇ ਆਪ ਵਿਚ ਖੋਹੀ ਹੋਈ... ਸੋਚਾ ਵਿਚ ਘਿਰੀ... ਬੇਜਾਨ ...ਉਸ ਦਾ ਸਾਰਾ ਵਿਹਾਰ ਤੇ ਚਾਲ-ਢਾਲ ਗੁਣਵੰਤ ਤਾੜ ਰਿਹਾ ਸੀ। ਮੈਲ਼ੇ ਕੁਚੈਲੇ ਕੱਪੜਿਆਂ ਵਿਚ ਰਹਿਣ ਵਾਲੀ ਭੈਣ ਸੁੰਦਰ ਸੀ।

ਘਰ ਦੀ ਸਫ਼ਾਈ ਤੋਂ ਬਾਅਦ ਉਹ ਬਹੁਤ ਦੇਰ ਤੱਕ ਨਹਾਉਂਦੀ ਰਹੀ। ਫਿਰ ਦਾਦਾ ਵੱਲੋਂ ਲਿਆਂਦੀ ਨਵੀਂ ਸਾੜੀ ਅਤੇ ਉਸ ਨਾਲ ਗੱਲਾਂ ਕਰਦਿਆਂ ਲਾ ਰਹੀ ਸੀ। ਐਨੇ ਨੂੰ ਗੁਣਵੰਤ ਇਕਦਮ ਬਾਹਰ ਤੋਂ ਅੰਦਰ ਆ ਵੜਿਆ। ਆਪਣੀ ਪਤਨੀ ਨੂੰ ਕਹਿਣ ਦੇ ਲਈ ਅਚਾਨਿਕ ਅੰਦਰ ਵੜਿਆ। ਪਰੰਤੂ ਭੈਣ ਨੂੰ ਇਕ ਨੁਕਰੇ ਸਾੜੀ ਲਾਉਂਦਿਆਂ ਅੱਧ ਢਕੀ ਵੇਖ ਕੇ ਤੁਰੰਤ ਵਾਪਸ ਪਰਤ ਗਿਆ ਅਤੇ ਗੇਂਦੇ ਦੇ ਪੂਰੇ ਖਿੜੇ ਫੁੱਲਾਂ ਨੂੰ ਵੇਖਣ ਲੱਗ ਪਿਆ। ਪਤਨੀ ਨੂੰ ਸੁਣਾ ਕੇ ਉਸ ਨੇ ਕਿਹਾ, 'ਸੁਕੇਸ਼ਿਨੀ! ਭੈਣ ਦੇ ਲਈ ਪੰਜ-ਛੇ ਫੁੱਲਾਂ ਦਾ ਹਾਰ ਤਿਆਰ ਕਰਵਾ ਕੇ ਰੱਖ ਲੈ...। ਅਤੇ ਉਹ ਪ੍ਰਹੁਣਿਆਂ ਦੀ ਉਡੀਕ ਕਰਨ ਲਈ ਏਧਰ ਉਧਰ ਫਿਰਨ ਲੱਗ ਪਿਆ।

ਵੱਡਾ ਭਰਾ ਸੰਮਪਤ ਸਾਝਰੇ ਹੀ ਗੁਵਾਂਢੀ ਪਿੰਡ ਗਿਆ ਹੋਇਆ ਸੀ। ਰਿਸ਼ਤੇਦਾਰਾਂ ਨੂੰ ਸੱਦਾ ਦੇਣ ਦੇ ਲਈ। ਉਹ ਕੱਲ੍ਹ ਤੋਂ ਜਾਣ ਬੁੱਝ ਕੇ ਡਿਊਟੀ ਉੱਤੇ ਨਹੀਂ ਗਿਆ ਸੀ। ਪਤਨੀ ਨੂੰ ਵੀ ਉਸ ਮਨ੍ਹਾ ਕਰ ਦਿੱਤਾ ਸੀ। ਗੁਣਵੰਤ ਨੇ ਮਿਹਣਾ ਮਾਰਿਆ ਸੀ ਕਿ ਭਾਬੀ ਘਰ ਵਾਲਿਆਂ ਨਾਲ ਘੁੱਲਦੀ ਮਿਲਦੀ ਨਹੀਂ ਹੈ। ਆਪਣੀ ਸੱਸ ਨਾਲ ਤਾਂ ਉਹ ਗੱਲ ਵੀ ਨਹੀਂ ਕਰਦੀ। ਕੱਲ੍ਹ ਤੋਂ ਸੁਕੇਸ਼ਿਨੀ ਨਾਲ ਉਸਦੀ ਗੱਲਬਾਤ ਨਾ ਮਾਤਰ ਹੀ ਹੋਈ ਸੀ।

ਫੁੱਲ ਤੋੜਦੀ ਹੋਈ ਸੁਕੇਸ਼ਿਨੀ ਨੂੰ ਦੇਖ ਕੇ ਗੁਣਵੰਤ ਨੇ ਕਿਹਾ, "ਤੂੰ ਤਾਂ ਛੋਟੀ ਏਂ, ਵੱਡੀ ਭਾਬੀ ਨੂੰ ਬੁਲਾਉਣਾ ਤੇਰਾ ਫਰਜ਼ ਹੈ।" ਸੁਕੇਸ਼ਿਨੀ ਉਂਝ ਸਿੱਧੀ-ਸਾਦੀ ਅਤੇ ਮਿਲਣਸਾਰ ਲੱਗਦੀ ਸੀ। ਪ੍ਰੰਤੂ ਅੰਦਰੋਂ ਉਹਨੂੰ ਆਪਣੀ ਵਿਦਿਆ ਅਤੇ ਸ਼ਹਿਰੀਪਨ ਦਾ ਘਮੰਡ ਵੀ ਸੀ। ਇਸ ਨੂੰ ਗੁਣਵੰਤ ਜਾਣਦਾ ਸੀ। ਹੁਣ ਵੀ ਉਹ ਇਸ ਨੂੰ ਲਕੋ ਨਾ ਸਕੀ।

" ...ਹੂੰ।"

"ਹੂੰ ਕੀ ਏ?"

"ਮੈਨੂੰ ਕੀ ਲੋੜ ਏ ? ਉਹ ਤਾਂ ਪਹਿਲਾਂ ਤੋਂ ਹੀ ਮੇਰੇ ਵਿਰੁੱਧ ਏ।"

"ਪਹਿਲਾਂ ਵਾਲੀਆਂ ਗੱਲਾਂ ਛੱਡ ਦੇ ਅਤੇ ਜਾ ਕੇ ਭਾਬੀ ਨੂੰ ਸੱਦ ਕੇ ਲਿਆ। ਜਾਹ ਵੀ।"

" ਸੱਦ ਤਾਂ ਲਿਆਵਾਗੀ ਪਰ ਉਹ ਐਵੇਂ ਓਪਰੀਆਂ ਜਿਹੀਆਂ ਗੱਲਾਂ ਕਰਦੀ ਰਹਿੰਦੀ ਹੈ। "

"ਫਿਰ ਤਾਂ ਜੋ ਮਨ ਵਿਚ ਆਇਆ ਬੋਲੀ ਜਾ। ਜਾਹ ਐਵੇਂ ਫ਼ਜ਼ੂਲ ਦੀ ਬਕ ਬਕ ਕਰੀ ਜਾਂਦੀ ਏਂ।"

ਪ੍ਰੰਤੂ ਸੁਕੇਸ਼ਿਨੀ ਭਾਬੀ ਦੇ ਵੱਲ ਜਾਣ ਦੀ ਬਜਾਇ ਘਰ 'ਚ ਵੜ ਗਈ... ਭਾਬੀ ਦੇ ਮੁਕਾਬਲੇ ਇਹ ਕਿਹੜੀ ਘੱਟ ਹੈ।

ਹੁਣ ਸੰਪਤ ਵੀਰ ਵੀ ਆ ਗਿਆ। ਬੁੱਢੀ ਸੋਮੀ ਭੂਆ ਨੂੰ ਸਹਾਰਾ ਦੇ ਕੇ ਉਹ ਲੈ ਆਇਆ। ਗੁਣਵੰਤ ਨੂੰ ਬੜੀ ਖੁਸ਼ੀ ਹੋਈ। ਪਿਤਾ ਜੀ ਦੇ ਦਿਹਾਂਤ ਤੋਂ ਕਈ ਮਹੀਨਿਆਂ ਬਾਅਦ ਉਸ ਨਾਲ ਮਿਲਾਪ ਹੋਇਆ ਸੀ। ਭੂਆ ਨੇ ਉਸ ਨੂੰ ਵਾਰ ਵਾਰ ਚੁੰਮਿਆ। ਥੋੜ੍ਹੀ ਹੀ ਦੇਰ ਵਿਚ ਸੱਤ ਅੱਠ ਪ੍ਰਾਹੁਣੇ ਆ ਗਏ। ਘਰ ਵਿਚ ਔਰਤਾਂ ਦੀ ਹਲਚਲ ਸ਼ੁਰੂ ਹੋ ਗਈ। ਸਾਰਾ ਘਰ ਜਿਵੇਂ ਭਰ ਗਿਆ ਹੋਵੇ। ਦੋਹਾਂ ਭਰਾਵਾਂ ਨੇ ਪ੍ਰਾਹੁਣਿਆਂ ਦਾ ਸਵਾਗਤ ਕੀਤਾ। ਐਵੇਂ ਏਧਰ-ਉਧਰ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਗੁਣਵੰਤ ਨੂੰ ਮੁੰਡਾ ਪਸੰਦ ਆ ਗਿਆ। ਉਹ ਜਵਾਨ ਅਤੇ ਸਿਆਣਾ ਲੱਗਾ। ਪੜ੍ਹਿਆ ਲਿਖਿਆ ਤਾਂ ਸੀ ਹੀ। ਨੌਕਰੀ ਕਰਕੇ ਕਮਾਈ ਵੀ ਕਰ ਰਿਹਾ ਸੀ। ਉਸ ਦੀਆਂ ਗੱਲਾਂ ਤੋਂ ਲੜਕੀ ਦੀ ਪੜ੍ਹਾਈ ਦੇ ਸਬੰਧ ਵਿਚ ਥੋੜ੍ਹੀ ਜਿਹੀ

ਨਰਾਜਗੀ ਮਹਿਸੂਸ ਹੋ ਰਹੀ ਸੀ। ਪਰ ਉਹ ਖੁਸ਼ ਸੀ। ਪ੍ਰਾਹੁਣੇ ਤਿਆਰੀ ਕਰਕੇ ਹੀ ਆਏ ਸਨ।

ਅਤੇ ਹੁਣ ਸਮਾਂ ਹੋ ਗਿਆ ਸੀ। ਵੱਡੇ ਭਰਾ ਨੂੰ ਪ੍ਰਾਹੁਣਿਆ ਦੇ ਕੋਲ ਬੈਠਾ ਕੇ ਗੁਣਵੰਤ ਅੰਦਰ ਵੜ ਗਿਆ। ਸੁਕੇਸ਼ਿਨੀ ਅਤੇ ਭੈਣ ਕੁਝ ਖਾਣ ਲਈ ਬਣਾ ਰਹੀਆਂ ਸਨ ਮਾਂ ਅਤੇ ਭੂਆ ਗੱਲਾਂ ਕਰ ਰਹੀਆਂ ਸਨ। ਉਸ ਨੂੰ ਵੇਖ ਕੇ ਮਾਂ ਨੇ ਕਿਹਾ-

"ਕਿਉਂ ਵੇ ... ਤੂੰ ਕੁਝ ਵੇਖ ਰਿਹਾ ਏ ਕਿ... ਉਹ?"

"ਦੇਖਿਆ ਤੂੰ ਕੁਝ, ਅੱਜ ਐਨਾ ਵੱਡਾ ਕਾਜ ਚਲ ਰਿਹਾ ਹੈ ਅਤੇ ਉਹ ਵੱਡੀ ਨੂੰਹ ਦਾ ਅਜੇ ਤੱਕ ਘਰ ਵਿਚ ਪੈਰ ਨਹੀਂ ਪਿਆ। ਤੂੰ ਜਾ ਕੇ ਆ ਉਸ ਨੂੰ ਬੁਲਾ ਕੇ ਆ, ਜਾ ਮੇਰਾ ਪੁੱਤ। ਆਖਰ ਉਹ ਘਰ ਦੀ ਵੱਡੀ ਨੂੰਹ ਹੈ।"

"ਝਗੜਾ ਤਾਂ ਤੇਰਾ ਹੈ ਨਾ... ਤੂੰ ਵੀ ਬਹੁਤ ਚੰਦਰੀ ਏਂ... ਬਹੁਤ ਲੜਦੀ ਰਹਿੰਦੀ ਏਂ।" ਗੁਣਵੰਤ ਕਹਿ ਗਿਆ।

ਮਾਂ ਇਸ ਤਰ੍ਹਾਂ ਮੈਨੂੰ ਕਿਉਂ ਕਹਿ ਰਹੀ ਸੀ ਉਹ ਸਾਰਾ ਕੁਝ ਜਾਣਦਾ ਸੀ। ਉਸਦੀਆਂ ਇਕ ਵਾਰ ਅੱਖਾਂ ਭਰ ਆਈਆਂ।

"ਜੋ ਹੋ ਗਿਆ ਉਸ ਨੂੰ ਭੁੱਲ ਜਾ। ਇਸੇ ਕਲੇਸ਼ ਵਿਚ ਤੇਰਾ ਪਿਓ ਮਰ ਗਿਆ। ਬਹੁਤ ਕਸ਼ਟ ਝੱਲ ਕੇ ਤੇਰੀ ਮਾਂ ਨੇ ਤੁਹਾਨੂੰ ਪਾਲਿਆ।" ਸੋਮੀ ਭੂਆ ਨੇ ਮਾਂ ਦੇ ਪਿਆਰ ਨੂੰ ਚੇਤੇ ਕਰਕੇ ਕਿਹਾ, "ਜਣੀ... ਏ ਜਣੀ... ਤੂੰ ਹੀ ਜਾਹ... ਇਹ ਤੇਰਾ ਕੰਮ ਹੈ... ਤੇਰਾ ਵਿਆਹ ਹੈ... ਜਿੱਦ ਨਾ ਕਰ, ਤੂੰ ਕਿਉਂ ਨਹੀਂ ਜਾ ਰਹੀ? ਸਾਰਿਆਂ ਨਾਲ ਪਿਆਰ ਨਾਲ ਰਹੀਦਾ ਹੈ ਪੁੱਤ। ਜਾਹ ਮੇਰੀ ਧੀ ਪਿਆਰ ਨਾਲ ਉਹ ਲੈ ਆ। ਜਾਹ ਪੁੱਤ ਜਾਹ...?"

ਐਨੇ ਪਿਆਰ ਨੂੰ ਵੇਖ ਕੇ ਅਤੇ ਮਾਂ ਦੀਆਂ ਅੱਖਾਂ ਵਿਚ ਅੱਥਰੂ ਵੇਖ ਕੇ ਜਣੀ ਦਾ ਗਲ਼ ਭਰ ਆਇਆ। ਅਤੇ ਉਹ ਅੱਥਰੂ ਕੇਰਦੀ ਹੋਈ, ਅੱਖਾਂ ਪੂੰਝਦੀ ਹੋਈ, ਵੱਡੀ ਭਾਬੀ ਦੇ ਵੱਲ ਚਲੇ ਗਈ।

ਹੁਣ ਸਮਾਂ ਹੋ ਚੁੱਕਾ ਸੀ। ਸਾਰੀ ਤਿਆਰੀ ਹੋ ਚੁੱਕੀ ਸੀ। ਬਸਤੀ ਦੇ ਗੁਵਾਂਢੀ ਲੋਕ ਜ਼ਮਾ ਹੋ ਚੁੱਕੇ ਸਨ। ਅਤੇ ਸ਼ਾਮ ਨੂੰ ਮੰਗਣੀ ਦਾ ਕਾਰਜ ਪੂਰਾ ਹੋ ਗਿਆ। ਖਾਣ ਪੀਣ... ਪਰੰਤੂ ਪ੍ਰਮਾਤਮਾ ਜਾਣਦਾ ਹੈ ਜਣੀ ਅੰਤ ਤੱਕ ਭੁੱਬਾ ਮਾਰ ਮਾਰ ਕੇ ਉੱਚੀ ਉੱਚੀ ਕਿਉਂ ਰੋ ਰਹੀ ਸੀ।

ਵਿਆਹ ਦਾ ਦਿਨ ਡੇਢ ਮਹੀਨੇ ਬਾਅਦ ਪੱਕਾ ਤਹਿ ਹੋ ਗਿਆ। ਦੂਜੇ ਦਿਨ ਪ੍ਰਾਹੁਣਿਆ ਨੂੰ ਤੋਰਿਆ ਗਿਆ। ਫਿਰ ਪਤਨੀ ਨੂੰ ਉਥੇ ਹੀ ਛੱਡ ਕੇ ਗੁਣਵੰਤ ਇਕੱਲਾ ਆਪਣੀ ਡਿਊਟੀ ਦੇ ਲਈ ਸ਼ਹਿਰ ਤੁਰ ਗਿਆ।

ਅਤਿ ਦੀ ਗਰਮੀ ਸ਼ੁਰੂ ਹੋ ਚੁੱਕੀ ਸੀ। ਬੋਧ-ਪੁਰਨਮਾ ਨੂੰ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ। ਅਤੇ ਮਸਾਂ ਪੰਦਰਾਂ ਵੀਹ ਦਿਨ ਦਾ ਸਮਾਂ ਰਹਿੰਦਾ ਸੀ। ਗੁਣਵੰਤ ਨੇ ਸਾਹੂਕਾਰਾਂ ਕੋਲੋਂ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਕਾਫੀ ਪੈਸੇ ਇਕੱਠੇ ਹੋਣ ਉਪਰੰਤ ਲੰਮੀ ਛੁੱਟੀ ਲੈ ਕੇ ਉਹ ਪਿੰਡ ਵੱਲ ਤੁਰ ਪਿਆ। ਪਿੰਡ ਦੀ ਸੜਕ ਅਜੇ ਪੱਕੀ ਨਹੀਂ ਬਣੀ ਸੀ। ਓਬੜ-ਖਾਬੜ ਰਸਤਾ ਸੀ। ਜਲਦੀ ਪਹੁੰਚਣ ਦੇ ਲਈ ਉਸ ਨੇ ਸਾਇਕਲ ਲਈ ਸੀ। ਪਿੰਡ ਦੇ ਨੇੜੇ ਜਾਣ ਤੋਂ ਬਾਅਦ ਇਕ ਜੀਪ ਹੌਲੀ-ਹੌਲੀ ਪਿੰਡ ਵੱਲ ਜਾਂਦੀ ਹੋਈ ਦਿਖਾਈ ਦਿੱਤੀ। ਜੀਪ ਦੇ ਪਿਛਲੇ ਹਿੱਸੇ ਵਿਚ ਇਕ ਗੋਰਾ ਹੈਟ ਵਾਲਾ ਸਾਹਿਬ ਬੈਠਾ ਹੋਇਆ ਸੀ। ਉਸ ਵੱਲ ਉਹ ਵੇਖਦਾ ਹੀ ਰਿਹਾ। ਉਹ ਗੋਰਾ ਪੁਰਾਣੀ ਪਛਾਣ ਵਾਲਾ ਕਦੇ ਕਦੇ ਕਿਤੇ ਦੇਖਿਆ ਹੋਇਆ ਲੱਗਾ ਪ੍ਰੰਤੂ ਠੀਕ ਤਰ੍ਹਾਂ ਯਾਦ ਨਹੀਂ ਆ ਰਹੀ।

ਭਰਾ ਆਇਆ ਹੋਇਆ ਵੇਖ ਕੇ ਸਾਰਿਆਂ ਨੂੰ ਖੁਸ਼ੀ ਹੋਈ। ਜਣੀ ਭੈਣ ਨੂੰ ਭਾਬੀ ਦੇ ਨੇੜੇ ਬੈਠ ਕੇ



ਕੁਝ ਲਿਖਦੀ ਹੋਈ ਦੇਖ ਕੇ ਗੁਣਵੰਤ ਨੂੰ ਬੜੀ ਖੁਸ਼ੀ ਤੇ ਹੈਰਾਨੀ ਹੋਈ। ਉਹ ਭੈਣ ਵੱਲ ਹੈਰਾਨ ਹੋ ਕੇ ਦੇਖਦਾ ਹੀ ਰਿਹਾ। "ਜਣੀ! ਦੀ ਉਸਤਾਦ ਬਹੁਤ-ਬਹੁਤ ਵਧਾਈ ਤੇ ਧੰਨਵਾਦ।" ਉਸ ਨੇ ਅਜੀਬ ਆਵਾਜ਼ ਨਾਲ ਪਤਨੀ ਦੀ ਤਰੀਫ਼ ਕੀਤੀ। 'ਦੇਖੋ ਜੀ! ਮੈਂ ਨਹੀਂ ... ਏਥੇ ਅਚਾਨਿਕ ਹੀ ਬਾਲਗ ਸਿੱਖਿਆ ਦੀਆਂ ਜਮਾਤਾਂ ਸ਼ੁਰੂ ਹੋ ਗਈਆਂ। ਮੈਂ ਜਣਾ ਬਈ ਨੂੰ ਪ੍ਰੇਰਨਾ ਦੇ ਕੇ ਤਿਆਰ ਕਰ ਲਿਆ। ਐਵੇਂ ਮਾੜੀ ਜਿਹੀ ਕੋਸ਼ਿਸ਼ ਕੀਤੀ। ਇਹ ਬਜ਼ਰਗ ਤਾਂ ਸੀ ਨਹੀਂ ਪ੍ਰੰਤੂ ਮਾਸਟਰ ਸਾਹਿਬ ਦੀ ਬੇਨਤੀ ਕਰਕੇ ਕਿਸੇ ਤਰ੍ਹਾਂ ਨਾਲ ਉਸ ਦਾ ਨਾਂ ਦਾਖਿਲ ਕਰਵਾ ਦਿੱਤਾ। ਹੁਣ ਤਾਂ ਦੇਖੋ ਕਿਵੇਂ ਮਨ ਲਾ ਕੇ ਪੜ੍ਹ ਲਿਖ ਰਹੀ ਹੈ। ਹੁਣ ਤਾਂ ਜਵਾਈ ਸਾਹਿਬ ਖੁਸ਼ ਹੋਣਗੇ ਜਾਂ ਨਹੀਂ?" ਜਣੀ ਵੱਲ ਵੇਖ ਕੇ ਸੁਕੇਸ਼ਿਨੀ ਨੇ ਕਿਹਾ। ਉਹ ਸ਼ਰਮਾ ਕੇ 'ਕੱਠੀ ਹੋ ਗਈ।

ਹੁਣ ਉਸ ਦੇ ਚਿਹਰੇ ਅਤੇ ਰਹਿਣ ਸਹਿਣ ਵਿਚ ਤਬਦੀਲੀ ਆ ਚੁੱਕੀ ਸੀ। ਉਹ ਸਾਫ਼-ਸੁਥਰੀ ਲੱਗ ਰਹੀ ਸੀ। ਪਹਿਲਾ ਨਾਲੋਂ ਸਿਆਣੀ। ਚਿਹਰਾ ਖਿੱਚ ਭਰਿਆ। ਥੋੜ੍ਹੀ ਜਿਹੀ ਨਜ਼ਾਕਤ ਪ੍ਰੰਤੂ ਬਹੁਤ ਸੁੰਦਰ ਲੱਗ ਰਹੀ ਸੀ।

"ਬਈ ਵਾਹ! ਚੰਗਾ ਹੋਇਆ। ਬਾਲਗ ਸਿੱਖਿਆ ਨੇ ਤੈਨੂੰ ਖੂਬ ਪੜ੍ਹਾ ਦਿੱਤਾ। ਦੇਖਾਂ ਤਾਂ, ਤੂੰ ਆਪਣਾ ਅਤੇ ਆਪਣੇ ਪਿੰਡ ਦਾ ਨਾਂ ਲਿਖ ਸਕਦੀ ਏਂ ਕਿ...?"

"ਵੀਰ ਜੀ ਹੁਣ ਤਾਂ ਕਲਾਸਾ ਵੀ ਬੰਦ ਹੋਣ ਵਾਲੀਆਂ ਹਨ। ਸੁਣਿਆ ਹੈ ਕਿ ਕੱਲ੍ਹ ਜਾਂ ਪਰਸੋਂ ਸਾਡੀ ਬਾਲਗ ਸਿੱਖਿਆ ਸਕੂਲ ਦਾ ਉਦਘਾਟਨ ਹੈ।" ਸੁਕੇਸ਼ਿਨੀ ਦੇ ਨਾਲ ਉਸ ਨੂੰ ਹਾਸਾ ਆ ਗਿਆ।

"ਕਮਲੀਏ! ਉਦਘਾਟਨ ਨਹੀਂ ਸਮਾਗਮ ਹੋਵੇਗਾ।"

"ਹਾਂ ਹਾਂ, ਅਤੇ ਮੈਨੂੰ ਇਨਾਮ ਵੀ ਮਿਲਣ ਵਾਲਾ ਹੈ।" ਨਿੱਕੀ ਬੱਚੀ ਵਾਂਗ ਜਣੀ ਨੇ ਬੜੀ ਖੁਸ਼ੀ ਨਾਲ ਦੱਸਿਆ।

"ਕਿਸ ਦੇ ਹੱਥੋਂ ਮਿਲਣ ਵਾਲਾ ਹੈ?" ਭਾਬੀ ਨੇ ਪੁੱਛਿਆ, "ਮੈਨੂੰ ਕੀ ਪਤਾ! ਕੋਈ ਜ਼ਿਲ੍ਹੇ ਦਾ ਸਿੱਖਿਆ ਅਧਿਕਾਰੀ ਆਉਣ ਵਾਲਾ ਹੈ।"

"ਅੱਛਾ!!" ਗੁਣਵੰਤ ਨੂੰ ਰਸਤੇ ਵਿਚ ਦੇਖੇ ਹੋਏ ਸਾਹਿਬ ਦਾ ਚੇਤਾ ਆਇਆ। ਉਹ ਤਾਂ ਆਪਣੀ ਜਾਣ ਪਛਾਣ ਦਾ ਹੈ। ਪਰ ਉਸ ਨੂੰ ਇਕ ਵਾਰ ਵੇਖਣਾ ਹੋਵੇਗਾ। ਉਸ ਨੇ ਇਰਾਦਾ ਕੀਤਾ।

ਸ਼ਾਮ ਦੇ ਸਮੇਂ ਜਣੀ ਲਿਖੀ ਹੋਈ ਫੱਟੀ ਅਤੇ ਪੁਸਤਕ ਲੈ ਕੇ ਸਕੂਲ ਵਿਚ ਗਈ। ਕੁਝ ਦੇਰ ਬਾਅਦ ਗੁਣਵੰਤ ਵੀ ਸਾਹਿਬ ਨਾਲ ਜਾਣ-ਪਛਾਣ ਕਰਨ ਦੇ ਲਈ ਉਥੇ ਗਿਆ। ਪ੍ਰੰਤੂ ਉਥੇ ਜਾਣ 'ਤੇ ਪਤਾ ਲੱਗਿਆ ਸਾਹਿਬ ਗੁਵਾਂਢ ਦੇ ਛੇਅ ਪਿੰਡ ਗਏ ਹਨ ਅਤੇ ਉਹ ਕੱਲ੍ਹ ਆ ਕੇ ਇਥੋਂ ਦਾ ਸਮਾਗਮ ਪੂਰਾ ਕਰਨ ਵਾਲੇ ਹਨ।

ਦੂਜਾ ਦਿਨ ਚੜ੍ਹ ਗਿਆ। ਅੱਜ ਬਾਲਗ ਸਿੱਖਿਆ ਦੇ ਨਤੀਜ਼ੇ ਅਤੇ ਇਨਾਮ ਸਨਮਾਨ ਦਾ ਦਿਨ ਸੀ। ਸਮਾਗਮ ਦਾ ਪ੍ਰਬੰਧ ਅਤੇ ਸਮਾਗਮ ਕਰਨ ਦੇ ਲਈ ਜ਼ਿਲ੍ਹਾ ਵਿਕਾਸ ਅਧਿਕਾਰੀ ਹਾਜ਼ਿਰ ਸੀ। ਸ਼ਾਮ ਦੇ ਸਮੇਂ ਮੁਕੱਦਮ ਪਟੇਲ ਦੇ ਬਾੜੇ ਵਿਚ ਸਾਰੇ ਪੜ੍ਹਨ ਵਾਲੇ ਲੋਕ ਇਕੱਠੇ ਹੋ ਗਏ। ਸਮਾਗਮ ਨੂੰ ਵੇਖਣ ਵਾਲੇ ਵੀ ਸਨ। ਉਨ੍ਹਾਂ ਵਿਚ ਜਣੀ ਅਤੇ ਉਸ ਦੀਆਂ ਸਾਥਣਾ ਕੁਝ ਕੁੜੀਆਂ ਅਤੇ ਔਰਤਾਂ ਵੀ ਸਨ। ਕੁਝ ਆਦਮੀ ਵੀ ਸਨ। ਬਾੜੇ ਦੇ ਸਾਹਮਣੇ ਵਾਲੇ ਵਿਹੜੇ ਵਿਚ ਸਾਰੇ ਬੈਠ ਗਏ। ਟੇਬਲ ਕੁਰਸੀ ਦੇ ਨੇੜੇ ਤਿੰਨ ਚਾਰ ਅਧਿਆਪਕ, ਸਰਪੰਚ, ਪੁਲਿਸ-ਪਟੇਲ, ਮੁਕੱਦਮ ਆਦਿ ਸਾਰੇ ਇਕੱਠੇ ਹੋਏ ਸਨ। ਸਾਰੇ ਵਿਦਿਆਰਥੀਆਂ ਨੇ ਉੱਠ ਕੇ ਉਨ੍ਹਾਂ ਦਾ ਸਨਮਾਨ ਕੀਤਾ।

ਸਾਰਿਆਂ ਤੋਂ ਪਹਿਲਾਂ ਪ੍ਰੀਖਿਆ ਦਾ ਨਤੀਜਾ ਸੁਣਾਇਆ ਗਿਆ। ਜਣੀ ਪਹਿਲੀ ਕਲਾਸ ਵਿਚੋਂ

ਪਹਿਲੇ ਸਥਾਨ ਉੱਤੇ ਆਈ। ਉਸ ਨੂੰ ਬਹੁਤ ਖੁਸ਼ੀ ਹੋਈ। ਬਾਅਦ ਵਿਚ ਸਰਟੀਫਿਕੇਟ ਅਤੇ ਇਨਾਮ ਦਿੱਤੇ ਗਏ। ਜਣੀ ਨੂੰ ਇਨਾਮ ਮਿਲਿਆ। ਉਸ ਨੂੰ ਵੇਖ ਕੇ ਸਾਹਿਬ ਬਹੁਤ ਖੁਸ਼ ਹੋਏ। ਉਸ ਨੇ ਬਹੁਤ ਤਰੀਫ਼ ਕੀਤੀ। ਫਿਰ ਉਹ ਭਾਸ਼ਣ ਦੇਣ ਲਈ ਉੱਠ ਪਿਆ। ..."ਵੱਧ ਤੋਂ ਵੱਧ ਲੋਕਾਂ ਦੇ ਸਿੱਖਿਅਤ ਹੋਣ ਉੱਤੇ ਹੀ ਸਾਡੇ ਦੇਸ਼ ਦੀ ਤਰੱਕੀ ਨਿਰਭਰ ਹੈ। ਮਾਨਸਿਕ, ਬੌਧਿਕ, ਸਭਿਆਚਾਰਕ ਵਿਕਾਸ ਕਰਨ ਵਾਲੀ ਸਿੱਖਿਆ ਉੱਤੇ ਹੀ ਦੇਸ਼ ਦੀ ਇੱਜ਼ਤ ਮਾਣ ਨਿਰਭਰ ਹੈ। ਤੁਸੀਂ ਔਰਤਾਂ ਨੇ ਦੇਸ਼ ਦੀ ਯੋਜਨਾ ਸਫ਼ਲ ਕਰ ਦਿੱਤੀ ਹੈ। ਇਸ ਗੱਲ ਦੀ ਸਾਨੂੰ ਸਾਰਿਆਂ ਨੂੰ ਬਹੁਤ ਖੁਸ਼ੀ ਹੈ। ਪੇਂਡੂ ਗਰੀਬਾਂ ਵਿਚ, ਦਲਿਤਾਂ ਵਿਚ ਅਤੇ ਖੇਤ ਮਜ਼ਦੂਰਾਂ ਵਿਚ ਅਨਪੜ੍ਹਤਾ ਵੱਡੀ ਪੱਧਰ ਉੱਤੇ ਹੈ। ਲੋਕਾਂ ਦੀ ਇਸ ਅਗਿਆਨਤਾ ਦੇ ਕਾਰਨ ਹੀ ਘਟੀਆਂ ਕੰਮ ਅਤੇ ਲੜਾਈ ਝਗੜੇ ਦੀਆਂ ਘਟਨਾਵਾਂ ਆਮ ਤੌਰ ਉੱਤੇ ਦੇਖੀਆਂ ਜਾਂਦੀਆਂ ਹਨ। ਇਸ ਦਾ ਵੱਡਾ ਕਾਰਨ ਸਿੱਖਿਆ ਦੀ ਅਣਹੋਂਦ ਅਤੇ ਦੂਜਾ ਕਾਰਨ ਧਾਰਮਿਕ ਅੰਧ ਵਿਸ਼ਵਾਸ ਅਤੇ ਪਿਛਾਂਹ ਖਿੱਚੂ ਰੀਤਾਂ ਦੇ ਸਬੰਧ ਵਿਚ ਲੋਕਾਂ ਦੀ ਸਰਧਾ। ਇਸ ਲਈ ਪਹਿਲਾਂ ਧਰਮ ਉੱਤੇ ਸਰਧਾ ਰੱਖੋ। ਧਰਮ ਸਾਸ਼ਤਰ ਦੀ ਆਗਿਆ ਦਾ ਪਾਲਣ ਕਰੋ। ਉਹ ਸਾਰਾ ਕੁਝ ਪ੍ਰਮਾਤਮਾ ਦੀ ਕ੍ਰਿਪਾ ਹੈ। ਉਸੇ ਤਰ੍ਹਾਂ ਹੀ ਸਾਡੀਆਂ ਧਾਰਮਿਕ ਮਾਨਤਾਵਾਂ ਅਤੇ ਪ੍ਰੰਪਰਾਵਾਂ ਦੇ ਅਨੁਸਾਰ ਜਿਵੇਂ ਤੁਸੀਂ ਪਹਿਲਾਂ ਰਹਿੰਦੇ ਸੀ ਉਸੇ ਤਰ੍ਹਾਂ ਰਹੋ, ਜਿੱਥੇ ਤੱਕ ਸੰਭਵ ਹੋ ਸਕੇ ਆਪਣੀ ਆਪਣੀ ਪੱਧਰ 'ਤੇ ਪਿਆਰ ਨਾਲ ਰਹੋ। ਕਿਸੇ ਨੇ ਆਪਣੀ ਮਰਿਯਾਦਾ ਨਹੀਂ ਛੱਡੀ ਤਾਂ ਝਗੜਾ ਕਿਵੇਂ ਹੋਵੇਗਾ। ... ਪੇਂਡੂ ਭਰਾਵਾਂ ਨੂੰ ਸਭ ਤੋਂ ਪਹਿਲਾਂ ਜ਼ਰੂਰੀ ਸਮਝ ਕੇ ਮੈਂ ਇਹ ਗੱਲ ਦੱਸੀ ਹੈ। ਐਨੀ ਤਬਦੀਲੀ ਹੋਈ ਹੈ... ਸਭ ਦਾ ਧੰਨਵਾਦ!!" ਸਾਹਿਬ ਦਾ ਭਾਸ਼ਣ ਸੁਣ ਕੇ ਸਰਪੰਚ, ਪਟੇਲ ਅਤੇ ਹੋਰ ਲੋਕ ਖੁਸ਼ ਹੋਏ।

ਦੂਜੇ ਦਿਨ ਸਵੇਰੇ ਸਾਹਿਬ ਜਾਣ ਵਾਲੇ ਸੀ। ਪ੍ਰੰਤੂ ਉਨ੍ਹਾਂ ਉੱਤੇ ਖੁਸ਼ ਹੋਏ ਪਿੰਡ ਵਾਲਿਆ ਦੀ ਬੇਨਤੀ ਨੂੰ ਉਹ ਟਾਲ ਨਾ ਸਕੇ। ਪਟੇਲ ਨੇ 'ਪੇਸ਼ਲ ਪਾਰਟੀ' ਦਾ ਅਤੇ ਇਕੱਠਿਆ ਖਾਣਾ ਖਾਣ ਦਾ ਪ੍ਰਬੰਧ ਕੀਤਾ। ਅਤੇ ਇਸ ਖਾਸ ਗੱਲ ਦੇ ਲਈ ਸਾਹਿਬ ਰੁਕਣ ਦੇ ਲਈ ਤਿਆਰ ਹੋ ਗਏ। ਮੁਕੱਦਮ ਨੇ ਪਟੇਲ ਦੇ ਕੰਨ ਵਿਚ ਕੁਝ ਘੁਸਰ ਮੁਸਰ ਕੀਤੀ। ਪਟੇਲ ਹੱਸਿਆ ਅਤੇ ਵਾਅਦਾ ਕੀਤਾ ਗਿਆ।

ਗੁਣਵੰਤ ਵੀ ਸਮਾਗਮ ਵੇਖਣ ਆਇਆ ਸੀ। ਉਸ ਨੇ ਉਸ ਸਾਹਿਬ ਨੂੰ ਪਛਾਣ ਲਿਆ। ਉਹ ਉਸ ਦਾ ਹਮ ਉਮਰ ਹੀ ਸੀ। ਜਵਾਨ! ਚਿਹਰੇ ਤੋਂ ਰੋਹਬਦਾਰ। ਮੋਟਾ ਤਾਜਾ। ਟਮਾਟਰ ਦੇ ਰੰਗ ਵਰਗਾ ਲਾਲ ਚਮੜੀ ਵਾਲਾ। ਉਸ ਨੂੰ ਲੱਗਾ ਸੀ ਕਿ ਉਹ ਹੁਣੇ ਹੀ ਸਾਹਿਬ ਬਣਿਆ ਹੈ। ਵੱਡਾ ਹੋਇਆ ਹੈ। ਮਿਲਣ ਗਿਲਣ ਵਿਚ ਤਬਦੀਲੀ ਆਈ ਹੋਵੇਗੀ। ਪੜ੍ਹਿਆ ਹੈ। ਇਸ ਲਈ ਉਸ ਨੂੰ ਉਹ ਮਿਲਣਾ ਚਾਹੁੰਦਾ ਸੀ। ਪ੍ਰੰਤੂ ਉਸ ਦਾ ਭਾਸ਼ਣ ਸੁਣ ਕੇ ਗੁਣਵੰਤ ਦੀ ਇੱਛਾ ਖਤਮ ਹੋ ਗਈ। ਗੱਲ ਬਹੁਤ ਰੜਕਦੀ ਰਹੀ। ਕਿਸ ਤਰ੍ਹਾਂ ਹੈ ਇਹ ਸਾਹਿਬ। ਇਹ ਜ਼ਿੰਮੇਵਾਰ ਸਰਕਾਰੀ ਅਧਿਕਾਰੀ ਜਾਤ-ਪਾਤ ਰਹਿਤ, ਧਰਮ ਨਿਰਪੱਖ ਰਾਜ ਦਾ ਕਰਤਾ ਧਰਤਾ। ਪ੍ਰੰਤੂ ਇਹ ਹੀ ਅਨਪੜ੍ਹ ਲੋਕਾਂ ਵਿਚ ਭੇਦ ਭਾਵ ਦੀ ਨੀਤੀ ਦਾ ਬੀਜ ਬੀਜਦੇ ਹਨ। ਉਨ੍ਹਾਂ ਨੂੰ ਪੜ੍ਹਾਉਂਦੇ ਹਨ। ਸਮਾਜ ਸੁਧਾਰ ਕਿਵੇਂ ਹੋਵੇਗਾ। ਇਹ ਧਰਮ ਸ਼ਰਧਾ ਨਾ ਹੋ ਕੇ, ਨਾ ਸਮਝ ਲੋਕਾਂ ਉੱਤੇ ਲੱਦਿਆ ਹੋਇਆ ਧਰਮ ਸ਼ਾਸਤਰ ਹੈ। ਮਰ ਚੁੱਕੀਆਂ ਧਾਰਮਿਕ ਰੂੜੀਆਂ, ਪੁਰਾਣੇ ਰੀਤੀ ਰਿਵਾਜ਼ ਅਤੇ ਜਾਤ-ਪਾਤ ਦੀ ਭਾਵਨਾ ਸਮਾਜ ਦੇ ਮਨ ਵਿਚ ਫਿਰ ਤੋਂ ਜੀਵਤ ਕਰਨਾ... ਜਾਗ੍ਰਿਤ ਕਰਨਾ .... ਇਹੀ ਸਿੱਖਿਆ ਦਾ ਉਦੇਸ਼ ਹੈ, ਤਾਂ ਇਸ ਦੇਸ਼ ਵਿਚ ਲੋਕ ਤੰਤਰ ਮੁੱਲਾਂ ਦੀ ਸਥਾਪਨਾ ਕਦੀ ਨਹੀਂ ਹੋ ਸਕਦੀ। ... ਨਵਾਂ ਗਿਆਨ ਅਤੇ ਨਵਾਂ ਵਿਗਿਆਨ ਇਕ ਪਾਸੇ ਅਤੇ ਇਹ ਅਧਿਕਾਰੀ, ਇਸ ਸਮਾਜ, ਇਹ ਦੇਸ਼ ਅਗਿਆਨੀ ਅਤੇ ਅੰਧਵਿਸ਼ਵਾਸ ਦੀ ਬੁਨਿਆਦ ਉੱਤੇ ਅੱਖਾਂ ਬੰਦ ਕਰੀ ਗਹਿਰੇ ਹਨੇਰੇ ਵਿਚ ਖੜਾ ਹੈ। ਨਹੀਂ ਤਾਂ ਕੀ? ਹਾਂ ਸਾਹਿਬ... ਸਾਰੇ ਵਿਰੋਧੀ ਵਿਚਾਰਾ ਦੀ ਇਹੀ ਰੰਗਾ ਹੈ। ਇਹੀ ਉਹ ਅਜੀਬ



ਪ੍ਰਵਿਰਤੀ ਹੈ।

ਝਗੜੇ... ਦੁਰਾਚਾਰ... ਅੱਤਿਆਚਾਰ... ਅੱਤਿਆਚਾਰ ਦਾ ਮੁੱਖ ਕਾਰਨ... ਉਹ ਉਸ ਸਾਹਿਬ ਦੇ ਬਾਰੇ ਵਿਚ ਸੋਚਦਾ ਹੋਇਆ ਹੀ ਘਰ ਪਹੁੰਚਿਆ। ਉਹ ਅੱਖਾਂ ਅੱਗੇ ਹੱਟ ਨਹੀਂ ਰਿਹਾ ਸੀ, ਉਹੀ ਉਹ...

... ਉਹ ਨੇੜੇ ਦੇ ਪਿੰਡ ਬਿਸਾਪੁਰ ਦੇ ਬਾਲਾਰਾਮ ਭੁਸਾਰੀ ਪਟੇਲ ਦਾ ਮੁੰਡਾ ਸਾਰੰਗ ਸੀ। ਖੂਬਸੂਰਤ। ਤੰਦਰੁਸਤ। ਪ੍ਰਾਈਮਰੀ ਤੋਂ ਬਾਅਦ ਦੀ ਪੜ੍ਹਾਈ ਦੇ ਲਈ ਉਹ ਦੋਵੇਂ ਮਿਲ ਕੇ ਨੇੜੇ ਦੇ ਸ਼ਹਿਰ ਵਿਚ ਜਾਇਆ ਕਰਦੇ ਸਨ। ਇਕ ਹੀ ਜਮਾਤ ਵਿਚ ਹੁੰਦੇ ਹੋਏ ਵੀ ਉਹ ਦੋਵੇਂ ਇਕ ਦੂਜੇ ਦੇ ਦੋਸਤ ਕਦੇ ਨਹੀਂ ਬਣੇ ਸੀ। ਬਚਪਨ ਤੋਂ ਹੀ ਉਸ ਨਾਲ ਕੋਈ ਸੁਰ ਨਹੀਂ ਮਿਲਦੀ ਸੀ।

... ਅਪ੍ਰੈਲ ਦਾ ਮਹੀਨਾ ਸੀ। ਤਿੱਖੀ ਧੁੱਪ ਵਿਚ ਕੱਚੇ ਰਸਤੇ ਉੱਤੇ ਨੰਗੇ ਪੈਰ ਤੁਰਿਆ ਹੋਇਆ ਗੁਣਾ ਪਿਆਸ ਨਾਲ ਬੇਹਾਲ ਸੀ। ਸੜਕ ਦੇ ਦੂਜੇ ਪਾਸੇ ਕੁਝ ਹੀ ਦੂਰੀ ਉੱਤੇ ਭੁਸਾਰੀ ਪਟੇਲ ਦਾ ਸੰਤਰੇ ਦਾ ਬਾਗ ਸੀ। ਉਸ ਨੇ ਸੜਕ ਉੱਤੇ ਇਕ ਵਾਰ ਪਿੱਛੇ ਮੁੜ ਕੇ ਵੇਖਿਆ। ਅਤੇ ਉਹ ਪਾਣੀ ਪੀਣ ਦੀ ਆਸ ਨਾਲ ਭੱਜਦਾ ਹੋਇਆ ਉਧਰ ਨਿਕਲ ਤੁਰਿਆ। ਖੇਤ ਦੇ ਉਸ ਪਾਰ ਨੇੜੇ ਹੀ ਇਕ ਬੁੱਢਾ ਬੈਠਾ ਹੋਇਆ ਸੀ।

"ਬਾਬਾ! ਮੈਨੂੰ ਪਾਣੀ ਦਿਓਂਗੇ? ... ਬਹੁਤ ਪਿਆਸ ਲੱਗੀ ਹੈ।"

"ਕੌਣ ਹੋ ਬੇਟੇ ਸਕੂਲ ਦੇ ਬੱਚੇ ਹੋ ਕੀ?" ਬੁੱਢੇ ਨੇ ਉਸ ਨੂੰ ਵੇਖਣ ਦੀ ਕੋਸ਼ਿਸ਼ ਕੀਤੀ।

ਚਿਹਰਾ ਪਸੀਨੇ ਨਾਲ ਤਰ, ਤੇਜ਼ ਅੱਖਾਂ, ਦੁਬਲਾ ਪਤਲਾ ਸ਼ਰੀਰ ਅਤੇ ਸਿੱਧੀ ਤਿੱਖੀ ਨੱਕ... ਮਰਾਠਾ ਜਾਤੀ ਦਾ ਹੋਵੇਗਾ। ਧੁੱਪ ਨਾਲ ਕਿਵੇਂ ਬੇਹਾਲ ਹੋ ਗਿਆ ਹੈ ਮੁੰਡਾ। ਮੋਢੇ ਉੱਤੇ ਐਨਾ ਭਰਾ ਬਸਤਾ। ਬਹੁਤ ਥੱਕਿਆ ਹੋਇਆ... ਬੁੱਢੇ ਨੂੰ ਤਰਸ ਆ ਗਿਆ। ਘੜੇ ਵੱਲ ਇਸ਼ਾਰਾ ਕਰਦਿਆਂ ਉਸ ਨੇ ਕਿਹਾ, 'ਉੱਥੇ ਜਾ ਕੇ ਘੜੇ ਦਾ ਪਾਣੀ ਪੀ ਲੈ।" ਗੁਣਾ ਤੁਰੰਤ ਉਥੇ ਪਹੁੰਚਿਆ ਅਤੇ ਘੜਾ ਚੁੱਕ ਕੇ ਮੂੰਹ ਨੂੰ ਲਾ ਲਿਆ। ਐਨੇ ਨੂੰ-

ਸਕੂਲ ਛੁੱਟੀ ਹੋਣ ਤੇ ਦੁਕਾਨ ਵਿਚ ਰੁਕਿਆ ਹੋਇਆ ਸਾਰੰਗ ਅੱਜ ਜ਼ਰਾ ਦੇਰ ਨਾਲ ਆਇਆ। ਉਸਦੇ ਨਾਲ ਤਿੰਨ ਚਾਰ ਹੋਰ ਸਾਥੀ ਸਨ। ਉਹ ਬਾਗ ਉਸ ਦਾ, ਭਾਵ ਕਿ ਉਸ ਦੇ ਪਿਓ ਦਾ ਸੀ। ਉਸ ਨੇ ਪਾਣੀ ਪੀਂਦੇ ਹੋਏ ਗੁਣਾ ਨੂੰ ਦੂਰ ਤੋਂ ਦੇਖਿਆ। ਦੇਖਦੇ ਹੀ ਉਹ ਬੁੱਢੇ ਨੂੰ ਗੁੱਸੇ ਵਿਚ ਕਹਿਣ ਲੱਗਾ, "ਉਏ ਬੁੱਢੇ! ਉਹ ਕੌਣ ਹੈ ਪਤਾ ਹੈ ਤੈਨੂੰ?" ਇਕ ਦਮ ਘਬਰਾ ਕੇ ਗੁਣਾ ਨੇ ਘੜਾ ਥੱਲੇ ਰੱਖ ਦਿੱਤਾ ਅਤੇ ਕਸੂਰਵਾਰ ਵਾਂਗ ਥੱਲੇ ਦੇਖਦਾ ਹੋਇਆ ਖੜਾ ਰਿਹਾ।

ਬੁੱਢੇ ਨੇ ਖੜੇ ਹੋ ਕੇ ਪੁੱਛਿਆ , 'ਕੌਣ?"

ਫਿਰ ਤੋਂ ਦੇਖਦੇ ਹੋਇਆ ਉਹ ਚੀਕਿਆ, "ਉਏ ਮੁੰਡਿਆ ਤੂੰ ਕੌਣ ਏਂ?" ਬੁੱਢੇ ਨੂੰ ਯਕੀਨ ਨਹੀਂ ਹੋ ਰਿਹਾ ਸੀ। ਪ੍ਰੰਤੂ ਅੰਦਰ ਹੀ ਅੰਦਰ ਤਰਸ ਨਾਲ ਉਸਦਾ ਦਿਲ ਪਸੀਜ਼ ਰਿਹਾ ਸੀ। ਉਸਨੇ ਸਾਰੰਗ ਦੇ ਵੱਲ ਦੇਖਿਆ ਅਤੇ ਸਾਰੰਗ ਨੇ ਪੱਥਰ ਮਾਰ ਦਿੱਤਾ-

"ਉਏ ਪੁੱਛ ... ਪੁੱਛ ਉਸ ਨੂੰ ਹੀ।" ਪੂਰੇ ਗੁੱਸੇ ਨਾਲ ਗੁਣਾ ਦੇ ਵੱਲ ਮੁੜ ਕੇ ਉਸ ਨੇ ਕਿਹਾ, "ਹੁਣ ਤਾਂ ਦੱਸ ਦੇ... ਦੱਸ ਨਾ... ਬ੍ਰਾਹਮਣ... ਮਰਾਠਾ ਏਂ ? ਜਾਂ... ਬਹੁਤ ਹੁਸ਼ਿਆਰੀ ਦਿਖਾਦਾ ਏਂ ਨਾ, ਬ੍ਰਾਹਮਣ ਦੇ ਮੁਹਰੇ।"

ਗੁਣਾ ਕੇਵਲ ਡਰ ਅਤੇ ਦਹਿਸ਼ਤ ਨਾਲ ਕੰਬਣ ਲੱਗਾ। ਉਸ ਨੇ ਉੱਪਰ ਧੌਣ ਕੀਤੀ। ਉਸ ਦੇ ਸਿਰ ਦੀਆਂ ਨਾੜਾ ਵਿਚ ਬਿਜਲੀ ਫਿਰ ਗਈ। ਉਸਨੇ ਪੁੱਛਣਾ ਚਾਹਿਆ, "ਮੈਂ ਅਜਿਹਾ ਕਿਹੜਾ ਗੁਨਾਹ ਕੀਤਾ ਸੀ? ਤੇਰੇ ਬਾਗ ਵਿਚ ਆ ਕੇ ਪਾਣੀ ਪੀਤਾ ਐਨਾ ਹੀ ਨਾ। " ਪ੍ਰੰਤੂ ਉਸਨੇ ਗੁੱਸੇ ਨਾਲ ਭਰੀਆਂ ਹੋਈਆਂ ਨਜ਼ਰਾ ਨਾਲ ਇਕ ਵਾਰ ਸਾਰੰਗ ਨੂੰ ਦੇਖਿਆ। ਅਤੇ ਬੁੱਢੇ ਨੂੰ ਹੁਣ ਪੂਰਾ ਯਕੀਨ ਹੋ ਗਿਆ।

ਦਯਾ ਧਰਮ ਦੀ ਦ੍ਰਿਸ਼ਟੀ ਹੁਣ ਕੇਵਲ ਪੱਥਰ ਹੋ ਗਈ ਹੈ। ਉਸ ਉੱਤੇ ਹਨੇਰਾ ਛਾ ਗਿਆ... ਕੁੱਬਾ ਹੋਇਆ ਬੁੱਢਾ ਕਠੋਰ ਬਣ ਗਿਆ। ਹੁਣ ਉਸ ਦੀ ਆਵਾਜ਼ ਤੇਜ਼ ਹੋ ਗਈ। "ਸੱਚ ਹੀ ਮੈਨੂੰ ਧੋਖਾ ਦਿੱਤਾ ਹੈ? ... ਕਿਉਂ ਉਏ ਸੱਚ ਸੱਚ ਦੱਸ... ਮਾਂਗ ਏਂ ਜਾਂ ਘੇਡ?... ਜਾਂ ਢੋਰ? ... ਚਮਾਰ? ਮੈਂ ਕਹਿੰਦਾ ਹਾਂ ਦੱਸ...??"

"ਹੁਣ ਆਏਗਾ ਮਜ਼ਾ।" ਕਹਿੰਦੇ ਹੋਏ ਸਾਰੰਗ ਅਤੇ ਉਸਦੇ ਸਾਥੀ ਹੱਸਣ ਲੱਗੇ। ਉਨ੍ਹਾਂ ਵਿਚੋਂ ਇਕ ਛੋਟਾ ਬੱਚਾ ਗੁਣਾ ਦੇ ਵੱਲ ਖਾ ਜਾਣ ਵਾਲੀਆਂ ਨਜ਼ਰਾ ਨਾਲ ਵੇਖਦਾ ਹੋਇਆ ਐਨ ਸਾਹਮਣੇ ਖੜਾ ਰਿਹਾ।

"ਮੈਂ... ਮੈਂ... ਬੁੱਧ...ਧ...ਬੁੱਧ।"

"ਹੈਂ... ਕੀ... ਮਤਲਬ ਤੂੰ ਹੈ ਘੇਡ।" ਮੂੰਹ ਕੁਸੈਲਾ ਕਰਦਿਆਂ ਹੋਇਆ ਬੁੱਢਾ ਚੀਕਿਆ, "ਘੇਡ ਕਮੀਨੇ! ਪਹਿਲਾਂ ਕਿਉਂ ਨਹੀਂ ਦੱਸਿਆ? ਗੁੰਗਾ ਏਂ ਕੀ? ਬੋਲਾ ਏਂ... ਗੰਦਾ ਕਰ ਦਿੱਤਾ...? ਹਰਾਮਦੇ... ਚੂਤੀਏ, ਤੇਰੀ ਮਾਂ ਦੀ... ਮੈਂ...।" ਉਸਨੇ ਦੰਦਾਂ ਥੱਲੇ ਆਪਣੇ ਬੁੱਲ ਦਬਾ ਕੇ ਉਸ ਨੂੰ ਮਾਂ-ਬਾਪ ਦੀਆਂ ਗੰਦੀਆਂ ਗਾਲਾਂ ਦਾ ਮੀਂਹ ਵਰਾ ਦਿੱਤਾ ਤੇ ਉਸ ਨੇ ਘੜਾ ਚੁੱਕਿਆ ਅਤੇ ਗੁਣਾ ਦੇ ਪੈਰਾਂ ਵਿਚ ਸੁੱਟ ਕੇ ਤੋੜ ਦਿੱਤਾ। "ਪਾਪੀ! ਅੱਜ ਕੱਲ੍ਹ ਤੁਹਾਡੇ ਵਿਚ ਬਹੁਤ ਹੌਸਲਾ ਵਧ ਗਿਆ ਹੈ। ਰਾਵਣ ਵਾਂਗ। ਸਾਡਾ ਧਰਮ ਨਾਸ ਕੀਤਾ। ਰਤਾ ਵੀ ਸ਼ਰਮ ਤੇ ਡਰ ਭੈਅ ਨਹੀਂ ਤੁਹਾਨੂੰ। ਚਲੇ ਜਾਹ ਏਥੋਂ ਨਹੀਂ ਤਾਂ ਮੂੰਹ ਕਾਲਾ ਕਰ ਦੇਵਾਂਗਾ। ਫਿਰ ਕਦੀ ਏਧਰ ਆਇਆ ਤਾਂ ਲੱਤਾਂ ਵੱਢ ਕੇ ਕੁੱਤੇ ਅੱਗੇ ਸੁੱਟ ਦੇਵਾਂਗਾ। ਚੇਤਾ ਰੱਖੀ।"

ਗੁਣਾ ਦੁੱਖ ਅਤੇ ਬੇਇੱਜਤੀ ਨਾਲ ਬੇਚੈਨ ਮਰੀ ਹੋਈ ਤੋਰ ਨਾਲ ਧੌਣ ਥੱਲੇ ਸੁੱਟ ਕੇ ਤੁਰ ਪਿਆ। ਅਤੇ ਸਾਰੰਗ ਹੱਸ ਰਿਹਾ ਸੀ। ਉਸ ਨੇ ਤਿੱਖੀ ਆਵਾਜ਼ ਵਿਚ ਕਿਹਾ, "ਘੇਡ ਦੇ ਬੱਚੇ... ਥੂਹ... ਹੁਣ ਕਿਵੇਂ ਹੋਈ! ਪਿਓ ਚੇਤੇ ਆਇਆ ਸਾਲੇ ਨੂੰ। ਘਰੇ ਜਾ ਕੇ ਕਹੀ ਸਾਲੇ ਨੂੰ...।" ਅਤੇ ਉਹ ਛੋਟੂ ਨੂੰ ਛੱਡ ਕੇ ਸਾਰੇ ਹੱਸਣ ਲੱਗੇ।

ਪਰੰਤੂ ਗੁਣਾ ਦਾ ਧਿਆਨ ਹੁਣ ਉਨ੍ਹਾਂ ਵੱਲ ਨਹੀਂ ਸੀ। ਦਰਦ ਦੀ ਅੱਗ ਵਿਚ ਜਲਦਾ ਹੋਇਆ ਗੁਣਾ ਕ੍ਰੋਧ ਅਤੇ ਈਰਖਾ ਨੂੰ ਸੰਘੋਂ ਲੰਘਾਉਂਦਾ ਹੋਇਆ ਜਾ ਰਿਹਾ ਸੀ। ਉਸਦਾ ਬਚਪਨ ਇਹੋ ਬੇਇੱਜ਼ਤੀ ਅਤੇ ਦੁੱਖ ਦੀ ਚੱਕੀ ਦੇ ਪੁੜਾ ਵਿਚਾਲੇ ਪਿਸਦਾ ਜਾ ਰਿਹਾ ਸੀ। ਉਸ ਘੜੇ ਦੇ ਵਾਂਗ ਕਿਸੇ ਨੂੰ ਉਸ ਦੇ ਦਿੱਲ ਦੇ ਟੁਕੜੇ ਟੁਕੜੇ ਕਰ ਦਿੱਤੇ ਸਨ। ਉਸਦੀ ਬੇਇੱਜਤੀ ਦੀ ਪੀੜ ਤੇ ਪਿਆਸ ਤਪੀ ਹੋਈ ਜ਼ਮੀਨ ਨਾਲ ਹੋਰ ਵੀ ਵੱਧ ਗਈ। ਇਸ ਜਲਨ ਤੋਂ ਨਿਕਲਿਆ ਹੋਇਆ ਇਕ ਹੀ ਸਵਾਲ ਉਸ ਦੇ ਮਨ ਨੂੰ ਸਤਾ ਰਿਹਾ ਸੀ। ਕੀ ਮੈਂ ਉਸ ਵਰਗਾ ਇਨਸਾਨ ਨਹੀਂ? ਮੇਰਾ ਰੰਗ ਰੂਪ, ਲਹੂ, ਮਨ ਅਤੇ ਤਨ ਉਸ ਸਾਰੰਗ ਤੋਂ ਵੱਖਰਾ ਹੈ? ਮੇਰਾ ਗੁਨਾਹ ਕੀ ਏ?

ਉਸ ਨੂੰ ਲਗਾਤਾਰ ਬੇਇੱਜ਼ਤ ਕਰਨ ਵਾਲਾ, ਜ਼ਲੀਲ ਕਰਨ ਵਾਲਾ ਇਹ ਸਵਾਲ ਉਸ ਨੂੰ ਉਦੋਂ ਤੱਕ ਪਰੇਸ਼ਾਨ ਕਰਦਾ ਰਿਹਾ, ਜਦੋਂ ਤੱਕ ਉਹ ਸਮਝਦਾਰ ਨਹੀਂ ਹੋ ਸਕਿਆ। ਵੱਡੇ ਬੁੱਢੇ ਸਮਝਾ ਕੇ ਦੱਸਦੇ ਸਨ, "ਉਏ ਪੁੱਤ! ਧਰਮ ਅਤੇ ਸ਼ਾਸਤਰਾਂ ਵਿਚ ਇਹ ਗੱਲਾਂ ਦੱਸੀਆਂ ਹੋਈਆਂ ਹਨ। ਸਾਰੀ ਕਿਸਮਤ ਦੀ ਖੇਡ ਹੈ। ਕਰਮਾ ਦੀ ਖੇਡ ਹੈ। ਫਿਰ ਸਾਡੇ ਵਰਗੇ ਗਰੀਬ ਲੋਕ ਕੀ ਕਰ ਸਕਦੇ ਹਾਂ। ਸਾਡੀ ਹੋਣੀ ਹੀ ਅਜਿਹੀ ਹੈ।" ਪ੍ਰੰਤੂ ਉਹ ਅਜਿਹੀ ਕਿਉਂ?" ਉਸਦੇ ਇਸ ਸਵਾਲ ਦਾ ਉੱਤਰ ਉਹ ਕਿਸੇ ਤੋਂ ਵੀ ਪ੍ਰਾਪਤ ਨਹੀਂ ਕਰ ਸਕਿਆ।

ਉਸ ਤੋਂ ਬਾਅਦ ਗੁਣਾ ਨੇ ਸਾਰਾ ਸਹਿ ਕੇ ਮੈਟ੍ਰਿਕ ਪਾਸ ਕੀਤੀ। ਅੱਗੇ ਜਾ ਕੇ ਸਾਰੰਗ ਪੜ੍ਹਾਈ ਦੇ ਲਈ ਉਸਦੇ ਰਿਸ਼ਤੇਦਾਰਾਂ ਵੱਲ ਪੂਨਾ... ਬੰਬਈ ਵੱਲ ਨਿਕਲ ਗਿਆ। ਔਰੰਗਾਬਾਦ ਦੇ ਮਿਲਿੰਦ ਕਾਲਜ ਵਿਚ ਮਿਲਣ ਵਾਲੇ ਵਜੀਫ਼ੇ ਦੇ ਅਧਾਰ ਤੇ ਅਤੇ ਬਹੁਤ ਦੁੱਖ ਸਹਿ ਕੇ ਆਪਣੇ ਅੰਦਰੋਂ ਉੱਠੀ ਪ੍ਰੇਰਨਾ ਨਾਲ



ਗੁਣਵੰਤ ਨੇ ਪੜ੍ਹਾਈ ਕੀਤੀ... ਹੁਣ ਉਹ ਇਕ ਹਾਈ ਸਕੂਲ ਵਿਚ ਅਧਿਆਪਕ ਹੈ। ਅੱਠ ਨੌਂ ਸਾਲ ਬੀਤ ਗਏ ਸਨ। ਉਹ ਸਾਰੰਗ ਨੂੰ ਭੁੱਲ ਵੀ ਗਿਆ ਸੀ ਪਰ ਹੁਣ ਸਾਹਮਣੇ ਆਉਣ ਤੇ...

... ਸਰਟੀਫਿਕੇਟ ਅਤੇ ਇਨਾਮ ਲੈ ਕੇ ਜਣੀ ਉਸਦੇ ਮਗਰ ਹੀ ਬਹੁਤ ਖੁਸ਼ੀ ਨਾਲ ਘਰ ਆ ਗਈ। ਸ਼ਾਮ ਨੂੰ ਰੋਟੀ ਖਾਣ ਦਾ ਸਮਾਂ ਹੋ ਚੁੱਕਾ ਸੀ। ਗੁਣਾ ਦੇ ਬਦਲਿਆ ਹੋਇਆ, ਸੋਚਾ ਵਿਚ ਪਿਆ ਚਿਹਰਾ ਵੇਖ ਕੇ ਕਿਸੇ ਨੇ ਵੀ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਨਾ ਕੀਤੀ। ਉਸ ਨੇ ਭਾਬੀ ਨੂੰ ਸਭ ਕੁਝ ਦੱਸਿਆ, ਮਾਂ ਨੂੰ ਦਿਖਾਇਆ। ਸਾਰਿਆਂ ਨੂੰ ਖੁਸ਼ੀ ਹੋਈ। ... ਦਿਲ ਵਿਚ ਸਮਾਏ ਕਾਲੇ ਬੱਦਲ ਦੂਰ ਹੱਟਣ ਤੇ ਰੋਟੀ ਖਾਂਦੇ ਸਮੇਂ ਗੁਣਵੰਤ ਨੇ ਭੈਣ ਦੀ ਤਰੀਫ਼ ਕੀਤੀ, ਬਾਅਦ ਵਿਚ ਉਹ ਵੱਡੇ ਭਰਾ ਵੱਲ ਤੁਰ ਪਿਆ। ਅੱਠ ਦੱਸ ਦਿਨ ਬਾਅਦ ਵਿਆਹ ਸਬੰਧੀ ਵਿਚਾਰ ਕਰਨ ਦੇ ਲਈ।

ਦੂਜੇ ਦਿਨ ਉਧਰ ਦਿਨ ਭਰ ਖਾਣ-ਪੀਣ ਦੀ ਤਿਆਰੀ ਕੀਤੀ ਗਈ। ਸ਼ਾਮ ਦਾ ਸਮਾਂ ਹੋ ਰਿਹਾ ਸੀ। ਦੋ ਤਿੰਨ ਗੈਸ ਵਾਲੀਆਂ ਬੱਤੀਆਂ ਸਾਫ਼ ਕੀਤੀਆਂ ਗਈਆਂ। ਇਸ਼ਤਿਹਾਰ ਦੇ ਅਨੁਸਾਰ ਸਾਰੇ ਵਿਦਿਆਰਥੀ ਵਾੜੇ ਦੇ ਵਿਹੜੇ ਵਿਚ ਇਕੱਠੇ ਹੋ ਗਏ। ਪਿੰਡ ਦੇ ਕੁਝ ਉੱਘੇ ਲੋਕਾਂ ਨੂੰ ਵੀ ਖਾਣੇ ਦੇ ਲਈ ਸੱਦਾ ਦਿੱਤਾ ਗਿਆ। ਉਨ੍ਹਾਂ ਵਿਚ ਗੁਣਵੰਤ ਵੀ ਸੀ। ਉਸਦੇ ਨਾਲ ਉਸ ਦੇ ਸਮਾਜ ਦੇ ਕੁਝ ਹੋਰ ਵੀ ਸਾਥੀ ਸੀ। ਜਦੋਂ ਉਸ ਨੂੰ ਇਹ ਗੱਲ ਦਾ ਪਤਾ ਲੱਗਾ ਤਾਂ ਉਸਨੂੰ ਬੜੀ ਹੈਰਾਨੀ ਹੋਈ। ਇਹ ਕਿਵੇਂ ਹੋਇਆ? ਇਹ ਪਿਆਰ ਤੇ ਸਾਂਝ ਕਿਵੇਂ ਪੈਦਾ ਹੋਈ। ... ਸਾਇਦ ਉਸ ਸਾਹਿਬ ਨੂੰ ਆਪਣੇ ਭਾਸ਼ਣ ਉੱਤੇ ਪਛਤਾਵਾਂ ਹੋਇਆ ਹੋਵੇ? ਸੰਭਵ ਹੈ! ਵਿਚਾਰ ਪਰਿਵਰਤਨ ਸ਼ੀਲ ਹੁੰਦੇ ਹਨ। ਦੇਖਾਂਗੇ ਉੱਥੇ ਜਾ ਕੇ। ਉਥੇ ਔਰਤਾਂ ਅਤੇ ਬੰਦਿਆਂ ਦੇ ਖਾਣੇ ਲਈ ਵੱਖਰਾ ਵੱਖਰਾ ਪ੍ਰਬੰਧ ਕੀਤਾ ਹੋਇਆ ਸੀ।

ਦੀਵਾਨਖਾਨੇ ਵਿਚ ਇਕ ਨੇੜੇ ਦੇ ਕਮਰੇ ਵਿਚ ਮੁਕੱਦਮ ਪਟੇਲ ਅਤੇ ਸਾਹਿਬ ਬੜੇ ਠਾਠ ਨਾਲ ਗੱਪਾ ਮਾਰ ਰਹੇ ਸਨ। ਕੁਝ ਸਮੇਂ ਬਾਅਦ ਪਟੇਲ ਅਤੇ ਉਹ ਸਾਹਿਬ ਘੁੰਮਦੇ ਹੋਏ ਵਿਹੜੇ ਵਿਚ ਆਏ। ਅੱਖਾਂ ਵਿਚ ਨਸ਼ੇ ਦਾ ਸਰੂਰ ਸੀ। ਅੰਦਰ ਉਨ੍ਹਾਂ ਦੀ ਖਾਸ ਪਾਰਟੀ ਚੱਲ ਰਹੀ ਸੀ। ਖੜੇ ਖੜੇ ਨਸ਼ੀਲੀ ਨਜ਼ਰਾਂ ਨਾਲ ਲੋਕਾਂ ਨੂੰ ਵੇਖਦੇ ਹੋਇਆ ਸਾਰੰਗ ਸਾਹਿਬ ਦਾ ਧਿਆਨ ਹੁਣ ਗੁਣਵੰਤ ਵੱਲ ਗਿਆ। ਪਲ ਭਰ ਲਈ ਨਜ਼ਰਾਂ ਰੁੱਕ ਗਈਆਂ। ਉਸ ਨੇ ਸਾਰੰਗ ਵੱਲ ਵੇਖਿਆ। ਅਜਿਹਾ ਲੱਗਾ ਕਿ ਉਸ ਕੋਲ ਜਾ ਕੇ ਪਿਆਰ ਨਾਲ ਗੱਲਾਂ ਕਰੇ, ਬੀਤੀ ਹੋਈ ਦੋਸਤੀ ਨੂੰ ਜੋੜੇ। ਪ੍ਰੰਤੂ ... ਸਾਹਿਬ ਨੇ ਬੇਚੈਨੀ ਨਾਲ ਮੁਕੱਦਮ ਦੇ ਕੰਨ ਵਿਚ ਕੋਈ ਗੱਲ ਕਹੀ ਅਤੇ ਤੁਰੰਤ ਪਿੱਛੇ ਮੁੜ ਕੇ ਅੰਦਰ ਜਾਣ ਲੱਗੇ। ਜਾਂਦੇ ਸਮੇਂ ਉਸ ਨੇ ਇਕ ਦੋ ਵਾਰ ਮੁੜ ਕੇ ਔਰਤਾਂ ਵੱਲ ਦੇਖਿਆ... ਇਕ ਪਾਸੇ ਬੈਠੀ ਹੋਈ ਜਣੀ ਵੱਲ ਉਸ ਨੇ ਘੂਰ ਕੇ ਵੇਖਿਆ ਅਤੇ ਅੰਦਰ ਵੜ ਗਿਆ।

ਹੁਣ ਤੱਕ ਭੋਜਨ ਪੱਤਲਾਂ ਉੱਤੇ ਪਰੋਸਿਆ ਗਿਆ ਸੀ। ਅਤੇ ਮੁਕੱਦਮ ਪਟੇਲ ਹੁਣ ਡੋਲਦੇ ਹੋਏ ਵਿਹੜੇ ਦੀ ਪੰਕਤੀ ਦੇ ਸਾਹਮਣੇ ਆ ਕੇ ਖੜਾ ਹੋਇਆ। ਪਲ ਭਰ ਦੇ ਲਈ ਤਿੱਖੀਆਂ ਨਜ਼ਰਾਂ ਨਾਲ ਵੇਖਦਾ ਰਿਹਾ। ਫਿਰ ਗੁਣਵੰਤ ਆਦਿ ਸਾਰੇ ਲੋਕਾਂ ਨੂੰ ਸੁਣਾਉਂਦੇ ਹੋਏ ਉਸ ਨੇ ਪਿਆਰ ਨਾਲ ਕਿਹਾ, "ਮਾਸਟਰ ਬਾਬੂ! ਜੇਕਰ ਤੁਸੀਂ ਲੋਕ ਇਧਰ ਉਧਰ ਕਤਾਰ ਬੰਨ੍ਹ ਕੇ ਬੈਠੋਗੇ ਤਾਂ ਬਹੁਤ ਚੰਗਾ ਲੱਗੇਗਾ। ਜਿੱਥੇ ਤੱਕ ਸੰਭਵ ਹੋਵੇ... ਕਿਉਂਕਿ ਏਧਰ ਥਾਂ ਵੀ ਖੁੱਲ੍ਹੀ ਹੈ ਅਤੇ ਰੋਟੀ ਵੰਡਣ ਵਾਲਿਆਂ ਨੂੰ ਸਹੂਲਤ ਹੋਵੇਗੀ। ਦੇਖੋ ਫਿਰ..." ਗੁਣਵੰਤ ਅਤੇ ਉਸਦੇ ਨਾਲ ਬੈਠੇ ਹੋਏ ਬਾਬੂ ਆਦਿ ਲੋਕ ਇਕ ਦਮ ਹੈਰਾਨ ਹੋਏ ਪਟੇਲ ਵੱਲ ਵੇਖਦੇ ਹੀ ਰਹਿ ਗਏ। ਫਿਰ ਗੁਣਵੰਤ ਨੇ ਕਿਹਾ, "ਇਥੇ ਸਾਨੂੰ ਕੋਈ ਪਰੇਸ਼ਾਨੀ ਨਹੀਂ ਹੈ। ਪ੍ਰੰਤੂ ਤੁਹਾਡੀ ਸਹੂਲਤ ਦੇ ਲਈ ਤੁਹਾਡੇ ਕਹਿਣ ਦੇ ਅਨੁਸਾਰ ਬੈਠਣ ਦੇ ਲਈ ਅਸੀਂ ਤਿਆਰ ਹਾਂ। ਪ੍ਰੰਤੂ ਇਕ ਸ਼ਰਤ ਉੱਤੇ।"

"ਓਏ ਇਥੇ ਹੁਣ ਕਿਹੜੀ ਸ਼ਰਤ ਹੈ ਗੁਰੂ ਜੀ... ਕਹੋ।"

"ਤੁਸੀਂ ਖੁਦ ਅਤੇ ਤੁਹਾਡੇ ਸਾਹਿਬ ਜੇਕਰ ਸਾਡੇ ਨਾਲ ਬੈਠਨ ਦੇ ਲਈ ਤਿਆਰ ਹੋਣ ਤਾਂ...।" ਇਹ ਸੁਣ ਕੇ ਅਜੀਬ ਜਿਹੀ ਪ੍ਰਤਕ੍ਰਿਰਿਆ ਹੋਈ। ਗੁੱਸੇ ਨਾਲ ਪਟੇਲ ਨੇ ਕਿਹਾ, "ਭਾਵ ਕਿ ਤੁਸੀਂ ਲੋਕ ਸਾਡੇ ਉੱਤੇ ਅਹਿਸਾਨ ਕਰ ਰਹੇ ਹੋ। ... ਗੁਣਾ ਗੁਰੂ ਜੀ, ਤੂੰ ਵਧੇਰੇ ਸਿਆਣਪ ਦਿਖਾਉਣ ਦੀ ਕੋਸ਼ਿਸ਼ ਨਾ ਕਰ।" ਪਟੇਲ ਨੇ ਟੇਢੇ ਅਤੇ ਮਜ਼ਾਕ ਨਾਲ ਕਿਹਾ। ਉਸ ਨੇ ਹੁਣ ਸਾਹਿਬ ਦੇ ਸ਼ਬਦਾਂ ਵਿਚ ਕਿਹਾ, "ਉਏ ਅਸੀਂ ਐਨਾ ਵੱਡਾ ਹਿਰਦਾ ਕਰਕੇ ਇਹ ਮਹਾਂ ਭੋਜ ਦਾ ਮੌਕਾ ਕੇਵਲ ਇਸ ਲਈ ਦਿੱਤਾ ਹੈ ਪਿੰਡ ਵਿਚ ਸਾਰੇ ਭੇਦ ਭਾਵ ਖਤਮ ਹੋ ਜਾਣ। ਪ੍ਰੰਤੂ ਤੁਸੀਂ ਆਪਣੀ ਆਕੜ ਅਤੇ ਘਮੰਡ ਛੱਡੋਗੇ ਤਾਂ ਹੀ ਨਾ? ਪ੍ਰਮਾਤਮਾ ਵੀ ਜੇ ਆ ਜਾਵੇ ਤਾਂ ਤੁਸੀਂ ਲੋਕ ਸੁਧਰਨ ਵਾਲੇ ਨਹੀਂ। ਤੁਹਾਨੂੰ ਸਾਰਿਆਂ ਨੂੰ ਆਪਣੀ ਮਰਿਯਾਦਾ ਵਿਚ ਰਹਿਣਾ ਚਾਹੀਦਾ ਹੈ। ਤੁਹਾਡੀਆਂ ਇਹੋ ਜਿਹੀਆਂ ਹਰਕਤਾਂ ਨਾਲ ਸਮਾਜ ਵਿਚ ਅਜਿਹਾ ਤਮਾਸ਼ਾ ਹੋ ਰਿਹਾ ਹੈ।"

ਗਣਵੰਤ ਬਿਲਕੁਲ ਸਹਿ ਨਾ ਸਕਿਆ। ਉਸਦਾ 'ਮਾਣ' ਦਾਅ ਤੇ ਲੱਗ ਗਿਆ। ਉਹ ਝੱਟ ਕਤਾਰ ਵਿਚੋਂ ਉੱਠ ਕੇ ਖੜਾ ਹੋ ਗਿਆ। "ਕਿਸ ਨੇ? ਤਮਾਸ਼ਾ ਅਸੀਂ ਕੀਤਾ ਜਾਂ ਇਸਨੂੰ ਤੁਸੀਂ ਦਿਖਾਇਆ? ਉਸ ਸਾਹਿਬ ਦੇ ਅਤੇ ਤੁਹਾਡੇ ਮਨ ਵਿਚ ਅਜਿਹੀ ਧੋਖੇਬਾਜ਼ੀ ਸੀ ਤਾਂ ਹੀ... ਢੌਂਗੀ.. ਪਖੰਡੀ... ਝੂਠੇ...!!" ਅਤੇ ਗੁੱਸੇ ਨਾਲ ਗੱਲ ਕਰਦਿਆਂ ਹੋਇਆ ਉਹ ਤੇਜ਼ੀ ਨਾਲ ਘਰ ਵੱਲ ਤੁਰ ਪਿਆ। ਦਿਖਾਵੇ ਦਾ ਸਾਂਝਾ ਭੋਜਨ ਦੇ ਪਖੰਡ ਨੂੰ ਨਕਾਰ ਕੇ ਅੱਠ ਦੱਸ ਸਾਥੀਆਂ ਨੂੰ ਵੀ ਉਸਦੇ ਮਗਰ ਉੱਠ ਕੇ ਤੁਰ ਪਏ। ਕ੍ਰੋਧ, ਚਿੜ ਅਤੇ ਬੇਇੱਜ਼ਤੀ ਨਾਲ ਗੁਣਵੰਤ ਐਨਾ ਪਾਗਲ ਹੋ ਗਿਆ ਸੀ ਕਿ ਭੈਣ ਦਾ ਵੀ ਉਸ ਨੂੰ ਖਿਆਲ ਨਾ ਆਇਆ ਉਹਨੂੰ ਵੀ ਨਾਲ ਲੈਣਾ ਹੈ।

ਹੁਣ ਪਟੇਲ ਅਤੇ ਸਾਹਿਬ ਦੇ ਲਈ ਮਨ ਚਾਹੀ ਗੱਲ ਹੋ ਗਈ ਸੀ। ਦੋਵੇਂ ਹੱਸ ਰਹੇ ਸਨ। ਫਿਰ ਖੁਸ਼ੀ ਦੇ ਮਹੌਲ ਵਿਚ ਸਾਰਿਆਂ ਦਾ ਭੋਜਨ ਹੋਇਆ।

... ਕੁਝ ਗੱਲਬਾਤ ਕਰਨ ਤੋਂ ਬਾਅਦ ਵੀਰ ਉਠ ਕੇ ਗਿਆ ਹੈ। ਐਨਾ ਹੀ ਜਣੀ ਨੂੰ ਪਤਾ ਸੀ। ਪ੍ਰੰਤੂ ਵਿਚੋਂ ਰੋਕਣ ਦੀ ਉਸ ਵਿਚ ਹਿੰਮਤ ਨਹੀਂ ਸੀ ਹੋਈ। ਉਹ ਵੀ ਜਲਦੀ ਜਲਦੀ ਰੋਟੀ ਖਾ ਕੇ ਉੱਠ ਪਈ। ਸਾਥੀ ਔਰਤਾਂ ਦੇ ਨਾਲ ਜਾਣ ਨੂੰ ਨਿਕਲੀ। ਐਨੇ ਨੂੰ ਵਿਹੜੇ ਦੀ ਪਟੇਲ ਦੀ ਨੌਕਰਾਣੀ ਨੇ ਨੇੜੇ ਆ ਕੇ ਉਸ ਨੂੰ ਰੋਕਦੇ ਹੋਇਆ ਕਿਹਾ, "ਏ ਜਣਾ, ਥੋੜੀ ਦੇਰ ਦੇ ਲਈ ਠਹਿਰ ਜਾ। ਤੈਨੂੰ ਮਾਲਕਿਨ ਬੁਲਾ ਰਹੀ ਹੈ।"

"ਮਾਲਕਿਨ ਬੁਲਾ ਰਹੀ ਹੈ?" ਉਹ ਰੁਕ ਗਈ।

"ਤੇਰੀ ਤਰੀਫ਼ ਕਰਨ ਦੇ ਲਈ ਅਤੇ ਕੁਝ ਤੋਹਫਾ ਦੇਣ ਦੇ ਲਈ। ਤੇਰਾ ਪਹਿਲਾ ਨੰਬਰ ਆਇਆ ਹੈ ਸਿੱਖਿਆ ਵਿਚ... ਇਸ ਲਈ।"

"ਇਹ ਗੱਲ ਹੈ... ਠੀਕ ਹੈ... ਪ੍ਰੰਤੂ ਇਸ ਵੇਲੇ ਨਹੀਂ। ਕੱਲ੍ਹ ਆਵਾਂਗੀ। ਮੇਰੇ ਨਾਲ ਕੋਈ ਨਹੀਂ ਹੈ।"

"ਮੈਂ ਚਲੇ ਜਾਵਾਂਗੀ ਨਾ ਘਰ ਛੱਡਣ ਦੇ ਲਈ। ਮਾਲਕਿਨ ਦੇ ਬੇਨਤੀ ਕਰਕੇ ਲਿਆਉਣ ਦੇ ਲਈ ਕਿਹਾ ਹੈ।"

"ਇਹ ਗੱਲ ਹੈ... ਤਾਂ ਚੱਲ ਜਲਦੀ...।" ਉਹ ਆਪਣੀ ਹੀ ਖੁਸ਼ੀ ਵਿਚ ਗੁਵਾਚੀ ਹੋਈ ਭੋਲੇਪਨ ਵਿਚ ਫਸ ਗਈ। ... ਆਪਣੇ ਆਪ ਨੂੰ ਭੁੱਲ ਗਈ। ... ਕੁਝ ਆਕੜ ਨਾਲ ਹੱਸਦੀ ਹੋਈ ਨੌਕਰਰਾਣੀ ਦੇ ਨਾਲ ਅੰਦਰ ਗਈ... ਉਦੋਂ ਤੱਕ ਸਾਰੇ ਲੋਕ ਜਾ ਚੁੱਕੇ ਸੀ।

ਅਤੇ ਪੰਦਰਾ-ਵੀਹ ਮਿੰਨਟ ਦੇ ਬਾਅਦ ਜਣੀ ਰੋਂਦੀ-ਕੁਰਲਾਉਂਦੀ ਅੰਦਰੋਂ ਭੱਜਦੀ ਹੋਈ ਬਾਹਰ ਆਈ... ਉਸਦੇ ਬਲਾਊਜ਼ ਦੇ ਬਟਨ ਟੁੱਟ ਚੁੱਕੇ ਸਨ। ਵਾਲ੍ਹ ਖਿਲਰ ਗਏ ਸਨ। ਪਾਈ ਹੋਈ ਰੰਗ ਦੀ ਸਾੜੀ ਉਲਝ ਗਈ ਸੀ। ਅਤੇ ਅੱਗੇ ਲੱਕ ਤੋਂ ਥੱਲੇ ਦੀ ਥਾਂ ਉਸ ਦੀ ਸਾੜੀ ਉੱਤੇ ਲਹੂ ਦੇ ਨਿਸ਼ਾਨ ਦਿਖਾਈ ਦੇ



ਰਹੇ ਸਨ।

ਪੀੜਾ ਅਤੇ ਦੁੱਖ ਨਾਲ ਪਾਗਲ ਹੋਈ ਗੁੱਸੇ ਵਿਚ ਜਣੀ ਅੱਖਾਂ ਵਿਚ ਡਰ ਲਈ ਵਿਹੜੇ ਵਿਚੋਂ ਬਾਹਰ ਨੂੰ ਭੱਜ ਗਈ। ਭੱਜਦੀ -ਦੌੜਦੀ ਰੋਂਦੀ ਕੁਰਲਾਉਂਦੀ।

ਏਧਰ ਉਸੇ ਸਮੇਂ ਜੀਪ ਦੀ ਆਵਾਜ਼ ਆਈ। ਅਤੇ ਸਰੰਗ ਸਾਹਿਬ ਹਵਾ ਦੀ ਤੇਜ਼ ਗਤੀ ਨਾਲ ਨਿਕਲੇ। ਵਿਹੜੇ ਦੀ ਬੱਤੀ ਹੁਣ ਬਰਾਂਡੇ ਵਿਚ ਲੈ ਆਂਦੀ ਅਤੇ ਵਿਹੜੇ ਦੇ ਕੁੱਤੇ ਬਾਹਰ ਆ ਕੇ ਦੌੜਦੀ ਹੋਈ ਜੀਪ ਦੇ ਪਿੱਛੇ ਭੌਂਕਦੇ ਰਹੇ।


-ਅਤੇ ਔਰਤ ਨੂੰ ਭੋਗਦੇ ਸਮੇਂ ਮਰਿਆ ਹੋਇਆ ਉਹ ਕੁੱਤਾ ਫਿਰ ਤੋਂ ਜਿਉਂਦਾ ਹੋ ਕੇ ਪੂਛ ਹਿਲਾਉਂਦੇ ਹੋਇਆ ਟੇਢਾ ਮੂੰਹ ਕਰਕੇ ਤੇਜੀ ਨਾਲ ਭੱਜ ਰਿਹਾ ਸੀ। ਮੁੜ ਮਰ ਕੇ ਕਿਸੇ ਹੋਰ ਦਾ ਗਲਾ ਘੁੱਟਣ ਦੇ ਲਈ...!

... ਇਨਸਾਨ ਨੂੰ ਵੱਢਣ ਦੇ ਲਈ!... ਅਤੇ ਕਿਸੇ ਅਛੂਤ ਇਸਤਰੀ ਨੂੰ ਫਿਰ ਤੋਂ ਬੇਇੱਜ਼ਤ ਤੇ ਲਾਚਾਰੀ ਦੀ ਜ਼ਿੰਦਗੀ ਦੇਣ ਦੇ ਲਈ। ਉਸਦੇ ਜੀਵਨ ਨੂੰ ਤਬਾਹ ਕਰਕੇ ਉਸ ਨੂੰ ਮਿੱਟੀ ਵਿਚ ਮਿਲਾਉਣ ਦੇ ਲਈ!!

-ਹੁਣ ਓਧਰ ਢਲ ਰਹੀ ਖੌਫ਼ਨਾਕ ਰਾਤ ਦੇ ਨਾਲ ਹੀ ਵਧੇਰੇ ਕਰਕੇ ਖਾਮੋਸ਼ ਹੋਣ ਵਾਲੇ ਹਨੇਰੇ 'ਚ ਜਣੀ ਗੁਵਾਚ ਗਈ...।

ਉਸ ਮਾਸੂਮ ਮੁਟਿਆਰ ਦੇ ਮਨ ਵਿਚ ਪਹਿਲੀ ਵਾਰ ਸਤ ਭੰਗ ਹੋਣ ਅਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ ਅਤੇ ਫਿਰ ਫਟ ਚੁੱਕੇ ਅਕਾਸ਼ ਵਿਚ ਜਣੀ ਦਾ ਬਦਲਾ ਜਾ ਕੇ ਸਮਾ ਗਿਆ ਸੀ। ✪


**ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਸਰੂਪ ਸਿਆਲਵੀ ਦੀ ਚਰਚਿਤ ਸਵੈ ਜੀਵਨੀ ਜਿਸ ਨੂੰ ਬਹੁਤ ਜਲਦੀ ਅੰਗਰੇਜ਼ੀ ਦੇ ਵੱਡੇ ਪ੍ਰਕਾਸ਼ਨ ਅਦਾਰੇ ਵਲੋਂ ਪ੍ਰਕਾਸਤ ਕੀਤਾ ਜਾ ਰਿਹਾ ਹੈ**



## ਦੁਬਿਧਾ/ - ਭੀਮਰਾਓ ਸ਼ਿਰਵਾਲੇ (Bhimrao Shirwale)

ਅਜੇ ਸੂਰਜ ਚੜ੍ਹਨ ਵਾਲਾ ਸੀ ਕਿ ਸ਼੍ਰੀ ਗੋਂਦਾ ਸਟੇਸ਼ਨ ਉੱਤੇ ਦੌਂਡ-ਮਨਮਾਡੇ ਰੇਲ ਆ ਕੇ ਰੁਕ ਗਈ। ਠੰਢ ਦੇ ਦਿਨ ਸਨ। ਸਵੇਰ ਦੀ ਠੰਡੀ ਹਵਾ ਪਰੇਸ਼ਾਨ ਕਰ ਰਹੀ ਸੀ। ਆਪਣੇ ਪੁਰਾਣੇ ਸੂਟਕੇਸ ਸੰਭਾਲਦੇ ਹੋਏ ਹਰੀ ਸ਼੍ਰੀਗੋਂਦਾ ਦੇ ਬਾਹਰ ਨਿਕਲਿਆ। ਪੂਰੇ ਸੱਤ ਸਾਲ ਬਾਅਦ ਉਹ ਅੱਜ ਸ਼੍ਰੀ ਗੋਂਦਾ ਸਟੇਸ਼ਨ ਦੇ ਨੇੜੇ ਤੇੜੇ ਦੇ ਸ਼ਹਿਰ ਵੇਖ ਰਿਹਾ ਸੀ। ਸ਼੍ਰੀ ਗੋਂਦਾ ਤੋਂ ਦੋ ਤਿੰਨ ਮੀਲ ਉੱਤੇ ਉਸਦਾ ਆਪਣਾ ਪਿੰਡ ਹੈ-ਰਾਜਣ ਪਿੰਡ। ਜਿਸ ਰਾਜਣ ਪਿੰਡ ਵਿਚ ਉਸ ਦਾ ਬਚਪਨ ਬੀਤਿਆ ਸੀ, ਉਥੇ ਹੀ ਵੱਡਾ ਹੋਇਆ ਸੀ। ਉਸ ਪਿੰਡ ਨੂੰ ਅੱਜ ਉਹ ਛੇ ਸਾਲ ਬਾਅਦ ਵੇਖਣ ਵਾਲਾ ਸੀ। ਪਿੰਡ ਦੇ ਮੁੱਖੀਆਂ ਦਾ ਗੁਲਾਮ ਬਣ ਕੇ ਜੀਉਣ ਵਾਲੇ ਆਪਣੇ ਪਿਤਾ ਤੋਂ ਵਿਦਰੋਹ ਕਰਕੇ ਸਦੀਆਂ ਤੋਂ ਚੱਲੀ ਆ ਰਹੀ ਪ੍ਰੰਪਰਾ ਵਿਚ ਠੋਸੇ ਗਏ ਕੰਮਾਂ ਨੂੰ ਪਰੇ ਸੁੱਟ ਕੇ ਉਹ ਹਨੇਰੀ ਦੇ ਵਾਂਗ ਛੇ ਸਾਲ ਪਹਿਲਾਂ ਰਾਜਣ ਪਿੰਡ ਛੱਡ ਬੰਬਈ ਚਲਿਆ ਗਿਆ ਸੀ। ਦੋ ਦਿਨ ਪਹਿਲਾਂ ਹੀ ਬੰਬਈ 'ਚ ਉਸ ਨੂੰ ਘਰੋਂ ਇਕ ਚਿੱਠੀ ਮਿਲੀ ਸੀ ਕਿ ਉਸਦੇ ਪਿਤਾ ਦੀ ਮੌਤ ਹੋ ਗਈ ਹੈ ਅਤੇ ਇਸ ਕਾਰਨ ਆਪਣੀ ਵਿਧਵਾ ਮਾਂ ਨੂੰ ਮਿਲਣ ਅਤੇ ਉਸਦੇ ਦੁੱਖ ਨੂੰ ਹਲਕਾ ਕਰਨ ਉਹ ਪਿੰਡ ਵੱਲ ਜਾਣ ਲੱਗਾ ਸੀ।

ਸਟੇਸ਼ਨ ਤੋਂ ਬਾਹਰ ਆ ਕੇ ਉਸਨੇ ਪੁੱਛ ਗਿੱਛ ਸ਼ੁਰੂ ਕਰ ਦਿੱਤੀ ਤਾਂ ਉਸ ਨੂੰ ਪਤਾ ਲੱਗਾ ਕਿ ਪਿੰਡ ਨੂੰ ਜਾਣ ਵਾਲੀ ਬੱਸ ਤਕਰੀਬਨ ਇਕ ਘੰਟਾ ਬਾਅਦ ਜਾਵੇਗੀ। ਐਨੇ ਸਮੇਂ ਵਿਚ ਤਾਂ ਮੈਂ ਪੈਦਲ ਤੁਰ ਕੇ ਘਰ ਪਹੁੰਚ ਜਾਵਾਂਗਾ। ਇਹ ਸੋਚ ਉਹ ਤੇਜੀ ਨਾ ਪੈਦਲ ਤੁਰਨ ਲੱਗਾ। ਧੂੜ ਅਤੇ ਪੱਥਰਾਂ ਨਾਲ ਭਰੀ ਪੁਰਾਣੀ ਉੱਚੀ ਨੀਵੀਂ ਸੜਕ ਹੁਣ ਪੱਕੀ ਲੁੱਕ ਵਾਲੀ ਸੜਕ ਬਣ ਚੁੱਕੀ ਸੀ। ਸੂਟਕੇਸ ਦਾ ਭਾਰ ਸੰਭਾਲਦੇ ਹੋਇਆ ਉਹ ਤੁਰ ਪਿਆ। ਪਿਤਾ ਪੂਰੇ ਹੋ ਚੁੱਕੇ ਸਨ। ਮਾਂ ਸ਼ੋਕ-ਗ੍ਰਸਤ ਹੋਵੇਗੀ। ਉਂਝ ਪਿਤਾ ਜੀ ਨੇ ਮਾਂ ਦੇ ਸੁੱਖ ਦੇ ਲਈ ਕੀਤਾ ਵੀ ਕੀ ਸੀ? ਕੁਝ ਨਹੀਂ। ਉਲਟਾ ਮਾਂ ਦੀ ਜ਼ਿੰਦਗੀ ਅਸਿਹ ਬਣਾ ਦਿੱਤੀ ਸੀ। ਅਤੇ ਮਾਂ ਇਸ ਨੂੰ ਕਿਸਮਤ ਦੀ ਖੇਡ ਸਮਝ ਰਹੀ ਸੀ। ਤੇ ਸ਼ਰਾਬੀ ਅਤੇ ਲਾਚਾਰ ਪਤੀ ਦੇ ਨਾਲ ਜੀਵਨ ਜੀਅ ਰਹੀ ਸੀ। ਪਤੀ ਦੀ ਮੌਤ ਤੋਂ ਬਾਅਦ ਸਾਇਦ ਉਹ ਹੁਣ ਹਿੰਮਤ ਹਾਰ ਚੁੱਕੀ ਹੋਵੇਗੀ। ਵਿਧਵਾ ਹੋਣ ਤੇ ਉਹ ਪਾਗਲਾਂ ਵਰਗੀ ਹੋ ਚੁੱਕੀ ਹੋਵੇਗੀ। ਜਦੋਂ ਮੈਂ ਉਥੇ ਪਹੁੰਚਾਗਾ ਤਾਂ ਉਸ ਨੂੰ ਬਹੁਤ ਸਹਾਰਾ ਮਿਲ ਜਾਵੇਗਾ। ਪਰ ਸਵਾਲ ਹੈ ਕਿ ਮੈਂ ਉਸਦੇ ਲਈ ਕੀ ਕਰਨ ਵਾਲਾ ਹਾਂ? ਕੁਝ ਵੀ ਨਹੀਂ। ਕੇਵਲ ਕੁਝ ਸ਼ਬਦਾਂ ਦੀ ਹਮਦਰਦੀ... ਫਿਰ ਮੁੜ ਕੇ ਬੰਬਈ ! ਫਿਰ ਮੁੜ ਬਰਲੀ ਦੀਆਂ ਝੁੱਗੀਆਂ ਦਾ ਸੜਿਆ ਹੋਇਆ ਜੀਵਨ... ਨੌਕਰੀ ਦੇ ਲਈ ਲਗਾਤਾਰ ਚੱਕਰ, ਜੀਉਣ ਦੇ ਲਈ ਗੰਦੇ ਤੋਂ ਗੰਦੇ ਸਮਝੌਤੇ... ਅਤੇ ਫਿਰ ਅਚਾਨਿਕ ਉਸ ਨੂੰ ਸਵਿਤਰੀ ਦਾ ਚੇਤਾ ਆਇਆ। ਸਵਿਤਰੀ ਉਸ ਦੇ ਵੱਡੇ ਮਾਮੇ ਦੀ ਬੇਟੀ। ਮਾਮਾ-ਮਾਮੀ ਕਿਸੇ ਦੁਰਘਟਨਾ ਵਿਚ ਮਰ ਗਏ ਸਨ ਅਤੇ ਅਨਾਥ ਸਵਿਤਰੀ ਆਪਣੀ ਭੂਆ ਦੇ ਘਰ ਅਰਥਾਤ ਹਰੀ ਦੇ ਘਰ ਆ ਗਈ। ਹੁਣ ਉਹ ਕਾਫੀ ਵੱਡੀ ਹੋ ਗਈ ਹੋਵੇਗੀ। ਮਾਂ ਨੂੰ ਘੱਟੋ ਘੱਟ ਕੇਵਲ ਇਕ ਸਹਾਰਾ ਤਾਂ ਮਿਲਿਆ ਹੋਇਆ ਹੈ। ਇਹ ਸੋਚ ਕੇ ਉਸ ਨੂੰ ਚੰਗਾ ਲੱਗਾ।

ਮੌਸਮ ਵਿਚ ਹੁਣ ਕਾਫੀ ਬਦਲਾ ਆ ਗਿਆ ਸੀ। ਸੂਰਜ ਕਾਫੀ ਚੜ੍ਹ ਚੁੱਕਾ ਸੀ। ਸਵੇਰੇ ਦੀ ਪੀਲੀ ਧੁੱਪ ਵਿਚ ਸੜਕ ਦੇ ਦੋਵੇਂ ਪਾਸਿਆ ਦੀ ਫ਼ਸਲ ਝੂਮ ਰਹੀ ਸੀ। ਇਹ ਸਾਰਾ ਕੁਝ ਉਸ ਨੂੰ ਬੜਾ ਚੰਗਾ ਲੱਗਾ। ਪ੍ਰੰਤੂ ਫਿਰ ਉਸ ਨੂੰ ਆਪਣੀ ਮਾਂ ਦਾ ਵਿਧਵਾ ਜੀਵਨ ਚੇਤੇ ਆ ਗਿਆ। ਮਾਂ ਰੋਂਦੀ ਹੋਈ ਉਸ ਦੇ ਮੁਹਰੇ ਖੜੀ ਹੈ। ਇਸ ਤਰ੍ਹਾਂ ਦਾ ਭਰਮ ਉਸ ਨੂੰ ਲੱਗਣ ਲੱਗਾ। ਉਸ ਨੂੰ ਆਪਣਾ ਪਿੰਡ ਸਪੱਸਟ ਰੂਪ ਨਾਲ ਦਿਸਣ ਲੱਗਾ। ਅਤੇ ਉਹ ਜਾਣ ਗਿਆ ਕਿ ਪਿਛਲੇ ਛੇ ਸਾਲਾਂ ਵਿਚ ਪਿੰਡ ਕਾਫੀ ਬਦਲ ਗਿਆ ਹੈ। ਸੜਕ ਦੇ ਖੱਬੇ ਪਾਸੇ



ਸਾਮਸ਼ਾਨ ਘਾਟ ਦਿਸਣ ਲੱਗਾ ਹੈ। ਹੁਣੇ ਜਿਹੇ ਸਾੜੀ ਹੋਈ ਲਾਸ਼ ਦੀ ਢੇਰੀ ਦੀ ਰਾਖ਼ ਉਥੇ ਪਈ ਦਿਸ ਰਹੀ ਸੀ। ਸਾਇਦ ਮੇਰੇ ਪਿਤਾ ਦੇ ਸ਼ਰੀਰ ਦੀ ਉਹ ਰਾਖ਼ ਹੋਵੇ। ਸ਼ਰਾਬੀ ਪਿਤਾ ਅੰਤ ਨੂੰ ਮਿੱਟੀ ਵਿਚ ਮਿਲ ਗਿਆ ਸੀ। ਉਸ ਦੇ ਸਖਤ ਮਨ ਵਿਚ ਸਥਿਤ ਸੰਵੇਦਨਾ ਦੀ ਨਰਮ ਤਾਰ ਭੜਕ ਉੱਠੀ ਹੋਵੇ ਅਤੇ ਅੱਖਾਂ ਵਿਚ ਅੱਥਰੂ ਵਹਿਣ ਲੱਗੇ। ਉਹ ਘਰ ਦੇ ਨੇੜੇ ਆ ਚੁੱਕਾ ਸੀ। ਉਸਦੇ ਅੰਦਰ ਜਬਰਦਸਤ ਹਲਚਲ ਹੋਣ ਲੱਗ ਪਈ। ਆਪਣੀ ਝੁੱਗੀ ਦੇ ਮੋਹਰੇ ਉਹ ਆਇਆ। ਜਿਸਦੀਆਂ ਅੱਖਾਂ ਦੇ ਅੱਥਰੂ ਵੀ ਸੁੱਕ ਚੁੱਕੇ ਸਨ ਅਜਿਹੀ ਮਾਂ ਨੂੰ ਉਸਨੇ ਦੇਖਿਆ ਅਤੇ ਆਪ ਮੁਹਾਰੇ ਉਹ ਮਾਂ ਕਹਿ ਕੇ ਦੌੜਦਾ ਹੋਇਆ ਗਿਆ ਅਤੇ ਜੋਰ ਜੋਰ ਨਾਲ ਰੋਣ ਲੱਗਾ। ਮਾਂ ਵੀ ਉਸਦੇ ਨਾਲ ਰੋਣ ਲੱਗੀ। ਛੇ ਸਾਲ ਬਾਅਦ ਅੱਜ ਉਹ ਮੁਕਤੀ ਪ੍ਰਾਪਤ ਕਰਕੇ ਰੋ ਰਹੀ ਸੀ।

ਮਾਂ ਵਾਰ ਵਾਰ ਕਹਿ ਰਹੀ ਸੀ ਕਿ ਅੱਠ-ਦੱਸ ਦਿਨ ਪਹਿਲਾਂ ਉਹ ਆਉਂਦਾ ਤਾਂ ਪਿਤਾ ਦਾ ਜੀਉਂਦਾ ਜਾਗਦਾ ਚਿਹਰਾ ਤਾਂ ਵੇਖ ਲੈਂਦਾ। ਤੂੰ ਐਨਾ ਸਖਤ ਕਿਵੇਂ ਹੋ ਗਿਆ? ਅਤੇ ਹਰੀ ਨੂੰ ਛੇ ਸਾਲ ਪਹਿਲਾ ਦੀ ਉਹ ਘਟਨਾ ਚੇਤੇ ਆ ਰਹੀ ਸੀ। ਜਦੋਂ ਉਸ ਦੇ ਪਿਤਾ ਨੇ ਉਸ ਦੇ ਮੋਹਰੇ ਸੌਂਹ ਖਾਧੀ ਸੀ ਕਿ ਉਹ ਉਸਦਾ ਚਿਹਰਾ ਫਿਰ ਕਦੇ ਨਹੀਂ ਦੇਖੇਗਾ।

ਉਦੋਂ ਉਸ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਸਿੱਧਾ ਸਵਾਲ ਪੁੱਛਿਆ, "ਕੀ ਕੀਤਾ ਹੈ ਤੁਸੀਂ ਮੇਰੇ ਲਈ ਹੁਣ ਤੱਕ? ਕਿਹੜੀ ਮੁਸੀਬਤ ਝੱਲੀ ਹੈ ਤੁਸੀਂ ਮੇਰੇ ਲਈ?"

"ਕਿਉਂ? ਕੀ ਹੁਣ ਤੱਕ ਤੂੰ ਪੱਥਰ ਖਾ ਰਿਹਾ ਸੀ? ਤੈਨੂੰ ਕੱਪੜੇ ਵਗੈਰਾ ਕੌਣ ਦਿੰਦਾ ਸੀ? ਜਾਂ ਸੀ ਤੇਰੀ ਮਾਂ ਦਾ ਕੋਈ ਦੂਜਾ ਯਾਰ...।"

ਬਾਪ ਦੇ ਮੂੰਹ ਵਿਚੋਂ ਇਸ ਤਰ੍ਹਾਂ ਦੇ ਗ਼ਲਤ-ਮਲਤ ਸ਼ਬਦ ਸੁਣ ਕੇ ਹਰੀ ਦਾ ਮਾਨਸਿਕ ਸੰਤੁਲਿਨ ਟੁੱਟਣ ਲੱਗਾ। ਸਥਿਤੀ ਨੂੰ ਜਾਣ ਕੇ ਮੰਜੂਲਾ ਨੇ ਕਿਹਾ, "ਹਰੀ ਉਹ ਜੋ ਕਹਿ ਰਹੇ ਹਨ ਉਸ ਉੱਤੇ ਗੰਭੀਰਤਾ ਨਾਲ ਸੋਚ। ਹੁਣ ਪਹਿਲਾਂ ਵਾਂਗ ਉਸ ਕੋਲੋਂ ਕੰਮ ਨਹੀਂ ਹੁੰਦਾ। ਫਿਰ ਉਸ ਨੂੰ ਖੰਘ ਦੀ ਸ਼ਿਕਾਇਤ ਵੀ ਸ਼ੁਰੂ ਹੋ ਚੁੱਕੀ ਹੈ। ਤੂੰ ਹੁਣ ਕਿਤੇ ਨੌਕਰੀ ਕਰ ਲੈ ਅਤੇ ਆਪਣੀ ਪੜ੍ਹਾਈ ਵੀ ਜਾਰੀ ਰੱਖ।"

ਮਾਂ ਦੀਆਂ ਗੱਲਾਂ ਸੁਣ ਕੇ ਉਸ ਨੂੰ ਲੱਗਾ ਕਿ ਇਹ ਵੀ ਠੀਕ ਹੈ ਅਤੇ ਦੂਜੇ ਦਿਨ ਉਸ ਨੇ ਨੌਕਰੀ ਦੀ ਭਾਲ ਸ਼ੁਰੂ ਕਰ ਦਿੱਤੀ। ਨੌਕਰੀ ਦੇ ਲਈ ਉਹ ਤਹਿਸੀਲੇ ਅਤੇ ਜ਼ਿਲ੍ਹਾ ਦਫ਼ਤਰ ਹੋ ਆਇਆ। ਨੇਤਾ ਅਤੇ ਅਫ਼ਸਰਾਂ ਦੇ ਏਥੇ ਚੱਕਰ ਲਗਾਉਣ ਲੱਗਾ। ਕੁਝ ਲੋਕ ਉਸ ਨੂੰ ਭਰਪੂਰ ਯਕੀਨ ਦਿੰਦੇ, ਕੁਝ ਹਮਦਰਦੀ ਦਿੰਦੇ ਅਤੇ ਕੁਝ ਕਹਿੰਦੇ ਕਿ ਨੌਕਰੀ ਇਸ ਤਰ੍ਹਾਂ ਨਹੀਂ ਮਿਲਦੀ ਹੁੰਦੀ। ਉਸ ਲਈ ਪੈਸੇ ਦੇਣੇ ਪੈਂਦੇ ਹਨ। ਹਰੀ ਦਾ ਯਤਨ ਜਾਰੀ ਸੀ। ਦਿਨ ਤੇ ਦਿਨ ਲੰਘ ਰਹੇ ਸਨ। ਆਸ ਖਤਮ ਨਹੀਂ ਹੋ ਰਹੀ ਸੀ। ਲਗਾਤਾਰ ਉਹ ਚੱਕਰ ਕੱਟਦਾ ਰਿਹਾ। ਗੰਗਾ ਰਾਮ ਤੋਂ ਹੁਣ ਵਧੇਰੇ ਕੰਮ ਵੀ ਨਹੀਂ ਹੋ ਰਿਹਾ ਸੀ। ਉਸ ਦੀ ਛਾਤੀ ਦਾ ਦਰਦ ਵਧਦਾ ਗਿਆ ਸੀ। ਬੇਹੀਆਂ ਰੋਟੀਆਂ ਉੱਤੇ ਦਿਨ ਲੰਘਾਉਣੇ ਹੁਣ ਔਖੇ ਹੋ ਰਹੇ ਸਨ। ਅਤੇ ਇਨ੍ਹਾਂ ਦਿਨ੍ਹਾਂ ਵਿਚ ਘਰ ਵਿਚ ਇਕ ਹੋਰ ਮੈਂਬਰ ਵਧ ਗਿਆ-ਸਾਵਿਤਰੀ। ਹਾਲਾਤ ਤੋਂ ਮਜਬੂਰ ਗੰਗਾ ਰਾਮ ਰੋਜ਼ ਸ਼ਰਾਬ ਪੀ ਕੇ ਸ਼ੈਤਾਨ ਦੇ ਵਾਂਗ ਵਿਹਾਰ ਕਰਨ ਲੱਗੇ। ਆਪਣੀ ਪਤਨੀ ਮੰਜੂਲਾ ਨੂੰ ਉਹ ਕੁੱਟਦਾ ਸੀ ਅਤੇ ਹਰੀ ਨੂੰ ਗਾਲ੍ਹਾ ਦਿੰਦਾ ਸੀ। ਨੌਕਰੀ ਦੇ ਲਈ ਹਰੀ ਚਾਰ ਮਹੀਨੇ ਦੇ ਲਈ ਦਰ ਦਰ ਭਟਕ ਰਿਹਾ ਸੀ। ਚਾਰ ਮਹੀਨੇ ਬਾਅਦ ਇਕ ਰਾਤ ਗੰਗਾ ਰਾਮ ਹਰੀ ਨੂੰ ਵਿਸ਼ਵਾਸ ਵਿਚ ਲੈ ਕੇ ਪੁੱਛਣ ਲੱਗਾ, "ਹਰੀ ਤੇਰੀ ਨੌਕਰੀ ਦਾ ਪ੍ਰਬੰਧ ਹੋ ਗਿਆ?"

"ਨਹੀਂ ਕਿਤੇ ਵੀ ਪ੍ਰਬੰਧ ਨਹੀਂ ਹੋਇਆ। ਲਗਦਾ ਹੈ ਇਕ ਦੋ ਮਹੀਨੇ ਵਿਚ ਕਿਤੇ ਨਾ ਕਿਤੇ ਨੌਕਰੀ ਲੱਗ ਜਾਵੇਗੀ।"

"ਇਕ ਦੋ ਮਹੀਨੇ ! ਕੀ ਕਹਿ ਰਿਹਾ ਏਂ ਤੂੰ? ਨੌਕਰੀ ਕੀ ਆਪਣੇ ਘਰ ਦੀ ਹੈ? ਇਹ ਘਰ ਦੀ ਗੱਡੀ ਹੁਣ ਮੇਰੇ ਕੋਲੋਂ ਖਿੱਚੀ ਨਹੀਂ ਜਾਂਦੀ। ਬੀਮਾਰੀ ਦੇ ਕਾਰਨ ਮਾਲਿਕ ਵੀ ਹੁਣ ਮੇਰੇ ਤੋਂ ਨਰਾਜ਼ ਰਹਿੰਦੇ ਹਨ। ਉਨ੍ਹਾਂ ਦੇ

ਕਾਰਨ ਤਾਂ ਹੁਣ ਤੱਕ ਅਸੀਂ ਜਿਉਂਦੇ ਰਹਿ ਰਹੇ ਹਾਂ। ਉਹ ਸਹਾਰਾ ਨਾ ਦਿੰਦੇ ਤਾਂ ਹੁਣ ਨੂੰ ਕਦੋਂ ਦੇ ਮਰ-ਖਪ ਜਾਂਦੇ।" ਗੰਗਾ ਰਾਮ ਲਗਾਤਾਰ ਬੋਲ ਰਿਹਾ ਸੀ। ਪਰ ਹਰੀ ਨੂੰ ਉਸ ਦੀ ਗੱਲਬਾਤ ਦੇ ਅਰਥਾਂ ਦਾ ਪਤਾ ਨਹੀਂ ਸੀ ਲੱਗ ਰਿਹਾ। ਅਨੇਕ ਸਾਲਾਂ ਤੋਂ ਕਿਸੇ ਬਲਦ ਦੇ ਵਾਂਗ ਉਸਦਾ ਬਾਪ ਮੁੱਖੀਆ ਦੇ ਘਰ ਮਿਹਤਨ ਮਜ਼ਦੂਰੀ ਕਰ ਰਿਹਾ ਸੀ। ਹੱਟਾ-ਕੱਟਾ ਸਰੀਰ ਹੁਣ ਹੱਡੀਆਂ ਦੇ ਢਾਂਚੇ ਵਿਚ ਬਦਲ ਗਿਆ ਹੈ। ਅਤੇ ਐਨੀ ਮਿਹਨਤ ਦੇ ਬਾਵਜੂਦ ਉਸ ਨੂੰ ਹੁਣ ਤੱਕ ਮਿਲਿਆ ਹੀ ਕੀ ਹੈ? ਕੇਵਲ ਕਦੀ ਕਦੀ ਫ਼ਸਲ ਪੱਕਣ ਦੇ ਦਿਨਾਂ ਵਿਚ ਥੋੜਾ ਜਿਹਾ ਅਨਾਜ਼ ਅਤੇ ਬਾਕੀ ਸਮੇਂ ਬੇਹੀਆਂ ਰੋਟੀਆਂ-ਦਾਲਾਂ। ਅਤੇ ਇਸ ਦਾ ਉਹ ਉਪਕਾਰ ਮੰਨ ਰਿਹਾ ਹੈ? ਬੜੀ ਅਜੀਬ ਲੀਲਾ ਹੈ ਇਹ! ਉਸ ਨੂੰ ਚਿੜ ਚੜ ਰਹੀ ਸੀ ਅਤੇ ਮਨ ਅੰਦਰੋ ਰੋ ਰਿਹਾ ਸੀ। ਇਸੇ ਕਾਰਨ ਹਰੀ ਨੇ ਕਿਹਾ, "ਦੇਖੋ! ਮੈਂ ਤਾਂ ਚੰਗੇ ਨੰਬਰ ਲੈ ਕੇ ਮੈਟ੍ਰਿਕ ਪਾਸ ਕਰ ਚੁੱਕਾ ਹਾਂ। ਮੈਨੂੰ ਨੌਕਰੀ ਮਿਲੇਗੀ ਹੀ। ਅਤੇ ਫਿਰ ਸ਼ਰੀਗੋਂਦਾ ਦੇ ਇਕ ਵਿਅਕਤੀ ਨੇ ਮੈਨੂੰ ਕਿਹਾ ਹੈ ਕਿ ਇਕ ਦੋ ਮਹੀਨੇ 'ਚ ਮੇਰਾ ਕਿਤੇ ਨਾ ਕਿਤੇ ਪ੍ਰਬੰਧ ਹੋ ਜਾਵੇਗਾ।"

ਆਪਣੇ ਲੜਕੇ ਦੀ ਇਸ ਗੱਲਬਾਤ ਨੂੰ ਗੰਗਾ ਰਾਮ ਚੁੱਪ ਹੋ ਕੇ ਸੁਣਦਾ ਰਿਹਾ ਅਤੇ ਫਿਰ ਉਸ ਨੇ ਕਿਹਾ, "ਉਹ ਨੌਕਰੀ ਜਦੋਂ ਲੱਗੇਗੀ ਤਾਂ ਉਦੋਂ ਲੱਗੇਗੀ। ਉਦੋਂ ਤੱਕ ਤੂੰ ਮੁੱਖੀਆ ਦੇ ਘਰ ਕੰਮ ਸ਼ੁਰੂ ਕਰ। ਜੇਕਰ ਤੂੰ ਇਹ ਨਹੀਂ ਕਰੇਗਾ ਤਾਂ ਰੋਟੀ ਨਾ ਮਿਲਣ ਤੇ ਸਾਰਿਆਂ ਨੂੰ ਮਰਨਾ ਪਏਗਾ।"

ਪਿਤਾ ਦੇ ਇਹ ਸ਼ਬਦ ਸੁਣ ਕੇ ਉਨ੍ਹਾਂ ਦੇ ਅੰਦਰਲੀ ਗੁੱਸੇ ਨਾਲ ਭਰੀ ਹੋਈ ਅੱਗ ਭੜਕ ਉੱਠੀ। ਪਿਤਾ ਹੁਣ ਤੱਕ ਲਾਚਾਰੀ ਅਤੇ ਗੁਲਾਮੀ ਦੀ ਜ਼ਿੰਦਗੀ ਜਿਉਂਦਾ ਰਿਹਾ ਅਤੇ ਮੇਰੇ ਉੱਤੇ ਵੀ ਅਜਿਹੀ ਜ਼ਿੰਦਗੀ ਮੜਨੀ ਚਾਹੁੰਦਾ ਹੈ। ਪੜ੍ਹਾਈ ਅਤੇ ਆਪਣੀ ਹਾਲਤ ਨੂੰ ਸੁਧਾਰਨ ਦੀ ਸੁਪਨੇ ਵੇਖਣਾ ਬੇ ਅਰਥ ਹੀ ਹੈ। ਨਹੀਂ ਬਿਲਕੁਲ ਨਹੀਂ ਮੈਂ ਮਰੂੰਗਾ ਪਰ ਉਸ ਮੁੱਖੀਆ ਦੇ ਘਰ ਦਾ ਗੁਲਾਮ ਨਹੀਂ ਬਣਾਗਾ। ਉਸ ਦੀ ਜੂਠ ਉੱਤੇ ਜ਼ਿੰਦਗੀ ਭਰ ਦਿਨ ਕਟੀ ਨਹੀਂ ਕਰਾਂਗਾ। ਮੌਕਾ ਮਿਲਿਆ ਤਾਂ ਭੱਜ ਜਾਵਾਂਗਾ ਪਰ ਅਜਿਹੀ ਜ਼ਿੰਦਗੀ ਨਹੀਂ ਜੀਉਂਗਾ ਅਤੇ ਇਸੇ ਵੇਗ ਵਿਚ ਉਸ ਨੇ ਪਿਤਾ ਨੂੰ ਕਿਹਾ, "ਬਾਬਾ ਮੈਂ ਉਸ ਨੀਚ ਮੁੱਖੀਆ ਦੇ ਘਰ ਦਾ ਗੋਹਾ ਕਦੇ ਨਹੀਂ ਸਿਰ 'ਤੇ ਚੁੱਕਾਗਾ। ਮੇਰੇ ਕੋਲੋਂ ਇਹ ਕੰਮ ਨਹੀਂ ਹੋਣਾ।"

"ਫਿਰ ਤੂੰ ਕੀ ਕਰਨਾ ਏਂ?"

"ਮੈਂ ਕੁਝ ਵੀ ਕਰਾਂ ਪਰ ਇਹ ਮੇਰੇ ਕੋਲੋਂ ਹੋਣਾ ਨਹੀਂ।"

"ਤਾਂ ਫਿਰ ਤੂੰ ਮੇਰੇ ਘਰ ਇਥੇ ਨਹੀਂ ਰਹਿ ਸਕਦਾ। ਕਿਤੇ ਵੀ ਦਫ਼ਾ ਹੋ ਜਾ।" ਗੰਗਾ ਰਾਮ ਵੀ ਗੁੱਸੇ ਵਿਚ ਆ ਗਿਆ ਸੀ। "ਹਾਂ ਹਾਂ ਮੈਂ ਇਸੇ ਸਮੇਂ ਇਥੋਂ ਨਿਕਲ ਜਾਵਾਂਗਾ। ਮੁੜ ਕੇ ਕਦੇ ਤੇਰਾ ਮੂੰਹ ਨਹੀਂ ਦੇਖਾਗਾ।" ਹਰੀ ਉਸੇ ਰੌਂਅ ਵਿਚ ਬੋਲਦਾ ਰਿਹਾ ਅਤੇ ਰੋਂਦੀ ਹੋਈ ਮਾਂ ਅਤੇ ਸਵਿਤਰੀ ਨੂੰ ਛੱਡ ਕੇ ਉਸੇ ਹਾਲਤ ਵਿਚ ਸ਼੍ਰੀ ਗੋਂਦਾ ਨਿਕਲ ਪਿਆ। ਸ਼੍ਰੀ ਗੋਂਦਾ ਸਟੇਸ਼ਨ ਉੱਤੇ -ਮਨਮਾੜ-ਦੌਂਡ ਪੈਸੇਂਜਰ ਜਿਵੇਂ ਉਸ ਦੀ ਉਡੀਕ ਕਰ ਰਹੀ ਸੀ।

ਹਰੀ ਨੂੰ ਆਇਆ ਵੇਖ ਅਛੂਤ ਬਸਤੀ ਦੇ ਕਈ ਲੋਕ ਇਕੱਠੇ ਹੋ ਗਏ। ਹਰੀ ਹੁਣ ਰੋ ਕੇ ਰੱਜ ਚੁੱਕਾ ਸੀ। ਵਧੇਰੇ ਰੋਣ ਕਾਰਨ ਹੀ ਉਸ ਦੇ ਅੰਦਰ ਸ਼ਾਂਤੀ ਦਾ ਅਹਿਸਾਸ ਹੋ ਰਿਹਾ ਸੀ। ਅਤੇ ਦਿਮਾਗ਼ ਦੇ ਭਾਰੀਪਨ ਤੋਂ ਮੁਕਤ ਹੋ ਕੇ ਉਹ ਕਾਫੀ ਹਲਕੇ ਪਨ ਦਾ ਅਨੁਭਵ ਕਰ ਰਿਹਾ ਸੀ। ਮਾਂ ਵੀ ਰੋ ਰੋ ਕੇ ਸਾਂਤ ਹੋ ਚੁੱਕੀ ਸੀ। ਪ੍ਰੰਤੂ ਉਹ ਕਾਫੀ ਸ਼ਾਂਤ ਅਤੇ ਥੱਕੀ ਹੋਈ ਲੱਗ ਰਹੀ ਸੀ।

"ਮਾਂ ਸਵਿੱਤਰੀ ਕਿੱਥੇ ਹੈ?"

"ਆਵੇਗੀ ਥੋੜੀ ਹੀ ਦੇਰ ਵਿਚ... ਪਿੰਡ ਦੇ ਮੁੱਖੀਆ ਦੇ ਘਰ ਗੋਹਾ-ਕੂੜਾ ਹੂੰਝਣ ਗਈ ਹੈ।" ਮਾਂ ਨੇ ਬਹੁਤ ਸਹਿਜਤਾ ਨਾਲ ਕਿਹਾ। ਪਰੰਤੂ 'ਮੁੱਖੀਆ' ਸ਼ਬਦ ਸੁਣ ਕੇ ਉਸਦੀਆਂ ਨਾੜਾ ਵਿਚ ਵਹਿਣ ਵਾਲਾ



ਲਹੂ ਇਕ ਦਮ ਗਰਮ ਹੋ ਗਿਆ।

"ਹਰੀ ਕੱਪੜੇ ਲਾਹ ਲੈ, ਤੂੰ ਥੱਕ ਗਿਆ ਹੋਵੇਂਗਾ, ਨਹਾ ਲੈ ਗਰਮ ਪਾਣੀ ਨਾਲ। ਮੈਂ ਪਾਣੀ ਗਰਮ ਕਰ ਰਹੀਂ ਹਾਂ।" ਮਾਂ ਨੇ ਫਿਰ ਤੋਂ ਬੇਨਤੀ ਕੀਤੀ।

"ਨਹੀਂ ਮਾਂ ਰਹਿਣ ਦੇ।"

"ਨਹੀਂ ਨਹੀਂ ਪਹਿਲਾ ਨਹਾ ਲੈ, ਐਨੀ ਦੂਰ ਤੋਂ ਆਇਆ ਏਂ।"

"ਹਾਂ ਨਹਾ ਲਵਾਗਾ।" ਉਸਨੇ ਕਿਹਾ। ਅਸਲ ਵਿਚ ਇਸ ਗੱਲਬਾਤ ਵੱਲ ਉਸਦਾ ਧਿਆਨ ਹੀ ਨਹੀਂ ਸੀ। ਉਸ ਸੋਚ ਰਿਹਾ ਸੀ, "ਪਿੰਡ ਦਾ ਮੁੱਖੀਆ, ਮੁੱਖੀਏ ਦਾ ਵਿਸ਼ਾਲ ਮਕਾਨ... ਮੇਰਾ ਸੁਰਗਵਾਸੀ ਬਾਪ... ਮੁੱਖੀਆਂ ਦਾ ਗੁਲਾਮ।"

ਹਰੀ ਦਾ ਪਿਓ ਮੁੱਖੀਏ ਦੇ ਘਰ ਮਜ਼ਦੂਰ ਦੇ ਰੂਪ ਵਿਚ ਕੰਮ ਕਰਦਾ ਸੀ। ਤਕਰੀਬਨ ਤਕਰੀਬਨ ਗੁਲਾਮ ਹੀ ਸੀ। ਉਸਦੇ ਘਰ ਦੇ ਅਤੇ ਖੇਤਾਂ ਦੇ ਸਾਰੇ ਨਿੱਕੇ-ਮੋਟੇ ਕੰਮ ਕਰਦਾ ਸੀ। ਬਦਲੇ ਵਿਚ ਪੂਰੇ ਸਾਲ 'ਚ ਉਸ ਨੂੰ ਤਿੰਨ ਸੌ ਰੁਪਏ ਅਤੇ ਸਾਲ ਭਰ ਲਈ ਅਨਾਜ਼ ਦੇ ਦਾਣੇ, ਕਦੀ ਕਦੀ ਆਟਾ-ਦਾਲ ਅਤੇ ਵਧੇਰੇ ਕਰਕੇ ਬੇਹੀਆਂ ਰੋਟੀਆਂ ਅਤੇ ਜੂਠ ਦਿੱਤੀ ਜਾਂਦੀ ਸੀ। ਅਤੇ ਹਰੀ ਦੇ ਪਿਤਾ ਗੰਗਾ ਰਾਮ ਉਸ ਵਿਚ ਹੀ ਤਸੱਲੀ ਨਾਲ ਜਿਉਂਦੇ ਸਨ। ਦਲਿੱਦਰਤਾ ਦੇ ਬੋਝ ਨਾਲ ਦੱਬੀ ਹੋਈ ਮਾਂ ਮੰਜੁਲਾ ਕਿਤੇ ਦਿਹਾੜੀ ਤੇ ਮਜਦੂਰੀ ਕਰਦੀ ਅਤੇ ਜੇਕਰ ਕੰਮ ਨਾ ਮਿਲੇ ਤਾਂ ਜੰਗਲ ਜਾ ਕੇ ਲੱਕੜੀਆਂ ਇਕੱਠੀਆਂ ਕਰਕੇ ਵੇਚ ਆਉਂਦੀ। ਅਜਿਹੀ ਸਥਿਤੀ ਵਿਚ ਹਰੀ ਸਕੂਲ ਜਾਂਦਾ ਸੀ। ਗੰਗਾ ਰਾਮ ਉਸਦੀ ਪੜ੍ਹਾਈ ਨੂੰ ਲੈ ਕੇ ਕਦੇ ਵੀ ਚਿੰਤਾ ਨਹੀਂ ਕਰਦੇ ਸਨ। ਉਸ ਨੂੰ ਹਮੇਸ਼ਾ ਲੱਗਦਾ ਸੀ ਕਿ ਉਸ ਵਾਂਗ ਉਸਦਾ ਬੇਟਾ ਵੀ ਕਿਸੇ ਮੁੱਖੀਆਂ, ਠਾਕੁਰ ਜਾਂ ਉੱਚੀ ਜਾਤ ਵਾਲੇ ਦੇ ਘਰ ਬੰਧਕ ਬਣ ਕੇ ਜ਼ਿੰਦਗੀ ਕੱਟੇ। ਸਾਲ ਵਿਚ ਪੰਜ ਛੇ ਸੌ ਰੁਪਏ ਮਿਲ ਜਾਣਗੇ ਅਤੇ ਰੋਜੀ ਰੋਟੀ ਦਾ ਸਵਾਲ ਵੀ ਹੱਲ ਹੋ ਜਾਵੇਗਾ। ਪ੍ਰੰਤੂ ਮੰਜੁਲਾ ਨੂੰ ਲੱਗਦਾ ਸੀ ਕਿ ਉਸਦਾ ਬੇਟਾ ਪੜ੍ਹੇ ਅਤੇ ਇਸੇ ਕਾਰਨ ਉਹ ਪੜ੍ਹ ਰਿਹਾ ਸੀ। ਮਿੱਤਰਾਂ ਤੋਂ ਕਿਤਾਬਾਂ ਇਕੱਠੀਆਂ ਕਰਕੇ।

ਇਕ ਵਾਰ ਕਲਾਸ ਦੇ ਸਾਰੇ ਵਿਦਿਆਰਥੀ ਅਹਿਮਦਨਗਰ ਦੇ ਟੂਰ ਉੱਤੇ ਜਾਣ ਵਾਲੇ ਸਨ। ਮਾਂ ਤੋਂ ਉਸਨੇ ਟੂਰ ਲਈ ਪੰਜ ਰੁਪਏ ਮੰਗੇ ਸਨ। ਮਜ਼ਦੂਰੀ ਅਤੇ ਉਹ ਮਿਹਨਤ ਕਰਕੇ ਜਿਹੜੇ ਪੈਸੇ ਮੰਜੁਲਾ ਨੇ ਜੋੜੇ ਸਨ, ਉਹ ਸਾਰੇ ਉਸ ਨੇ ਹਰੀ ਨੂੰ ਦੇ ਦਿੱਤੇ। ਸ਼ਾਮ ਨੂੰ ਉਸਦਾ ਪਿਓ ਸ਼ਰਾਬ ਪੀ ਕੇ ਆਇਆ। ਖਾਣਾ ਖਾ ਕੇ ਉਹ ਸ਼੍ਰੀ ਗੋਂਦਾ ਦੀ ਨੌਟੰਕੀ ਵੇਖਣ ਜਾਣਾ ਚਾਹੁੰਦਾ ਸੀ। ਇਸ ਲਈ ਉਸ ਨੇ ਪਤਨੀ ਤੋਂ ਪੈਸੇ ਮੰਗੇ। ਮਾਂ ਨੇ ਕਿਹਾ ਹਰੀ ਕੱਲ੍ਹ ਟੂਰ ਉੱਤੇ ਜਾਣਾ ਚਾਹੁੰਦਾ ਹੈ। ਇਸ ਲਈ ਮੈਂ ਸਾਰੇ ਪੈਸੇ ਉਸਨੂੰ ਦੇ ਦਿੱਤੇ ਹਨ। ਪਤਨੀ ਦੇ ਇਹ ਸ਼ਬਦ ਸੁਣ ਕੇ ਪਿਓ ਦਾ ਮੱਥਾ ਠਣਕਿਆ, ਗਾਲਾਂ ਕੱਢਦਿਆਂ ਉਸ ਨੇ ਮੰਜੂਲਾ ਨੂੰ ਜੀਅ ਭਰ ਕੇ ਕੁੱਟਿਆ। ਉਸ ਤੋਂ ਕੁੱਟਣ ਤੋਂ ਬਾਅਦ ਉਸ ਨੇ ਹਰੀ ਦੀ ਜੇਬ ਵਿਚੋਂ ਸਾਰੇ ਪੈਸੇ ਜਿਹੜੇ ਕਰੀਬ ਪੰਜ ਰੁਪਏ ਸਨ, ਕੱਢ ਲਏ ਅਤੇ ਸ਼੍ਰੀ ਗੋਂਦਾ ਵੱਲ ਤੁਰ ਪਿਆ। ਰੰਡੀਆਂ ਦਾ ਨਾਚ ਵੇਖਣ ਦੇ ਲਈ।

ਹਰੀ ਉਦੋਂ ਛੋਟਾ ਸੀ। ਪ੍ਰੰਤੂ ਬਾਪ ਦੇ ਸ਼ੈਤਾਨੀ ਰੂਪ ਦਾ ਅਹਿਸਾਸ ਉਸ ਨੂੰ ਇਨ੍ਹਾਂ ਦਿਨ੍ਹਾਂ ਵਿਚ ਹੋ ਗਿਆ ਸੀ। ਪਿਓ ਤੋਂ ਕੁੱਟ ਅਤੇ ਗਾਲਾਂ ਖਾ ਖਾ ਉਹ ਸਕੂਲ ਜਾ ਰਿਹਾ ਸੀ। ਵੱਧ ਤੋਂ ਵੱਧ ਪੜ੍ਹਾਈ ਦੀ ਉਸਦੀ ਬਹੁਤ ਤਾਂਘ ਸੀ। ਮਾਂ ਪਿਓ ਦਾ ਉਹ ਇਕੱਲਾ ਪੁੱਤ ਸੀ। ਮਾਂ ਦੀ ਖਾਹਸ ਸੀ ਕਿ ਉਸ ਦਾ ਪੁੱਤ ਬਹੁਤ ਪੜ੍ਹੇ, ਸਾਹਿਬ ਹੋ ਜਾਵੇ। ਉਸ ਨੂੰ ਸਾਹਿਬ ਬਣਾ ਕੇ ਸਾਹਿਬ ਦੀ ਮਾਂ ਬਣਨ ਦੇ ਸੁਪਨੇ ਉਹ ਵੇਖ ਰਹੀ ਸੀ। ਪਰ ਗੰਗਾ ਰਾਮ ਦੀ ਲਾਚਾਰ ਆਤਮਾ ਉਸ ਨੂੰ ਸਮਝਾਉਂਦੀ ਕਿ ਪੜ੍ਹਨਾ-ਲਿਖਣਾ ਸਾਡਾ ਕੰਮ ਨਹੀਂ ਹੈ। ਇਹ ਕੰਮ ਤਾਂ ਪਿੰਡ ਦੇ ਮੁੱਖੀਆਂ ਅਤੇ ਸਵਰਨਾ ਦਾ ਹੈ। ਪਿਓ ਦੀ ਸਾਰੀ ਨਫ਼ਰਤ ਅਤੇ ਵਿਰੋਧ ਦੇ ਬਾਵਜੂਦ ਉਹ ਮੈਟ੍ਰਿਕ ਪਾਸ ਕਰ ਗਿਆ। ਮੰਜੂਲਾ ਨੂੰ ਕਿੰਨੀ ਖੁਸ਼ੀ ਹੋਈ ਸੀ। ਸਾਇਦ ਉਹ ਖੁਸ਼ੀ ਨਾਲ ਪਾਗਲ ਹੀ ਹੋ ਜਾਂਦੀ। ਉਹ ਅੱਗੇ ਕੀ

ਬਣੇਗਾ ਇਸ ਤੋਂ ਵੀ ਵਧੇਰੇ ਖੁਸ਼ੀ ਉਸ ਨੂੰ ਇਸ ਗੱਲ ਦੀ ਸੀ ਕਿ ਉਹ ਮੈਟ੍ਰਿਕ ਪਾਸ ਹੋ ਗਿਆ ਹੈ।

ਹਰੀ ਦੇ ਸਾਰੇ ਦੋਸਤ ਕਾਲਜ ਜਾਣ ਦੀ ਸੋਚ ਰਹੇ ਸਨ ਅਤੇ ਉਸ ਦੇ ਮਨ ਵਿਚ ਵੀ ਕਾਲਜ ਜਾਣ ਦੀ ਬਹੁਤ ਇੱਛਾ ਸੀ। ਇਸ ਲਈ ਉਸ ਨੇ ਮਾਂ ਨੂੰ ਆਪਣੇ ਮਨ ਦੀ ਗੱਲ ਕਹੀ। ਉਹ ਸੋਚਾਂ ਵਿਚ ਪੈ ਗਈ। ਹਰੀ ਮਾਂ ਨੂੰ ਸਮਝਾ ਰਿਹਾ ਸੀ ਕਿ ਹੁਣ ਤੱਕ ਜਿਸ ਤਰ੍ਹਾਂ ਪੜ੍ਹਾਈ ਹੋ ਗਈ ਹੈ ਅੱਗੇ ਵੀ ਹੋ ਜਾਵੇਗੀ।

ਗੰਗਾ ਰਾਮ ਦੇ ਮੋਹਰੇ ਜਦੋਂ ਇਹ ਗੱਲ ਕੀਤੀ ਗਈ ਤਾਂ ਉਹ ਇਕ ਦਮ ਭੜਕ ਗਏ। "ਮੈਂ ਐਨੀਆਂ ਮੁਸੀਬਤਾਂ ਝੱਲੀਆਂ ਅਤੇ ਤੈਨੂੰ ਪੜ੍ਹਾਉਂਦਾ ਰਿਹਾ। ਕੀ ਐਨੀ ਪੜ੍ਹਾਈ ਨਾਲ ਤੈਨੂੰ ਨੌਕਰੀ ਨਹੀਂ ਲੱਗ ਸਕਦੀ? ਹੁਣ ਨੌਕਰੀ ਕਰੋ ਕਿਸੇ ਸਕੂਲ ਵਿਚ ਮਾਸਟਰੀ ਜਾਂ ਗ੍ਰਾਮ ਸੇਵਕ ਦੀ। ਕੀ ਅਜੇ ਵੀ ਤੂੰ ਮੈਨੂੰ ਮਾਰਨ ਲਈ ਕਾਹਲਾ ਏਂ।"

ਪਤਾ ਨਹੀਂ ਅੱਜ ਹਰੀ ਵਿਚ ਕਿਵੇਂ ਹਿੰਮਤ ਆ ਗਈ ਕਿ ਬਾਪ ਨਾਲ ਝਗੜਾ ਕਰੇਂ। ਪਿਤਾ ਤੋਂ ਬਾਗੀ ਹੋ ਕੇ ਖੁਦ ਨੂੰ ਪੈਰਾਂ ਉੱਤੇ ਖੜਾ ਕਰਨ ਦੇ ਲਈ ਅਜ਼ਾਦ ਵਿਸ਼ਵ ਦਾ ਨਿਰਮਾਣ ਕਰਨ ਦੀ ਇੱਛਾ ਨਾਲ ਉਹ ਬੰਬਈ ਤੁਰ ਪਿਆ। ਉਸ ਨੂੰ ਪਤਾ ਨਹੀਂ ਸੀ ਕਿ ਉਹ ਬੰਬਈ ਜਾ ਕੇ ਕੀ ਕਰਨ ਵਾਲਾ ਹੈ? ਪਰ ਮਨ ਵਿਚ ਇਕ ਤਰ੍ਹਾਂ ਉਤਸਾਹ ਸੀ। ਜਿੱਦ ਸੀ, ਵਿਦਰੋਹ ਵਿਚੋਂ ਫ਼ਲ ਪ੍ਰਾਪਤ ਕਰਨ ਦੀ ਇੱਛਾ ਸੀ ਅਤੇ ਫਿਰ ਰਾਂਜਣ ਪਿੰਡ ਦਾ ਹਰੀ ਬਰਲੀ ਦੀਆਂ ਝੁੱਗੀਆਂ ਦੀ ਬਸਤੀ ਦਾ ਨਿਵਾਸੀ ਬਣ ਗਿਆ।

ਰਾਂਜਣ ਪਿੰਡ ਵਿਚ ਆ ਕੇ ਹਰੀ ਨੂੰ ਅੱਜ ਚਾਰ ਪੰਜ ਦਿਨ ਹੋ ਗਏ ਸੀ ਸਨ। ਪਰ ਆਪਣੇ ਹੀ ਇਸ ਪਿੰਡ ਵਿਚ ਉਹ ਹੋਰ ਥਾਵਾਂ ਉੱਤੇ ਨਹੀਂ ਗਿਆ ਸੀ। ਉਸ ਦੇ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ ਸੀ। ਕੁਝ ਲੋਕ ਮਿਲ ਕੇ ਵੀ ਗਏ ਸਨ। ਹਮਦਰਦੀ ਦੇ ਕੁਝ ਸ਼ਬਦ ਕਹਿ ਕੇ ਤੁਰਦੇ ਬਣੇ। ਪ੍ਰੰਤੂ ਅਜਿਹੇ ਰੁੱਖੇ ਸ਼ਬਦਾਂ ਅਤੇ ਹਮਦਰਦੀ ਦੀ ਉਸ ਨੂੰ ਲੋੜ ਨਹੀਂ ਸੀ। ਕਿਉਂਕਿ ਪਿਓ ਦੀ ਮੌਤ ਦਾ ਦੁੱਖ ਤਾਂ ਉਹ ਭੁੱਲ ਚੁੱਕਾ ਸੀ। ਅਤੇ ਉਸ ਨੂੰ ਵਾਰ ਵਾਰ ਮਹਿਸੂਸ ਹੋ ਰਿਹਾ ਸੀ ਕਿ ਉਹ ਮਾਂ ਅਤੇ ਸਵਿਤਰੀ ਨੂੰ ਮਿਲਣ ਆਇਆ ਹੈ। ਚਾਰ ਦਿਨਾਂ ਤੋਂ ਬਾਅਦ ਅੱਜ ਪਹਿਲੀ ਵਾਰ ਉਹ ਘਰ ਤੋਂ ਥੋੜ੍ਹੀ ਦੂਰ ਨਿਕਲ ਪਿਆ ਸੀ ਅਤੇ ਪਿੰਡ ਦੇ ਪੰਚਾਇਤੀ ਘਰ ਦੇ ਕੋਲ ਆ ਕੇ ਬੈਠ ਗਿਆ। ਬਚਪਨ ਦਾ ਸਾਥੀ ਵਾਮਨ ਉਸ ਨੂੰ ਇਥੇ ਮਿਲਿਆ। ਵਾਮਨ ਆਪਣੇ ਪਰਿਵਾਰ ਵਿਚ ਡੁੱਬ ਗਿਆ ਸੀ। ਘਰ ਦੀ ਖੇਤੀ ਕਰ ਰਿਹਾ ਸੀ ਅਤੇ ਰਾਂਜਣ ਪਿੰਡ 'ਚ ਇੱਜ਼ਤ ਨਾਲ ਜੀਅ ਰਿਹਾ ਸੀ। ਹਰੀ ਨੂੰ ਵੇਖ ਕੇ ਵਾਮਨ ਵੀ ਮੂੰਹ ਮੁਲਾਹਜੇ ਵਸ ਹਮਦਰਦੀ ਵਖਾਉਣ ਲੱਗਾ ਅਤੇ ਫਿਰ ਥੋੜ੍ਹੀ ਹੀ ਦੇਰ ਵਿਚ ਖੁੱਲ੍ਹੀ ਗੱਪ ਸ਼ਪ ਸ਼ੁਰੂ ਹੋ ਗਈ। ਵਾਮਨ ਨੇ ਹਰੀ ਨੂੰ ਦੱਸਿਆ ਕਿ ਮੌਤ ਦੇ ਸਮੇਂ ਉਸ ਦੇ ਪਿਓ ਦੀ ਬੜੀ ਮਾੜੀ ਹਾਲਤ ਹੋਈ। ਮੌਤ ਤੋਂ ਦੋ ਦਿਨ ਪਹਿਲਾਂ ਉਹਦੀ ਜ਼ੁਬਾਨ ਬੰਦ ਹੋ ਗਈ ਸੀ। ਕੇਵਲ ਹੱਡੀਆਂ ਦਾ ਢਾਂਚਾ ਹੀ ਬਚਿਆ ਸੀ। ਅਤੇ ਜਾਨ ਜਾ ਨਹੀਂ ਰਹੀ ਸੀ। ਸਾਰੇ ਲੋਕ ਉਸ ਦੀ ਮੌਤ ਦੀ ਉਡੀਕ ਕਰਨ ਲੱਗੇ। ਇਹ ਸਾਰੀਆਂ ਗੱਲਾਂ ਕਰਦਿਆਂ ਕਰਦਿਆਂ ਅਚਾਨਿਕ ਵਾਮਨ ਨੇ ਵਿਸ਼ਾ ਬਦਲ ਦਿੱਤਾ ਅਤੇ ਕਹਿਣ ਲੱਗਾ, "ਹਰੀ ਤੂੰ ਇਥੋਂ ਬੰਬਈ ਚਲੇ ਗਿਆ, ਬਹੁਤ ਚੰਗਾ ਹੋਇਆ। ਉਥੇ ਨੌਕਰੀ ਕਰਦਾ ਏਂ, ਢਿੱਡ ਭਰ ਕੇ ਖਾਣਾ ਤਾਂ ਖਾ ਲੈਂਦੇ ਹੋ। ਇਥੇ ਤੇਰੀ ਹਾਲਤ ਕੀ ਹੁੰਦੀ ਕਹਿ ਨਹੀਂ ਸਕਦਾ।"

ਵਾਮਨ ਦੇ ਇਹ ਸ਼ਬਦ ਸੁਣ ਕੇ ਹਰੀ ਨੂੰ ਐਵੇਂ ਹੀ ਵਰਲੀ ਦੀਆਂ ਗੰਦੀਆਂ ਨਾਲੀਆਂ ਚੇਤੇ ਆ ਗਈਆਂ। "ਉਥੇ ਮੈਂ ਨੌਕਰੀ ਕਰਦਾ ਹਾਂ? ਪੇਟ ਭਰ ਕੇ ਖਾਣਾ ਖਾਂਦਾ ਹਾਂ... ਹਾਂ...।" ਮਨ ਹੀ ਮਨ ਇਹ ਸੋਚ ਕੇ ਉਹ ਹੱਸਦਾ ਰਿਹਾ ਅਤੇ ਵਾਮਨ ਤੋਂ ਆਗਿਆ ਲੈ ਕੇ ਘਰ ਵੱਲ ਨੂੰ ਤੁਰ ਪਿਆ।

... ਵਰਲੀ ਦੀਆਂ ਝੁੱਗੀਆਂ ਵਿਚੋਂ ਉਸਦੀ ਜਾਣ ਪਛਾਣ ਵਾਲਾ ਇਕ ਆਦਮੀ ਨਿਕਲਿਆ। ਅਹਿਮਦ ਨਗਰ ਦੇ ਵੱਲ ਦਾ ਹੀ ਉਹ ਸੀ। ਰੰਗਾ ਉਸ ਦਾ ਨਾਂ ਸੀ। ਕਈ ਸਾਲਾਂ ਤੋਂ ਉਹ ਬੰਬਈ ਵਿਚ ਰਹਿੰਦਾ ਸੀ। ਪੂਰੀ ਤਰ੍ਹਾਂ ਨਾਲ ਬੇਰੋਜਗਾਰ ਪਰ ਪੂਰੀ ਟੌਹਰ ਨਾਲ ਜਿਉਂਦਾ ਸੀ। ਉਸ ਦੇ ਮਹਿੰਗੇ ਅਤੇ ਭਾਰੇ



ਕੱਪੜੇ ਅਤੇ ਗੱਲ ਬਾਤ ਕਰਨ ਦੇ ਸਲੀਕੇ ਦੇ ਕਾਰਨ ਹਰੀ ਨੂੰ ਰੰਗਾ ਬਹੁਤ ਚੰਗਾ ਆਦਮੀ ਲੱਗਾ। ਉਹੀ ਉਸ ਦਾ ਅਧਾਰ ਬਣ ਗਿਆ ਅਤੇ ਉਸ ਦੇ ਕੋਲ ਉਹ ਬਰਲੀ ਦੀਆਂ ਝੁੱਗੀਆਂ ਵਿਚ ਰਹਿਣ ਲੱਗਾ।

ਸ਼ੁਰੂਆਤ ਵਿਚ ਹਰੀ ਨੇ ਆਪਣਾ ਨਾਮ ਬੇਰੋਜਗਾਰ ਦਫ਼ਤਰ ਵਿਚ ਦਰਜ ਕਰਵਾ ਦਿੱਤਾ ਸੀ। ਅਤੇ ਬਾਅਦ ਵਿਚ ਉਹ ਰੋਜ਼ ਅਖ਼ਬਾਰਾਂ ਵਿਚ ਨੌਕਰੀ ਦੇ ਇਸ਼ਤਿਹਾਰ ਦੇਖਣ ਲੱਗਾ। ਪਰ ਥੋੜੇ ਹੀ ਦਿਨਾਂ ਬਾਅਦ ਉਸ ਨੂੰ ਪਤਾ ਲੱਗਾ ਕਿ ਬੰਬਈ ਵਿਚ ਵੀ ਬੇਰੋਜ਼ਗਾਰੀ ਦਾ ਰਾਕਸ਼ਸ ਓਨਾ ਹੀ ਭਿਆਨਿਕ ਹੈ ਅਤੇ ਵਿਸ਼ਾਲ ਹੈ ਜਿਨਾ ਕਿ ਸ਼੍ਰੀਗੋਂਦਾ ਵਿਚ। ਨੌਕਰੀ ਦੇ ਲਈ ਉਹ ਦਿਨ ਰਾਤ ਭਟਕਦਾ ਰਿਹਾ ਪਰ ਸਫ਼ਲਤਾ ਕਿਤੇ ਨਹੀਂ ਮਿਲੀ। ਉਸਦੀ ਮਾਨਸਿਕ ਸਥਿਤੀ ਖਰਾਬ ਹੋ ਗਈ। ਸ਼੍ਰੀ ਗੋਂਦਾ ਤੋਂ ਬੰਬਈ ਨਿਕਲਦੇ ਸਮੇਂ ਜਿਹੜੀ ਆਸ ਸੀ ਉਹ ਹੌਲੀ ਹੌਲੀ ਖਤਮ ਹੋ ਗਈ। ਉਹ ਰਾਂਜਣ ਪਿੰਡ ਵਿਚ ਪਰਤ ਵੀ ਨਹੀਂ ਸੀ ਸਕਦਾ। ਇਕ ਦਿਨ ਬੋਰੀਬਾਂਦਰ ਵਿਚ ਉਸ ਨੇ ਕਿਸੇ ਨੂੰ ਮਿਲਣਾ ਸੀ... ਜੇਬ ਵਿਚ ਪੈਸੇ ਨਹੀਂ ਸੀ... ਰੰਗਾ ਕੋਲੋਂ ਪੈਸੇ ਮੰਗਣੇ ਵੀ ਮੁਸ਼ਕਲ ਸੀ... ਅਤੇ ਇਸੇ ਕਾਰਨ ਬਿਨਾ ਟਿਕਟ ਦੇ ਉਹ ਪਰੇਲ ਦੀ ਗੱਡੀ ਵਿਚ ਬੈਠ ਗਿਆ ਅਤੇ ਕਿਸੇ ਸਟੇਸ਼ਟ ਉੱਤੇ ਉਹ ਫੜਿਆ ਗਿਆ ਸੀ। ਜੁਰਮਾਨਾ ਭਰਨ ਦੇ ਲਈ ਉਸ ਕੋਲ ਇਕ ਪੈਸਾ ਵੀ ਨਹੀਂ ਸੀ। ਅਤੇ ਇਸੇ ਕਾਰਨ ਤਿੰਨ ਦਿਨ ਦੀ ਜੇਲ੍ਹ ਕੱਟ ਕੇ ਜਦੋਂ ਉਹ ਝੁੱਗੀਆਂ ਦੀ ਥਾਂ ਉੱਤੇ ਆਇਆ ਤਾਂ ਉਥੇ ਰੰਗਾ ਸ਼ਰਾਬ ਪੀ ਕੇ ਪਿਆ ਹੋਇਆ ਸੀ। ਰਾਂਜਣ ਪਿੰਡ ਦਾ ਭੋਲਾ ਅਤੇ ਸੰਵੇਦਨਸ਼ੀਲ ਹਰੀ ਹੁਣ ਮਰ ਚੁੱਕਾ ਸੀ ਅਤੇ ਉਸ ਦੇ ਸਥਾਨ ਉੱਤੇ ਪੱਥਰ ਦਿਲ ਹਰੀ ਉਭਰਨ ਲੱਗਾ ਸੀ। ਇਕ ਦਿਨ ਉਸ ਨੇ ਰੰਗਾ ਨੂੰ ਪੁੱਛਿਆ ਕਿ ਤੂੰ ਕਿਹੜਾ ਕੰਮ ਕਰਦਾ ਏਂ?" ਰੰਗਾ ਦਾ ਕਿੱਤਾ ਸੀ ਤਿੰਨ ਪੱਤਿਆ ਦੀ ਖੇਡ। ਜੂਆ... ਉਸਦੇ ਹੋਰ ਵੀ ਸਾਥੀ ਸਨ। ਸਾਰੇ ਇਸੇ ਤਰ੍ਹਾਂ ਦੇ ਉਜੱਡ, ਪੱਥਰ ਦਿਲ ਅਤੇ ਬੇਰੋਜ਼ਗਾਰ। ਅਤੇ ਕੁਝ ਹੀ ਦਿਨਾਂ ਵਿਚ ਹਰੀ ਤਿੰਨ ਪੱਤਿਆਂ ਦੇ ਉਸ ਗੈਂਗ ਵਿਚ ਸ਼ਾਮਿਲ ਹੋ ਗਿਆ। ਪੁਲਿਸ ਦੀ ਨਜ਼ਰ ਚੁਰਾ ਕੇ ਇਹ ਖੇਡ ਖੇਡਿਆ ਜਾਣ ਲੱਗਾ। ਭੋਲੇ ਭਾਲੇ ਇਨਸਾਨਾ ਨੂੰ ਫਸਾ ਕੇ ਉਨ੍ਹਾਂ ਨੂੰ ਲੁੱਟਣਾ, ਸ਼ਰਾਬ ਪੀਣਾ... ਇਸ ਰੰਗਾ ਦਾ ਮੁੱਖ ਕੰਮ ਸੀ। ਨੌਕਰੀ ਤਾਂ ਮਿਲ ਨਹੀਂ ਰਹੀ ਸੀ। ਹੌਲੀ-ਹੌਲੀ ਹਰੀ ਇਸ ਗੈਂਗ ਨਾਲ ਘੁਲ ਮਿਲ ਗਿਆ। ਅਤੇ ਕੁਝ ਦਿਨਾਂ ਬਾਅਦ ਤਾਂ ਉਸ ਨੇ ਨੌਕਰੀ ਦੀ ਆਸ ਹੀ ਛੱਡ ਦਿੱਤੀ। ਹੁਣ ਉਸ ਨੂੰ ਇਸ ਦੀ ਲੋੜ ਵੀ ਨਹੀਂ ਸੀ। ਜੋ ਮਿਲਦਾ ਖਾ ਲੈਂਦਾ ਅਤੇ ਝੁੱਗੀ ਵਿਚ ਰਹਿੰਦਾ ਭਾਵ ਕਿ ਬਰਲੀ ਦੀਆਂ ਗੰਦੀਆਂ ਨਾਲੀਆਂ ਵਿਚ ਉਹ ਇਕ ਮਿਕ ਹੋ ਗਿਆ ਸੀ।

ਇਹੀ ਸਾਰਾ ਕੁਝ ਸੋਚਦਿਆਂ ਸੋਚਦਿਆਂ ਉਹ ਘਰ ਦੇ ਨੇੜੇ ਕਦੋਂ ਆ ਗਿਆ ਇਸ ਉਹ ਸਮਝ ਹੀ ਨਹੀਂ ਸਕਿਆ। ਵਿਹੜੇ ਵਿਚ ਸਵਿਤਰੀ ਖੜੀ ਸੀ। ਘਰ ਆਇਆ ਚਾਰ ਦਿਨ ਹੋ ਗਏ ਸਨ ਪਰ ਅੱਜ ਹੀ ਉਹ ਸਵਿਤਰੀ ਨੂੰ ਠੀਕ ਢੰਗ ਨਾਲ ਵੇਖ ਰਿਹਾ ਸੀ। ਉਂਝ ਸਵਿਤਰੀ ਗੋਰੇ ਰੰਗ ਦੀ ਨਹੀਂ ਸੀ। ਪਰ ਕੱਸੇ ਹੋਏ ਸਰੀਰ ਦੀ ਸੀ। ਨੈਣ ਨਕਸ਼ਾਂ ਤੋਂ ਇਕਦਮ ਖਿਚ ਭਰਪੂਰ ਅਤੇ ਭਰੀ ਹੋਈ ਸੀ। ਮਾਮਾ ਮਾਮੀ ਦੀ ਇਹ ਅਨਾਥ ਲੜਕੀ ਹੁਣ ਬਚਪਨ ਦੀ ਉਮਰ ਪਾਰ ਕਰ ਚੁੱਕੀ ਸੀ ਅਤੇ ਜਵਾਨੀ ਵਿਚ ਪਹੁੰਚ ਰਹੀ ਸੀ। ਹਰੀ ਨੂੰ ਵੇਖ ਕੇ ਉਹ ਹੱਸੀ ਅਤੇ ਪੁੱਛਣ ਲੱਗੀ, "ਕਿਥੇ ਗਿਆ ਸੀ ਹਰੀ ਤੂੰ?"

"ਥੜੇ ਵੱਲ। ਤੂੰ ਕਿੱਥੇ ਜਾ ਰਹੀ ਏਂ?" ਹਰੀ ਨੇ ਪੁੱਛਿਆ।

"ਮੁੱਖੀਆ ਦੇ ਘਰੇ।"

"ਇਸ ਵੇਲੇ ! ਰਾਤ ਹੋ ਜਾਵੇਗੀ ਤੈਨੂੰ।"

"ਮੈਂ ਅੱਜ ਰਾਤ ਉਨ੍ਹਾਂ ਦੇ ਘਰ ਹੀ ਰਹਿਣ ਵਾਲੀ ਹਾਂ। ਮੁੱਖੀਆ ਦੀ ਪਤਨੀ ਦੇ ਨਾਲ।"

"ਸਵੇਰੇ ਜਲਦੀ ਆ ਜਾਵੀਂ।"

"ਠੀਕ ਹੈ ਪਰ ਹਰੀ ਤੂੰ ਮੈਨੂੰ ਬੰਬਈ ਲੈ ਜਾ ਨਾ। ਬੜੀ ਇੱਛਾ ਹੈ ਮੇਰੀ ਬੰਬਈ ਵੇਖਣ ਦੀ।"

ਹਰੀ ਚੁੱਪ ਹੋ ਗਿਆ। ਸਾਵਿਤਰੀ ਦਾ ਇਸ ਸਮੇਂ ਮੁੱਖੀਆ ਦੇ ਘਰ ਜਾਣਾ ਉਸ ਨੂੰ ਠੀਕ ਨਾ ਲੱਗਾ। ਉਹ ਘਰ ਦੇ ਅੰਦਰ ਗਿਆ। ਮਾਂ ਚੁੱਲ੍ਹੇ ਵਿਚ ਅੱਗ ਜਲਾਉਣ ਦੇ ਲਈ ਭੂਕਨਾ ਲੈ ਕੇ ਬੈਠੀ ਸੀ। ਉਹ ਸਿੱਧਾ ਚੁੱਲ੍ਹੇ ਦੇ ਕੋਲ ਬੈਠ ਗਿਆ ਜਿਵੇਂ ਕਿ ਬਚਪਨ ਵਿਚ ਅਕਸਰ ਬੈਠਦਾ ਸੀ। ਅਤੇ ਫਿਰ ਮਾਂ ਨੂੰ ਪੁੱਛਣ ਲੱਗਾ, "ਮਾਂ ਕੀ ਸਵਿਤ੍ਰੀ ਅੱਜ ਰਾਤ ਮੁੱਖੀਏ ਦੇ ਘਰ ਰਹਿਣ ਦੇ ਲਈ ਗਈ ਹੈ?"

"ਹਾਂ, ਮੁੱਖੀਏ ਦੀ ਪਤਨੀ ਇਕੱਲੀ ਹੈ, ਇਸ ਲਈ।"

"ਕੀ ਉਸ ਦੇ ਘਰ ਹੋਰ ਨੌਕਰ ਚਾਕਰ ਨਹੀਂ ਹਨ? ਘਰ ਦੇ ਹੋਰ ਲੋਕ ਨਹੀਂ ਹਨ?"

"ਹੈ ਨਾ! ਪਰ ਇਸ ਨੂੰ ਸੱਦਿਆ ਗਿਆ ਹੈ।"

"ਮਾਂ ਸੱਚ ਮੁਚ ਕਹਿ। ਜੇਕਰ ਸੱਚ ਨਹੀਂ ਕਹੇਂਗੀ ਤਾਂ ਮੈਂ ਇਸ ਵੇਲੇ ਮੁੱਖੀਏ ਦੇ ਘਰ ਜਾਊਂਗਾ ਅਤੇ ਅਸਲੀਅਤ ਦਾ ਪਤਾ ਲਗਾਊਂਗਾ। ਮੈਨੂੰ ਗੱਲ ਐਨੀ ਸਹਿਜ ਨਹੀਂ ਲੱਗਦੀ।"

"ਮੁੱਖੀਏ ਦੇ ਘਰ ਜਾਵੇਂਗਾ-ਹਰੀ ਦੀ ਇਹ ਗੱਲ ਸੁਣ ਕੇ ਮੰਜੂਲਾ ਬਾਈ ਅੰਦਰੋਂ ਕੰਬ ਗਈ। ਅਤੇ ਅਚਾਨਿਕ ਉਸਦੀਆਂ ਅੱਖਾਂ ਵਿਚ ਅੱਥਰੂ ਭਰਨ ਲੱਗ ਪਏ। ਜਿਵੇਂ ਉਹ ਇਹ ਕਹਿਣ ਦੀ ਹਿੰਮਤ ਨਹੀਂ ਕਰ ਰਹੀ ਸੀ ਕਿ ਸਾਵਿਤਰੀ ਹੁਣ ਮੁੱਖੀਏ ਦੀ ਰਖੈਲ ਬਣ ਚੁੱਕੀ ਹੈ।

... ਟੀ ਬੀ ਤੋਂ ਪੀੜਤ ਗੰਗਾ ਰਾਮ ਹੌਲੀ ਹੌਲੀ ਮੁੱਖੀਏ ਦੇ ਘਰ ਮਜਦੂਰੀ ਦੀ ਦ੍ਰਿਸ਼ਟੀ ਤੋਂ ਬੇਕਾਰ ਸਿੱਧ ਹੋ ਰਿਹਾ ਸੀ। ਅਤੇ ਇਸ ਕਾਰਨ ਮੁੱਖੀਆ ਦੇ ਘਰ ਵਿਚ ਮਿਲਣ ਵਾਲਾ ਅਨਾਜ਼ ਘੱਟ ਹੁੰਦਾ ਗਿਆ। ਦੋ ਦੋ ਦਿਨ ਚੁੱਲ੍ਹਾ ਠੰਢਾ ਪਿਆ ਰਹਿੰਦਾ। ਅਤੇ ਝੁੱਗੀ ਗੰਗਾ ਰਾਮ ਦੀ ਖੰਘ ਦੀ ਆਵਾਜ਼ ਨਾਲ ਹੋਰ ਵੀ ਡਰਾਉਣੀ ਲੱਗਣ ਲੱਗੀ। ਇਕ ਦਿਨ ਮੁੱਖੀਏ ਗੰਗਾ ਰਾਮ ਦੇ ਘਰ ਆਇਆ। ਉਸ ਨੂੰ ਇਕੱਲਾ ਲਿਜਾ ਕੇ ਘੁਸਰ ਮੁਸਰ ਕਰਦਾ ਰਿਹਾ। ਸਾਇਦ ਗੰਗਾ ਰਾਮ ਮੁੱਖੀਏ ਦੇ ਹੁਕਮ ਨੂੰ ਝੱਟ ਮੰਨ ਵੀ ਗਿਆ। ਜਵਾਨੀ ਵਿਚ ਜਿਸ ਨੇ ਅਜੇ ਹੁਣੇ ਹੁਣੇ ਪੈਰ ਰੱਖਿਆ ਸੀ ਉਸ ਸਵਿਤਰੀ ਨੂੰ ਮੁੱਖੀਏ ਦੇ ਭੋਗ ਵਿਲਾਸ ਦੇ ਲਈ ਸੌਂਪਣ ਦੇ ਲਈ ਗੰਗਾ ਰਾਮ ਤਿਆਰ ਹੋ ਗਿਆ ਸੀ। ਮੰਜੂਲਾ ਇਸ ਘਟੀਆ ਕੰਮ ਤੋਂ ਬਹੁਤ ਰੋਈ। ਚੀਕੀ, ਛਾਤੀ ਪਿੱਟੀ ਪਰ ਮੁੱਖੀਆ ਦੇ ਸਨਮੁੱਖ ਕਿਸੇ ਦੀ ਇਕ ਨਾ ਚੱਲੀ। ਅਤੇ ਫਿਰ ਗੰਗਾ ਰਾਮ ਮੁੱਖੀਏ ਨੂੰ ਵਾਅਦਾ ਕਰ ਚੁੱਕਾ ਸੀ। ਕੋਮਲ ਸਾਵਿਤਰੀ ਜਿਸ ਨੂੰ ਪਾਪ-ਪੁੰਨ, ਚਲਾਕੀ-ਇਮਾਨਦਾਰੀ ਦਾ ਕੁੱਝ ਵੀ ਪਤਾ ਨਹੀਂ ਸੀ ਵਾਸਨਾ ਨਾਲ ਪਾਗਲ ਮੁੱਖੀਏ ਦਾ ਬਿਸਤਰਾ ਗਰਮ ਕਰਨ ਲੱਗੀ। ਉਸ ਦਿਨ ਤੋਂ ਸਾਵਿਤਰੀ ਦੀਆਂ ਰਾਤਾਂ ਅਕਸਰ ਮੁੱਖੀਏ ਦੇ ਘਰ ਗੁਜਰਦੀਆਂ। ਦੋ ਵਾਰ ਉਸ ਦਾ ਗਰਭਪਾਤ ਹੋ ਚੁੱਕਾ ਸੀ। ਫਿਰ ਹੌਲੀ ਹੌਲੀ ਉਹ ਵੀ ਇਸ ਜ਼ਿੰਦਗੀ ਨੂੰ ਸਵੀਕਾਰ ਕਰ ਗਈ। ਪਰ ਬਾਵਜੂਦ ਇਸ ਸਭ ਦੇ ਜਦੋਂ ਵੀ ਮੰਜੂਲਾ ਹਰੀ ਦਾ ਨਾਂ ਲੈਂਦੀ ਸਾਵਿਤਰੀ ਪ੍ਰਸੰਨ ਹੋ ਜਾਂਦੀ। ਜਦੋਂ ਉਹ ਛੋਟੀ ਸੀ ਉਦੋਂ ਉਸਦੇ ਮਾਂ ਬਾਪ ਅਕਸਰ ਕਹਿੰਦੇ ਕਿ ਹਰੀ ਤੇਰਾ ਪਤੀ ਬਣਨ ਵਾਲਾ ਹੈ। ਅਤੇ ਅੱਜ ਸਵਿਤਰੀ ਮੁੱਖੀਆ ਦੀ ਰਖੈਲ ਬਣ ਚੁੱਕੀ ਸੀ।

ਹਰੀ ਇਹ ਸਭ ਕੁਝ ਸੁਣਦਾ ਰਿਹਾ ਅਤੇ ਰਾਂਜਣ ਪਿੰਡ ਵਿਚ ਰਹਿਣਾ ਉਹਦੇ ਲਈ ਮੁਸ਼ਕਲ ਹੋ ਗਿਆ। ਉਹ ਬੰਬਈ ਪਰਤਣ ਨੂੰ ਕਾਹਲਾ ਹੋ ਗਿਆ। ਮਾਂ ਨੇ ਇਕ ਦਿਨ ਉਸ ਨੂੰ ਕਿਹਾ, "ਹਰੀ ਦੋ ਦਿਨ ਬਾਅਦ ਤੇਰੇ ਪਿਓ ਦੀ ਅੰਤਮ ਰਸਮ ਕਰਨੀ ਹੈ। ਇਹ ਸੁਣ ਕੇ ਉਹ ਇਕਦਮ ਚੀਕ ਉੱਠਿਆ, "ਕੀ ਦਿੱਤਾ ਸੀ ਪਿਤਾ ਨੇ ਤੈਨੂੰ? ਕਿਹੜੀ ਅੰਤਮ ਰਸਮ ਲਈ ਬੈਠੀ ਹੋਈ ਏਂ? ਜੇਕਰ ਸੱਚਮੁੱਚ ਤੈਨੂੰ ਲੱਗਦਾ ਹੈ ਕਿ ਉਸਦੀ ਆਤਮਾ ਨੂੰ ਸ਼ਾਂਤੀ ਮਿਲੇ ਤਾਂ ਸ਼ਰਾਬ ਦੀ ਇਕ ਬੋਤਲ ਉਸਦੀ ਰਾਖ ਉੱਤੇ ਡੋਲ੍ਹ ਦੇਵੀਂ।"

"ਨਹੀਂ ਨਹੀਂ ਅਜਿਹਾ ਨਾ ਕਹਿ ਬੇਟੇ! ਕੁਝ ਵੀ ਹੋਵੇ ਆਖਿਰ ਉਹ ਤੇਰੇ ਪਿਓ ਸੀ। ਧਰਮ ਕਰਮ ਤਾਂ ਨਿਭਾਉਣਾ ਹੀ ਪੈਂਦਾ ਹੈ।"

"ਧਰਮ ਅਤੇ ਪ੍ਰਮਾਤਮਾ!... ਜਲ਼ਾ ਦੇ ਦੋਹਾਂ ਨੂੰ ਸ਼ਮਸਾਨ ਘਰ ਵਿਚ।"



"ਅਜਿਹਾ ਨਾ ਕਹਿ ਮੇਰੇ ਲਈ ਤੂੰ ਇਹ ਸਾਰਾ ਕੁਝ ਕਰਨਾ ਹੀ ਹੋਵੇਗਾ।" ਹਰੀ ਨਿਰ-ਉੱਤਰ ਹੋ ਗਿਆ। ਮਾਂ ਦੀਆਂ ਅੱਖਾਂ ਵਿਚੋਂ ਸੁੱਕੇ ਅੱਥਰੂਆਂ ਨੂੰ ਉਹ ਵੇਖਦਾ ਰਿਹਾ।

ਅੰਤਰ ਰਸਮ ਹੋ ਚੁੱਕੀ ਸੀ। ਮਾਂ ਦੀ ਭਾਵਨਾ ਦੀ ਰੱਖਿਆ ਦੇ ਲਈ ਉਸਨੇ ਇਹ ਸਾਰਾ ਕੁਝ ਕੀਤਾ ਸੀ। ਅਤੇ ਹੁਣ ਉਸਨੇ ਇਹ ਇਰਾਦਾ ਕਰ ਲਿਆ ਸੀ ਕਿ ਉਹ ਕੱਲ੍ਹ ਤੁਰ ਪਵੇਗਾ। ਪਿਛਲੇ ਕੁਝ ਦਿਨਾਂ ਵਿਚ ਬੰਬਈ ਵਿਚ ਉਸਨੇ ਜੋ ਕੁੱਝ ਭੋਗਿਆ ਸੀ ਉਹ ਸਥਿਤੀ ਅਤੇ ਅੱਜ ਆਪਣੀਆਂ ਅੱਖਾਂ ਸਾਹਮਣੇ ਘਰ ਦੀ ਇੱਜ਼ਤ ਮਿੱਟੀ ਵਿਚ ਮਿਲ ਜਾਣਾ ਹਰੀ ਇਸ ਗੱਲ ਨੂੰ ਲੈ ਕੇ ਬੇਚੈਨ ਹੋ ਗਿਆ ਅਤੇ ਇਸ ਕਾਰਨ ਉਹ ਮਾਂ ਨੂੰ ਵਾਰ ਵਾਰ ਕਹਿ ਰਿਹਾ ਸੀ ਕਿ ਉਹ ਕੱਲ੍ਹ ਬੰਬਈ ਜਾਵੇਗਾ। ਉਸਦੇ ਇਸ ਇਰਾਦੇ ਨੂੰ ਸੁਣ ਕੇ ਮੰਜੂਲਾ ਨੂੰ ਲੱਗ ਰਿਹਾ ਸੀ ਕਿ ਅੰਨ੍ਹੇ ਵਿਅਕਤੀ ਦੇ ਹੱਥ ਵਿਚ ਸਹਾਰੇ ਦੇ ਰੂਪ ਵਿਚ ਬਚੀ ਹੋਈ ਇਕ ਡਾਂਗ ਨੂੰ ਵੀ ਖੋਹਿਆ ਜਾ ਰਿਹਾ ਹੈ। ਹਰੀ ਦੇ ਇਸ ਇਰਾਦੇ ਤੋਂ ਉਹ ਆਪਣੇ ਅੱਥਰੂਆਂ ਨੂੰ ਰੋਕ ਨਹੀਂ ਸਕੀ ਸੀ। ਉਹ ਲਗਾਤਾਰ ਰੋਣ ਲੱਗੀ। ਹਰੀ ਦੇ ਮੋਢੇ ਉੱਤੇ ਹੱਥ ਰੱਖ ਕੇ ਉਸ ਨੇ ਕਿਹਾ, "ਹਰੀ ਤੂੰ ਇਥੋਂ ਜਾ ਰਿਹਾ ਏਂ, ਤਾਂ ਮੈਂ ਫਿਰ ਇਥੇ ਕਿਉਂ ਰਹਾਂ? ਮੈਨੂੰ ਵੀ ਨਾਲ ਲੈ ਚੱਲ।"

ਨਹੀਂ ਮਾਂ, ਨਹੀਂ ਤੂੰ ਏਥੇ ਹੀ ਰਹਿ। ਤੂੰ ਮੇਰੇ ਨਾਲ ਨਾ ਤੁਰੀਂ! ਮੈਂ ਹੀ ਸਾਲ ਵਿਚ ਤਿੰਨ ਚਾਰ ਵਾਰ ਆ ਕੇ ਤੈਨੂੰ ਮਿਲ ਲਿਆ ਕਰਾਗਾ। ਹਰ ਮਹੀਨੇ ਤੈਨੂੰ ਰੁਪਏ ਭੇਜਦਾ ਰਹਾਂਗਾ। ਅਤੇ ਦੇਖ ਸਵਿਤਰੀ ਨੂੰ ਘਰ ਵਿਚ ਨਾ ਰੱਖੀਂ, ਮਰਨ ਦੇ ਉਸ ਨੂੰ ਕਿਤੇ ਵੀ।" ਇਕੋ ਸਾਹੇ ਉਹ ਇਹ ਸਾਰਾ ਕੁਝ ਕਹਿ ਗਿਆ। ਅਤੇ ਫਿਰ ਉਸ ਨੂੰ ਡਰ ਲੱਗਾ ਕਿ ਮਾਂ ਕਿਤੇ ਉਸਦੇ ਨਾਲ ਜਾਣ ਦੀ ਜ਼ਿੱਦ ਨਾ ਕਰੇ।

"ਚੰਗਾ ਪੁੱਤ, ਪਰ ਤੂੰ ਹਮੇਸ਼ਾ ਏਥੇ ਆਉਂਦਾ ਰਹੀ।"

"ਹਾਂ ਮਾਂ! ਮੈਂ ਹਮੇਸਾ ਆਉਂਦਾ ਰਹਾਂਗਾ।"

ਸ਼ਾਮ ਨੂੰ ਹਰੀ ਜਾਣ ਦੀ ਤਿਆਰੀ ਵਿਚ ਰੁਝ ਗਿਆ। ਸ਼੍ਰੀ ਗੋਂਦਾ ਤੋਂ ਬੰਬਈ ਜਾਣ ਵਾਲੀ ਮਨਮਾਡ-ਦੌਂਡ ਗੱਡੀ ਬਹੁਤ ਤੜਕੇ ਹੀ ਜਾਂਦੀ ਸੀ। ਇਸ ਕਾਰਨ ਸਵਿਤਰੀ ਅੱਜ ਘਰ ਵਿਚ ਰੁਕਣ ਵਾਲੀ ਸੀ। ਖਾਣਾ ਖਾ ਸੌਂਦੇ ਸਮੇਂ ਸਵਿਤਰੀ ਹਰੀ ਨੂੰ ਕਹਿਣ ਲੱਗੀ, "ਹਰੀ ਤੂੰ ਜਾ ਰਿਹਾ ਏਂ ਤਾਂ ਮੈਨੂੰ ਵੀ ਬੰਬਈ ਨਾਲ ਲੈ ਜਾ। ਮੈਂ ਤੇਰੇ ਨਾਲ ਰਹਾਂਗੀ ਉਥੇ।"

ਹਰੀ ਕੁਝ ਬੋਲ ਨਾ ਸਕਿਆ। ਅਤੇ ਉਹ ਨੀਂਦ ਦੀ ਉਡੀਕ ਕਰਨ ਲੱਗਾ। ਪਰ ਸਵਿਤਰੀ ਦੀ ਬੇਨਤੀ ਉਸ ਨੂੰ ਸਤਾਉਣ ਲੱਗੀ। ਉਹ ਉਸ ਤੋਂ ਚਿੜ ਰਿਹਾ ਸੀ। ਅਤੇ ਫਿਰ ਉਸ ਨੂੰ ਸਵਿਤਰੀ ਉੱਤੇ ਤਰਸ ਆ ਗਿਆ। ਰਾਤ ਅੱਧੀ ਤੋਂ ਵੱਧ ਬੀਤ ਗਈ ਸੀ। ਉਹ ਉੱਠ ਕੇ ਵਿਹੜੇ ਵਿਚ ਆ ਗਿਆ। ਠੰਡੀ ਹਵਾ ਚਲ ਰਹੀ ਸੀ। ਤਾਰੇ ਨਿਕਲ ਆਏ ਸਨ। ਥੋੜ੍ਹੀ ਦੂਰ ਪਿੱਪਲ ਦਾ ਰੁੱਖ ਜਿਵੇਂ ਤਾੜੀਆਂ ਵਜਾ ਰਿਹਾ ਸੀ। ਹਰੀ ਕਾਫੀ ਦੇਰ ਸੋਚਦਾ ਰਿਹਾ ਅਤੇ ਫਿਰ ਉਸ ਨੇ ਪੱਕਾ ਇਰਾਦਾ ਕਰ ਲਿਆ ਕਿ ਉਹ ਸਵਿਤਰੀ ਨੂੰ ਲੈ ਕੇ ਬੰਬਈ ਜਾਏਗਾ। ਇਥੇ ਜੋ ਕੁਝ ਕਰਦੀ ਹੈ ਉਥੇ ਬੰਬਈ ਵਿਚ ਵੀ ਉਹੀ ਕਰੇਗੀ। ਮੇਰੀ ਰੋਟੀ ਦਾ ਸਵਾਲ ਵੀ ਆਸਾਨੀ ਨਾਲ ਹੱਲ ਹੋ ਜਾਵੇਗਾ ਅਤੇ ਫਿਰ ਰੋਟੀ ਤੋਂ ਇਲਾਵਾ ਹੋਰ ਜਿਹੜਾ ਸਵਾਲ ਹੈ...

ਸਾਝਰੇ ਹੀ ਸਾਵਿਤਰੀ ਅਤੇ ਹਰੀ ਸ਼੍ਰੀ ਗੋਂਦਾ ਦੀ ਸੜਕ ਉੱਤੇ ਤੁਰ ਰਹੇ ਸਨ। ਅੱਖਾਂ ਵਿਚ ਅੱਥਰੂ ਲਈ ਮੰਜੂਲਾ ਉਨ੍ਹਾਂ ਨੂੰ ਵਿਦਾ ਕਰ ਚੁੱਕੀ ਸੀ। ਅਤੇ ਦੁਧੀਆਂ ਚਾਂਦਨੀ ਵਿਚ ਕਾਲੇ ਅਜਗਰ ਦੀ ਤਰ੍ਹਾਂ ਲੰਮੀ ਪਈ ਲੁੱਕ ਵਾਲੀ ਉਸ ਸੜਕ ਉੱਤੇ ਹਰੀ ਸਾਵਿਤਰੀ ਦੇ ਨਾਲ ਤੁਰ ਰਿਹਾ ਸੀ। ✪

## ਇਹਨੂੰ ਛੱਡ ਕੇ ਕੋਈ ਵੀ.../ - ਸ਼ੰਕਰਰਾਓ ਸੁਰਡਕਰ (Shankarrao )

ਜ਼ਿਲ੍ਹਾ ਮੁੱਖੀ ਅਤੇ ਮੰਤਰੀ ਸਾਹਿਬ ਦੋਵੇਂ ਅੱਠ ਦਿਨਾਂ ਦਾ ਜਨ ਸੰਪਰਕ ਦੌਰਾ ਸਮਾਪਤ ਕਰਕੇ ਆਮ ਪਿੰਡ ਆ ਗਏ। ਦੌਰੇ ਵਿਚ ਲੋਕਾਂ ਦੀਆਂ ਸ਼ਿਕਾਇਤਾਂ ਉਸਦੇ ਕੋਲ ਨਹੀਂ ਆਈਆਂ ਸਨ। ਪਰ ਹਰੇਕ ਦੌਰੇ 'ਚ ਕਾਮਈਸਦਾਰ ਸਾਹਿਬ ਦੀ ਲੋਕਾਂ ਨੇ ਬਹੁਤ ਪ੍ਰਸ਼ੰਸ਼ਾ ਕੀਤੀ ਸੀ। ਉਸ ਸਮੇਂ ਕਮਾਈਸਦਾਰ ਸਾਹਿਬ ਛੁੱਟੀ ਉਤੇ ਸੀ ਇਸ ਲਈ ਚੰਗਾ ਹੋਇਆ ਨਹੀਂ ਤਾਂ ਕਿਸੇ ਨੂੰ ਸ਼ੱਕ ਹੋ ਜਾਂਦੀ ਕਿ ਉਨ੍ਹਾਂ ਨੇ ਪ੍ਰਸ਼ੰਸ਼ਾ ਵਿਚ ਫੁੱਲ ਦੇਣ ਦਾ ਇਹ ਨਾਟਕ ਰਚਾਇਆ ਹੈ।

ਪਿੰਡ ਵਾਸੀਆਂ ਦੇ ਮੂੰਹ ਵਿਚੋਂ ਗੰਗਾ ਜਲ ਵਾਂਗ ਸ਼ਬਦ ਗੂੰਜ ਰਹੇ ਸਨ ਕਿ ਇਹ ਅਫ਼ਸਰ ਜਦੋਂ ਦਾ ਆਇਆ ਹੈ, ਉਦੋਂ ਤੋਂ ਆਮ ਲੋਕਾਂ ਨੂੰ ਨਿਆ ਮਿਲ ਰਿਹਾ ਹੈ। ਅਤੇ ਇਸ ਕਾਰਨ ਸਰਕਾਰ ਦੇ ਸਬੰਧ ਵਿਚ ਲੋਕਾਂ ਦੇ ਮਨ ਵਿਚ ਜਿਹੜਾ ਗੁੱਸਾ ਸੀ ਉਹ ਸਾਰਾ ਨਿਕਲ ਗਿਆ। ਵਿਭਾਗ ਦੇ ਕਰਮਚਾਰੀਆਂ ਉੱਤੇ ਧਾਂਕ ਜਮਾ ਕੇ ਜਨ ਕਲਿਆਨ ਦਾ ਸ਼ੁੱਭ ਆਰੰਭ ਉਨ੍ਹਾਂ ਨੇ ਕੀਤਾ। ਸਪੱਸ਼ਟਤਾ, ਬੋਲ ਬਾਣੀ ਵਿਚ ਮਿਠਾਸ, ਉੱਚਾ ਚਰਿਤਰ, ਕੰਮ ਕਰਨ ਵਿਚ ਤੇਜ਼ੀ, ਲਗਨ ਇਹ ਗੁਣ ਉਸ ਵਿਚ ਭਰੇ ਪਏ ਸਨ। ਅਜਿਹੇ ਅਫ਼ਸਰ ਹਰ ਥਾਂ ਆ ਜਾਣ ਤਾਂ ਸਰਕਾਰ ਦੀ ਪੰਜ ਸਾਲਾਂ ਯੋਜਨਾਵਾਂ, ਜਨ ਕਲਿਆਲ ਦਾ ਕੰਮ ਅਤੇ ਬਰਾਬਰੀ ਵਾਲਾ ਸਮਾਜਵਾਦੀ ਸਮਾਜ ਸਿਰਜਣਾ ਕਦੋਂ ਦਾ ਪੂਰਾ ਹੋ ਜਾਂਦਾ।

ਜਦੋਂ ਮੰਤਰੀ ਸਾਹਿਬ ਆਮ ਪਿੰਡ ਪਹੁੰਚੇ ਉਦੋਂ ਮੁੱਖ ਮੰਤਰੀ ਦੇ ਕਹਿਣ ਦੇ ਲਈ ਕੁਝ ਵੀ ਨਹੀਂ ਸੀ ਇਸ ਲਈ ਉਸ ਨੂੰ ਬੁਰਾ ਲੱਗ ਰਿਹਾ ਸੀ। ਉਨ੍ਹਾਂ ਨੂੰ ਡਰ ਸੀ ਕਿ ਲੋਕ ਸੰਪਰਕ ਦੇ ਇਸ ਦੌਰੇ ਤੋਂ ਬਾਅਦ ਕਹਿਣ ਨੂੰ ਕੁਝ ਵੀ ਨਹੀਂ ਹੈ... ਇਸ ਨੂੰ ਸੁਣ ਕੇ ਮੁੱਖਮੰਤਰੀ ਮਜ਼ਾਕ ਨਾਲ ਹੱਸ ਕੇ ਕਹਿਣ ਗੇ ਕਿ 'ਲਗਦਾ ਹੈ ਤੁਹਾਨੂੰ ਅਫ਼ਸਰਾਂ ਨੇ ਮੂਰਖ ਬਣਾਇਆ ਹੈ।'' ਇਸ ਪਾਸੇ ਉਸ ਨੂੰ ਖੁਸ਼ੀ ਵੀ ਹੋ ਰਹੀ ਸੀ ਕਿ ਇਸ ਵਿਸ਼ੇਸ਼ ਵਿਭਾਗ ਵਿਚ ਸਰਕਾਰ ਦੀ ਲੋਕ ਭਲਾਈ ਦੀ ਯੋਜਨਾ ਇਮਾਨਦਾਰੀ ਨਾਲ ਅਮਲ ਵਿਚ ਲਿਆਂਦੀ ਜਾ ਰਹੀ ਹੈ।

ਇਸ ਦਵੰਧ ਵਿਚ ਉਸਦਾ ਮਨ ਲਾਟੂ ਵਾਂਗ ਘੁੰਮ ਰਿਹਾ ਸੀ, ਐਨੇ ਨੂੰ ਉਨ੍ਹਾਂ ਦੇ ਨੇੜੇ ਤੇੜੇ ਬਹੁਤ ਸਾਰੇ ਵਿਸ਼ੇਸ਼ ਲੋਕ ਜਮਾ ਹੋ ਗਏ।

ਵਿਸ਼ੇਸ਼ ਮਹਿਮਾਨਾ ਵਿਚੋਂ ਕਰੋੜੀ ਮੱਲ, ਕਮਰੂਦੀਨ, ਭੁਸਾਰੀ, ਮੋਹਨ ਲਾਲ, ਕਾਂਚਨ ਮੱਲ ਆਦਿ ਪਿੰਡਾਂ ਦੇ ਚੋਣਵੇਂ ਲੋਕ ਸਨ। ਆਲੇ ਦੁਆਲੇ ਸੰਗੀਨਾ ਲੱਗੀਆਂ ਬੰਦੂਕਾਂ ਨੂੰ ਫੜੀ ਸਿਪਾਈਆਂ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਸੀ ਇਹ ਦੇਖ ਕੇ ਕਰੋੜੀਮੱਲ, ਕਮਰੂਦੀਨ ਨੂੰ ਕਹਿਣ ਲੱਗਾ, ''ਹੁਣ ਇਥੇ ਕੋਈ ਵੀ ਨਹੀਂ ਹੈ। ਅਸੀਂ ਆਪਣੀ ਗੱਲ ਸ਼ੁਰੂ ਕਰਾਂਗੇ।'' ਲੰਮਾ ਸਾਹ ਲੈਂਦਿਆਂ ਹੋਇਆ ਕਰੋੜੀ ਮੱਲ ਨੇ ਕਿਹਾ, ''ਕੀ ਕਰੀਏ ਮੰਤਰੀ ਜੀ ਲੱਗਦਾ ਹੈ ਇਸ ਇਲਾਕੇ ਵਿਚ ਕਮਾਈਸਦਾਰ ਹੀ ਸਰਕਾਰ ਬਣ ਕੇ ਬੈਠਾ ਹੈ।'' ਮੰਤਰੀ ਸਾਹਿਬ ਜਰਾ ਆਪਣੀ ਕੁਰਸੀ ਅੱਗੇ ਖਿਸਕਾਉਂਦੇ ਹੌਲੀ ਜਿਹੇ ਬੋਲੇ, ''ਉਨ੍ਹਾਂ ਖਿਲਾਫ਼ ਕੋਈ ਸ਼ਿਕਾਇਤ ਹੈ?''

''ਹੁਣ ਕੀ ਤੇ ਕਿਵੇਂ ਕਹੀਏ? ਉਸ ਨੇ ਸਾਨੂੰ ਚਾਰਾ ਨੂੰ ਬਦਨਾਮ ਕਰਕੇ ਰੱਖ ਦਿੱਤਾ ਹੈ।'' ਕਮਰੂਦੀਨ ਬੋਲਿਆ।



''ਕਿਵੇਂ? ਕੁਝ ਤਾਂ ਬੋਲੋ?'' ਮੰਤਰੀ ਨੇ ਪੁੱਛਿਆ।

ਕਰੋੜੀ ਮੱਲ ਦੱਬੀ ਹੋਈ ਆਵਾਜ਼ ਵਿਚ ਕਹਿਣ ਲੱਗਾ, ''ਪੰਦਰਾ ਦਿਨ ਪਹਿਲਾ ਦੀ ਘਟਨਾ ਹੈ। ਉਸ ਨੇ ਸਾਨੂੰ ਪੰਜ ਸੌ ਰੁਪਏ ਜ਼ੁਰਮਾਨਾ ਕੀਤਾ। ਹੁਣ ਤੱਕ ਅਸੀਂ ਅਫ਼ਸਰਾਂ ਨੂੰ ਕਹਿ ਸੁਣ ਕੇ ਮਸਲਾ ਰਫ਼ਾ-ਦਫ਼ਾ ਕਰ ਦਿੰਦੇ ਸੀ। ਪਰ ਜਦੋਂ ਤੋਂ ਇਹ ਆਇਆ ਹੈ ਇਸ ਨੇ ਦੱਬੇ ਮੁਰਦੇ ਪੁੱਟ ਸੁੱਟੇ ਨੇ। ਸਾਰੇ ਲੋਕਾਂ ਦੇ ਸਾਹਮਣੇ ਇਸ ਨੇ ਸਾਡੀ ਹਵੇਲੀ ਨੂੰ ਨਾਪਿਆ। ਸਾਰੇ ਤਮਾਸ਼ਾਂ ਵੇਖਣ ਵਾਲੇ ਲੋਕਾਂ ਦੇ ਸਾਹਮਣੇ ਇਸ ਨੇ ਹੁਕਮ ਦਿੱਤਾ ਕਿ ਤੁਹਾਨੂੰ ਘਰ ਦਾ ਉਪਰ ਵਾਲਾ ਹਿੱਸਾ ਢਹੁਣਾ ਪਵੇਗਾ। ਇਸ ਤਰ੍ਹਾਂ ਇਸ ਨੇ ਸਾਡੀ ਇੱਜ਼ਤ ਭਰੇ ਬਾਜ਼ਾਰ ਵਿਚ ਰੋਲ ਦਿੱਤੀ।''

''ਪ੍ਰੰਤੂ ਇਹ ਜ਼ੁਰਮਾਨਾ ਕਿਸੇ ਲਈ ਏ ਸੇਠ ਜੀ।'' ਮੰਤਰੀ ਬੋਲਿਆ।

''ਉਹ ਜੀ, ਉਸ ਦਾ ਕਹਿਣਾ ਹੈ ਕਿ ਅਸੀਂ ਸਰਕਾਰੀ ਜ਼ਮੀਨ ਉੱਤੇ ਅਧਿਕਾਰ ਕੀਤਾ ਹੈ। ਇਹ ਠੀਕ ਹੈ ਮਾਮਲਾ ਅਜੇ ਅਦਾਲਤ ਵਿਚ ਹੈ, ਪਰ ਇਸ ਤਰ੍ਹਾਂ ਤਾਂ ਠੀਕ ਨਹੀਂ ਹੈ।''

ਐਨਾ ਸਾਰਾ ਕੁਝ ਕਹਿੰਦੇ ਕਹਿੰਦੇ ਕਰੋੜੀ ਮੱਲ ਪਸੀਨੇ 'ਚ ਭਿੱਜ ਗਿਆ। ਜਿਵੇਂ ਹੀ ਉਹ ਚੁੱਪ ਹੋਇਆ ਭੁਸਾਰੀ ਨੇ ਮੰਤਰੀ ਦੇ ਕੰਨ ਵਿਚ ਕਿਹਾ, ''ਸਾਹਿਬ ਜੀ ਉਸ ਨੇ ਮੈਨੂੰ ਦੋ ਸੌ ਰੁਪਏ ਦਾ ਜ਼ੁਰਮਾਨਾ ਵੀ ਕੀਤਾ ਹੈ। ''

''ਕਿਸ ਲਈ?'' ਮੰਤਰੀ ਨੇ ਪੁੱਛਿਆ।

''ਗੱਲ ਇਹ ਹੈ ਕਿ ਛੁੱਟੀ ਦੇ ਦਿਨ ਇਹ ਕਮਾਈਸਦਾਰ ਮੇਰੇ ਰਹਿਣ ਵਾਲੇ ਘਰ ਦੀ ਪੜਤਾਲ ਕਰਨ ਆਇਆ। ਇਸ 'ਚ ਕੋਈ ਸ਼ੱਕ ਨਹੀਂ ਕਿ ਉਹ ਇਹ ਕੰਮ ਬੜੀ ਸਾਵਧਾਨੀ ਨਾਲ ਕਰ ਰਿਹਾ ਸੀ। ਮੈਂ ਹੀ ਉੱਚੀ ਉੱਚੀ ਚੀਕ ਰਿਹਾ ਸੀ। ਉਸਨੇ ਪੁੱਛਿਆ, ''ਕੌਣ ਚੀਕ ਰਿਹਾ ਹੈ?'' ਮੈਂ ਸਾਰਿਆਂ ਦੇ ਸਾਹਮਣੇ ਉਹਦੀ ਬੇਇੱਜ਼ਤੀ ਕੀਤੀ। ਉਸ ਸਮੇਂ ਉਸ ਨੇ ਕੁਝ ਨਹੀਂ ਕਿਹਾ। ਬਾਅਦ ਵਿਚ ਮੇਰੇ ਉਪਰ ਉਸ ਨੇ ਕੇਸ ਠੋਕ ਦਿੱਤਾ ਅਤੇ ਸਾਨੂੰ ਸਾਜ਼ਾ ਵੀ ਹੋਈ।''

''ਕਿਹੜਾ ਗੁਨਾਹ ਉਸ ਨੇ ਤੁਹਾਡੇ ਉੱਤੇ ਸਿੱਧ ਕੀਤਾ?'' ਮੰਤਰੀ।

''ਸਰਕਾਰੀ ਕਰਮਚਾਰੀਆਂ ਦੇ ਕੰਮ ਵਿਚ ਰੁਕਾਵਟ ਪਾਉਣ ਦਾ ਗੁਨਾਹ। ਹੁਣ ਕਹੋ, ਐਨੀ ਕੁ ਗੱਲ ਅਤੇ ਐਨੀ ਸਜ਼ਾ ਅਤੇ ਸਾਡੀ ਬੇਇੱਜ਼ਤੀ।''

ਕਮਰੁਦੀਨ ਵਿਚੋਂ ਹੀ ਟਪਕ ਪਿਆ ਅਤੇ ਕਹਿਣ ਲੱਗਾ, ''ਜੀ ਉਹ ਤਾਂ ਕਹਿੰਦਾ ਹੈ ਕਿ ਸਾਡੀ ਕੰਪਨੀ ਲਿਮਟਿਡ ਕੰਪਨੀ ਹੀ ਨਹੀਂ ਹੈ। ਸਰਕਾਰ ਨੂੰ ਪੱਤਰ ਲਿਖ ਕੇ ਉਸ ਨੇ ਸਾਡਾ ਮਸਲਾ ਕਚਹਿਰੀ ਦਫ਼ਤਰ ਨੂੰ ਦੇ ਦਿੱਤਾ ਹੈ।''

''ਕੀ ਹੋਇਆ ਕੁਝ ਬੋਲੇਂਗਾ ਕਿ ਨਹੀਂ ਕਰਮੁਦੀਨ?'' ਮੰਤਰੀ ਨੇ ਪੁੱਛਿਆ।

''ਸਾਨੂੰ ਮਾਲ ਉੱਤੇ ਚੁੰਗੀ ਦੇਣੀ ਪੈਂਦੀ ਸੀ। ਇਸ ਲਈ ਅਸੀਂ ਇਕ ਪਿੰਡ ਵਿਚ ਥਾਂ ਲੈ ਲਈ ਸਰਕਾਰੀ ਸਹਾਇਤਾ ਦਾ ਆਸਰਾ ਲੈ ਲਿਆ। ਇਸ ਤੋਂ ਪਹਿਲੇ ਦੇ ਅਫ਼ਸਰਾਂ ਨੇ ਇਸਦੀ ਕਾਰਵਾਈ ਜਾਰੀ ਰੱਖੀ ਸੀ ਪਰ ਜਦੋਂ ਤੋਂ ਇਹ ਆਇਆ ਹੈ ਇਸਦੀ ਕਾਰਵਾਈ ਅੱਗੇ ਤੁਰ ਹੀ ਨਹੀਂ ਰਹੀ ਹੈ। ਸ਼ੁਰੂ ਸ਼ੁਰੂ ਵਿਚ ਬੰਦਾ ਠੀਕ ਲੱਗਦਾ ਸੀ ਪਰ...।''

ਪਰ ਵਿਚੋਂ ਹੀ ਮੰਤਰੀ ਨੇ ਪੁੱਛਿਆ, ''ਫਿਰ ਫਰਕ ਕਿਵੇਂ ਪਿਆ?''

''ਇਸਨੇ ਸਾਡੀ ਮਿੱਲ੍ਹ ਨੂੰ ਜਲੀ ਹੋਈ ਸਥਿਤੀ ਵਿਚ ਦੇਖਣ ਦਾ ਇਰਾਦਾ ਕੀਤਾ। ਅਸੀਂ ਡਰ ਗਏ। ਤੁਹਾਨੂੰ ਸਾਡਾ ਧੰਦਾ ਤਾਂ ਪਤਾ ਹੀ ਹੈ। ਉਸ ਦੇ ਆਉਣ ਤੋਂ ਪਹਿਲਾਂ ਹੀ ਅਸੀਂ ਮਿੱਲ੍ਹ ਬੰਦ ਕੀਤੀ ਹੋਈ ਸੀ। ਬੰਦ ਮਿੱਲ੍ਹ ਵੇਖ ਕੇ ਉਹ ਖੁਸ਼ ਹੋਇਆ। ਅਤੇ ਕਿਉਂ ਨਹੀਂ ਖੁਸ਼ ਦਿਖਾਈ ਦੇਵੇਗਾ?

ਮਹਿਮਾਨ ਜਿਉਂ ਬਣਾਇਆ ਸੀ। ਪਰ ਬਾਅਦ ਵਿਚ ਸਾਡੇ ਡਰਾਇਵਰ ਤੋਂ ਉਸ ਨੂੰ ਅਸਲੀਅਤ ਪਤਾ ਲੱਗੀ ਕਿ ਮਿੱਲ੍ਹ ਜਾਨ-ਬੁੱਝ ਕੇ ਬੰਦ ਕੀਤੀ ਹੋਈ ਹੈ। ਦੂਜੇ ਹੀ ਦਿਨ ਸਾਹਿਬ ਨੇ ਸਰਕਾਰ ਨੂੰ ਪੱਤਰ ਭੇਜ ਦਿੱਤਾ ਅਤੇ ਮਾਮਲਾ ਕਚਿਹਰੀ ਚਲੇ ਗਿਆ।''

''ਸਰਕਾਰ ਦੇ ਹੁਕਮ ਨਾਲ ਹੀ ਮਾਮਲਾ ਕਚਿਹਰੀ ਦਾਖਲ ਹੋਇਆ ਹੈ?'' ਮੰਤਰੀ।

ਠੀਕ ਹੈ ਪਰ ਸਾਡੀ ਕਿੰਨੇ ਬੇਇੱਜ਼ਤੀ ਹੋਈ ਹੈ।'' ਇਸ ਸਮੇਂ ਮੋਹਨ ਬਾਈ ਕਹਿਣ ਲੱਗਾ, ''ਵਾਹ ਜੀ ਸਾਡੀ ਵੀ ਇਹੀ ਸਥਿਤੀ ਹੈ। ਭੂਮੀ ਟੈਕਸ ਤੇ ਚੁੰਗੀ ਟੈਕਸ ਬੰਦ ਹੋਣ ਦੇ ਸਮੇਂ ਦੀ ਗੱਲ ਹੈ। ਸਾਨੂੰ ਲੱਗਾ ਕਿ ਹੁਣ ਚੁੰਗੀ ਟੈਕਸ ਤੇ ਭੂਮੀ ਟੈਕਸ ਬੰਦ ਹੋਣ ਵਾਲਾ ਹੈ। ਅਜਿਹੇ ਸਮੇਂ ਵਿਚ ਕੁਝ ਪੈਸਾ ਜ਼ਮਾ ਕਰਨਾ ਚਾਹੀਦਾ ਹੈ। ਉਂਜ ਵੇਖਿਆ ਜਾਵੇ ਤਾਂ ਭਗਵਾਨ ਦੀ ਕ੍ਰਿਪਾ ਨਾਲ ਸਾਰਾ ਕੁਝ ਠੀਕ ਹੈ। ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ। ਪ੍ਰੰਤੂ ਸੋਚਿਆ ਕਿ ਬਹਿੰਦੀ ਗੰਗਾ ਵਿਚ ਹੱਥ ਧੋ ਲਵਾ। ਇਸ ਲਈ ਟੈਕਸ ਮਹਿਕਮੇ ਵਲੋਂ ਇਕ ਪੰਜ ਜਣਿਆ ਦਾ ਗਰੁੱਪ ਕਮਾਈਸਦਾਰ ਦੇ ਕੋਲ ਭੇਜ ਦਿੱਤਾ ਅਤੇ ਜੰਗਲ ਕੱਟਣ ਦੇ ਲਈ ਅਗਿਆ ਮੰਗੀ। ਇਹ ਦੇਸ਼ ਭਗਤੀ ਦਾ ਮਖੌਟਾ ਪਾ ਕੇ ਆਪਣੀ ਭਾਰੀ ਤੇ ਰੋਹਬਦਾਰ ਆਵਾਜ਼ ਨਾਲ ਨਸੀਹਤ ਦੇਣ ਲੱਗੇ-

''ਦੇਖੋ ! ਜੰਗਲ ਦੇਸ਼ ਦੀ ਜਾਇਦਾਦ ਹੈ। ਤੇ ਇਸਦੀ ਸ਼ਕਤੀ ਹੈ। ਜੰਗਲ ਕਿਸਾਨਾਂ ਉੱਤੇ ਭਲਾ ਕਰਨ ਵਾਲੇ ਹੁੰਦੇ ਹਨ। ਇਹ ਜੇਕਰ ਕੱਟੇ ਗਏ ਤਾਂ ਪਹਾੜ ਖੁੱਲ੍ਹੇ ਹੋ ਜਾਣਗੇ। ਨਦੀਆਂ ਵਿਚ ਹੜ੍ਹ ਆ ਜਾਵੇਗਾ। ਅਤੇ ਹੜ੍ਹਾਂ ਨਾਲ ਪਿੰਡਾਂ ਦੇ ਪਿੰਡ ਤਬਾਹ ਹੋ ਜਾਣਗੇ। ਦਰਖਤਾਂ ਦੀ ਘਾਟ ਨਾਲ ਨਦੀਆਂ ਵਿਚ ਜ਼ਮੀਨ ਦੀ ਮਿੱਟੀ ਜਾਵੇਗੀ ਅਤੇ ਜ਼ਮੀਨ ਦੀ ਉਪਜਾਊ ਮਿੱਟੀ ਰੁੜ ਜਾਵੇਗੀ। ਜੰਗਲ ਨੂੰ ਕੱਟਣ ਦਾ ਅਰਥ ਹੈ ਦੇਸ਼ ਦਾ ਨਾਸ਼ !'' ਇਸ ਤਰ੍ਹਾਂ ਸਾਨੂੰ ਜਾਲ਼ ਵਿਚ ਫਸਾ ਕੇ ਉਸਨੇ ਸਾਡਾ ਬਹੁਤ ਨੁਕਸਾਨ ਕੀਤਾ ਹੈ। ਇਕ ਚੰਗਾ ਮੌਕਾ ਹੱਥੋਂ ਨਿਕਲ ਗਿਆ ਹੈ। ਇਸਨੂੰ ਲੱਗਦਾ ਹੈ ਕਿ ਵੱਡੇ ਲੋਕ ਕਲਿਆਣਕਾਰੀ ਅਤੇ ਰਾਸ਼ਟਰ ਦੇ ਭਲੇ ਲਈ ਕੰਮ ਕਰਦੇ ਹਨ। ਅਸੀਂ ਤਾਂ ਬਿਲਕੁਲ ਨਿਰਾਸ਼ ਹੋਏ ਹਾਂ।''

ਇਨ੍ਹਾਂ ਸਾਰੀਆਂ ਗੱਲਾਂ ਨੂੰ ਸੁਣ ਕੇ ਅਤੇ ਦੇਖ ਕੇ ਸਥਾਨਿਕ ਜਨਪਦ ਸਭਾ ਦੇ ਪ੍ਰਧਾਨ ਤੜਫ ਕੇ ਰਹਿ ਗਏ ਸਨ। ਉਨ੍ਹਾਂ ਦੇ ਮਨ ਦੀ ਬੇਚੈਨੀ ਉਨ੍ਹਾਂ ਦੇ ਚਿਹਰਿਆਂ ਉੱਤੇ ਆ ਰਹੀ ਸੀ। ਪਰ ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਸੀ। ਉਸ ਦਾ ਵਿਚਾਰ ਮੰਥਨ ਕਿਸੇ ਨੂੰ ਵੀ ਦਿਖਾਈ ਨਹੀਂ ਦੇ ਰਿਹਾ ਸੀ। ਕਹਾਂ ਜਾਂ ਨਾ ਕਹਾਂ ਦੀ ਸਥਿਤੀ ਬਣੀ ਹੋਈ ਸੀ। ਕਮਾਈਸਦਾਰ ਦੇ ਖ਼ਿਲਾਫ਼ ਜਿਹੜੇ ਲੋਕ ਸ਼ਿਕਾਇਤ ਕਰ ਰਹੇ ਸਨ, ਉਹ ਵੱਖ-ਵੱਖ ਸੋਚ ਦੇ ਲੋਕ ਸਨ। ਉਨ੍ਹਾਂ ਉੱਤੇ ਕਿਸੇ ਵੀ ਤਰ੍ਹਾਂ ਦਾ ਕੋਈ ਬੰਧਨ ਨਹੀਂ ਸੀ। ਜਨਪਦ ਪ੍ਰਧਾਨ ਦੀ ਗੱਲ ਵੱਖਰੀ ਸੀ। ਉਹ ਇਕੱਲੇ ਹੀ ਸੁਤੰਤਰ ਸਨ ਪ੍ਰੰਤੂ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਭੇਜਿਆ ਸੀ। ਅਤੇ ਵਿਸ਼ੇਸ਼ ਗੱਲ ਇਹ ਵੀ ਕਿ ਕਮਾਈਸਦਾਰ ਦੇ ਸਹਿਯੋਗ ਤੋਂ ਬਿਨਾ ਉਹ ਜਨਪਦ ਸਭਾ ਦਾ ਕੰਮ ਕਰ ਹੀ ਨਹੀਂ ਸਕਦੇ ਸੀ। ਉਹ ਸਭਾ ਸੰਮੇਲਨਾਂ ਵਿਚ ਨਿਮਰਤਾ ਸਾਹਿਤ ਕਹਿੰਦੇ ਸਨ ਕਿ 'ਜਨਪਦ ਸਭਾ ਪ੍ਰਧਾਨ ਅਤੇ ਕਮਾਈਸਦਾਰ ਸੀ. ਈ. ਓ. ਇਕ ਹੀ ਸਿੱਕੇ ਦੇ ਦੋ ਪਹਿਲੂ ਹਨ। ਇਕ ਦੀ ਦੂਜੇ ਤੋਂ ਬਿਨਾ ਕੋਈ ਕੀਮਤ ਨਹੀਂ ਹੈ। ਫਰਕ ਕੇਵਲ ਐਨਾ ਹੀ ਹੈ ਕਿ ਜਨਪਦ ਸਭਾ ਮਤਾ ਪਾਸ ਕਰਦੀ ਹੈ ਤਾਂ ਪਾਸ ਹੋਏ ਮਾਤੇ 'ਤੇ ਸੀ ਈ ਓ ਕਾਰਵਾਈ ਕਰਦਾ ਹੈ। ਇਕ ਸੋਚਦਾ ਹੈ ਤਾਂ ਦੂਜਾ ਉਸ ਵਿਚਾਰ ਨੂੰ ਅਮਲ ਵਿਚ ਲਿਆਉਂਦਾ ਹੈ।'' ਸਾਰਾ ਕੁਝ ਠੀਕ ਹੁੰਦੇ ਹੋਏ ਵੀ ਉਸਦੇ ਮਨ ਵਿਚ ਇਕ ਚੀਸ ਸੀ ਕਿ ਜਦੋਂ ਤੋਂ ਕਮਾਈਸਦਾਰ ਆਇਆ ਹੈ ਲੋਕ ਉਸ ਵੱਲ ਖਿੱਚੇ ਜਾ ਰਹੇ ਹਨ। ਉਹ ਮਹਾਜਨ, ਚਮਾਰ, ਗਿਰੀਜਨ ਸਾਰਿਆਂ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਬਿਨਾ



ਕਿਸੇ ਪੱਖਪਾਤ ਦੇ ਸਹਾਇਤਾ ਕਰਦਾ ਹੈ। ਜਿਸ ਉੱਤੇ ਜ਼ੁਲਮ ਹੁੰਦਾ ਸੀ ਉਸ ਨੂੰ ਨਿਆ ਮਿਲੇ ਇਸ ਕੋਸ਼ਿਸ਼ ਵਿਚ ਰਹਿੰਦਾ ਸੀ। ਇਸ ਲਈ ਉਹ ਸ਼ੇਰ ਵਰਗੇ ਹੌਸਲੇ ਨਾਲ ਕੰਮ ਕਰਦਾ ਸੀ।

... ਪ੍ਰੰਤੂ ਉਸ ਦੇ ਇਸ ਆਚਰਣ ਨਾਲ ਪ੍ਰਧਾਨ ਡਰ ਗਿਆ ਸੀ, ਉਸਦੀ ਹੇਰਾ ਫੇਰੀ ਲੋਕਾਂ ਦੀਆਂ ਨਜ਼ਰਾਂ ਵਿਚ ਆਈ ਸੀ। ਇਸੇ ਕਰਕੇ ਇਮਾਨਦਾਰ ਲੋਕ ਉਸਨੂੰ ਨਫ਼ਰਤ ਕਰਦੇ ਸਨ ਅਤੇ ਕਮਾਈਸਦਾਰ ਦੇ ਕੋਲ ਸਹਾਇਤਾ ਦੇ ਲਈ ਦੌੜਦੇ ਸਨ। ਪ੍ਰਧਾਨ ਦੇ ਨਾਲ ਪਿੰਡ ਦੇ ਮਾੜੇ ਅਤੇ ਪਖੰਡੀ ਲੋਕ ਵੀ ਖਿਲਰ-ਪੱਤਰ ਗਏ ਸੀ।

ਇਸ ਲਈ ਮਨ ਨੂੰ ਦ੍ਰਿੜ ਕਰਦੇ ਹੋਏ ਪ੍ਰਧਾਨ ਸ਼ਿਕਾਇਤ ਕਰਨ ਲੱਗੇ, ''ਮੰਤਰੀ ਜੀ, ਅੱਜ ਤੱਕ ਦਾ ਜਮਪਦ ਸਭਾ ਦਾ ਇਤਿਹਾਸ ਤਾਂ ਤੁਹਾਨੂੰ ਪਤਾ ਹੀ ਹੈ। ਅਸੀਂ ਉੱਚੀ ਜਾਤ ਵਾਲੇ ਕੇਵਲ ਮਹਾਜਨਾਂ ਦੇ ਬੱਚਿਆਂ ਨੂੰ ਹੀ ਨੌਕਰੀ ਦਿੰਦੇ ਹਾਂ। ਦਲਿਤਾਂ ਅਤੇ ਨੀਵੀਂ ਜਾਤ ਵਾਲਿਆਂ ਨੂੰ ਅਸੀਂ ਨੌਕਰੀਆਂ ਤੋਂ ਦੂਰ ਹੀ ਰੱਖਦੇ ਹਾਂ। ਪ੍ਰੰਤੂ ਜਦੋਂ ਤੋਂ ਇਹ ਕਮਾਈਸਦਾਰ ਆਇਆ ਹੈ, ਲੋਕ ਭਲਾਈ ਦੀ ਭਾਵਨਾ ਨਾਲ ਪਾਗਲ ਹੋਈ ਜਾ ਰਿਹਾ ਹੈ। ਇਸ ਲਈ ਦਲਿਤਾਂ, ਨੀਵੀਂ ਜਾਤ, ਬਹੁਜਨ ਇਨ੍ਹਾਂ ਦੇ ਬੱਚਿਆਂ ਨੂੰ ਨੌਕਰੀ ਉੱਤੇ ਲਗਾਈ ਜਾ ਰਿਹਾ ਹੈ। ਇਸ ਲਈ ਸਾਡੇ ਲੋਕ ਨਰਾਜ਼ ਹੋ ਰਹੇ ਸਨ। ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਵੀ ਇਹ ਨੌਕਰੀ ਉੱਤੇ ਨਹੀਂ ਰੱਖਦਾ। ਮੇਰੇ ਇਕ ਰਿਸ਼ਤੇਦਾਰ ਸ਼੍ਰੀਮਾਨ ਸ਼ਿੰਰਕ ਨੂੰ ਵੀ ਉਸਨੇ 58 ਸਾਲ ਵਿਚ ਰੀਟਾਇਰਮੈਂਟ ਲੈਣ ਲਈ ਕਿਹਾ। ਸਿੰਕੇਂ 55 ਸਾਲ ਦੇ ਹੋਏ ਸਨ। ਪਰ ਅਜੇ ਬੱਚਿਆਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋਏ ਸਨ। ਇਸ ਲਈ ਮੈਂ ਅਤੇ ਮੇਰੇ ਰਿਸ਼ਤੇਦਾਰ ਨੇ ਕਮਾਈਸਦਾਰ ਦੇ ਕੋਲ ਉਸ ਦੇ ਲਈ ਬੇਨਤੀ ਕੀਤੀ। ਤੁਹਾਨੂੰ ਪਤਾ ਹੀ ਹੈ ਕਿ ਅਸੀਂ ਰਾਜ ਘਰਾਣੇ ਦੇ ਹਾਂ। ਅਸੀਂ ਇਤਿਹਾਸ ਦੀ ਸਿਰਜਣਾ ਕੀਤੀ ਹੈ ਅਤੇ ਹੁਣ ਮੈਂ ਪ੍ਰਧਾਨ ਬਣ ਗਿਆ ਹਾਂ। ਫਿਰ ਵੀ ਕਮਾਈਸਦਾਰ ਕਿਸੇ ਵੀ ਸਥਿਤੀ ਵਿਚ ਨਿਡੱਰ ਹੋ ਕੇ ਕਹਿਣ ਲੱਗਾ ਕਿ,''ਓ ਜੀ, ਇਸ ਤਰ੍ਹਾਂ ਜੇਕਰ ਜਨਪਦ ਸਭਾ ਦੇ ਨੌਕਰਾਂ ਨੂੰ ਸਾਲ ਦੋ ਸਾਲ ਵਧਾ ਕੇ ਰੱਖਾਂਗੇ ਤਾਂ ਇਸ ਸੰਸਥਾ ਵਿਚ ਕੇਵਲ ਬੁੱਢੇ ਹੀ ਰਹਿਣਗੇ ਅਤੇ ਦੂਜਿਆਂ ਦੇ ਲਈ ਜਨਪਦ ਸਭਾ ਦੇ ਦਰਵਾਜੇ ਬੰਦ ਹੋ ਜਾਣਗੇ।'' ਉਸ ਦੇ ਇਸ ਫੈਸਲੇ ਨਾਲ ਜਨਪਦ ਸਭਾ ਵਿਚ ਰੌਲੀ ਪੈ ਗਈ। ਮੈਨੂੰ ਉਹ ਰੋਹਬ ਨਾਲ ਕਹਿੰਦੇ ਹਨ ਕਿ ਕਮਾਈਸਦਾਰ ਨੇ ਤੈਨੂੰ ਬਿਲਕੁਲ ਬੇਅਰਥ ਬਣਾ ਦਿੱਤਾ ਹੈ।''

''ਫਿਰ ਤੂੰ ਹੀ ਕਮਾਈਸਦਾਰ ਨੂੰ ਕਿਉਂ ਨਹੀਂ ਸਮਝਾਉਂਦੇ , ਹੈਂ।''

''ਮੈਂ ਤਾਂ ਕਹਿ ਕਹਿ ਕੇ ਥੱਕ ਗਿਆ। ਉਸ ਦਾ ਇਕ ਹੀ ਜਵਾਬ ਹੁੰਦਾ ਹੈ।''

''ਉਹ ਕਿਹੜਾ?'' ਮੰਤਰੀ ਕਹਿੰਦਾ।

''ਉਹ ਕਹਿੰਦਾ ਹੈ ਕਿ ਸਰਕਾਰ ਸਾਰਿਆਂ ਦੀ ਹੈ। ਜਿਵੇਂ ਅਮੀਰ ਦੀ ਉਸੇ ਤਰ੍ਹਾਂ ਗਰੀਬ ਦੀ ਵੀ। ਨਿਰਪੱਖਤਾ ਦਾ ਮਖੌਟਾ ਪਾ ਕੇ ਉਹ ਕਹਿੰਦਾ ਹੈ ਕਿ ਸਮਾਜ ਵਿਚ ਸਭ ਤੋਂ ਥੱਲੇ ਦੀ ਪੱਧਰ ਦਾ ਆਦਮੀ ਜਦੋਂ ਤੱਕ ਪਹਿਲੀ ਕਤਾਰ ਵਿਚ ਨਹੀਂ ਆਵੇਗਾ ਉਦੋਂ ਤੱਕ ਮਹਾਤਮਾ ਗਾਂਧੀ ਦੇ ਰਾਮਰਾਜ ਦਾ ਸੁਪਨਾ ਸੱਚ ਨਹੀਂ ਹੋਵੇਗਾ। ਸਰਕਾਰ ਦੀ ਨੀਤੀ ਸਮਝਦੇ ਹੋਏ ਉਹ ਕਹਿੰਦਾ ਹੈ ਕਿ ਪਿਛੜਿਆਂ ਨੂੰ ਨੌਕਰੀਆਂ ਦੇ ਦੇਣਾ ਜਾਤ-ਪਾਤ ਨਹੀਂ ਹੈ ਸ਼ੁੱਧ ਰੂਪ ਨਾਲ ਰਾਸ਼ਟਰਵਾਦ ਹੈ।''

''ਇਸਦੇ ਆਉਣ ਤੋਂ ਪਹਿਲਾਂ ਪਿੱਛੜਿਆਂ ਲੋਕਾਂ ਨੂੰ ਨੌਕਰੀਆਂ ਨਹੀਂ ਦਿੱਤੀਆਂ ਜਾਂਦੀਆਂ ਸਨ। ਅਸੀਂ ਪਿੱਛੜਿਆਂ ਨੂੰ ਕੇਵਲ ਤਿੰਨ ਪ੍ਰਤੀਸ਼ਤ ਨੌਕਰੀਆਂ ਦਿੰਦੇ ਸੀ। ਪ੍ਰੰਤੂ ਜਦੋਂ ਤੋਂ ਇਹ ਆਇਆ ਹੈ, ਉਸ ਨੂੰ ਵਧਾ ਕੇ ਦਸ ਪ੍ਰਤੀਸ਼ਤ ਕੀਤਾ ਗਿਆ ਹੈ। ਉਸ ਨੂੰ ਬੇਇੱਜ਼ਤ ਕਰਨ ਦੇ ਲਈ ਅਸੀਂ ਇਕ ਵਾਰ ਪੱਤਰਕਾਰ ਦੀ ਪ੍ਰੈਸ ਕਾਨਫਰੰਸ਼ ਬੁਲਾਈ ਸੀ। ਉਸ ਵਿਚ ਤ੍ਰਿਪਾਠੀ ਨਾਂ ਦੇ ਸੰਪਾਦਕ

ਨੂੰ ਇਕ ਵਿਅੰਗਪੂਰਨ ਸਵਾਲ ਕਰਨ ਲਈ ਕਿਹਾ ਸੀ। ਉਸ ਪੱਤਰਕਾਰ ਕਾਨਫਰੰਸ਼ ਦਾ ਹਾਲ ਮੈਂ ਤੁਹਾਨੂੰ ਸੁਣਾਉਂਦਾ ਹਾਂ। ਪ੍ਰੰਤੂ ਉਥੇ ਵੀ ਉਹ ਸਾਡੇ ਤੇ ਧੋਬੀ ਪਟਕਾ ਮਾਰ ਕੇ ਬਾਜੀ ਮਾਰ ਗਿਆ। ਪੱਤਰਕਾਰ ਜ਼ਮਾ ਹੋ ਗਏ ਸਨ। ਮੈਂ ਵਿਚਕਾਰ ਵਾਲੀ ਕੁਰਸੀ ਉੱਤੇ ਬੈਠਾ ਸੀ। ਉਸ ਦੇ ਕੋਲ ਦਫ਼ਤਰ ਸੁਪਰਡੈਂਟ ਬੈਠੇ ਹੋਏ ਸਨ।

ਐਨੇ ਨੂੰ ਤ੍ਰਿਪਾਠੀ ਨੇ ਹਿੰਦੀ ਵਿਚ ਪੁੱਛਿਆ, "ਕਮਾਈਸਦਾਰ ਸਾਹਿਬ, ਮੈਂ ਸੁਣਿਆ ਹੈ ਕਿ ਤੁਸੀਂ ਅੱਜ ਕੱਲ ਨੀਵੀਂ ਜਾਤੀ ਦੇ ਲੋਕਾਂ ਨੂੰ ਹੀ ਨੌਕਰੀਆਂ ਵਿਚ ਰੱਖ ਰਹੇ ਹੋ। ਕੀ ਇਹ ਸੱਚ ਹੈ?"

ਉਸ ਉਤੇ ਕਮਾਈਸਦਾਰ ਨੇ ਮਜ਼ਾਕ ਨਾਲ ਸਵਾਲ ਕੀਤਾ ਕਿ "ਤ੍ਰਿਪਾਠੀ ਜੀ ਤੁਸੀਂ ਅਜਿਹਾ ਸਵਾਲ ਕਿਉਂ ਨਹੀਂ ਪੁੱਛਦੇ ਕਿ ਅੱਜਕੱਲ ਮੈਂ ਚਮਾਰਾ, ਗਿਰੀਜਨ ਅਤੇ ਬਹੁਜਨ ਸਮਾਜ ਦੇ ਹੀ ਬੱਚਿਆਂ ਨੂੰ ਨੌਕਰੀਆਂ ਵਿਚ ਕਿਉਂ ਲੈਂਦਾ ਏਂ?"

ਅਤੇ ਤ੍ਰਿਪਾਠੀ ਦੇ ਜਵਾਬ ਦੀ ਉਡੀਕ ਨਾ ਕਰਦੇ ਹੋਏ ਉਸਨੇ ਸਾਡੇ ਸੁਪਰਡੈਂਟ ਨੂੰ ਪੁੱਛਿਆ ਕਿ "ਕਿਉਂ ਕਦਮ ਜੀ, ਮੇਰੇ ਆਉਣ ਤੋਂ ਪਹਿਲਾਂ ਜਨਪਦ ਸਭਾ ਵਿਚ ਪਿਛੜੇ ਸਮਾਜ ਦੀਆਂ ਨੌਕਰੀਆਂ ਦਾ ਕੀ ਅੰਕੜਾ ਸੀ?"

"ਕੇਵਲ ਤਿੰਨ ਪ੍ਰਤੀਸ਼ਤ ਸਰ!" ਕਦਮ

"ਮੇਰੇ ਆਉਣ ਤੋਂ ਬਾਅਦ ਇਹ ਪ੍ਰਤੀਸ਼ਨ ਕਿੰਨਾ ਹੋ ਗਿਆ?" ਕਮਾਈਸਦਾਰ।

"ਦਸ ਪ੍ਰਤੀਸ਼ਤ ਸਰ!"

"ਸਰਕਾਰ ਨੇ ਕਿੰਨੇ ਪ੍ਰਤੀਸ਼ਤ ਜ਼ਰੂਰੀ ਕੀਤਾ ਹੈ?" ਕਮਾਈਸਦਾਰ

"ਪੰਦਰਾ ਪ੍ਰਤੀਸ਼ਤ ਸਰ!" ਕਦਮ

"ਭਾਵ ਕਿ ਅਜੇ ਪੰਜ ਪ੍ਰਤੀਸ਼ਤ ਥਾਂਵਾਂ ਭਰਨ ਵਾਲੀਆਂ ਪਈਆਂ ਹਨ। ਹੈ ਨਾ?"

"ਜੀ ਹਾਂ, ਸਰ।"

"ਫਿਰ ਉਹ ਪ੍ਰਤੀਸ਼ਤ ਜਲਦੀ ਹੀ ਪੂਰਾ ਕਰ ਦਿਓ,... ਓ ਜੀ ਐਨੀ ਹਿੰਮਤ! ਸਮਾਜ ਦੇ ਸੇਵਕ ਸਮਝੇ ਜਾਣ ਵਾਲੇ ਸਭ ਪੱਤਰਕਾਰ ਹੈਰਾਨੀ ਵਿਚ ਪੈ ਗਏ। ਸਾਰੇ ਚੁੱਪ! ਇਸ ਲਈ ਮੈਂ ਤ੍ਰਿਪਾਠੀ ਨੂੰ ਅੱਖਾਂ ਨਾਲ ਇਸ਼ਾਰਾ ਕੀਤਾ। ਉਸ ਨੇ ਦੂਜਾ ਸਵਾਲ ਕੀਤਾ, "ਮਿ. ਕਮਾਈਸਦਾਰ ਕੀ ਇਸੇ ਨੂੰ ਜਾਤੀਵਾਦ ਕਹਿਣਾ ਠੀਕ ਹੈ?"

"ਨਹੀਂ ਨਹੀਂ ਕਦੇ ਵੀ ਨਹੀਂ, ਇਹ ਤਾਂ ਰਾਸ਼ਟਰਵਾਦ ਹੈ।" ਕਮਾਈਸਦਾਰ। ਇਕ ਵਾਰ ਫਿਰ ਸਾਰੇ ਹੈਰਾਨੀ ਨਾਲ ਵੇਖਨ ਲੱਗੇ।

"ਕਿਵੇਂ, ਕਿੰਝ ਕਮਾਈਸਦਾਰ ਸਾਹਿਬ? ਮੈਨੂੰ ਤਾਂ ਗੱਲ ਸਮਝ ਵਿਚ ਨਹੀਂ ਆ ਰਹੀ ਹੈ?"

"ਦੇਖੋ ਤ੍ਰਿਪਾਠੀ ਜੀ, ਪਿਛੜਿਆਂ ਦੀ ਤਰੱਕੀ ਦੇ ਲਈ ਜਿੰਮੇਵਾਰੀ ਸੰਸਦ ਦੇ ਅਨੁਸਾਰ ਰਾਸਟਰਪਤੀ ਉੱਤੇ ਹੈ। ਇਸ ਜਿੰਮੇਵਾਰੀ ਨੂੰ ਨਿਭਾਉਣ ਦੇ ਲਈ ਕੇਂਦਰ ਸਰਕਾਰ ਨੇ ਇਕ ਕਮੇਟੀ ਪਿਛੜੀਆਂ ਜਾਤੀਆਂ ਵਾਸਤੇ ਬਣਾਈ ਹੋਈ ਹੈ। ਪ੍ਰੰਤੂ ਜੇ ਦੇਖਿਆ ਜਾਵੇ ਤਾਂ ਇਹ ਕਮੇਟੀ ਦਾ ਕੰਮ ਕਿੱਥੋਂ ਤੱਕ ਠੀਕ ਹੁੰਦਾ ਹੈ। ਇਸ ਨੂੰ ਵੇਖਣ ਦੀ ਜਿੰਮੇਵਾਰੀ ਪੱਤਰਕਾਰਾਂ ਦੀ ਹੈ। ਹੁਣੇ ਤੁਸੀਂ ਸੁਪਰਡੈਂਟ ਅਤੇ ਮੇਰੀ ਗੱਲਬਾਤ ਨੂੰ ਸੁਣਿਆ ਹੈ। ਇਸ ਵਿਚੋਂ ਕੀ ਨਤੀਜ਼ਾ ਨਿਕਲਦਾ ਹੈ?

ਪਿਛੜੇ ਵਰਗ ਦੀ ਤਰੱਕੀ ਦਾ ਕਾਰਜ ਰਾਸ਼ਟਰਵਾਦੀ ਢਾਂਚੇ ਦਾ ਹੈ। ਜਾਤੀਵਾਦ ਦਾ ਨਹੀਂ। ਇਸ ਕਾਰਜ ਨੂੰ ਇਮਾਨਦਾਰੀ ਨਾਲ ਅੱਜ ਤੱਕ 22 ਸਾਲ ਵਿਚ ਕਿਸੇ ਅਧਿਕਾਰੀ ਨੇ ਨਹੀਂ ਕੀਤਾ। ਇਸ ਕਾਰਜ ਨੂੰ ਪੱਖਪਾਤੀ ਢੰਗ ਨਾਲ ਕਰਨਾ ਹੀ ਜਾਤੀਵਾਦ ਹੈ ਅਤੇ ਇਮਾਨਦਾਰੀ ਨਾਲ ਕਰਨਾ



ਰਾਸ਼ਟਰਵਾਦ ਹੈ। ਅਤੇ ਇਹ ਸੰਸਦ ਦੀ ਆਗਿਆ ਨਾਲ ਹੁੰਦਾ ਹੈ, ਰਾਸ਼ਟਰਪਤੀ ਦੀ ਆਗਿਆ ਨਾਲ।' ਅਸੀਂ ਸਾਰੇ ਖ਼ਾਮੋਸ਼ ਹੋ ਗਏ।"

"ਹੋਰ ਕੁਝ ਕਹਿਣਾ, ਪੁੱਛਣਾ ਤਾਂ ਕਹੋ।" ਮੰਤਰੀ।

ਪ੍ਰਧਾਨ ਸਾਹਿਬ ਕੁਰਸੀ ਖਿਸਕਾ ਕੇ ਕਹਿਣ ਲੱਗੇ, "ਓ ਜੀ, ਉਹ ਤਾਂ ਸਾਡੇ ਸਭ ਤੋਂ ਵੱਧ ਵਿਦਵਾਨ ਅਧਿਕਾਰੀਆਂ ਦੇ ਪਿੱਛੇ ਪਿਆ ਹੈ। ਉਸ ਨੇ ਦੋਹਾਂ ਦੇ ਵਿਰੁੱਧ ਜਾਂਚ ਸ਼ੁਰੂ ਕੀਤੀ ਹੈ।" ਇਹ ਸੁਣ ਕੇ ਮੰਤਰੀ ਸਾਹਿਬ ਦੀ ਉਤਸੁਕਤਾ ਵੱਧ ਗਈ। ਉਹ ਬੜੇ ਧਿਆਨ ਨਾਲ ਸੁਣਨ ਲੱਗੇ।

"ਇਕ ਦੇ ਖ਼ਿਲਾਫ਼ ਇਹ ਦੋਸ਼ ਲਾ ਕੇ ਕਿ ਉਸਨੇ ਆਪਣੀ ਜਨਮ ਤਰੀਖ ਬਦਲ ਕੇ ਸਰਕਾਰੀ ਦਸਤਾਵੇਜ਼ਾਂ ਨੂੰ ਬਦਲਿਆ ਹੈ ਇਸ ਲਈ ਅਤੇ ਦੂਜੇ ਦੇ ਵਿਰੁੱਧ ਜਨਪਦ ਸਭਾ ਦਾ ਪੈਸਾ ਖਾਣ ਦੇ ਦੋਸ਼ ਵਿਚ।"

"ਦੂਜੀ ਸਿਕਾਇਤ ਦਾ ਢੰਗ ਕਿਸ ਤਰ੍ਹਾਂ ਹੈ।" ਮੰਤਰੀ ਨੇ ਪੁੱਛਿਆ।

"ਓ ਜੀ ਗੱਲ ਇਹ ਹੈ ਕਿ ਹਰ ਬੈਂਕ ਆਪਣੇ ਖਾਤੇਦਾਰਾਂ ਨੂੰ ਕੁਝ ਨਾ ਕੁਝ ਕਮਿਸ਼ਨ ਦਿੰਦੀ ਰਹਿੰਦੀ ਹੈ। ਤੁਹਾਨੂੰ ਪਤਾ ਹੀ ਹੈ ਕਿ ਜਨਪਦ ਸਭਾ ਦੇ ਨਾਂ ਉੱਤੇ ਕਰੋੜਾਂ ਰੁਪਏ ਜ਼ਮਾ ਹਨ। ਉਸ ਉੱਤੇ ਕਮਿਸ਼ਨ ਵੀ ਮਿਲਦੀ ਹੈ। ਪ੍ਰੰਤੂ ਉਹ ਕਮਿਸ਼ਨ ਸਾਡੀ ਜਨਪਦ ਸਭਾ ਨੂੰ ਨਹੀਂ ਮਿਲਦੀ। ਇਨ੍ਹਾਂ ਅਧਿਕਾਰੀਆਂ ਨੇ ਉਸ ਨੂੰ ਗਲਤ ਤਰੀਕੇ ਨਾ ਹਜ਼ਮ ਕਰ ਲਿਆ। ਅਜਿਹਾ ਇਸ ਸ਼੍ਰੀਮਾਨ ਦਾ ਕਹਿਣਾ ਹੈ।"

"ਪ੍ਰੰਤੂ ਕੀ ਇਹ ਦੋਸ਼ ਸੱਚ ਹੈ?" ਮੰਤਰੀ।

ਕੁਝ ਕਹਿ ਨਹੀਂ ਸਕਦੇ ਮੰਤਰੀ ਜੀ, ਪ੍ਰੰਤੂ ਪਿੰਡ ਵਿਚ ਇਹ ਬੋਲਬਾਲਾ ਹੈ ਕਿ ਇਹ ਸੱਚ ਹੈ।" ਪ੍ਰਧਾਨ।

"ਫਿਰ ਤਾਂ ਪੁੱਛ ਪੜਤਾਲ ਹੋਣੀ ਹੀ ਚਾਹੀਦੀ ਹੈ। ਅਤੇ ਤਾਂ ਹੀ ਸਹੀ ਗੱਲ ਬਾਤ ਸਾਹਮਣੇ ਆਵੇਗੀ। ਅਤੇ ਜੇਕਰ ਸੱਚ ਹੈ ਤਾਂ ਉਸ ਅਧਿਕਾਰੀ ਨੂੰ ਸਜ਼ਾ ਵੀ ਮਿਲਣੀ ਚਾਹੀਦੀ ਹੈ। ਘੱਟ ਤੋਂ ਘੱਟ ਭਵਿੱਖ ਵਿਚ ਜਨਪਦ ਸਭਾ ਨੂੰ ਕਮਿਸ਼ਨ ਤਾਂ ਮਿਲਦਾ ਰਹੇਗਾ। ਸੰਸਥਾ ਦੇ ਪੈਸਿਆਂ ਵਿਚ ਵਾਧਾ ਹੋਵੇਗਾ ਅਤੇ ਤੁਸੀਂ ਲੋਕ ਭਲਾਈ ਦੇ ਲਈ ਕੁਝ ਹੋਰ ਕੰਮ ਕਰ ਸਕੋਗੇ।"

"ਤਾਂ ਫਿਰ ਤੁਹਾਡਾ ਕੀ ਫੈਸਲਾ ਹੈ?" ਮੰਤਰੀ।

ਮਿਲਣ ਆਇਆ ਲੋਕਾਂ ਦਾ ਹਜ਼ੂਮ ਇਕ ਦੂਜੇ ਵੱਲ ਵੇਖਣ ਲੱਗਾ। ਗਲ਼ੇ ਵਿਚ ਘੰਟੀ ਕੌਣ ਬੰਨ੍ਹੇ ਇਹ ਸਵਾਲ ਸੀ। ਐਨੇ ਵਿਚ ਮੋਹਨ ਬਾਊ ਕਹਿਣ ਲੱਗਾ, "ਕੁਝ ਵੀ ਕਰੋ ਪਰ ਉਸ ਨੂੰ ਕਿਤੇ ਭੇਜ ਕੇ ਕਿਸੇ ਹੋਰ ਅਧਿਕਾਰੀ ਨੂੰ ਇਥੇ ਲੈ ਕੇ ਆਓ।"

ਦੂਜੇ ਦਿਨ ਮੰਤਰੀ ਸਾਹਿਬ ਨੂੰ ਇਹ ਸਾਰੇ ਲੋਕ ਫਿਰ ਮਿਲੇ। ਜ਼ਿਲ੍ਹਾ ਮੁੱਖੀ ਵੀ ਸੀ। ਮਿਲਣ ਵਾਲੇ ਪੰਤਵੰਤੇ ਸੱਜਣਾਂ ਨੂੰ ਵੇਖਦਿਆਂ ਹੀ ਮੰਤਰੀ ਅਤੇ ਉਹ ਸਰਕਟ ਹਾਊਸ ਵਿਚ ਗਏ। ਅੱਧੇ ਘੰਟੇ ਬਾਅਦ ਉਹ ਦੋਵੇਂ ਬਾਹਰ ਆ ਗਏ। ਜ਼ਿਲ੍ਹਾ ਮੁੱਖੀ ਦੇ ਮੱਥੇ ਉੱਤੇ ਬਹੁਤ ਵੱਡਾ ਸਵਾਲ ਉਭਰਿਆ ਹੋਇਆ ਸੀ।

ਪੰਤਵੰਤੇ ਸੱਜਣ ਖੁਸ਼ੀ ਨਾਲ ਫੁੱਲੇ ਨਹੀਂ ਸਮਾ ਰਹੇ ਸੀ। ਅਤੇ 'ਇਹਨੂੰ ਛੱਡ ਕੇ ਕੋਈ ਵੀ, ਇਹਨੂੰ ਛੱਡ ਕੇ ਕੋਈ ਵੀ' ਇਹ ਸ਼ਬਦ ਮੰਤਰੀ ਦੇ ਮਸਤਕ ਵਿਚ ਖੌਰੂ ਪਾ ਰਹੇ ਸਨ। ✪

## ਸ਼ਮਸ਼ਾਨ / - ਭਾਸਕਰ ਚੰਦਨਸ਼ਿਵ (Bhaskar Chandanshiv)

ਜੇਠ ਦਾ ਮਹੀਨਾ ਸੀ!

ਗੁਬਾਰੇ ਵਾਂਗ ਅੰਬਰ ਫੁੱਲਿਆ ਹੋਇਆ ਹੈ… ਕਾਲਾ ਨਾਗ਼ ਜਿਵੇਂ ਕੀੜੇ-ਮਕੌੜੇ ਖਾਂਦਾ ਹੈ। ਉਂਝ ਹੀ ਪਲ ਪਲ ਰੌਸ਼ਨੀ ਕਾਲੇ ਬੱਦਲਾ ਵੱਲੋਂ ਖਾਧੀ ਜਾ ਰਹੀ ਸੀ। ਅਸਮਾਨੀ ਬਿਜਲੀ ਦੀ ਤਿੱਖੀ ਤਾਰ ਥੱਲੇ ਤੋਂ ਉਪਰ ਨੂੰ ਜਾਂਦੀ ਇਕ ਦਮ ਚਮਕ ਕੇ ਫਿਰ ਖਤਮ ਹੋ ਜਾਂਦੀ ਹੈ। ਅਤੇ ਤੁਰੰਤ ਸਾਰੀ ਧਰਤੀ ਤੇ ਗਰਜਣ ਵਾਲਾ ਸ਼ੋਰ ਕੰਨਾਂ ਵਿਚ ਉਂਗਲੀਆਂ ਪਾ ਦਿੰਦਾ ਹੈ। ਅੱਖਾਂ ਤਾਂ ਵੇਖ ਕੇ ਹੀ ਬੰਦ ਹੋ ਜਾਂਦੀਆਂ ਹਨ।

ਪੂਰੇ ਦਾ ਪੂਰਾ ਪਿੰਡ ਅਤੇ ਉਸ ਵਿਚ ਰਹਿੰਦੇ ਲੋਕ ਮੁੱਠੀ ਵਿਚ ਜਾਨ ਲਈ ਬੇਚੈਨ ਹਨ। ਪਿੰਡ ਦੇ ਚਾਰੇ ਪਾਸੇ ਲੱਗੇ ਹੋਏ ਬਾਂਸਾ ਦੇ ਝੁਰਮਟ ਵਿਚ ਰਾਤ ਨੂੰ ਬੀਂਡਿਆਂ ਅਤੇ ਪੰਛੀਆਂ-ਜਾਨਵਰਾਂ ਦੀ ਆਵਾਜ਼ ਸੁਣ ਕੇ ਕੁੱਤੇ ਏਧਰ ਓਧਰ ਦੌੜ ਰਹੇ ਹਨ। ਪਿੰਡ ਦੇ ਲੋਕ ਸ਼ਾਮ ਦੀ ਰੋਟੀ ਪਾਣੀ ਖਾ ਚੁੱਕੇ ਹਨ। ਜੂਠੇ ਭਾਂਡੇ ਹਨੇਰੇ ਵਿਚ ਪਏ ਹੋਏ ਹਨ। ਕਦੇ ਕਦੇ ਬੈਟਰੀ ਅਤੇ ਲਾਲਟੈਨ ਨਾਲ ਰਸਤੇ ਵਿਚ ਜਾਨ ਪੈ ਜਾਂਦੀ ਹੈ। ਰੋਸ਼ਨੀ ਦਾ ਝਲਕਾਰਾ ਪੈਂਦਾ … ਫਿਰ ਘੁੱਪ ਹਨੇਰਾ ਛਾ ਜਾਂਦਾ।

ਪਿੰਡ ਦਾ ਚੌਂਕੀਦਾਰ ਜੀਵਾ ਰਾਮੇਸ਼ੀ ਲੱਕੜੀ ਦੇ ਆਸਰੇ ਉੱਤੇ ਆਪਣੇ ਆਪ ਨੂੰ ਸੰਭਾਲ ਰਿਹਾ ਹੈ। ਹਨੇਰੇ ਨੂੰ ਚੀਰਦਿਆਂ ਹੋਇਆ ਘਰ ਘਰ ਜਾ ਕੇ ਰੋਟੀ ਦੇ ਟੁਕ ਮੰਗ ਰਿਹਾ ਹੈ। ਉਸਦੇ ਮਨ ਵਿਚ ਇਹੀ ਵਿਚਾਰ ਆਉਂਦਾ ਹੈ ਕਿ ਪਟੇਲ ਦੀ ਗਲੀ ਪਾਰ ਕਰਦੇ ਹੋਇਆ ਘੁਮਾਰਾਂ ਦੀ ਗਲੀ ਤੋਂ ਹੋ ਕੇ ਮਾਂਗਵਾੜੇ ਦੇ ਨਜ਼ਦੀਕ ਜਾਵੇ। ਪੈਰ ਸੁੱਜ ਰਹੇ ਸੀ, ਅੰਬਰ ਦਾ ਡਰ ਕਲੇਜੇ ਵਿਚ ਬੈਠ ਰਿਹਾ ਸੀ। ਅੱਗੇ ਦੀ ਗਲੀ ਥਾਂਣੀ ਚੌਂਕ ਵਿਚ ਉਹ ਆਇਆ ਅਤੇ ਪਟੇਲ ਦੇ ਬਾੜੇ ਵਿਚ ਉਹ ਵੜ ਗਿਆ।

"ਰੋਟੀ ਦੇ ਦਿਓ ਜੀ ਰਾਮੇਸ਼ਆ ਨੂੰ…।"

ਉਸ ਮੁਰਦੇਹਾਣੀ ਅਵਾਜ਼ ਤੋਂ ਹਨੇਰਾ ਲੜ-ਖੜਾ ਕੇ ਅੰਦਰ ਤੁਰ ਪਿਆ। ਜਿਵੇਂ ਕਿ ਚਾਰ ਦਿਨ ਦਾ ਭੁੱਖਾ ਹੋਵੇ।

"ਠਹਿਰ ਓਏ… ਜੀਵੇਆ।"

ਜਲਦੀ ਜਲਦੀ ਪੌੜੀਆਂ ਉਤਰ ਕੇ ਲਾਲਟੈਨ ਲੈ ਕੇ ਵਿਹੜੇ ਵਿਚ ਆਇਆ। ਟੋਕਰੀ ਵਿਚ ਸੁੱਕਿਆ ਹੋਇਆ, ਜਿਸ ਉੱਤੇ ਉੱਲੀ ਜੰਮੀ ਹੋਈ ਸੀ ਇਸ ਤਰ੍ਹਾਂ ਦਾ ਟੁਕੜਾ ਸੁੱਟਿਆ ਗਿਆ। ਜੀਵਾ ਪਿੱਛੇ ਮੁੜਿਆ।

"ਏ ਦੇਖ ਐਨਾ ਟੁਕੜਾ ਦਾਮਯਾ ਨੂੰ ਦੇ ਦੇਣਾ… ਮਰ ਜਾਣਾ ਕਿਸੇ ਥਾਂ ਦਾ, ਕੱਲ੍ਹ ਤੋਂ ਕੁਝ ਨਹੀਂ ਖਾਧਾ 'ਬਾਂਡਾ' (ਡੰਗਰ) ਨੂੰ ਕੀ ਦੁੱਖ ਹੈ ਪਤਾ ਨਹੀਂ…।"

ਇਸ ਤਰ੍ਹਾਂ ਬੁੜ ਬੁੜ ਕਰਦੀ ਹੋਈ ਪਟੇਲ ਦੀ ਘਰਵਾਲੀ ਪੌੜੀਆਂ ਚੜ੍ਹਨ ਲੱਗੀ।

"ਉਸ ਦੇ ਲਈ ਇਹ ਟੁਕੜਾ ਦਿੱਤਾ ਹੈ।"

ਜੀਵਾ ਪਲ ਭਰ ਦੇ ਲਈ ਉਥੇ ਰੁਕਿਆ। ਗਰਮ ਰੋਟੀ। ਬਹੁਤ ਦਿਨਾਂ ਤੋਂ ਬਾਅਦ ਗਰਮ ਰੋਟੀ ਦੀ ਖੁਸ਼ਬੂ ਉਸਦੀ ਨੱਕ ਵਿਚ ਫੈਲ ਗਈ। ਮਨ ਲਲਚਾ ਉੱਠਿਆ, ਮੂੰਹ ਵਿਚ ਪਾਣੀ ਆ ਗਿਆ। ਜੀਵਾ ਰਸਤੇ ਵਿਚ ਆ ਗਿਆ। ਮੂੰਹ ਵਿਚ ਵਾਰ ਵਾਰ ਪਾਣੀ ਆ ਰਿਹਾ ਸੀ।

ਠੰਢੀ ਹਵਾ ਦੇ ਨਾਲ ਮੀਂਹ ਪੈਣ ਲੱਗ ਪਿਆ। ਜੀਵਾ ਕਾਹਲੀ ਕਰਨ ਲੱਗਾ। ਉਪਰ ਅਸਮਾਨ



ਵਿਚ ਬਿਜਲੀ ਚਮਕ ਰਹੀ ਸੀ। ਪੈਰ ਉੱਠ ਰਹੇ ਸੀ। ਹਿਰਦਾ ਬੈਠਣ ਲੱਗਾ ਅਤੇ ਸਾਹ ਸੁੱਕਣ ਲੱਗਾ ਸੀ। ਅੱਖਾਂ ਦੇ ਸਾਹਮਣੇ ਭੁੱਖੇ ਬੱਚੇ ਦਿਖਾਈ ਦੇਣ ਲੱਗੇ। ਅਤੇ 'ਉਹ' ਸਵੇਰ ਤੋਂ ਢਿੱਡ ਨੂੰ ਬੰਨ੍ਹ ਮਾਰ ਕੇ ਬੈਠੀ ਹੋਈ ਹੈ। ਅੱਖਾਂ ਵਿਚ ਅੱਥਰੂ ਵਹਿ ਰਹੇ ਹਨ। ਜੀਵਾ ਹਨੇਰੇ ਨੂੰ ਚੀਰ ਰਿਹਾ ਸੀ। ਟੁਕੜਿਆਂ ਨੂੰ ਘੁੱਟ ਕੇ ਫੜ ਚੁੱਕਾ ਸੀ। ਦਿਮਾਗ਼ ਝੁੱਗੀ ਵਿਚ ਵੀ ਘੁੰਮ ਰਿਹਾ ਸੀ।

"ਦਾਮਾ ਜੀ!"

ਗੌਬਾੜੇ ਤੋਂ ਕਿਹਾ ਗਿਆ-ਉਂਝ ਹੀ ਹੱਥ ਉਪਰ ਉੱਠ ਗਏ। ਨੱਕ ਵਿਚ ਛੀਂ ਛੀਂ ਹੋਈ। ਕੁੱਤੇ ਦੀ ਥਾਂ ਲੜਕਾ ਨਜ਼ਰ ਆਇਆ।

"ਕੌਣ ਏਂ ਜੀ?" ਜੀਵਾ ਡਰ ਗਿਆ, ਕਾਂਬਾਂ ਛਿੜ ਗਿਆ।

"ਓਹ … ਮੈਂ ਤਾਂ ਜੀਵਾ!"

"ਕੀ ਗੱਲ ਏ?"

"ਏ ਦੇਖ…. ਇਹ ਰੋਟੀ ਦਾ ਟੁੱਕ ਬਾਂਡਯਾ ਨੂੰ ਦਿੱਤਾ ਹੈ।" ਚਿਪਕੇ ਹੋਏ ਬੁੱਲ੍ਹ ਹਿੱਲਣ ਲੱਗੇ। ਜਿਵੇਂ ਕਿ ਗਲਾ ਉਧੇੜ ਰਿਹਾ ਸੀ। ਨਾ ਚਾਹੁੰਦਿਆਂ ਹੋਇਆ ਕੰਬਦਾ ਹੋਇਆ ਹੱਥ ਅੱਗੇ ਵਧਾ ਦਿੱਤਾ। ਦਾਮਾ ਨੇ ਹੱਥ ਵਧਾ ਕੇ ਤੁੱਕੇ ਨਾਲ ਉਸ ਟੁਕੜੇ ਨੂੰ ਲੈ ਲਿਆ। ਹੱਸਣਾ ਚਾਹੀਦਾ ਏ, ਇਸ ਲਈ ਜੀਵਾ ਹੱਸਿਆ। ਚੱਲਦਾ ਹਾਂ ਮਾਲਿਕ, ਕਹਿਣ ਦੀ ਇੱਛਾ ਵੀ ਨਹੀਂ ਹੋਈ ਫਿਰ ਵੀ ਕਹਿ ਦਿੱਤਾ-

"ਚਲਦਾ ਹਾਂ ਮਾਲਿਕ ਅਜੇ ਬਹੁਤ ਸਾਰੇ ਘਰ ਰਹਿੰਦੇ ਹਨ… ਜੀਵਾ ਫਿਰ ਤੋਂ ਇਕ ਵਾਰ ਹੱਸਿਆ ਅਤੇ ਪਿੱਛੇ ਮੁੜ ਗਿਆ।

"ਜੀਵੇ।"

"…।" ਆਵਾਜ਼ ਸੁਣਦਿਆਂ ਹੀ ਝੱਟ ਦੇਣੀਂ ਮੁੜਿਆ।

"ਹਾਂ, ਤਾਂ ਬੱਚਾ ਕਿਸ ਤਰ੍ਹਾਂ ਹੈ…?"

ਨਹੀਂ ਮਾਲਿਕ ਕੱਲ੍ਹ ਤੋਂ ਤਾਂ ਪਾਣੀ ਵੀ ਨਹੀਂ ਪੀ ਸਕਿਆ।"

"ਦੇਖੋਂ ਇਹ ਰੋਟੀ ਲੈ ਕੇ ਜਾਓ…।"

ਉਸ ਨੂੰ ਰਹਿਮ ਆਇਆ।

"ਨਹੀਂ ਮਾਲਿਕ, ਪਟੇਲ ਦੀ ਬੀਵੀ ਕੀ ਕਹੇਗੀ?"

"ਕਿਹੜਾ ਕਹੇਗਾ ਉਹਨੂੰ…।" ਦਾਮਾ ਨੇ ਹੱਥ ਹਿਲਾਇਆ।

"ਨਹੀਂ ਬਾਬਾ, ਕੁੱਤੇ ਦੇ ਹਿੱਸੇ ਦੀ ਬੱਚੇ ਨੂੰ ਕਿਵੇਂ…? ਅਜਿਹੀ ਗੱਲ ਨਹੀਂ। ਬੱਚਾ ਬਿਮਾਰ ਹੈ, ਇਸ ਲਈ ਕਹਿੰਦਾ ਹਾਂ।"

"… ਚੁਪਚਾਪ ਲੈ ਕੇ ਜਾਣਾ ਵੀ ਠੀਕ ਨਹੀਂ ਲੱਗਦਾ?" ਜੀਵਾ ਹੈਰਾਨ ਹੋਇਆ, "ਠੀਕ ਏ ਕੀ?" ਜੀਵਾ ਘੁੱਟ ਨਿਗਲ ਰਿਹਾ ਸੀ। ਮਨ ਭਰ ਆਇਆ। ਅੱਖਾਂ ਹੰਝੂਆਂ ਨਾਲ ਵਹਿਣ ਲੱਗੀਆਂ। ਲੰਮੀ ਸਾਹ ਲੈ ਕੇ ਉਹ ਭਾਰੇ ਕਦਮਾਂ ਨਾਲ ਮਾਂਗਵਾੜੇ ਵੱਲ ਨੂੰ ਨਿਕਲ ਤੁਰਿਆ…

ਮੀਂਹ ਨੇ ਐਨੇ ਨੂੰ ਜੋਰ ਫੜ ਲਿਆ ਸੀ। ਪੂਰੇ ਰਾਹ ਵਿਚ ਪਾਣੀ ਵਹਿ ਰਿਹਾ ਸੀ। ਪੂਰੀ ਤਰ੍ਹਾਂ ਨਾਲ ਭਿਜਿਆ ਹੋਇਆ ਜੀਵਾ ਟੋਕਰੀ ਦਾ ਪਾਣੀ ਸੁੱਟਦਾ ਹੋਇਆ ਮਾਂਗਬਾੜੇ ਵਿਚ ਆਇਆ। ਦੋ-ਤਿੰਨ ਚੋਣ ਵਾਲੀਆਂ ਝੁੱਗੀਆਂ ਨੂੰ ਛੱਡ ਕੇ ਉਹ ਤੀਜੀ ਝੌਂਪੜੀ ਵਿਚ ਗਿਆ। ਬੱਤੀ ਜਗ-ਬੁੱਝ ਰਹੀ ਸੀ। ਜਿਵੇਂ ਉਸ ਨੂੰ ਪੀਲੀਆ ਹੋਇਆ ਹੋਵੇ। ਪਾਟੇ ਹੋਏ ਬਾਂਸ ਦੀਆਂ ਵਿਰਲਾਂ ਵਿਚੋਂ ਠੰਡੀ ਹਵਾ ਦਾ ਬੁੱਲਾ ਬੱਤੀ ਉੱਤੇ ਹਮਲਾ ਕਰ ਰਿਹਾ ਸੀ। ਅਤੇ ਉਹ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ

ਕੰਬਦੀ ਹੋਈ ਰੋਸ਼ਨੀ ਵਿਚ ਬੱਚੇ ਸੂਅਰ ਦੇ ਨਿੱਕੇ ਬੱਚਿਆਂ ਵਾਂਗ ਆਪਣੇ ਸਰੀਰ ਨੂੰ 'ਕੱਠਾ ਕਰਕੇ ਸੁੱਤੇ ਹੋਏ ਸਨ। ਉਨ੍ਹਾਂ ਦਾ ਢਿੱਡ ਉੱਪਰ ਥੱਲੇ ਹੋ ਰਿਹਾ ਸੀ। ਉਹ ਰੋ ਰੋ ਕੇ ਸੌਂਅ ਗਏ ਸਨ, ਵਿਚ ਵਿਚ ਠੰਢਾ ਸਾਹ ਛੱਡ ਰਹੇ ਸਨ। ਮੱਥੇ ਉੱਤੇ ਹੱਥ ਰੱਖੀ ਬੈਠੀ ਹੋਈ ਪਤਨੀ ਵੱਲ ਜੀਵਾ ਨੇ ਵੇਖਿਆ, ਉਸ ਦੀਆਂ ਅੱਖਾਂ ਲਾਲ ਅਤੇ ਫੁੱਲੀਆਂ ਹੋਈਆਂ ਸਨ।

"ਬੱਚਿਆਂ ਨੂੰ ਜਗਾਓ...।"

"ਰਹਿਣ ਦਿਓ ਅਜੇ ਹੁਣੇ ਸੁੱਤੇ ਹਨ।"

ਜੀਵਾ ਪਛਾਣ ਗਿਆ। ਥੱਲੇ ਟੋਕਰੀ ਰੱਖ ਕੇ ਖੜਾ ਰਿਹਾ। ਕੰਬਣੀ ਮਹਿਸੂਸ ਹੋਈ। ਫਿਰ ਤੋਂ ਨਜ਼ਰ ਬੱਚਿਆਂ ਵੱਲ ਗਈ। ਅੱਖਾਂ ਪੱਥਰਾ ਗਈਆਂ। ਅੱਥਰੂ ਰੋਕ ਨਾ ਸਕਿਆ। ਮਨ ਬੇਚੈਨ ਹੋਈ ਜਾ ਰਿਹਾ ਸੀ।

ਪਾਗਲ ਵਾਂਗ ਹਮੇਸ਼ਾ ਕਿਉਂ ਰੋਂਦੀ ਰਹਿੰਦੀ ਏਂ? ਜੋ ਹੋਣ ਵਾਲਾ ਹੈ ਉਹ ਹੋ ਕੇ ਰਹੇਗਾ...।"

"ਸ਼ਿਆਜੀ ਦਾ ਬੁਰਾ ਹਾਲ ਲੱਗਦਾ ਹੈ।"

ਫਿਰ ਤੋਂ ਧੌਣ ਲੱਤਾਂ ਵਿਚ ਚਲੇ ਗਈ।

"ਕੀ ਕੀਤਾ ਜਾਵੇ, ਜਿੰਨਾ ਕੁ ਕਰ ਸਕਦੇ ਹਾਂ ਓਨਾ ਕਰ ਦਿੱਤਾ।" ਕੱਪੜੇ ਨਿਚੋੜਨ ਦੇ ਬਹਾਨੇ ਉਹ ਪਲ ਭਰ ਦੇ ਲਈ ਦਰਵਾਜ਼ੇ ਉੱਤੇ ਖੜਾ ਰਿਹਾ। ਕੁਝ ਚੇਤੇ ਆਇਆ। ਅੱਖਾਂ ਨੂੰ ਪੂੰਝ ਕੇ ਉਹ ਅੰਦਰ ਵੜਿਆ।

"ਇਹ ਹੈ ਗੁੜ, ਉਸਨੂੰ ਥੋੜੀ ਜਿਹੀ ਚਾਹ ਪਿਆ ਦੇ...।" ਜੀਵਾ ਨੇ ਧੋਤੀ ਨਾਲ ਬੰਨ੍ਹਿਆ ਹੋਇਆ ਗੁੜ ਉਸ ਨੂੰ ਦੇ ਦਿੱਤਾ। ਪਾਰੂ ਗੁੜ ਲੈ ਕੇ ਉੱਠ ਪਈ। ਚੁੱਲ੍ਹਾ ਤਪਾਇਆ। ਮਿੱਟੀ ਦੇ ਖਪਰੈਲ ਵਿਚ ਅੰਦਾਜੇ ਨਾਲ ਪਾਣੀ ਰੱਖਿਆ, ਘਰ ਵਿਚ ਬਚੀ ਹੋਈ ਚਾਹ ਦੀ ਪੱਤੀ ਉਸ ਵਿਚ ਪਾ ਦਿੱਤੀ।

"ਇਨ੍ਹਾਂ ਕੁੜੀਆਂ ਨੇ ਕੁਝ ਖਾਧਾ...?" ਜੀਵਾ ਸੁੱਕਾ ਹੋਇਆ ਕੱਪੜਾ ਸਰੀਰ ਉੱਤੇ ਲਪੇਟ ਕੇ ਉਸ ਦੇ ਕੋਲ ਆ ਕੇ ਬੈਠ ਗਿਆ।

"ਕੀ ਖਾਵਾਂਗੇ...? ਤੇਰੇ ਵੱਲ ਵੇਖਦੀ ਵੇਖਦੀ ਮੇਰੀ ਹੁਣੇ ਅੱਖ ਲੱਗੀ ਸੀ।"

"ਏ... ਤਾਰੇ, ਤਾਰੇ... ਏ ਭਿਕੋ ... ਉੱਠ!!" ਹੌਲੀ ਹੌਲੀ ਸਾਰੇ ਬੱਚੇ ਉੱਠ ਬੈਠੇ।

"ਖਾਣ ਨੂੰ ਹੈ ਨਾ...?"

ਜੀਵਾ ਨੇ ਟੋਕਰੀ ਨਜ਼ਦੀਕ ਖਿੱਚ ਲਈ। ਕੁਝ ਨਾ ਕਹਿੰਦੇ ਹੋਏ ਬੱਚੇ ਨੇ ਵਾਲ਼ ਪਿੱਛੇ ਕੀਤੇ ਅਤੇ ਗਰਦਨ ਹਿਲਾਈ। ਇਕ ਇਕ ਟੁਕੜਾ ਹੱਥ ਵਿਚ ਦੇਣ ਦੇ ਇਰਾਦੇ ਨਾਲ ਜੀਵਾ ਨੇ ਟੋਕਰੀ ਵਿਚ ਹੱਥ ਪਾਇਆ ਪਰ ਉਂਗਲੀਆਂ ਵਿਚ ਖੁੱਭ ਗਈਆਂ। ਮੀਂਹ ਨਾਲ ਟੁਕੜੇ ਗਿੱਲੇ ਹੋ ਕੇ ਫੁੱਲ ਗਏ ਸਨ। ਵਿਚੋਂ ਉੱਲੀ ਦਾ ਮੁਸ਼ਕ ਆ ਰਿਹਾ ਸੀ। ਜੀਵਾ ਦਾ ਮਨ ਭਰ ਆਇਆ। ਬੱਚੇ ਕਿਸੇ ਆਸ ਨਾਲ ਅੱਖਾਂ ਮਲਦੇ ਹੋਏ ਟੋਕਰੀ ਵੱਲ ਨੀਝ ਨਾਲ ਵੇਖ ਰਹੇ ਸਨ।

"ਬਾਪੂ ਕੜ੍ਹਾਹ ਕਿਸ ਨੇ ਦਿੱਤਾ ਹੈ...?"

ਤਾਰੀ ਨੇ ਲਾਲਚ ਵਿਚ ਟੋਕਰੀ ਵਿਚ ਹੀ ਹੱਥ ਪਾ ਲਿਆ।

"ਕੜ੍ਹਾਹ ਨਹੀਂ ਹੈ ਓਏ... ਮੀਂਹ ਨਾਲ ਰੋਟੀ ਦੇ ਟੁਕੜੇ ਭਿੱਜ ਗਏ ਹਨ।"

"ਫਿਰ ਅਸੀਂ ਕੀ ਖਾਵਾਂਗੇ...।" ਤਾਰੀ ਬੁਸ ਬੁਸ ਕਰਦਾ ਪੈਰ ਝਾੜਨ ਲੱਗਾ... ਭਿੱਕੀ ਕੁਝ ਸਮਝਣ ਤੋਂ ਪਹਿਲਾਂ ਹੀ ਰੋਣ ਲੱਗੀ।

"ਥੋੜੀ ਜਿਹੀ ਚਟਨੀ ਮਿਲਾ ਕੇ ਖਾ ਲੈ... ਚੰਗਾ ਲੱਗਦਾ ਹੈ... ਜਿਵਾ ਉਸਨੂੰ ਸਮਝਾਉਣ ਲੱਗਾ।



ਬੱਚਿਆਂ ਨੂੰ ਐਵੇਂ ਚੁੱਪ ਕਰਾ ਕੇ ਸਮਾਂ ਲੰਘਾ ਲਿਆ।

"ਚਾਹ ਬਣੀ ਕਿ ਨਹੀਂ?"

"ਹਾਂ... ਉਸ ਨੂੰ ਚੁੱਕੋ।"

ਚਾਹ ਲੈ ਕੇ ਪਾਰੂ ਨੇੜੇ ਆਈ।

ਸ਼ਿਆਜੀ ਉਠੋ ਬਾਬਾ, ਥੋੜੀ ਚਾਹ ਪੀ ਲਓ।"

ਜੀਵਾ ਉਸ ਉਪਰ ਲਈ ਹੋਈ ਗੋਦੜੀ ਹਟਾਈ ਅਤੇ ਹੌਲੀ ਜਿਹੇ ਬਾਂਹ ਫੜ ਕੇ ਉੱਠਾ ਕੇ ਬਿਠਾ ਦਿੱਤਾ। ਆਪਣੇ ਆਪ ਨੂੰ ਸੰਭਾਲਦੇ ਹੋਏ, ਕਰਾਹੁੰਦੇ ਕਰਾਹੁੰਦੇ ਸ਼ਿਆਜੀ ਮੁਸ਼ਕਲ ਨਾਲ ਬੈਠ ਗਿਆ।

ਚਾਰ ਬੰਦਿਆਂ ਨਾਲ ਕੰਮ ਦੇ ਲਈ ਜਾਣ ਵਾਲਾ ਹੱਟਾ ਕੱਟਾ ਇਹ ਮੁੰਡਾ ਏਧਰ ਦੋ ਚਾਰ ਦਿਨਾਂ ਤੋਂ ਬਿਸਤਰੇ ਵਿਚ ਹੀ ਸੀ। ਆਪਣੀ ਥੋੜੀ ਉਮਰ ਹੋਣ ਦੇ ਬਾਵਜੂਦ ਵੀ ਉਹ ਵੱਡੀ ਉਮਰ ਵਾਲੇ ਜਵਾਨ ਬੰਦਿਆਂ ਜਿੰਨਾ ਕੰਮ ਕਰਕੇ ਉਨ੍ਹਾਂ ਤੋਂ ਅੱਗੇ ਲੰਘ ਜਾਂਦਾ ਸੀ। ਕਿਸੇ ਨਾਲ ਝਗੜਾ ਨਹੀਂ, ਕੋਈ ਫਸਾਦ ਨਹੀਂ। ਆਪਣੇ ਕੰਮ ਨਾਲ ਮਤਲਬ। ਪੂਰਾ ਪਿੰਡ ਉਸ ਦੀ ਤਰੀਫ਼ ਕਰਦਾ ਸੀ। ਉਸ ਨੂੰ ਛੇ ਸੌ ਤਨਖਾਹ ਦੇਣ ਲਈ ਕੋਈ ਵੀ ਉਸ ਨੂੰ ਤਿਆਰ ਹੋ ਜਾਂਦਾ। ਪਰ ਜੀਵਾ ਆਪਣੇ ਇਕੱਲੇ ਪੁੱਤ ਨੂੰ ਇਸ ਤਰ੍ਹਾਂ ਬੰਨ੍ਹੀ ਰੱਖਣਾ ਚਾਹੁੰਦਾ ਨਹੀਂ ਸੀ। ਪਰ ਜਦੋਂ ਤੋਂ ਉਹ ਬਿਮਾਰ ਪਿਆ ਹੈ, ਢਿੱਡ ਦੀਆਂ ਅੰਤੜੀਆਂ ਤੋੜਨੀਆਂ ਪੈਂਦੀਆਂ ਹਨ।

"ਏਹ ਦੇਖ, ਐਨਾ ਕੁ ਘੁੱਟ ਪੀ ਲੈ।"

ਪਾਰੂ ਨੇ ਥਾਲੀ ਵਿਚ ਚਾਹ ਉਲੱਦ ਕੇ ਸ਼ਿਆਜੀ ਦੇ ਹੱਥ ਵਿਚ ਫੜਾ ਦਿੱਤੀ। ਥਾਲੀ ਹਿੱਲਦੀ ਜੁਲਦੀ ਹੋਈ ਕਿਸੇ ਤਰ੍ਹਾਂ ਮੂੰਹ ਤੱਕ ਗਈ। ਜੀਵਾ ਨੇ ਉਸ ਸਹਾਰਾ ਦੇ ਕੇ ਉਠਾਇਆ। ਉਸ ਨੇ ਇਕ ਘੁੱਟ ਭਰ ਕੇ ਪੀ ਲਈ। ਪਰ ਘੁੱਟ ਲੰਘਾਉਣ ਤੋਂ ਪਹਿਲਾਂ ਹੀ ਸ਼ਿਆਜੀ ਨੇ ਵਿੰਗਾ ਜਿਹਾ ਮੂੰਹ ਕਰਦਿਆਂ ਥੁੱਕ ਦਿੱਤਾ।

"ਕਿਉਂ ਉਏ ... ਪੀ ਲੈ।"

"ਪਿਸ਼ਾਬ ਵਰਗੀ ਕੁਸੈਲੀ ਜਿਹੀ ਚਾਹ ਲੱਗਦੀ ਹੈ।"

"ਹਾਏ... ਅੰਨਹ... ਮਾਂ...ਮ..ਾਂ।" ਦਰਦ ਨਾਲ ਕਰਾਉਂਦਿਆ ਸ਼ਿਆਜੀ ਲੰਮੇ ਪੈ ਗਏ। ਜੀਵਾ ਨੇ ਲੰਮਾ ਸਾਹ ਛੱਡਦੇ ਹੋਇਆ ਪਾਰੂ ਦੇ ਵੱਲ ਵੇਖਿਆ। ਉਸਦੀਆਂ ਅੱਖਾਂ ਗਿੱਲੀਆਂ ਹੋਈਆਂ ਪਈਆਂ ਸਨ।

"ਕੀ ਕਰੀਏ ਜੀ, ਇਹ ਤਾਂ ਇਸੇ ਤਰ੍ਹਾਂ ਹੀ ਕਰ ਰਿਹਾ ਹੈ। ਕੁਝ ਖਾ ਪੀ ਨਹੀਂ ਰਿਹਾ ਹੈ।"

ਉਸਨੇ ਚੁੰਨੀ ਨਾਲ ਮੂੰਹ ਢੱਕ ਲਿਆ।

"ਕੀ ਕਰੀਏ, ਪਤਾ ਨਹੀਂ ਦੇਵੀ ਨੇ ਕਿਸਮਤ ਵਿਚ ਕੀ ਲਿਖਿਆ ਹੈ?"

ਜੀਵਾ ਦੀਵੇ ਦੀ ਰੋਸ਼ਨੀ ਵੱਲ ਟਿਕਟਿਕੀ ਲਾ ਕੇ ਵੇਖ ਰਿਹਾ ਸੀ। ਲੋਅ ਫੜ-ਫੜਾ ਰਹੀ ਸੀ। ਸ਼ਿਆਜੀ ਪੀੜ ਨਾਲ ਬੇਹਾਲ ਹੋਈ ਜਾ ਰਹੇ ਸਨ।

ਮੀਂਹ ਤੋਂ ਬਾਅਦ ਮਾਂਗਬਾੜੇ ਦੀ ਕਾਵਾਂ ਰੌਲੀ ਵੀ ਘਟ ਗਈ। ਖਾਮੋਸ਼ੀ ਪਸਰ ਗਈ। ਸੁੱਕੀ ਜ਼ਮੀਨ ਉੱਤੇ ਲੋਕ ਸੌਂ ਗਏ। ਖਾਲੀ ਪੇਟ ਬੱਚੇ ਬੇਹਾਲ ਹੋ ਰਹੇ ਸਨ। ਮਾਂਵਾਂ ਉਨ੍ਹਾਂ ਨੂੰ ਦਬਕੇ ਮਾਰ ਕੇ ਸੌਣ ਲਈ ਕਹਿ ਰਹੀਆਂ ਸਨ। ਉਹ ਮਾਵਾਂ ਦੇ ਥਣਾਂ ਦੀਆਂ ਸੁੱਕੀਆਂ ਛਾਤੀਆਂ ਮੂੰਹ ਵਿਚ ਲੈ ਕੇ ਘਰਾੜੇ ਮਾਰਨ ਲੱਗੇ।

ਹਨੇਰਾ ਸੰਘਣਾ ਹੋਣ ਲੱਗ ਪਿਆ। ਮੀਂਹ ਰੁੱਕ ਗਿਆ ਸੀ। ਪਰ ਨੇੜੇ ਵਹਿੰਦੀ ਨਦੀ ਦਾ ਹੜ ਡਰਾ

ਰਿਹਾ ਸੀ ! ਨੇੜੇ ਹੀ ਕੁੱਤਾ ਡਰਾਉਣੀ ਆਵਾਜ਼ ਵਿਚ ਰੋਣ ਲੱਗਾ ਹੋਇਆ ਸੀ। ਜਿਸ ਕਾਰਨ ਆਲਾ ਦੁਆਲਾ ਡਰਾਉਣਾ ਬਣ ਰਿਹਾ ਸੀ। ਇਮਲੀ ਦੇ ਰੁੱਖ ਉੱਤੇ ਬੈਠੇ ਹੋਏ ਉਲੂ ਦੀ ਟਿੱਕ ਟਿੱਕ ਨਾਲ ਪਾਰੂ ਦਾ ਕਾਲਜ਼ਾ ਕੰਬ ਉੱਠਿਆ। ਜੀਵਾ ਨਾਲ ਨਜ਼ਰ ਮਿਲਦਿਆਂ ਹੀ ਉਹ ਸੰਭਲ ਗਈ।

"ਰੱਬ ਕਰੇ ਇਸ ਉੱਲੂ ਨੂੰ ਮੌਤ ਆ ਜਾਵੇ, ਉਹਨੂੰ ਪੱਥਰ ਮਾਰ ਪਰਾਂ…।"

"ਹੋਵੇਗਾ ਕੀ? ਉਡ ਕੇ ਚਲਿਆ ਜਾਵੇਗਾ ਅਤੇ ਫਿਰ…।" ਜੀਵਾ ਗੱਲਾਂ ਕਰਦਾ ਕਰਦਾ ਲੜ-ਖੜਾ ਗਿਆ। ਮਨ ਵਿਚ ਆਈ ਹੋਈ ਗੱਲ ਬੋਲਾ ਜਾਂ ਨਾ ਬੋਲਾ ਦੇ ਦਵੰਧ ਵਿਚ ਉਹ ਬੈਠਾ ਰਿਹਾ।

"ਮਾਂ…।" ਸ਼ਿਆਜੀ ਦੀ ਗੋਦੜੀ ਦਰਦ ਨਾਲ ਕੁਰਲਾਈ।

"ਕੀ ਏ ਬਾਬਾ?" ਪਾਰੂ ਝੱਟ ਦੇਣੀ ਨੇੜੇ ਆ ਗਈ।

"ਮੈਨੂੰ ਪਾਣੀ ਪਿਆ ਦੇ…।"

ਜੀਵਾ ਅੱਗੇ ਵੱਧਿਆ। ਪਾਰੂ ਕਟੋਰੀ ਵਿਚ ਪਾਣੀ ਲੈ ਕੇ ਆਈ। ਜੀਵਾ ਉਸ ਨੂੰ ਮੁਸ਼ਕਲ ਨਾਲ ਉਠਾ ਰਿਹਾ ਸੀ। ਪਰ ਉੱਠਦਿਆਂ ਉੱਠਦਿਆਂ ਉਹ ਲੁੜਕ ਰਿਹਾ ਸੀ। ਸਰੀਰ ਵਿਚੋਂ ਜਾਨ ਜਿਵੇਂ ਨਿਕਲ ਗਈ ਸੀ। ਪਾਰੂ ਤੜਫੀ, ਜੀਵਾ ਧੌਣ ਸਿੱਧੀ ਕਰਦੇ ਹੋਇਆ ਬੋਲ ਰਿਹਾ ਸੀ, ਸ਼ਿਆਜੀ ਓ ਸ਼ਿਆਜੀ ! ਇਹ ਲਓ ਪਾਣੀ…।" ਜੀਵਾ ਉਸ ਦੇ ਮੂੰਹ ਦੇ ਕੋਲ ਕਟੋਰੀ ਲੈ ਗਿਆ, ਪਰ ਸ਼ਿਆਜੀ ਬੇਸੁੱਧ ਹੋਇਆ ਵੇਖ ਰਿਹਾ ਸੀ।

"ਪਾਣੀ ਪੀ ਲੈ ਮੇਰੇ ਬੇਟੇ !" ਅਜਿਹਾ ਕਹਿੰਦੇ ਹੋਇਆ ਜਬਰਦਸਤੀ ਪਾਰੂ ਨੇ ਕਟੋਰੀ ਬੁੱਲ੍ਹਾਂ ਨੂੰ ਲਾਈ। ਪਰ ਮੂੰਹ ਨਹੀਂ ਖੁੱਲ੍ਹਾ। ਬੁੱਲ੍ਹਾਂ ਵਿਚੋਂ ਲਾਰ ਨਿਕਲ ਰਹੀ ਸੀ। ਚਿਹਰਾ ਪੀਲਾ ਭੂਕ ਹੋਈ ਜਾ ਰਿਹਾ ਸੀ। ਪਾਰੂ ਸਾਰਾ ਕੁਝ ਜਾਣ ਗਈ। ਐਨੇ ਨੂੰ ਉੱਲੂ ਦੀ ਫਿਰ ਚਿਕ ਚਿਕ ਸੁਣਾਈ ਦਿੱਤੀ। ਅਤੇ ਸ਼ਿਆਜੀ ਦੀ ਧੌਣ ਢਿੱਲੀ ਪੈ ਗਈ।

"ਸ਼ਿਆਜੀ…ਜੀ…ਅ।" ਪਾਰੂ ਚੀਕ ਮਾਰ ਕੇ ਕੁਰਲਾ ਉੱਠੀ। ਹਨੇਰਾ ਕੰਬ ਉੱਠਿਆ, ਉਸਦੇ ਚੀਥੜੇ-ਚੀਥੜੇ ਹੋ ਗਏ। ਨੇੜੇ ਤੇੜੇ ਦੀਆਂ ਝੁੱਗੀਆਂ ਜਾਗ ਪਈਆਂ। ਪਾਰੂ ਦੀਆਂ ਚੀਕਾਂ ਅਤੇ ਉੱਚੀ ਉੱਚੀ ਰੋਂਦਿਆਂ ਵੇਖ ਕੇ ਗੁਵਾਂਢੀ ਝੁੱਗੀਆਂ ਤੋਂ ਬਾਹਰ ਆ ਗਏ। ਹੌਲੀ-ਹੌਲੀ ਸਾਰਾ ਮਾਂਗਬਾੜਾ ਜਾਗ ਪਿਆ। ਰੋਣ ਕੁਰਲਾਉਣ ਦਾ ਸ਼ੋਰ ਮਚ ਗਿਆ। ਗੁਵਾਂਢ ਦੀ ਸਰੂ ਮਾਸੀ ਝੁੱਗੀ ਵਿਚ ਜਾਂਦੀ ਹੋਈ ਛਾਤੀ ਪਿੱਟ ਪਿੱਟ ਕੇ ਰੋਣ ਲੱਗੀ !

"ਓਏ ਮੇਰੇ ਲਾਲ… ਕਿਵੇਂ ਦਗਾ ਦੇ ਦਿੱਤਾ…। ਹੁਣ ਮੈਨੂੰ ਮਾਸੀ ਕਹਿ ਕੇ ਕੌਣ ਬੁਲਾਵੇਗਾ…।" ਪਾਰੂ ਵਾਲ਼ਾ ਨੂੰ ਪੁੱਟਣ ਲੱਗੀ। ਚੀਕਣ ਲੱਗੀ, "ਹਾਏ ਮੈਂ ਸ਼ਿਆਜੀ ਕਿਸ ਨੂੰ ਬੁਲਾਊਂਗੀ, ਕਿਸਨੂੰ ਦੇਖੂਗੀ, ਏ ਚੰਡਾਲਣ ਤੂੰ ਮੇਰੇ ਬੱਚੇ ਨੂੰ ਕਿਵੇਂ ਨਿਸ਼ਾਨਾ ਬਣਾ ਲਿਆ !!"

ਪਾਰੂ ਤਾਹਨੇ ਮਿਹਣੇ ਮਾਰਨ ਲੱਗੀ। ਕਈ ਵਾਰ ਪਿੱਪਲ ਦੇ ਚਬੂਤਰੇ ਵੱਲ ਹੱਥ ਚੁੱਕ ਚੁੱਕ ਕੇ ਮਰੀ ਹੋਈ ਮਾਂ ਨੂੰ ਉਹ ਗਾਲਾਂ ਕੱਢਣ ਲੱਗ ਪਈ। ਗੁਵਾਂਢ ਦੀਆਂ ਔਰਤਾਂ ਉਸ ਨੂੰ ਸਮਝਾ ਰਹੀਆਂ ਸਨ। ਰੋਣ ਤੋਂ ਰੋਕ ਰਹੀਆਂ ਸਨ।

"ਭੈਣ ਕੁਝ ਖਾਧਾ ਹੈ ਕਿ…?"

ਕਾਹਦਾ ਖਾਣਾ ਜੀ, ਚਾਰ ਦਿਨ ਤੋਂ ਮੂੰਹ ਵਿਚ ਪਾਣੀ ਦੀ ਬੂੰਦ ਨਹੀਂ ਅਤੇ ਅੰਨ ਦਾ ਦਾਣਾ ਵੀ ਨਹੀਂ…।"

ਔਰਤਾਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਅਤੇ ਸ਼ਿਆਜੀ ਵੱਲ ਵੇਖ ਰਹੀਆਂ ਸਨ। ਏਨੇ ਨੂੰ ਬੁੱਢੀ ਗਯਾਇਕਾ ਬੋਲੀ, "ਚੁੱਪ ਹੋ ਜਾ ਪਾਰੂ, ਜੋ ਹੋਣਾ ਸੀ ਉਹ ਹੋ ਜਾਣਾ ਹੈ। ਕੋਈ ਵੀ ਪਰਾਇਆ



ਨਹੀਂ ਮੇਰੀ ਬੇਟੀ ਪਿਛਲੇ ਸਾਲ ਕੇਵਲ ਸਾੜ ਲੱਗਣ ਨਾਲ ਮਰ ਗਈ।" ਗਯਾਇਕਾ ਦਾ ਬੋਲ ਪੂਰਾ ਹੋਇਆ ਹੀ ਨਹੀਂ ਸੀ ਕਿ ਸ਼ਿਰਜਾ ਅੱਗੇ ਖਿਸਕਦੀ ਹੋਈ ਬੋਲੀ, "ਜੀਵਾ ਜੇਠ ਜੀ, ਚੁਪ ਹੋ ਜਾਓ, ਅਜਿਹਾ ਪਗਲਪਨ ਨਾ ਕਰੋ !" ਆਪਣੀਆਂ ਝੁਰੜੀਆਂ ਵਾਲੇ ਹੱਥਾਂ ਨਾਲ ਅੱਖਾਂ ਪੂੰਝੀਆਂ, ਪਰ ਜੀਵਾ ਰੋ ਰਿਹਾ ਸੀ ਅਤੇ ਗੋਡਿਆ ਵਿਚ ਧੌਣ ਦੇ ਕੇ ਉਹ ਰੋ ਰਹੀ ਸੀ।

"ਭਾਬੀ ਕਿਸ ਦੇ ਲਈ ਮੈਂ ਜੀਵਾ? ਹੋਰ ਕੀ ਕਰਾਂ?" ਜੀਵਾ ਸਿਰ ਤੇ ਹੱਥ ਮਾਰ ਮਾਰ ਰੋਣ ਲੱਗਾ।

"ਚੁੱਪ ਕਿਉਂ ਪਾਪੀਆਂ ਵਾਲੀਆਂ ਗੱਲਾਂ ਕਰਦੀ ਏਂ। ਭਗਵਾਨ ਦੀ ਕ੍ਰਿਪਾ ਨਾਲ ਦੋ ਬੇਟੀਆਂ ਹਨ।" ਬੋਲਦਿਆਂ ਬੋਲਦਿਆਂ ਨਜ਼ਰ ਤਾਰੀ ਉੱਤੇ ਆਈ। ਉਹ ਰੋ ਰਹੀ ਸੀ। ਭਿੱਕੀ ਤਾਂ ਪਾਰੂ ਦੀ ਗੋਦ ਵਿਚ ਡਿੱਗੀ ਪਈ ਸੀ। ਮਜ਼ੇ ਨਾਲ ਉਹਦੀ ਛਾਤੀ ਚੁੰਘ ਰਹੀ ਸੀ। ਉਸਦਾ ਮੂੰਹ ਵੇਖ ਰਹੀ ਸੀ।

ਹੌਲੀ ਹੌਲੀ ਭੀੜ ਜਮਾਂ ਹੋ ਗਈ। ਬਿਰਾਦਰੀ ਦੇ ਚਾਰ ਲੋਕ ਆਏ। ਉਨ੍ਹਾਂ ਵਿਚੋਂ ਕੋਈ ਔਰਤਾਂ ਵਿਚੋਂ ਰਸਤਾ ਬਣਾਉਂਦਾ ਅੰਦਰ ਆਇਆ… ਅਤੇ ਰੋਂਦੇ ਹੋਏ ਜੀਵਾ ਨੂੰ ਕਹਿਣ ਲੱਗਾ, ਜੀਵਾ ਭਰਾਵਾ ਜਰਾ ਬਾਹਰ ਤਾਂ ਆ ਭਲਾ।"

ਜੀਵਾ ਉੱਠ ਕੇ ਬਾਹਰ ਆਇਆ।

"ਦੇਖੋ ਹੁਣ ਰੋਣ ਨਾ ਬੈਠੋ, ਬੱਚੇ ਦੀ ਅੰਤਮ ਰਸਮ ਕਰਨੀ ਹੋਵੇਗੀ, ਉਸਦਾ ਸੰਸਕਾਰ ਕਰਨਾ ਹੋਵੇਗਾ ! ਨਹੀਂ ਤਾਂ ਰਾਤ ਨੂੰ ਬੱਚਾ ਆਕੜ ਜਾਵੇਗਾ।"

ਇਕ ਬੁੱਢਾ ਅੱਗੇ ਆ ਕੇ ਕਹਿਣ ਲੱਗਾ, "ਅੰਨਾ , ਸ਼ਮਸ਼ਾਨ ਤਾਂ ਸਾਰਾ ਮੀਂਹ ਦੇ ਪਾਣੀ ਨਾਲ ਭਰਿਆ ਹੋਇਆ ਹੋਵੇਗਾ, ਚਿੱਕੜ ਹੋ ਗਿਆ ਹੋਵੇਗਾ।"

ਦੂਜੇ ਨੇ ਕਠਿਨਾਈ ਬਿਆਨ ਕੀਤੀ, "ਕੁਝ ਵੀ ਹੋਵੇ, ਪਰ ਇਸ ਤਰ੍ਹਾਂ ਬੈਠਣ ਨਾਲ ਕੁਝ ਨਹੀਂ ਹੋਵੇਗਾ। ਅਜੇ ਰਾਤ ਕੁਝ ਜਿਆਦਾ ਨਹੀਂ ਹੋਈ।"

ਜੀਵਾ ਧੌਣ ਥੱਲੇ ਝੁਕਾ ਕੇ ਖੜਾ ਰਿਹਾ। ਕਾਲਜਾ ਕੰਬ ਰਿਹਾ ਸੀ। ਅੱਖਾਂ ਅੱਥਰੂ ਕੇਰ ਰਹੀਆਂ ਸਨ।

"ਅੰਣਾ ਕੁਝ ਵੀ ਕਰੋ…।"

ਜੀਵਾ ਝੱਟ ਦੇਣੀ ਥੱਲੇ ਬੈਠ ਗਿਆ… ਪੂਰੇ ਸ਼ਰੀਰ ਨੂੰ ਕੰਬਣੀ ਸ਼ੁਰੂ ਹੋ ਗਈ ਸੀ। "ਜੀਵਾ ਮਨ ਨੂੰ ਜਰਾ ਪੱਕਾ ਕਰ ਬਾਬਾ…।"

ਅੰਣਾ ਉਸਦੇ ਨੇੜੇ ਬੈਠ ਕੇ ਉਸਦੀ ਪਿੱਠ ਤੇ ਹੱਥ ਫੇਰਦਾ ਰਿਹਾ ਅਤੇ ਆਪਣੇ ਵੀ ਅੱਥਰੂ ਪੂੰਝਦਾ ਰਿਹਾ ਸੀ।

… ਤਿੰਨ ਚਾਰ ਲੋਕ ਕੁਝ ਗਿੱਲੀਆਂ ਲੱਕੜੀਆਂ ਲੈ ਆਏ। ਫਟੇ ਹੋਏ ਕੱਪੜਿਆਂ ਦੀ ਝੋਲੀ ਬਣਾਈ ਗਈ। ਮੋਢਾ ਦੇਣ ਵਾਲਿਆ ਨੇ ਆਪਣੇ ਕੱਪੜੇ ਲਾਹੇ।

"ਗਯਾਇਕਾ, ਔਰਤਾਂ ਨੂੰ ਪਿੱਛੇ ਹਟਣ ਨੂੰ ਕਹਿ…।"

ਰਾਹ ਬਣਾ ਕੇ ਇਕ ਦੋ ਅੰਦਰ ਆ ਵੜੇ ਅਤੇ ਬਾਂਸ ਦੀ ਕੰਧ ਦੇ ਸਹਾਰੇ ਲੁੜਕੇ ਹੋਏ ਸ਼ਿਆਜੀ ਨੂੰ ਹੌਲੀ ਜਿਹੇ ਆਖਰੀ ਨਹਾਉਣ ਦੇ ਲਈ ਬਾਹਰ ਚੁੱਕ ਲਿਆਏ। ਫਿਰ ਤੋਂ ਰੋਣ ਦਾ ਸ਼ੋਰ ਵਧ ਗਿਆ। ਪਾਰੂ ਛਾਤੀ ਥਾਪੜ ਥਾਪੜ ਕੇ ਉੱਚੀ ਉੱਚੀ ਰੋ ਰਹੀ ਸੀ। ਇਕ ਦੂਜੀ ਨੇ ਉਸ ਦੀਆਂ ਬਾਂਹਾਂ ਫੜ ਕੇ ਉਸ ਨੂੰ ਬਾਹਰ ਕੱਢਿਆ।

"ਪਾਰੂ ਚੁੱਪ ਹੋ ਜਾ ਭੈਣਾਂ, ਬੱਚੇ ਨੂੰ ਇਕ ਵਾਰ ਦੇਖ ਲੈ।"

ਗਯਾਇਕਾ ਠੀਕ ਢੰਗ ਨਾਲ ਬੋਲ ਨਹੀਂ ਸਕਦੀ ਸੀ। ਬੋਲਦਿਆਂ ਬੋਲਦਿਆਂ ਹੀ ਉਹ ਸਿਸਕੀਆਂ ਲੈਣ ਲੱਗ ਪਈ। ਫਿਰ ਇਕ ਵਾਰ ਸਾਰਿਆਂ ਨੇ ਧੌਣਾਂ ਝੁਕਾ ਲਈਆਂ… ਅੱਖਾਂ ਵਿਚ ਅੱਥਰੂ ਡਿੱਗ ਰਹੇ

ਸਨ।

ਸ਼ਿਆਜੀ ਨੂੰ ਅਰਥੀ ਉੱਤੇ ਰੱਖਿਆ ਗਿਆ। ਅਰਥੀ ਚੁੱਕੀ ਗਈ।

"ਗਯਾਇਕਾ ਔਰਤਾਂ ਕੋਈ ਨਹੀਂ ਆਉਣਗੀਆਂ, ਹਨੇਰਾ ਹੈ ਅਤੇ ਰੋਂਦਿਆਂ ਹੋਇਆ ਨਾ ਬੈਠੋ।"

"'ਸ਼ਾਜੀ ਓਏ ਮੇਰੇ ਲਾਲ... ਫਿਰ ਤੋਂ ਮੁੜ ਕੇ ਤਾਂ ਵੇਖ ਸ਼ਾਜੀ...।" ਪਾਰੂ ਦੀ ਬੈਠੀ ਹੋਈ ਆਵਾਜ਼ ਸੀ। ਅਰਥੀ ਉੱਤੇ ਪਿਆ ਸ਼ਿਆਜੀ ਲੁੜਕਦਿਆਂ ਲੁੜਕਦਿਆਂ ਹਨੇਰੇ ਵਿਚ ਪ੍ਰਵੇਸ਼ ਕਰ ਰਿਹਾ ਸੀ। ਸੱਤ ਅੱਠ ਲੋਕ ਵਿਆਕੁਲ ਹਿਰਦੇ ਨਾਲ ਅਰਥੀ ਨੂੰ ਚੁੱਕੀ ਜਾ ਰਹੇ ਸਨ। ਕਿਸੇ ਦੇ ਹੱਥ ਵਿਚ ਫੜਿਆ ਲਾਲਟੈਣ ਹਿੱਲ ਰਿਹਾ ਸੀ।

ਸ਼ਮਸ਼ਾਨ ਆਉਣ ਤੇ ਅੰਨਾ ਰੁਕ ਗਿਆ... ਦੋ ਚਾਰ ਫਰਲਾਂਗ ਉੱਤੇ ਆਦਮੀ ਚਿੱਕੜ ਕੱਡ ਰਹੇ ਸਨ।

"ਹੋਇਆ ਕਿਵੇਂ ਰਾਮਾ...?"

ਲਾਲਟੈਣ ਚੁੱਕੀ ਅੰਨਾ ਦੇ ਨੇੜੇ ਆ ਕੇ ਪੁੱਛਿਆ।

"ਟੋਆ! ਜਿਵੇਂ ਪੁੱਟੀ ਜਾਂਦੇ ਹਾਂ ਉਂਝ ਹੀ ਪਾਣੀ ਭਰੀ ਜਾਂਦਾ ਹੈ...।"

ਫਿਰ ਅੰਨਾ ਦੇ ਸਾਹਮਣੇ ਉਲਝਣ ਖੜੀ ਹੋਈ ਅਤੇ ਬਾਅਦ ਵਿਚ ਉਪਰ ਢੱਕਣ ਦੇ ਲਈ ਮਿੱਟੀ ਵੀ ਨਹੀਂ, ਸਾਰਾ ਚਿੱਕੜ ਹੀ ਚਿੱਕੜ ਹੈ।

ਪਲ ਭਰ ਸਾਰੇ ਪਰੇਸ਼ਾਨ ਹੋ ਗਏ। ਕਿਸੇ ਨੂੰ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ। ਸਾਰੇ ਇਕ ਦੂਜੇ ਨੂੰ ਵੇਖ ਰਹੇ ਸਨ। ਅੰਬਰ ਫਿਰ ਤੋਂ ਬੱਦਲਾਂ ਨਾਲ ਭਰ ਗਿਆ ਸੀ। ਹਨੇਰਾ ਸੰਘਣਾ ਹੋ ਰਿਹਾ ਸੀ। ਰਾਤ ਜਿਆਦਾ ਹੋ ਚੁੱਕੀ ਸੀ। ਲਗਾਤਾਰ ਬਿਜਲੀ ਚਮਕ ਰਹੀ ਸੀ।

"ਅੰਨਾ, ਜਰਾ ਉਸ ਪਾਸੇ ਪੁੱਟ ਕੇ ਦੇਖਾਂ ?" ਸਾਵਲਾ ਆਲੇ ਦੁਆਲੇ ਵੇਖ ਕੇ ਉਂਗਲੀ ਘੁਮਾ ਰਿਹਾ ਸੀ, "ਪੁੱਤਰ ਉਹ ਤਾਂ ਉੱਚ ਜਾਤੀ ਵਾਲੇ 'ਵਤਨ' ਦਾ ਸ਼ਾਮਸ਼ਾਨ ਹੋਵੇਗਾ...।"

"ਨਹੀਂ ਜੀ ਉਹ ਤਾਂ ਔਧਰ ਹੈ, ਉਹਦੇ ਖੱਬੇ ਪਾਸੇ...।"

"ਦੇਖ ਬਾਬਾ ਨਹੀਂ ਤਾਂ ਨਵੀਂ ਮੁਸੀਬਤ ਜੰਮ ਪਵੇਗੀ...।" ਇਹ ਸੁਣਦਿਆਂ ਹੀ ਦੋ ਚਾਰ ਲੋਕ ਟੋਕਰੀ ਤੇ ਕਹੀ ਲੈ ਕੇ ਉਸ ਪਾਸੇ ਗਏ ਅਤੇ ਉਹ ਥਾਂ ਪੁੱਟ ਦਿੱਤੀ, ਫਿਰ ਤੋਂ ਅਰਥੀ ਚੁੱਕੀ ਗਈ।

"ਪਿੰਡ ਦੀ ਹੱਦ ਬੰਦੀ ਤਾਂ ਨਹੀਂ ਹੈ ਨਾ?"

ਪਾਗਲ ਜਿਹਾ ਹੋਇਆ ਅੰਨਾ ਏਧਰ ਉਧਰ ਵੇਖਣ ਲੱਗਾ!

"ਨਹੀਂ, ਨਹੀਂ, ਇਹ ਦੇਖੋ ਹੱਦ ਦੀ ਵੱਟ!"

ਸਾਵਲਾ ਉਂਗਲੀ ਨਾਲ ਦਿਖਾ ਰਿਹਾ ਸੀ। ਅਰਥੀ ਥੱਲੇ ਰੱਖੀ ਗਈ ਅਤੇ ਸ਼ਿਆਜੀ ਨੂੰ ਚਿੱਕੜ ਵਿਚ ਲੰਮੇ ਪਾ ਦਿੱਤਾ ਗਿਆ।

"ਜੀਵਾ ਚਾਚਾ ਪਾਣੀ ਪਿਆ ਦੇ...।"

ਮੂੰਹ ਵਿਚ ਆਪਣੀ ਧੋਤੀ ਰੱਖ ਕੇ ਰੋਣ ਵਾਲਾ ਜੀਵਾ ਟੋਏ ਵਿਚ ਉਤਰ ਗਿਆ। ਪਾਣੀ ਪਿਆ ਕੇ ਬਾਹਰ ਨਿਕਲਿਆ। ਚਿੱਕੜ ਦੇ ਕਿਨਾਰੇ ਉੱਤੇ ਲਾਲਟੈਣ ਦੀ ਲੋਅ ਭੜਾਕੇ ਮਾਰ ਰਹੀ ਸੀ। ਸਾਰੇ ਚਿੱਕੜ ਉਸ ਉੱਤੇ ਪਾ ਰਹੇ ਸਨ ਅਤੇ ਅੱਥਰੂ ਵਹਾ ਰਹੇ ਸਨ। ਫਿਰ ਉਸ ਚਿੱਕੜ ਉੱਤੇ ਵੱਡੇ ਵੱਡੇ ਪੱਥਰ ਤੇ ਲੱਕੜੀਆਂ ਰੱਖ ਕੇ ਹੱਥ ਪੈਰ ਝਾੜਦੇ ਹੋਏ ਬਸਤੀ ਦੇ ਵੱਲ ਤੁਰ ਪਏ। ਹੁਣ ਤੱਕ ਅੱਥਰੂ ਵਹਾਉਣ ਵਾਲਾ ਜੀਵਾ ਥੋੜੀ ਦੂਰ ਆਉਂਦਾ ਹੀ ਸਹਿਮ ਤੇ ਡਰ ਗਿਆ। ਉਸ ਦਾ ਕਾਲਜਾ ਕੰਬ ਰਿਹਾ ਸੀ। ਹੱਥ ਪੈਰ ਢਿੱਲੇ ਪੈ ਗਏ ਸਨ।



"ਚਾਚਾ ਮਾੜਾ ਹੋ ਗਿਆ... ਹੁਣ ਕੋਈ ਗੱਲ ਠੀਕ ਨਹੀਂ ਹੋਵੇਗੀ।" ਇਕ ਵਾਰ ਚੀਕ ਚੀਕ ਕੇ ਜੀਵਾ ਰੋਣ ਲੱਗ ਪਿਆ। ਅਚਾਨਿਕ ਸਾਰੇ ਲੋਕ ਡਰ ਗਏ!

"ਕਿਉਂ ਜੀ ਕੀ ਹੋਇਆ...?' ਝੱਟ ਦੇਣੀ ਅੰਨਾ ਕੋਲ ਆਇਆ ਅਤੇ ਉਸ ਦੀਆਂ ਬਾਹਾਂ ਨੂੰ ਫੜ ਕੇ ਸਹਾਰਾ ਦਿੱਤਾ।

"ਅੰਨਾ ਏਹ ਦੇਖ ਬੇਰ ਦਾ ਦਰਖੱਤ।"

"ਫਿਰ?"

"ਓਏ ਇਸਦੇ ਨੇੜੇ ਹੀ ਤਾਂ ਪਿਛਲੇ ਸਾਲ ਪਟੇਲ ਦੇ ਬੁੱਢੇ ਨੂੰ ਜਲਾਇਆ, ਮੈਂ ਖੁਦ ਪਾਥੀਆਂ ਅਰਥੀ ਲਈ ਢੋਈਆਂ ਸਨ।"

ਜੀਵਾ ਗੱਲਾਂ ਕਰਦਾ ਕਰਦਾ ਹੋਇਆ ਹੜ੍ਹ ਗਿਆ ਸੀ। ਕੰਬਦਾ ਉਹ ਥੱਲੇ ਬੈਠ ਗਿਆ। ਫਿਰ ਮੱਥਾ ਪਿੱਟਣ ਲੱਗਾ।

"ਅੰਨਾ ਪਿੰਡ ਵਾਲੇ ਹੁਣ ਮੂੰਹ ਉੱਤੇ ਥੁੱਕਣਗੇ... ਕੀ ਕਹਾਂਗੇ??" ਜੀਵਾ ਬਹੁਤ ਰੋਣ ਲੱਗਾ। ਅੰਨਾ ਦੇ ਨਾਲ ਸਾਰੇ ਲੋਕ ਘਬਰਾ ਗਏ। ਪਸੀਨਾ ਛੁੱਟ ਰਿਹਾ ਸੀ। ਕੀ ਕੀਤਾ ਜਾਵੇ... ਕੀ ਬੋਲੇ ... ਸਾਰਾ ਚੁੱਪ...।

"ਉੱਚ ਜਾਤੀ 'ਵਤਨ' ਦੇ ਸ਼ਾਮਸ਼ਾਨ ਘਾਟ ਵਿਚ ਮੰਗ ਖਾਣਿਆ ਦਾ ਬੱਚਾ ਦਫ਼ਨਾਇਆ ਗਿਆ ਹੈ ਇਹ ਸੁਣ ਕੇ ਹੀ ਪਟੇਲ ਮਰਨ ਮਾਰਨ ਤੇ ਉੱਤਰ ਆਉਣਗੇ। ਸਾਰਾ ਸਵਰਨ ਕ੍ਰੋਧਿਤ ਹੋ ਜਾਵੇਗਾ। ਸਾਰਾ ਪਿੰਡ ਉਨ੍ਹਾਂ ਦਾ ਸਾਥ ਦੇਵੇਗਾ। ਕੌਣ ਕਹਿ ਸਕਦਾ ਹੈ ਸ਼ਾਇਦ ਮਾਰ ਵੀ ਖਾਣੀ ਪਏ। ਘਰ ਜਲ਼ਾ ਦਿੱਤੇ ਜਾਣਗੇ।"

ਅੰਨਾ ਇਸ ਤਰ੍ਹਾਂ ਵੇਖ ਰਿਹਾ ਸੀ ਜਿਵੇਂ ਠੱਗਿਆ ਗਿਆ ਹੋਵੇ। ਅੱਖਾਂ ਅੱਗੇ ਉਸ ਨੂੰ ਸਾਰੀਆਂ ਗੱਲਾਂ ਅਤੇ ਭਵਿੱਖ ਦੀਆਂ ਘਟਨਾਵਾਂ ਦਿਖਾਈ ਦੇ ਰਹੀਆਂ ਸਨ। ਉਹ ਡਰ ਨਾਲ ਕੰਬਣ ਲੱਗ ਪਿਆ... ਅਤੇ ਮੁਰਗੇ ਦੀ ਬਾਂਗ ਨਾਲ ਸਾਰਿਆਂ ਨੂੰ ਹੋਸ਼ ਆ ਗਈ। ਸਾਰੇ ਇਕ ਦੂਜੇ ਨੂੰ ਵੇਖਣ ਲੱਗੇ। ਜੁਬਾਨ ਡਰ ਨਾ ਆਕੜ ਗਈ ਸੀ। ਹੱਥ ਪੈਰ ਜਿਵੇਂ ਟੁੱਟ ਗਏ ਸੀ।

"ਚੱਲ ਜੀਵੇ, ਜੋ ਹੋਏਗਾ ਦੇਖੀ ਜਾਵੇਗਾ।"

ਅੰਨਾ ਜਬਰੀ ਆਪਣੇ ਮਨ ਨੂੰ ਸਮਝਾ ਰਿਹਾ ਸੀ। ਮਨ ਨੂੰ ਦ੍ਰਿੜ ਕਰਕੇ ਉਹ ਉੱਠਿਆ। ਹੌਲੀ ਹੌਲੀ ਸਾਰੇ ਤੁਰਨ ਲੱਗੇ ਅਤੇ ਨਦੀ ਵਿਚ ਉਤਰ ਗਏ।

ਪਹੁ ਫੁੱਟਦਿਆਂ ਸਵੇਰ ਹੋ ਗਈ। ਬੱਦਲ ਦਿਨ ਨੂੰ ਢੱਕ ਰਹੇ ਸਨ। ਪਰ ਦੇਖਦੇ ਹੀ ਦੇਖਦੇ ਉਸਦੇ ਪੇਟ ਵਿਚੋਂ ਸੂਰਜ ਨੇ ਕਿਰਨ ਛੱਡੀ ਅਤੇ ਉਸੇ ਸਮੇਂ ਪਿੰਡ ਪ੍ਰਕਾਸ਼ ਨਾਲ ਭਰ ਗਿਆ। ਮੋਢਿਆ ਉੱਤੇ ਗਿੱਲੇ ਕੱਪੜੇ ਰੱਖ ਕੇ, ਰੁਮਾਲ ਦੇ ਟੁਕੜੇ ਦੀਆਂ ਲੰਗੋਟੀ ਲਾ ਕੇ ਮਿੱਟੀ ਸੁੱਟਣ ਵਾਲੇ ਲੋਕ ਹੌਲੀ ਹੌਲੀ ਮਾਂਗਬਾੜੇ ਵਿਚ ਆਏ। ਜਿਵੇਂ ਕਿ ਡਾਕਾ ਮਾਰਦਿਆਂ ਫੜੇ ਗਏ ਹੋਣ।

ਜੀਵਾ ਨੂੰ ਬੂਹੇ ਦੇ ਨੇੜੇ ਆਉਂਦੇ ਹੀ ਇੰਜ ਲੱਗਾ ਜਿਵੇਂ ਪੈਰ ਦਗਦੇ ਕੋਲਿਆਂ ਉੱਤੇ ਰੱਖੇ ਗਏ ਹੋਣ। ਐਨੀ ਠੰਡ ਵਿਚ ਪਸੀਨਾ ਆ ਰਿਹਾ ਸੀ। ਅੱਖਾਂ ਦੇ ਸਾਹਮਣੇ ਹਨੇਰਾ ਛਾ ਗਿਆ। ਪੈਰ ਉੱਠ ਨਹੀਂ ਰਹੀ ਸੀ।

"ਅੰਨਾ ਬੂਹੇ ਉੱਤੇ ਕੌਣ ਕੌਣ ਹਨ?"

ਸੇਬਾ ਲੁਕ ਕੇ ਕਹਿ ਰਿਹਾ ਸੀ...। ਸਦਾ ਪਟੇਲ, ਯਸ਼ਵੰਤ ਰਾਏ, ਵਿਅੰਕਟ ਰਾਏ, ਗਣਾ ਬੰਮਨ... ਨਾਨਾ ਪਵਾਰ... ਅੰਨਾ ਡਰਦੇ ਹੋਇਆ ਨਾਂ ਲੈ ਰਹੇ ਸਨ... ਸਦਾ ਪਟੇਲ ਆਪਣਾ ਸਾਫ਼ਾ ਕੱਛ ਵਿਚ

ਘੁੱਟ ਕੇ ਖੜਾ ਸੀ। ਮੁੱਠੀਆਂ ਨੂੰ ਮੀਟ ਕੇ ਕੁੱਝ ਸੋਚ ਰਿਹਾ ਸੀ। ਬਾਕੀ ਲੋਕ ਆਪਸ ਵਿਚ ਘੁਸਰ ਮੁਸਰ ਕਰ ਰਹੇ ਸਨ। ਸਾਰਿਆਂ ਦੀਆਂ ਨਜ਼ਰਾਂ ਵਿਚ ਗੁੱਸੇ ਦੇ ਅੰਗਿਆਰੇ ਸਨ। ਅੱਖਾਂ ਲਾਲ ਸਨ। ਅੰਨਾ ਦੇ ਦਰਵਾਜ਼ੇ ਵਿਚ ਆਉਂਦੇ ਹੀ ਪਟੇਲ ਨਜ਼ਦੀਕ ਆਇਆ। ਅੰਨਾ ਠਹਿਰ ਗਿਆ। ਡਰ ਨਾਲ ਅੰਨਾ ਮੂੰਹ ਲੁਕਾ ਰਿਹਾ ਸੀ। ਪਟੇਲ ਬਦਮਾਸ਼ਾਂ ਵਾਲਾ ਹਾਸਾ ਮਜ਼ਾਕ ਵਿਚ ਹੱਸਿਆ। ਆਪਣੇ ਜਵਾਨ ਹੱਥਾਂ ਨਾਲ ਅੰਨਾ ਦੀ ਬੁੱਢੀ ਠੋਡੀ ਨੂੰ ਉਪਰ ਚੁੱਕ ਕੇ ਪੁੱਛਣ ਲੱਗਾ,

"ਅੰਨਾ ,... ਬੱਚਾ ਕਦੋਂ ਮਰਿਆ...?"

"................।"

"ਉਏ ਸਾਲੇ ਬੋਲ ਨਾ... ।" ਉਸਨੇ ਦੰਦ ਕਚੀਚੇ।

"ਰਾਤ ਨੂੰ...।"

"ਮਿੱਟੀ ਬਹੁਤ ਪਾ ਦਿੱਤੀ ਕਿ...?"

" ਹਾਂ ਜੀ ਆਕੜ ਨਾ ਜਾਵੇ ਇਸ ਲਈ ਜਲਦੀ ਪਾ ਦਿੱਤੀ।"

"ਕਿੱਥੇ...?"

"..............।"

"ਕਿਉਂ ਬੁੱਢੇ ! ਜੁਬਾਨ ਬੰਦ ਹੋਈ ਹੈ ਕੀ... ਬੋਲ?"

... ਅੰਣਾ ਖੰਭੇ ਵਾਂਗ ਖੜਾ ਸੀ। ਅੱਥਰੂਆਂ ਦੀਆਂ ਬੂੰਦਾਂ ਜ਼ਮੀਨ ਉੱਤੇ ਡਿੱਗ ਰਹੀਆਂ ਸਨ। ਜੀਵਾ ਇਕ ਪਾਸੇ ਰੋ ਰਿਹਾ ਸੀ। ਬਾਕੀ ਲੋਕ ਨੀਵੀਂ ਪਾ ਕੇ ਥੱਲੇ ਦੇਖ ਰਹੇ ਸਨ।

"ਕਿੱਥੇ ਦੱਬ ਦਿੱਤਾ?"

ਪਟੇਲ ਗੁੱਸੇ ਵਿਚ ਤੜ੍ਹਫ ਰਿਹਾ ਸੀ।

.............।

ਅੰਨਾ ਕੇਵਲ ਮੋਢੇ ਹਿਲਾ ਕੇ ਰੋਂਦਾ ਰਿਹਾ।

"ਅੰਨਾ ਲੋਕਾਂ ਨੂੰ ਦੱਬ ਦੱਬ ਕੇ ਤੂੰ ਬੁੱਢਾ ਹੋ ਗਿਆ। ਲੱਗਦਾ ਹੈ ਮਿੱਟੀ ਦੇ ਹੇਠਾ ਜਾਣ ਦੀ ਹੁਣ ਤੇਰੀ ਵਾਰੀ ਆਈ ਹੈ ਫਿਰ ਵੀ ਇਸ ਉਮਰ ਵਿਚ ਐਨੀ ਉਜੱਡਤਾ! ਉਏ ਪਿੰਡ ਮੇਰੇ ਮੂੰਹ ਉੱਤੇ ਥੁੱਕੇਗਾ।"

ਪਟੇਲ ਭੁਲਾਕਰ ਬੋਲ ਰਿਹਾ ਸੀ। ਅੰਨਾ ਗਿੱਲੇ ਕੱਪੜਿਆਂ ਨਾਲ ਮੂੰਹ ਢੱਕ ਕੇ ਖੜਾ ਸੀ।

... ਸਾਰੇ ਚੁੱਪ... ਕੋਈ ਕੁਝ ਨਹੀਂ ਬੋਲ ਰਿਹਾ ਸੀ। ਇਕੱਲਾ ਪਟੇਲ ਸਾਰਿਆਂ ਦੀਆਂ ਧਰਤੀ ਵਿਚ ਗੱਡੀਆਂ ਅੱਖਾਂ ਵੇਖ ਰਿਹਾ ਸੀ। ਪੂਰਾ ਮਾਂਗਬਾੜਾ ਉਥੇ ਆ ਖੜਾ ਸੀ। ਸਾਰੇ ਪੱਥਰਾਂ ਵਾਂਗ ਖੜੇ ਸਨ।

"ਅੰਨਾ, ਉਹ ਮੁਰਦਾ ਹੁਣੇਂ ਇਸੇ ਵੇਲੇ ਉਥੋਂ ਪੁੱਟ ਕੇ ਕੱਢ ਦਿਓ ਨਹੀਂ ਤਾਂ...?" ਪਟੇਲ ਸਾਫ਼ਾ ਬੰਨ੍ਹਦਾ ਹੋਇਆ ਜੁੱਤੀ ਖੜਕਾਉਂਦਾ ਹੋਇਆ ਉਥੋਂ ਤੇਜੀ ਨਾਲ ਤੁਰ ਪਿਆ ।

ਅੰਨਾ ਦੀ ਜਿੰਦ ਜਾਨ ਜਿਵੇਂ ਉਸ ਜੁੱਤੀ ਦੇ ਥੱਲੇ ਰੋਲੀਂ ਜਾ ਰਹੀ ਸੀ। ਅੱਖਾਂ ਅੱਥਰੂ ਵਹਾ ਰਹੀਆਂ ਸਨ। ਪਟੇਲ ਦੀ ਪਿੱਠ ਨੂੰ ਵੇਖਦਾ ਹੋਇਆ ਉਹ ਉਸੇ ਤਰ੍ਹਾਂ ਪੱਥਰ ਬਣਿਆ ਖੜਾ ਸੀ, ਪੱਥਰ ਤੇ ਇਕ ਥਾਂ ਗੱਡਿਆ। ✪



## ਨਿਆਮਤ / - ਸ਼੍ਰੀਰਾਮ ਗੁਨਦੇਕਰ (Shriram Gundekar)

ਬੁੱਢਾ ਸਖਾ ਦਾਦਾ ਲਗਾਤਾਰ ਸੋਚ ਰਿਹਾ ਸੀ। ਚਾਰੇ ਪਾਸੇ ਫ਼ਸਲ ਕੱਟੀ ਜਾ ਰਹੀ ਹੈ। ਕਿਸੇ ਪਾਸੇ ਵੀ ਕੰਮ ਦੀ ਕਮੀ ਨਹੀਂ ਹੈ। ਛੇ ਰੁਪਏ ਦੇ ਕੇ ਵੀ ਮਜ਼ਦੂਰ ਮਿਲ ਨਹੀਂ ਰਹੇ। ਮੈਂ ਜੇਕਰ ਸੋਕਾ ਰਾਹਤ ਫੰਡ ਵਿਚੋਂ ਰੰਗਜੀ ਤੋਂ ਅਮਾਨਤ ਰੁਪਏ ਨਾ ਲੈਂਦਾ ਤਾਂ ਅੱਜ ਮੈਨੂੰ ਵੀ ਰੋਜ਼ ਦੇ ਛੇ ਰੁਪਏ ਮਿਲਦੇ। ਸਖਾ ਦਾਦਾ ਦੀ ਪਤਨੀ ਨੂੰ ਵੀ ਇਹੀ ਲੱਗਾ ਰਹਿੰਦਾ ਸੀ। ਕੁਝ ਦਿਨਾਂ ਤੱਕ ਹੋਰਨਾਂ ਦੀ ਮਜ਼ਦੂਰੀ ਕਰਨਾ ਅਤੇ ਕੁਝ ਦਿਨ ਰੰਗਜੀ ਦੀ ਮਜਦੂਰੀ ਕਰਕੇ ਨਿਸਚਤ ਰੁਪਏ ਨਾਲ ਨਿਸਚਿੰਤ ਹੋ ਜਾਣਾ ਅਜਿਹਾ ਉਹ ਸੋਚ ਰਿਹਾ ਸੀ।

"ਸਖਜੀ, ਆਓ ਨਾ, ਮਜਦੂਰੀ ਦੇ ਲਈ। ਯਦਾਣੰਣਾ ਪੁੱਛ ਰਿਹਾ ਸੀ। ਰਾਹੀ ਨੇ ਘੁੰਡ ਥੱਲੇ ਕੀਤਾ ਪਰ ਪਾਟੀ ਹੋਈ ਸਾੜ੍ਹੀ ਦੇ ਕਾਰਨ ਉਸਦੇ ਚਿੱਟੇ ਵਾਲ਼ ਦਿਸ ਰਹੇ ਸਨ। ਇਸ ਕਾਰਨ ਉਹ ਸਾੜ੍ਹੀ ਠੀਕ ਠਾਕ ਕਰਕੇ ਅੰਦਰ ਗਈ। ਐਨਾ ਅਮੀਰ ਆਦਮੀ ਸਾਡੇ ਵਰਗੇ ਗਰੀਬ ਵਿਅਕਤੀ ਦੇ ਘਰ ਆ ਗਿਆ ਹੈ- ਇਹ ਸੋਚ ਕੇ ਹੀ ਉਹ ਘਬਰਾ ਗਿਆ ਸੀ। ਕੇਵਲ ਰਿਵਾਜ਼ ਸੰਭਾਲਣ ਦੇ ਲਈ ਉਹ ਅੰਦਰ ਗਈ ਸੀ। ਪਰ ਮਨ ਹੀ ਮਨ ਸੋਚ ਰਹੀ ਸੀ, 'ਵੱਡਾ ਹੋਵੇਗਾ ਆਪਣੇ ਘਰ ਵਿਚ। ਮੇਰੇ ਰਿਸ਼ਤੇ ਵਿਚੋਂ ਲੱਗਦਾ ਹੈ ਪਰ ਕੀਤਾ ਕੀ ਜਾਵੇ? ਇਸ ਨੂੰ ਚੱਟੇ।" ਮਨ ਵਿਚ ਇਸ ਤਰ੍ਹਾਂ ਦੀਆਂ ਕਈ ਗੱਲਾਂ ਉੱਠ ਰਹੀਆਂ ਸਨ, ਪਰ ਉਹ ਬੋਲ ਨਹੀਂ ਸਕਦੀ ਸੀ। ਇਸ ਕਾਰਨ ਹੋਰ ਵਧੇਰੇ ਬੇਚੈਨ ਹੋ ਗਈ। ਸਖਾ ਦਾਦਾ ਅਚਾਨਿਕ ਝੱਟ ਦੇਣੀ ਅੱਗੇ ਆ ਗਿਆ ਅਤੇ ਕਹਿਣ ਲੱਗਾ, "ਨਾਹ ਅੰਣੇ ਨੂੰ ਕੀ ਹੋਇਆ ਹੈ ਯਦਾਣੰਣਾ?"

"ਅਰੇ ਫਿਰ ਦੇਰ ਕਾਹਦੀ? ਸੋਚ ਕੀ ਰਹੇ ਹੋ? ਚਲੋ, ਨਿਕਲੋ।"

ਯਦਾਣੰਣਾ ਨੂੰ ਵਿਚੋਂ ਹੀ ਰੋਕ ਕੇ ਸਖਾਦਾ ਕਹਿਣ ਲੱਗਾ, "ਯਦਾਣੰਣਾ ਤੂੰ ਪਹਿਲੀ ਵਾਰ ਮੇਰੇ ਘਰ ਆਇਆ ਏਂ, ਪਰੰਤੂ...।"

"ਹੁਣ ਹੋਰ ਕੀ ਕਿੰਤੂ ਪ੍ਰੰਤੂ ਲਾਈ ਹੋਈ ਏ?"

"ਮੈਂ ਰੰਗ ਜੀ ਕੋਲ ਇਥੇ ਠਹਿਰ ਗਿਆ ਸਾਂ।" ਯਦਾਣੰਣਾ ਨੂੰ ਕੁਝ ਆਸ ਸੀ, ਉਹ ਵੀ ਖਤਮ ਹੋ ਗਈ।

ਸਖਾਦਾ ਕੀ ਕਹਿ ਰਹੇ ਹਨ, ਇਸ ਨੂੰ ਬਹੁਤ ਧਿਆਨ ਨਾਲ ਰਾਹੀ ਅੰਦਰੋਂ ਸੁਣ ਰਹੀ ਸੀ।

"ਓ ਬਾਬਾ! ਸਾਢੇ ਪੰਜ ਰੁਪਏ ਦੇ ਦੇਵਾਂਗਾ। ਨਕਦ ਦੇ ਦੇਵਾਂਗਾ। ਪਰ ਮੈਨੂੰ ਐਵੇਂ ਨੁਕਰੇ ਨਾ ਲਾ। ਘੱਟੋ ਘੱਟ ਤੇਰੇ ਕੋਲੋਂ ਮੈਨੂੰ ਇਹ ਉਮੀਦ ਨਹੀਂ।" ਯਦਾਣੰਣਾ ਬਹੁਤ ਲੇਲੜੀਆਂ ਕੱਢਦਾ ਕਹਿ ਰਿਹਾ ਸੀ। ਹਮੇਸ਼ਾਂ ਹੀ ਉੱਚੀ ਅਵਾਜ਼ ਵਿਚ ਅਤੇ ਗੁੱਸੇ ਤੇ ਧਮਕੀ ਨਾਲ ਬੋਲਣ ਵਾਲਾ ਯਦਾਣੰਣਾ ਦੇ ਵੱਲ ਸਖਾਦਾ ਦੀ ਵੇਖਣ ਦੀ ਇੱਛਾ ਨਹੀਂ ਸੀ।

"ਇਹ ਕਿਵੇਂ ਸੰਭਵ ਹੈ ਅਣੱਨਾ? ਤੂੰ ਹੀ ਸੋਚ!"

ਹੁਣ ਕਿਸ ਗੱਲ ਨੂੰ ਲੈ ਕੇ ਸੋਚਣ ਬੈਠ ਗਿਆ ਏਂ? ਸਾਢੇ ਪੰਜ ਰੁਪਏ ਮਿਲ ਰਹੇ ਹਨ... ਹਾਂ ਕਰ ਦੇਣੀ ਚਾਹੀਦੀ ਹੈ। ਅੰਦਰ ਬੈਠੀ ਰਾਹੀ, ਸਖਾਦਾ ਨੂੰ ਕਹਿ ਰਹੀ ਸੀ। ਪ੍ਰੰਤੂ ਯਦਾਣੰਣਾ ਦੇ ਮੋਹਰੇ ਜਾ ਕੇ ਕਿਵੇਂ ਕਹੇ? ਇਸੇ ਕਾਰਨ ਉਹ ਉਥੇ ਹੀ ਤੜ੍ਹਫਦੀ ਰਹੀ। ਥੋੜੀ ਦੇਰ ਬਾਅਦ ਯਦਾਣੰਣਾ ਨੇ ਫਿਰ ਪੁੱਛਿਆ, "ਤਾਂ ਫਿਰ ਤੂੰ ਮੰਨਦਾ ਨਹੀਂ ਏਂ ਕਹਿ ਦਿੰਦਾ ਹਾਂ ... ਕੀ ਕਹਿੰਦਾ? ਤੇਰੀ ਵੀ ਗੱਲ ਠੀਕ ਹੈ। ਇਹਦੇ ਵਿਚ ਤੇਰਾ ਕਸੂਰ ਵੀ ਕੀ ਏ? ਸਾਝਰੇ ਕਈ ਘਰਾਂ ਵਿਚ ਹੋ ਆਇਆ ਹਾਂ। ਇਕ ਤਾਂ ਮਜ਼ਦੂਰ ਮਿਲੇ? ਸਾਢੇ ਪੰਜ ਦੀ ਥਾਂ ਵੱਧ ਦੇਣ ਨੂੰ ਤਿਆਰ ਹਾਂ। ਪਰ ਨਹੀਂ... ਕੋਈ ਵੀ ਤਿਆਰ ਨਹੀਂ ਹੈ।"

"ਕਈ ਵਾਰ ਤਾਂ ਸਮਾਂ ਐਨਾ ਭੈੜਾ ਤੇ ਖੁੱਸੀ ਆ ਜਾਂਦਾ ਹੈ ਯਦਾਨੰਣਾ ਕਿ ਕੀ ਕਿਹਾ ਜਾਵੇ? ਹੁਣ ਦੇਖੋ ਨਾ! ਸਾਉਣੀ ਵਿਚ ਮੈਂ ਰੰਗਜੀ ਦੇ ਘਰੋਂ ਵੱਧ ਮੁੱਲ ਤੇ ਸੜੀ ਹੋਈ ਹਾਈਬ੍ਰੀਡ ਮੱਕੀ ਲੈ ਲਈ। ਇਸ ਸ਼ਰਤ ਉੱਤੇ ਕਿ ਫ਼ਸਲ ਕੱਟਣ ਦੇ ਦਿਨਾਂ ਵਿਚ ਢਾਈ ਰੁਪਏ ਦਿਹਾੜੀ ਕੰਮ ਕਰਕੇ ਪੈਸੇ ਮੋੜ ਦਊ। ਹੁਣ ਫਸ ਗਿਆ ਹਾਂ। ਕਹਿੰਦੇ ਹੈ ਨਾ ਜਦੋਂ ਸਮਾਂ ਹੋ ਜਾਵੇ ਗਾਂਡੂ ਤਾਂ ਕੀ ਕਰੇਗਾ ਪਾਂਡੂ! ਮੇਰੀ ਸਥਿਤੀ ਬੜੀ ਗੁੰਝਲਦਾਰ ਹੋ ਗਈ ਹੈ।"

"ਉਸ ਦਿਨ ਜਦੋਂ ਤੂੰ ਢਾਈ ਰੁਪਏ ਰੋਜ਼ਾਨਾ ਕੰਮ ਕਰਨ ਨੂੰ ਤਿਆਰੀ ਸੀ ਤਾਂ ਸਾਡੇ ਕੋਲ ਸਮਾਂ ਨਹੀਂ ਸੀ। ਹੁਣ ਅਸੀਂ ਛੇ ਰੁਪਏ ਨਿੱਤ ਦੇ ਦੇਣ ਨੂੰ ਤਿਆਰ ਹਾਂ ਤਾਂ ਤੇਰੇ ਕੋਲ ਸਮਾਂ ਨਹੀਂ ਹੈ। ਹੁਣ ਹੱਸੀਏ ਜਾ ਰੋਈਏ? ਪਿੰਡ ਦੇ ਸਾਰੇ ਮਜ਼ਦੂਰ ਪੇਟ ਭਰਨ ਦੇ ਲਈ ਬਾਹਰ ਤੁਰ ਗਏ ਹਨ ਇਸ ਲਈ...।"

"ਅਜਿਹਾ ਜ਼ਰੂਰ ਹੋ ਗਿਆ ਹੈ।" ਸਖਾਦਾ ਇਸ ਤੋਂ ਅੱਗੇ ਕੁਝ ਵੀ ਬੋਲ ਨਾ ਸਕਿਆ।

ਕੀ ਫ਼ਾਲਤੂ ਗੱਲਾਂ ਕਰ ਰਹੇ ਹੋ? ਛੇ ਰੁਪਏ ਨਿੱਤ ਦੇ ਮਿਲਦੇ ਹਨ ਤਾਂ ਜਾਓ ਨਾ ਚੁੱਪ ਚਾਪ! ਅੱਜ ਜੇਕਰ ਇਕ ਦਿਨ ਨਹੀਂ ਗਏ ਰੰਗਜੀ ਦੇ ਕੋਲ ਤਾਂ ਕੀ ਉਹ ਫਾਂਸ਼ੀ ਉੱਤੇ ਚੜਾ ਦੇਵੇਗਾ? ਸਿੱਧਾ ਬਾਹਰ ਜਾਏ ਤੇ ਪਤੀ ਨੂੰ ਸੁਣਾਏ... ਰਾਹੀ ਦਾ ਮਨ ਕਰ ਰਿਹਾ ਸੀ। ਪ੍ਰੰਤੂ ਖਾਨਦਾਨ ਦੇ ਰਿਵਾਜ਼ ਅਨੁਸਾਰ ਉਸਦੀ ਹਿੰਮਤ ਨਹੀਂ ਹੋ ਰਹੀ ਸੀ। ਅਜਿਹੀਆਂ ਪ੍ਰੰਪਰਾਵਾਂ ਨੂੰ ਸਾੜ ਦੇਣਾ ਚਾਹੀਦਾ ਹੈ। ਪ੍ਰੰਤੂ ਕਰੇ ਕੀ? ਇਨ੍ਹਾਂ ਸਾਰੀਆਂ ਰੀਤਾਂ ਨੂੰ ਨਿਭਾਉਣਾ ਤਾਂ ਪੈਂਦਾ ਹੀ ਹੈ... ਰਾਹੀ ਅੰਦਰ ਹੀ ਅੰਦਰ ਸੜ ਰਹੀ ਸੀ।

"ਹੁਣ ਦੇਖੋ! ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤਾ ਹੈ ਕਿ ਅਸੀਂ ਲੋਕ ਮਜ਼ਦੂਰਾਂ ਨੂੰ ਛੇ ਰੁਪਏ ਮਜ਼ਦੂਰੀ ਦੇ ਦੇਵੇ। ਅਤੇ ਸਾਡੀ ਫ਼ਸਲ ਦਾ ਭਾਅ? ਮਿੱਟੀ ਦਾ ਮੁੱਲ ਉਹ ਕੀ ਸਰਕਾਰ ਨਿਸ਼ਚਤ ਕਰਦੀ ਹੈ? ਦੇਖੋਂ ਨਾ ਇਹ ਦੁਨੀਆਂ ਹੈ ਹੀ ਅਜਿਹੀ। ਪਰ ਅਜਿਹੀ ਸਥਿਤੀ ਬਹੁਤ ਦਿਨਾਂ ਤੱਕ ਨਹੀਂ ਰਹੇਗੀ। ਕਿਸਾਨ ਦੀ ਮੌਤ ਹੈ ਕੇਵਲ ਮੌਤ। ਸਾਡੇ ਸਿਰ ਉੱਤੇ ਵਪਾਰੀ ਸਾਲੇ ਅਮੀਰ...।"

"ਠੀਕ ਹੈ, ਤੇਰਾ... ।" ਸਖਾ ਨੇ ਅਜਿਹਾ ਕਿਹਾ ਜ਼ਰੂਰ ਪਰ ਅਸਲ ਵਿਚ ਉਸ ਨੂੰ ਕਹਿਣਾ ਚਾਹੀਦਾ ਸੀ, ਯਦਾਨੰਣਾ ਅਸੀਂ ਦੋਵੇਂ ਇਕ ਪੱਧਰ ਦੇ ਕਿਸਾਨ ਨਹੀਂ ਹਾਂ। ਤੂੰ ਏਂ ਵੱਡਾ ਜ਼ਿੰਮੀਦਾਰ! ਜਦੋਂ ਭਾਅ ਘੱਟ ਮਿਲਦਾ ਹੈ ਤਾਂ ਤੂੰ ਕਿੱਥੇ ਫ਼ਸਲ ਵੇਚਦਾ ਏਂ? ਗਰੀਬ ਕਿਸਾਨ ਤਾਂ ਅਸੀਂ ਹਾਂ! ਉਦੋਂ ਤੇਰੇ ਕੰਮ ਰੁਕ ਜਾਂਦੇ ਹਨ ਤਾਂ ਤੁਹਾਨੂੰ ਸਾਡਾ ਚੇਤਾ ਆਉਂਦਾ ਹੈ। ਉਂਝ ਅਸੀਂ ਦੋਵੇਂ ਇਕੋ ਜਾਤੀ ਦੇ ਹਾਂ। ਪਰ ਰਿਸ਼ਤੇ-ਨਾਤੇ ਅਤੇ ਖਾਣ ਪੀਣ ਦੇ ਸਮੇਂ ਤੁਸੀਂ ਵੱਡੇ ਅਸੀਂ ਛੋਟੇ। ਕਿਓ? ਕਿਉਂਕਿ ਅਸੀਂ ਗਰੀਬ ਹਾਂ ਨਾ! ਉਂਜ ਸਾਰਾ ਸਮਾਂ ਅਸੀਂ ਤੇਰੀ ਜਾਤੀ ਦੇ ਹਾਂ, ਇਹ ਕਹਿਣ ਵਿਚ ਵੀ ਤੈਨੂੰ ਸ਼ਰਮ ਮਹਿਸੂਸ ਹੁੰਦੀ ਹੈ। ਹਾੜੀ-ਸਾਉਣੀ ਵਿਚ ਜਦੋਂ ਸਾਡੀ ਸਥਿਤੀ ਤਰਸਯੋਗ ਹੋ ਜਾਂਦੀ ਹੈ ਤਾਂ ਤੁਸੀਂ ਸਾਨੂੰ ਪਛਾਣਨਾ ਵੀ ਬੰਦ ਕਰ ਦਿੰਦੇ ਹੋ। ਭਿਖਾਰੀ ਦੇ ਵਾਂਗ ਸਾਨੂੰ ਬਾਹਰ ਕੱਢ ਦਿੰਦੇ ਹੋ।"

ਉਦੋਂ ਹੀ ਯਦਾਨੱਣਾ 'ਚੰਗਾ' ਕਹਿ ਕੇ ਗੁੱਸੇ ਵਿਚ ਬਾਹਰ ਨਿਕਲ ਗਿਆ। ਰਾਹੀ ਉਸਦੇ ਬਾਹਰ ਜਾਣ ਦੀ ਉਡੀਕ ਵਿਚ ਹੀ ਸੀ। ਉਦੋਂ ਹੀ ਬਾਹਰ ਆਉਂਦੀ ਹੋਈ ਗੁੱਸੇ ਵਿਚ ਬੋਲੀ, "ਕਿਉਂ ਜੀ, ਕਿਉਂ ਨਹੀਂ ਗਏ?"

"ਕਿਵੇਂ ਜਾਂਦਾ? ਉਹ ਰੰਗਜੀ, ਮੇਰਾ ਪਿਓ! ਕਿਵੇਂ ਜਾਣ ਦਿੰਦਾ? ਮੈਨੂੰ ਕੁੱਟ ਕੁੱਟ ਕੇ ਉਥੋਂ ਲੈ ਕੇ ਆਉਂਦਾ।"

"ਹੈ ... ਹਾ.. ਕੀ ਰੰਗਜੀ ਐਨੀ ਬੇਰਹਿਮੀ ਨਾਲ ਪੇਸ਼ ਆਵੇਗਾ?"

"ਚੱਲਣ ਦੇ ਇਸੇ ਤਰ੍ਹਾਂ... ਮੈਂ ਹੀ ਗਧਾ ਹਾਂ... ਪਾਗਲ! ਤੂੰ ਹੀ ਬਣ ਗਿਆ ਏ ਬਹੁਤ ਬੁੱਧੀਮਾਨ!"

"ਤੇਰੇ ਮਨ ਵਿਚ ਜੋ ਆਵੇ ਉਸੇ ਤਰ੍ਹਾਂ ਕਰ। ਮੈਂ ਕੀ ਲੱਗਦੀ ਆ ਤੇਰੀ ਕਿ ਤੂੰ ਮੇਰੀ ਸੁਣੇਂਗਾ? ਅਤੇ ਮੇਰੀ ਗੱਲ ਸੁਣ ਕੇ ਤੇਰੀ ਭਲਾਈ ਥੋੜਾ ਹੋ ਜਾਵੇਗੀ?"



"ਹੁਣ ਤੂੰ ਇਹ ਬੁੜ ਬੁੜ ਬੰਦ ਕਰ। ਪਹਿਲਾਂ ਚੁੱਲ੍ਹਾ ਮਘਾ ਲੈ ਅਤੇ ਬਣਾ ਦੇ।" ਰਾਹੀ ਤੜਫ ਕੇ ਅੰਦਰ ਗਈ।

ਅਤੇ ਸਖਾ ਦਾਦਾ ਫਿਰ ਸੋਚਣ ਲੱਗ ਪਿਆ। ਆਪਣੇ ਸਰੀਰ ਨੂੰ ਵੇਖਣ ਲੱਗਾ ਸੀ। ਪੂਰਾ ਸਰੀਰ ਕਾਲਾ ਪੈ ਗਿਆ ਸੀ। ਪੇਟ ਕਾਫੀ ਅੰਦਰ ਵੜ ਗਿਆ ਸੀ। ਜਵਾਨੀ ਵਿਚ ਕੁਸ਼ਤੀਆਂ ਅਤੇ ਪਹਿਲਵਾਨੀ ਵਾਲਾ ਸਰੀਰ ਹੁਣ ਕਾਫੀ ਲਿੱਸਾ ਹੋ ਗਿਆ ਸੀ। ਲਹੂ ਦੀਆਂ ਨਾੜਾ ਚਮੜੀ ਉੱਤੇ ਉਭਰ ਆਈਆਂ ਸਨ। ਵਿਆਹ ਹੋਇਆ। ਕਬੀਲਦਾਰੀ ਦੇ ਚੱਕਰ ਵਿਚ ਫਸ ਗਿਆ। ਨਿੱਕੇ ਨਿਆਣੇ ਹੋ ਗਏ। ਉਨ੍ਹਾਂ ਦਾ ਰੋਟਾ ਪਾਣੀ ਦਾ ਜੁਗਾੜ ਕਰਨ ਲੱਗ ਪਿਆ। ਵਿਆਹ ਕਰ ਦਿੱਤੇ। ਆਪਣੀਆਂ ਆਪਣੀਆਂ ਪਤਨੀਆਂ ਦੀ ਅਕਲ ਉੱਤੇ ਨੱਚਣ ਵਾਲੇ ਪੁੱਤ ਪੰਛੀਆਂ ਵਾਂਗ ਘਰੋਂ ਉੜ ਗਏ। ਹੁਣ ਇਹ ਬੁੱਢਾਪਾ ਫਾਂਸੀ ਦੇਣ ਨਿਕਲਿਆ ਹੈ। ਹੱਥ-ਪੈਰ ਹੁਣ ਕੰਮ ਨਹੀਂ ਕਰਦੇ। ਪਰ ਕੰਮ ਤਾਂ ਕਰਨਾ ਹੀ ਪੈਣਾ ਹੈ। ਨਾ ਕਹਾਂ ਤਾਂ ਖਾਣਾ ਕੀ ਏ? ... ਤੇ ਸੁਖਾ ਦਾਦਾ ਸੋਚ ਰਿਹਾ ਸੀ।

"ਕਿਵੇਂ ਬੈਠਾ ਏਂ ਸੁਖਾਦਾ? ਕੀ ਹਾਲ ਏ? ਗੁਵਾਂਢੀ ਘੋਂਡਿਬਾ ਨੇ ਪੁੱਛਿਆ।

"ਮੈਨੂੰ ਤਾਂ ਕਬਰਾ ਵਿਚ ਜਾ ਕੇ ਹੀ ਅਰਾਮ ਮਿਲੇਗਾ।"

"ਦੋ ਸੁੰਦਰ ਵੱਡੇ ਮੁੰਡੇ, ਓਨੀਆਂ ਹੀ ਸੋਹਣੀਆਂ ਸੁੰਦਰ ਨੂੰਹਾਂ। ਤੇਰੇ ਤਾਂ ਹੁਣ ਬੈਠ ਕੇ ਸ਼ਾਨ ਨਾ ਖਾਣ ਦੇ ਦਿਨ ਹਨ। ਪਰ ਬੰਦੇ ਦਾ ਨਸੀਬ ਵੇਖੋ ਕਿਸ ਤਰ੍ਹਾਂ ਹੁੰਦਾ ਹੈ? ਕੁਝ ਸਮਝ ਵਿਚ ਨਹੀਂ ਆਉਂਦਾ।'

"ਸਮਾਂ ਬਦਲ ਰਿਹਾ ਹੈ ਨਾ! ਕਿਹੜਾ ਪਿਓ ਅਤੇ ਕਿਹੜਾ ਪੁੱਤ? ਕੌਣ ਕਿਸਨੂੰ ਪੁੱਛ ਰਿਹਾ ਹੈ ਬਾਬਾ? ਐਵੇਂ ਬੇਕਾਰ ਵਿਚ ਕਿਸੇ ਉੱਤੇ ਆਸ ਰੱਖਣਾ ਹੀ ਮੂਰਖਤਾ ਹੈ ਬਸ!!" ਸਖਾ ਦਾਦਾ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। "ਤੇਰੀ ਕਿਸਮਤ ਚੰਗੀ ਹੈ ਇਸ ਲਈ ਤੇਰੇ ਸਾਹਮਣੇ ਪਰੋਸੀ ਹੋਈ ਥਾਲੀ ਆਉਂਦੀ ਹੈ। ਘਰ ਵਿਚ ਕੀ ਹੈ ਅਤੇ ਕੀ ਨਹੀਂ ਇਸ ਦੀ ਤੈਨੂੰ ਫ਼ਿਕਰ ਵੀ ਨਹੀਂ ਹੈ।"

"ਮੇਰੇ ਬੇਟੇ ਬਹੁਤ ਚੰਗੇ ਹਨ। ਪਰ ਉਨ੍ਹਾਂ ਦੀਆਂ ਪਤਨੀਆਂ? ਰਸੋਈ ਵਿਚ ਰੋਟੀ ਪਾਣੀ ਤਿਆਰ ਕਰਨਾ ਵੀ ਉਨ੍ਹਾਂ ਲਈ ਮੁਸੀਬਤ ਹੈ। ਖ਼ੈਰ ਜਾਣ ਦੇ। ਬੀੜੀ ਕੱਢ...।" ਜੇਬ ਵਿਚ ਬੀੜੀ ਨਹੀਂ ਹੈ ਇਸਦਾ ਪਤਾ ਹੋਣ ਦੇ ਬਾਵਜੂਦ ਵੀ ਸਖਾ ਦਾਦਾ ਆਪਣੀ ਜੇਬ ਟੋਹਲਦਾ ਹੋਇਆ ਬੋਲਿਆ, "ਮੇਰੇ ਕੋਲ ਨਹੀਂ ਹੈ। ਸੀਗੀ ਇਕ ਉਹ ਮੈਂ ਥੋੜੀ ਦੇਰ ਪਹਿਲਾਂ ਪੀ ਲਈ ਹੈ। ਤੂੰ ਹੀ ਕੱਢ ਅੱਜ ਲਈ।"

"ਹਮੇਸ਼ਾਂ ਇਸੇ ਤਰ੍ਹਾਂ ਹੀ ਕਹਿੰਦਾ ਏਂ ਤੂੰ ਤਾਂ। ਤੇਰੇ ਕੋਲ ਹੁੰਦੀ ਕਦੋਂ ਹੈ ਬੀੜੀ!" ਇਹ ਕਹਿੰਦਿਆਂ ਹੋਇਆ ਘੋਂਡਿਬਾ ਨੇ ਬੀੜੀ ਦਾ ਬੰਡਲ ਕੱਢਿਆ ਅਤੇ ਉਸ ਨੇ ਇਕ ਬੀੜੀ ਲਾ ਕੇ ਦੇ ਦਿੱਤੀ ਅਤੇ ਆਪ ਲਾ ਲਈ। ਸਖਾਦਾ ਮੂੰਹ ਵਿਚ ਹੱਸਣ ਲੱਗਾ। ਸਵੇਰ ਤੋਂ ਬੀੜੀ ਦੀ ਹੋਂਦ ਤੋਂ ਉਹ ਪਰੇਸ਼ਾਨ ਸੀ। ਹੁਣ ਮੌਕਾ ਮਿਲ ਗਿਆ। ਉਂਝ ਇਹ ਬੜੀ ਕੁੱਤੀ ਚੀਜ ਹੈ। ਪਰ ਇਹ ਆਦਤ ਹੁਣ ਛੁੱਟਦੀ ਨਹੀਂ।

"ਚਲੋਂ ਰੋਟੀਆਂ ਬੰਨ੍ਹ ਕੇ ਰੱਖੀਆਂ ਹਨ।" ਅੰਦਰੋਂ ਰਾਹੀ ਦੀ ਆਵਾਜ਼ ਆਈ। "ਚੰਗਾ" ਕਹਿ ਕੇ ਬੀੜੀ ਖਤਮ ਹੋਣ ਤੱਕ ਉਹ ਘੋਂਡਿਬਾ ਦੇ ਨਾਲ ਗੱਪਾਂ ਮਾਰਦਾ ਰਿਹਾ। ਫਿਰ ਉਹ ਅੰਦਰ ਵੜ ਗਿਆ। ਉਸਨੇ ਦੇਖਿਆ ਕਿ ਘਰ ਵਿਚ ਜਿਨ੍ਹਾ ਕੁ ਆਟਾ ਹੈ ਉਸ ਨਾਲ ਤਿੰਨ ਰੋਟੀਆਂ ਬਣ ਚੁੱਕੀਆਂ ਸਨ। ਅਤੇ ਤਿੰਨੇ ਹੀ ਬੰਨ੍ਹ ਦਿੱਤੀਆਂ ਗਈਆਂ ਸਨ। ਬੁੱਢੀ ਰਾਹੀ ਦੇ ਲਈ ਕੁਝ ਵੀ ਬਚਿਆ ਨਹੀਂ ਹੈ।

"ਕੀ ਤੂੰ ਆਪਣੇ ਲਈ ਇਕ ਵੀ ਰੋਟੀ ਨਹੀਂ ਰੱਖੀ?"

"ਮੇਰਾ ਕੀ ਏ... ਮੈਂ ਆਪੇ ਵੇਖ ਲਊਂ... ਤੂੰ ਆਪਣਾ ਵੇਖ ਲੈ।"

"ਕੀ ਕਿਹਾ... ਵੇਖ ਲਾਊਂਗੀ... ਕੀ ਮਤਲਬ ਹੈ?"

"ਰੱਜ ਕੇ ਰੋਟੀ ਖਾਧਿਆ ਬਗੈਰ ਸਰੀਰ ਵਿਚ ਤਾਕਤ ਕਿਵੇਂ ਆਵੇਗੀ?"

"ਇਸ ਲਈ ਤੂੰ ਭੁੱਖੀ ਰਹੇਗੀ...?"

"ਮੈਂ ਜੋਗਵਾ 1 (ਮਹਾਂਰਾਸ਼ਟਰ ਵਿਚ ਕੁਝ ਉੱਚੀ ਜਾਤੀ ਦੀਆਂ ਔਰਤਾਂ ਮੰਗਲਵਾਰ ਜਾਂ ਸ਼ੁੱਕਰਵਾਰ ਵਾਲੇ ਦਿਨ ਦੇਵੀ ਦੇ ਨਾਂ ਉੱਤੇ ਘਰ ਘਰ ਜਾ ਕੇ ਆਟਾ ਮੰਗਦੀਆਂ ਹਨ। ਅਤੇ ਲੋਕ ਸ਼ਰਧਾ ਨਾਲ ਆਟਾ ਦਿੰਦੇ ਹਨ।) ਮੰਗਣ ਜਾਵਾਂਗੀ। ਉਸ ਨਾਲ ਕੁਝ ਆਟਾ ਤਾਂ ਘਰ ਆਵੇਗਾ ਨਾ! ਔਰਤਾਂ ਆਟਾ ਪਾਉਂਦੇ ਸਮੇਂ ਏਨਾ ਜ਼ਰੂਰ ਕਹਿੰਦੀਆਂ ਹਨ ਕਿ ਅੱਜ ਨਾ ਤਾਂ ਮੰਗਲਵਾਰ ਹੈ ਨਾ ਸ਼ੁੱਕਰਵਾਰ ਫਿਰ ਜੋਗਵਾ ਕਿਸ ਲਈ ਮੰਗ ਰਹੀਂ ਏਂ? ਪਰ ਕੀਤਾ ਕੀ ਜਾਵੇ?"

"ਉਦੋਂ ਤੱਕ ਦੇ ਲਈ ਤਾਂ ਕੁਝ ਨਾ ਕੁਝ ਢਿੱਡ ਵਿਚ ਜਾਣਾ ਚਾਹੀਦਾ ਹੈ।"

"ਤੈਨੂੰ ਮੈਂ ਕਹਿ ਦਿੱਤਾ ਹੈ ਇਕ ਵਾਰ!"

"ਸਖਜੀ...ਜੀ... ਏ... ਸਖ ਜੀ... ।" ਬਾਹਰੋ ਕਿਸੇ ਨੇ ਆਵਾਜ਼ ਦਿੱਤੀ। "ਬਈ ਰੋਟੀ ਪਾਣੀ ਖਾਣ ਪੀਣ ਦਾ ਸਮਾਂ ਤਾਂ ਮੁਕ ਗਿਆ ਹੈ, ਹੁਣ ਕੰਮ ਉੱਤੇ ਜਾਣ ਦਾ ਇਹ ਕੋਈ ਸਮਾਂ ਹੈ?" ਰੰਗਜੀ ਗੁੱਸੇ ਨਾਲ ਚੀਕ ਰਿਹਾ ਸੀ। "ਮੈਂ ਤੁਰਨ ਹੀ ਲੱਗਾ ਸੀ...।" ਇਹ ਕਹਿੰਦਾ ਹੋਇਆ ਸਖਾਦਾ ਕੱਪੜੇ ਵਿਚ ਬੰਨ੍ਹੀਆਂ ਰੋਟੀਆਂ ਚੁੱਕ ਕੇ ਝੁੱਗੀ ਦੇ ਬੂਹੇ ਵਿਚ ਆ ਗਿਆ। ਫਿਰ ਇਕਦਮ ਉਸ ਨੂੰ ਖਿਆਲ ਆ ਗਿਆ। ਤਿੰਨਾਂ ਵਿਚੋਂ ਇਕ ਰੋਟੀ ਰਾਹੀ ਦੇ ਲਈ ਰੱਖਣੀ ਸੀ।

"ਰੰਗਜੀ, ਇਸ ਘਬਰਾਹਟ ਵਿਚ ਬੀੜੀਆਂ ਜੇਬ ਵਿਚ ਪਾ ਨਾ ਸਕਿਆ, ਹੁਣੇਂ ਆਇਆ।" ਕਹਿ ਕੇ ਉਹ ਅੰਦਰ ਗਿਆ। ਪਤੀ ਵਾਪਸ ਕਿਉਂ ਮੁੜਿਆ ਹੈ ਰਾਹੀ ਸਮਝ ਗਈ। "ਮੈਂ ਕਿਹਾ ਜੀ ਰਹਿਣ ਦਿਓ।" ਪ੍ਰੰਤੂ ਸਖਾਦਾ ਇਕ ਰੋਟੀ ਕੱਢ ਕੇ ਬਾਹਰ ਰੱਖ ਗਿਆ, ਚੁਪ ਚਾਪ ਅਤੇ ਬਾਕੀ ਰੋਟੀਆਂ ਉਸੇ ਤਰ੍ਹਾਂ ਪੋਣੇ ਵਿਚ ਬੰਨ੍ਹ ਲਈਆਂ। ਅਤੇ ਬਾਹਰ ਨਿਕਲ ਗਿਆ। "ਜੀ ਸੁਣੋ! ਮੈਂ ਕੀ ਕਹਿ ਰਹੀ ਹਾਂ ਜੀ ਸੁਣੋ।" ਪ੍ਰੰਤੂ ਉਦੋਂ ਤੱਕ ਸਖਾ ਦਾਦਾ ਰੰਗਜੀ ਦੇ ਨਾਲ ਤੇਜ਼ੀ ਨਾਲ ਤੁਰਨ ਲੱਗ ਪਿਆ ਸੀ।


ਯਦਾਣੰਨਾ ... ਛੇ ... ਰੁਪਏ ਰਾਹੀ ਦੇ ਸ਼ਬਦ ਚੇਤੇ ਆਉਣ ਉੱਤੇ ਉਸ ਨੂੰ ਮਹਿਸੂਸ ਹੋਇਆ ਕਿ ਪਿਛਲੇ ਸਾਲ ਰੰਗਜੀ ਦੇ ਕੋਲੋਂ ਲਈ ਹੋਈ ਰੁਪਏ ਦੀ ਸਹਾਇਤਾ ਜਿਵੇਂ ਉਸ ਨੂੰ ਪੂਰੀ ਤਰ੍ਹਾਂ ਗੁਲਾਮ ਬਣਾ ਦਿੱਤਾ ਸੀ।

ਰੰਗਜੀ ਅੱਗੇ ਅੱਗੇ ਤੁਰ ਰਿਹਾ ਸੀ। ਸਖਾ ਦਾਦਾ ਦੇ ਮਨ ਵਿਚ ਰੰਗਜੀ ਦੇ ਲਈ ਬਹੁਤ ਨਫ਼ਰਤ ਪੈਦਾ ਹੋ ਗਈ ਸੀ। ਉਹੀ ਉਹ ਰਾਖਸ਼ਸ ਹੈ ਜਿਹੜਾ ਮੇਰਾ ਲਹੂ ਪੀ ਰਿਹਾ ਹੈ। ਇਸਨੂੰ ਰਤਾ ਵੀ ਤਰਸ ਅਤੇ ਹਮਦਰਦੀ ਨਹੀਂ ਹੈ। ਸਾਰੀ ਦੁਨੀਆਂ ਛੇ ਰੁਪਏ ਮਜ਼ਦੂਰੀ ਦੇ ਰਹੀ ਹੈ ਅਤੇ ਇਹ ਪੰਜ ਰੁਪਏ ਵੀ ਦੇਣ ਨੂੰ ਤਿਆਰ ਨਹੀਂ। ਉਹ ਕਾਫੀ ਬੇਚੈਨ ਹੋ ਗਿਆ। ਨਾੜਾ ਵਿਚ ਗਰਮ ਲਹੂ ਤੇਜੀ ਨਾਲ ਦੌੜਨ ਲੱਗਾ। ਅਤੇ ਫਿਰ ਠੰਢਾ ਵੀ ਹੋ ਗਿਆ। ਉਦੋਂ ਉਹ ਪਸੀਨੇ ਨਾਲ ਤਰ ਹੋ ਗਿਆ ਸੀ। ਉਸ ਲਈ ਤੁਰਨਾ ਕਠਿਨ ਹੋ ਗਿਆ ਸੀ। ਉਹ ਇਕ ਦਮ ਥੱਲੇ ਬੈਠਾ। "ਸਖਜੀ... ਇਹ ਸਖਜੀ... ਕੀ ਹੋ ਗਿਆ ਤੈਨੂੰ... ਉਏ? ... ਸੱਖਜੀ।" ਰੰਗਜੀ ਪੁੱਛ ਰਿਹਾ ਸੀ ਅਤੇ ਸਖਾ ਦਾਦਾ ਦੀਆਂ ਅੱਖਾਂ ਅੱਗ ਬਾਹਰ ਕੱਢ ਰਹੀਆਂ ਸਨ। ✪


**ਜ਼ਲਾਲਤ** (ਸਵੈ ਜੀਵਨੀ)

ਸਰੂਪ ਸਿਆਲਵੀ, ਮੁੱਲ 260 ਰੁਪੇ, ਪੰਨੇ 224

ISBN:978-93-83716-00-5, Year:2013






## ਗਾਂਧੀ ਜੀ ਦੀ ਬੱਕਰੀ/ - ਲਕਸ਼ਮਣ ਗਾਇਕਵਾੜ (Laxman Gaikwad)

ਗੁਜਰਾਤ 'ਚ ਸਾਬਰਮਤੀ ਦੇ ਕਿਨਾਰੇ ਛਾਰਾ ਲੋਕਾਂ ਦੀ ਇਕ ਬਸਤੀ ਹੈ। ਪਤਾ ਨਹੀਂ ਕਦੋਂ, ਅੰਗ੍ਰੇਜ਼ਾਂ ਨੇ ਇਸ ਛਾਰਾ ਬਸਤੀ ਦੇ ਚਾਰੇ ਪਾਸੇ ਕੰਡਿਆਂ ਵਾਲੀ ਤਾਰ ਨਾਲ ਭਰਿਆ ਜਾਲ਼ ਵਿਛਾ ਦਿੱਤਾ ਸੀ। ਇਸ ਵਿਵਸਥਾ ਦੇ ਅੰਦਰ ਜਨਮ ਤੋਂ ਅਪਰਾਧੀ ਐਲਾਨ ਕੀਤੇ ਹੋਏ ਲੋਕਾਂ ਨੂੰ ਅੰਗ੍ਰੇਜ਼ਾਂ ਨੇ ਗਾਂ ਬੱਕਰੀ ਦੀ ਤਰਾਂ ਬੰਦੀ ਬਣਾ ਕੇ ਰੱਖਿਆ ਸੀ। ਇਸ ਤਰ੍ਹਾਂ ਨਾਲ ਇਸ ਛਾਰਾ ਬਸਤੀ ਦੀਆਂ ਸਾਰੀਆਂ ਔਰਤਾਂ, ਬੁੱਢੇ, ਬੱਚੇ, ਜਵਾਨ, ਮੁਟਿਆਰਾ, ਮਰਦ ਬੰਦੀ ਸਨ। ਇਸ ਸਾਬਰਮਤੀ ਦੇ ਕਿਨਾਰੇ ਆਜ਼ਾਦੀ ਦਾ ਬਿਗਲ ਵਜਾਉਣ ਵਾਲੇ 'ਮੋਹਨ ਦਾਸ ਕਰਮ ਚੰਦ ਗਾਂਧੀ' ਨਾਂ ਦੇ ਆਜ਼ਾਦੀ ਘੁਲਾਟੀਏ ਦਾ ਨੇੜੇ ਹੀ ਬਹੁਤ ਵੱਡਾ ਆਸ਼ਰਮ ਸੀ। ਇਸ ਆਸ਼ਰਮ ਵਿਚੋਂ ਨਿਕਲੀ ਆਜ਼ਾਦੀ ਦੀ ਵਿਚਾਰਧਾਰਾ ਸਾਰੇ ਦੇਸ਼ 'ਚ ਗੂੰਜ ਰਹੀ ਸੀ। ਗਾਂਧੀ ਜੀ ਦਾ ਆਜ਼ਾਦੀ ਦੇ ਅੰਦੋਲਨ, ਅੰਗ੍ਰੇਜ਼ ਗੋਰੇ ਲੋਕਾਂ ਦਾ ਭਾਰਤ ਵਿਚੋਂ ਚਲੇ ਜਾਣ ਦਾ ਨਾਅਰਾ ਇਥੇ ਹੀ ਬੁਲੰਦ ਹੋ ਰਿਹਾ ਸੀ। ਇਸ ਆਸ਼ਰਮ ਦੇ ਕਾਰਨ ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਦਾ ਨਾਂ ਭਾਰਤ ਦੇ ਕੋਨੇ-ਕੋਨੇ ਵਿਚ ਪਹੁੰਚ ਗਿਆ ਸੀ। ਇਸ ਆਸ਼ਰਮ ਤੋਂ ਇਕ ਦੋ ਫਰਲਾਂਗ ਦੀ ਦੂਰੀ ਉੱਤੇ ਚੋਰ ਜਾਤੀ ਮੰਨੀ ਜਾਣ ਵਾਲੀ ਛਾਰਾ ਲੋਕਾਂ ਦੀ ਬਸਤੀ ਗਾਂਧੀ ਜੀ ਦੇ ਆਸ਼ਰਮ ਦੀ ਵੱਖੀ 'ਚ , ਸ਼ਮਸ਼ਾਨ ਭੂਮੀ ਵਾਂਗ ਸੀ। ਇਸ ਛਾਰਾ ਬਸਤੀ 'ਚ ਸ਼ਰਾਬ ਬਣਾਉਣ ਦਾ ਕੰਮ ਦਿਨ ਦਿਹਾੜੇ ਤੋਂ ਹੀ ਚੱਲਣ ਲੱਗਦਾ ਸੀ। ਬਸਤੀ ਵਿਚ ਛਾਰਾ ਲੋਕਾਂ ਦੇ ਨਾਲ ਨਾਲ ਬਣਜਾਰੇ, ਅਪਰਾਧੀ, ਘੜੀ ਚੋਰ, ਜੇਬ ਕਤਰੇ ਅਤੇ ਛੱਪਰਬੰਦ, ਮਾਮਟਾ ਇਨ੍ਹਾਂ ਚੋਰ ਐਲਾਨੇ ਗਏ ਲੋਕਾਂ ਦੇ ਵੀ ਕੁਝ ਮਕਾਨ ਸਨ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸ਼ੋਰ-ਸ਼ਰਾਬਾ, ਬੱਚੇ ਅਤੇ ਔਰਤਾਂ ਦੀ ਰੋਣ-ਚੀਕਣ ਦੀਆਂ ਆਵਾਜ਼ਾਂ ਅਕਸਰ ਹੀ ਗੂੰਜ ਉੱਠਦੀਆਂ ਸਨ। ਅਹਿਮਦਾਬਾਦ ਸ਼ਹਿਰ ਤੋਂ ਕੱਟੀ ਹੋਈ ਇਸ ਬਸਤੀ ਨੂੰ ਜਿਵੇਂ ਇਸ ਪਿੰਡ ਤੋਂ ਕੱਢ ਕੇ ਦੂਰ ਸੁੱਟ ਦਿੱਤਾ ਹੋਵੇ। ਬਸਤੀ ਨਾਲ ਕਿਸੇ ਦਾ ਕੋਈ ਲੈਣ ਦੇਣ ਨਹੀਂ ਸੀ। ਅਹਿਮਦਾਬਾਦ ਸ਼ਹਿਰ ਦਾ ਆਮ ਆਦਮੀ ਬਸਤੀ ਦੇ ਕਿਨਾਰੇ ਵੀ ਨਹੀਂ ਆਉਂਦਾ ਸੀ। ਚੋਰ ਉਚੱਕੇ ਲੋਕਾਂ ਦੀ ਬਸਤੀ ਵਿਚੋਂ ਕੋਈ ਕਿਉਂ ਆਉਂਦਾ?

ਖਰੀਦਦਾਰੀ ਕਰਨ ਦੇ ਬਹਾਨੇ ਇਸ ਬਸਤੀ ਦੀਆਂ ਔਰਤਾਂ ਘੱਗਰਾ-ਚੋਲੀ ਪਾ ਕੇ ਅਤੇ ਪਿੱਠ ਉੱਤੇ ਵਾਲ਼ਾਂ ਦੀਆਂ ਚੋਟੀਆਂ ਲਟਕਾ ਕੇ ਜਦੋਂ ਸ਼ਹਿਰਾਂ ਵਿਚ ਜਾਂਦੀਆਂ ਸਨ, ਉਦੋਂ ਸਾਰੇ ਲੋਕ ਘਬਰਾ ਕੇ ਸੋਚਦੇ, ਚੋਰ ਬਸਤੀ ਦੀਆਂ ਬੰਜਾਰਨ ਔਰਤਾਂ ਬਾਜ਼ਾਰ ਵਿਚ ਨਿਕਲੀਆਂ ਹਨ, ਹੁਣ ਕਿਸੇ ਨਾ ਕਿਸੇ ਦੀ ਸ਼ਾਮਤ ਆਈ ਹੈ। ਇਹ ਕੁਝ ਨਾ ਕੁਝ ਚੋਰੀ ਕਰੇਗੀ। ਹਰ ਕੋਈ ਉਨ੍ਹਾਂ ਔਰਤਾਂ ਦਾ ਮਜ਼ਾਕ ਉਡਾਉਂਦਾ ਸੀ। ਪ੍ਰੰਤੂ ਫਿਰ ਵੀ ਰੋਜ਼ਾਨਾ ਦੀ ਜ਼ਿੰਦਗੀ ਦੇ ਲਈ ਬਾਜ਼ਾਰ ਦੀਆਂ ਦੁਕਾਨਾਂ ਵਿਚ ਘਰੇਲੂ ਸਾਮਾਨ ਦੇ ਲਈ ਬਣਜਾਰਨ ਔਰਤਾਂ ਨੂੰ ਆਉਣਾ ਹੀ ਪੈਂਦਾ ਸੀ। ਲੋਕਾਂ ਦੀਆਂ ਬੇਇੱਜ਼ਤ ਗੱਲਾਂ ਅਤੇ ਤੇਜ਼ ਅੱਖਾਂ ਦਿਖਾਉਣ ਵਾਲਿਆ ਦੀ ਕੁਝ ਘਾਟ ਨਹੀਂ ਸੀ।

ਗਾਂਧੀ ਜੀ ਦੇ ਆਸ਼ਰਮ ਤੋਂ ਗੂੰਜਦਾ 'ਰਘੂਪਤੀ ਰਾਘਵ ਰਾਜਾ ਰਾਮ ਸਬਕੋ ਸਮਪਤੀ ਦੇ ਭਗਵਾਨ' ਗੀਤ ਸਵੇਰੇ ਸਵੇਰੇ ਛਾਰਾ ਬਸਤੀ ਦੇ ਕੰਨ੍ਹਾਂ ਵਿਚ ਪੈਂਦਾ ਸੀ। ਸੁਣ ਕੇ ਲੋਕ ਨੀਂਦ ਵਿਚੋਂ ਉੱਠ ਬੈਠਦੇ ਸਨ। ਗਾਂਧੀ ਜੀ ਕਦੇ ਕਦੇ ਆਪਣੇ ਹੱਥ ਵਿਚ ਲਾਠੀ ਲੈ ਕੇ ਖੜਾਵਾਂ ਅਤੇ ਧੋਤੀ ਲਾ ਕੇ ਨੰਗੇ ਸਰੀਰ ਸਾਬਰਮਤੀ ਦੇ ਕਿਨਾਰੇ ਘੁੰਮਣ ਨਿਕਲ ਪੈਂਦੇ ਸਨ। ਉਦੋਂ ਛਾਰਾ ਬਸਤੀ ਦੇ ਛੋਟੇ ਛੋਟੇ ਬੱਚੇ ਗਾਂਧੀ ਜੀ ਦੇ

ਇਸ ਪਹਿਰਾਵੇ ਨੂੰ ਵੇਖ ਕੇ ਹਾਸਾ ਮਜ਼ਾਕ ਕਰਦੇ ਹੋਏ ਕਹਿੰਦੇ 'ਲਾਠੀ ਵਾਲਾ ਬਾਬਾ ਆਇਆ।' ਕਹਿ ਕੇ ਸ਼ੋਰ ਮਚਾ ਦਿੰਦੇ।ਉਦੋਂ ਗਾਂਧੀ ਜੀ ਪੁੱਛਦੇ ਸਨ।"ਇਹ ਬਸਤੀ ਕਿਸਦੀ ਹੈ? ਇਹ ਮੇਰਾ ਮਜ਼ਾਕ ਉਡਾਉਣ ਵਾਲੇ ਛੋਟੇ ਬੱਚੇ ਕਿਸ ਬਸਤੀ ਦੇ ਹੈ?" ਗਾਂਧੀ ਜੀ ਨੂੰ ਇਕ ਵਿਅਕਤੀ ਨੂੰ ਦੱਸਿਆ, "ਭਾਰਤ ਦੇ ਚੋਰ-ਉਚੱਕੇ, ਆਦਿਵਾਸੀਆਂ ਨੂੰ ਜਨਮ ਤੋਂ ਅਪਰਾਧੀ ਮੰਨ ਕੇ ਇਨ੍ਹਾਂ ਛਾਰਾ ਲੋਕਾਂ ਨੂੰ ਇਥੇ ਸੈਟਲ ਕਰਕੇ ਖੁੱਲੀ ਛੱਤ ਵਾਲੀ ਜੇਲ੍ਹ ਅੰਦਰ ਪੁਲਿਸ ਦੀ ਨਿਗਰਾਨੀ ਵਿਚ ਰੱਖਿਆ ਗਿਆ ਹੈ।" "ਇਨ੍ਹਾਂ ਲੋਕਾਂ ਨੂੰ ਦਿਨ ਰਾਤ ਅੰਗ੍ਰੇਜ਼-ਪੁਲਿਸ ਹਾਜ਼ਰੀ ਲਾ ਕੇ ਹੀ ਏਧਰ ਓਧਰ ਆਉਣ ਜਾਣ ਦਿੰਦੀ ਹੈ। ਸਿਰਫ ਛੋਟੇ ਬੱਚੇ ਹੀ ਬਿਨਾ ਇਜ਼ਾਜਤ ਇਸ ਨਦੀ ਕਿਨਾਰੇ ਆਉਂਦੇ ਹਨ।" ਉਦੋਂ ਗਾਂਧੀ ਜੀ ਨੇ ਕਿਹਾ, "ਇਹ ਸ਼ਰਮਨਾਕ ਹੈ।" ਬਾਲ ਬੱਚਿਆਂ ਦੇ ਨਾਲ ਇਨ੍ਹਾਂ ਆਦਿਵਾਸੀਆਂ ਨੂੰ ਜਨਮ ਤੋਂ ਅਪਰਾਧੀ ਠਹਿਰਾ ਕੇ ਇਥੇ ਕੈਦ ਕਰਕੇ ਰੱਖਿਆ ਗਿਆ ਹੈ।ਨਾ ਇਨ੍ਹਾਂ ਦੇ ਲਈ ਸਕੂਲ ਹਨ, ਨਾ ਰਹਿਣ ਦੇ ਲਈ ਚੰਗੀ ਥਾਂ।ਕੱਲ ਨੂੰ ਇਥੇ ਘੁੰਮਣ ਵਾਲੇ ਚਾਰ ਪੰਜ ਬੱਚਿਆਂ ਨੂੰ ਆਸ਼ਰਮ 'ਚ ਪੜ੍ਹਨ ਦੇ ਲਈ ਬੁਲਾਓ। ਥੋੜ੍ਹਾ ਬਹੁਤ ਇਨ੍ਹਾਂ ਨੂੰ ਪੜ੍ਹਨਾ ਲਿਖਣਾ ਆਵੇਗਾ ਤਾਂ ਇਹ ਆਪਣੀ ਬਸਤੀ ਵਿਚ ਕੁਝ ਕਰਨਗੇ।ਉਦੋਂ ਤੋਂ ਛਾਰਾ ਬਸਤੀ ਦੇ ਪੰਜ-ਛੇ ਬੱਚੇ ਗਾਂਧੀ ਜੀ ਦੇ ਆਸ਼ਰਮ ਵਿਚ ਸਵੇਰ ਸ਼ਾਮ ਬਿਸਕੁਟ ਗੋਲੀ ਖਾਣ ਦੇ ਲਾਲਚ 'ਚ ਆਉਣ ਲੱਗੇ।ਇਸ ਵਿਚ ਰਾਮ ਸਿੰਘ ਨਾਂ ਦਾ ਦਸ ਬਾਰਾਂ ਸਾਲ ਦਾ ਲੜਕਾ ਵੀ ਸੀ।ਉਸ ਨੂੰ ਸਾਰੇ ਛਾਰਾ ਬੱਚਿਆਂ ਦਾ ਗਾਂਧੀ ਜੀ ਨੇ ਲੀਡਰ ਬਣਾ ਦਿੱਤਾ। ਰਾਮ ਸਿੰਘ ਹਰ ਰੋਜ਼ ਬਾਪੂ ਜੀ ਦੇ ਆਸ਼ਰਮ ਵਿਚ ਆਉਣ ਜਾਣ ਲੱਗਾ। ਉਸ ਦੀ ਆਸ਼ਰਮ ਦੇ ਸਬੰਧ ਵਿਚ ਦਿਲਚਸਪੀ ਵਧ ਗਈ। ਉਹ ਵੇਖਦਾ, ਉਹ ਦੇਖਦਾ ਆਉਣ ਜਾਣ ਵਾਲੇ ਵੱਡੇ ਘਰਾਂ ਦੇ ਲੋਕ ਮੋਟਰ ਗੱਡੀ 'ਚ ਬੈਠ ਕੇ ਆਉਂਦੇ ਜਾਂਦੇ ਸਨ। ਅੰਗ੍ਰੇਜ਼ੀ ਵਿਚ ਵੱਡੀਆਂ ਵੱਡੀਆਂ ਗੱਲਾਂ ਕਰਦੇ ਸਨ।ਉਹ ਸਮਝ ਨਹੀਂ ਸਕਦਾ ਸੀ ਪ੍ਰੰਤੂ ਗੁਜਰਾਤੀ ਗੱਲਾਂ ਰਾਮ ਸਿੰਘ ਨੂੰ ਸਮਝ ਵਿਚ ਆਉਂਦੀਆਂ ਸਨ।ਆਉਣ ਜਾਣ ਵਾਲੇ ਅਮੀਰ ਇਸਤਰੀ ਪੁਰਸ਼ ਗਾਂਧੀ ਜੀ ਵਲੋਂ ਬਣਾਏ ਹੋਏ ਸੂਤ ਕੱਤਣ ਵਾਲੇ ਚਰਖੇ ਉੱਤੇ ਥੋੜੀ ਦੇਰ ਬੈਠ ਕੇ ਸੂਤ ਕੱਤਦੇ, ਚਰਖਾ ਘੁੰਮਾਉਂਦੇ।ਕਦੀ ਕਦੀ ਰਾਮ ਸਿੰਘ ਆਪਣੇ ਦੋਸਤਾਂ ਦੇ ਨਾਲ ਗਾਂਧੀ ਜੀ ਦੇ ਚਰਖੇ ਉੱਤੇ ਸੂਤ ਕੱਤਦੇ।ਗਾਂਧੀ ਜੀ ਬੱਚਿਆਂ ਨੂੰ ਇਕ ਥਾਂ ਬਿਠਾ ਕੇ ਅੰਗ੍ਰੇਜ਼ੀ, ਬਾਰਾਖੜੀ ਅਤੇ ਗੁਜਰਾਤੀ 'ਚ ਲਿਖਣਾ ਪੜ੍ਹਨਾ ਸਿਖਾਉਂਦੇ।ਬੱਚੇ ਜਦੋਂ ਪੜ੍ਹਦੇ ਉਦੋਂ ਵਿਚੋਂ ਹੀ ਉੱਠ ਕੇ ਮਹਾਤਮਾ ਗਾਂਧੀ ਜੀ ਆਪਣੇ ਕਮਰੇ ਵਿਚ ਜਾ ਕੇ ਬੱਕਰੀ ਦੇ ਲਈ ਖਾਣ ਨੂੰ ਰੱਖੀ ਹੋਈ ਇਕ ਥੈਲੀ ਲੈ ਕੇ ਆਉਂਦੇ।ਬੱਚੇ ਇਹ ਰੋਜ਼ ਵੇਖਦੇ ਸਨ। ਇਹ ਬੁੱਢੇ ਬਾਬੇ ਸਾਨੂੰ ਪੜ੍ਹਾਉਂਦੇ ਪੜ੍ਹਾਉਂਦੇ ਬੱਕਰੀ ਨੂੰ ਕੀ ਖਵਾਉਂਦੇ ਹਨ? ਕਦੀ ਕਦੀ ਲੁਕ ਕੇ ਰਾਮ ਸਿੰਘ ਨੂੰ ਦੇਖਿਆ ਕਰਦੇ ਸਨ ਕਿ ਚਿੱਟੀ ਥੈਲੀ ਵਿਚ ਰੱਖੇ ਹੋਏ ਕਾਜੂ-ਬਦਾਮ ਦੇ ਟੁਕੜੇ ਆਪਣੇ ਹੱਥ ਉੱਤੇ ਰੱਖ ਕੇ ਬੱਕਰੀ ਨੂੰ ਖਿਵਾਉਂਦੇ ਹਨ।ਬੱਕਰੀ ਵੀ ਕਾਜੂ ਬਦਾਮ ਦੇ ਟੁਕੜੇ ਬੜੇ ਚਾਅ ਨਾਲ ਖਾਂਦੀ।ਰਾਮ ਸਿੰਘ ਆਪਣੇ ਦੋਸਤਾਂ ਨੂੰ ਕਹਿੰਦਾ ਸੀ 'ਉਏ ਇਹ ਬੁੱਢਾ ਬਾਬਾ ਬਹੁਤ ਚਮਤਕਾਰੀ, ਵੱਡਾ ਆਦਮੀ ਹੈ।'ਆਪਣੀ ਬੱਕਰੀ ਨੂੰ ਕਾਜੂ ਬਦਾਮ ਖਵਾਉਂਦਾ ਹੈ ਅਤੇ ਬੱਕਰੀ ਦਾ ਦੁੱਧ ਚੋਅ ਕੇ ਸਵੇਰੇ ਪੀਂਦਾ ਹੈ। ਇਸ ਲਈ ਇਹ ਇਸ ਉਮਰ ਵਿਚ ਆਪਣੀ ਬਸਤੀ ਤੱਕ ਪੈਦਲ ਤੁਰ ਕੇ ਆਉਂਦਾ ਹੈ।ਇਸ ਬੱਕਰੀ ਦਾ ਦੁੱਧ ਪੀਣ ਤੋਂ ਉਪਰੰਤ ਇਹ ਬੁੱਢਾ ਬੰਦਾ ਆਪਣੇ ਗਿਆਨ ਨਾਲ ਵੱਡੇ ਵੱਡੇ ਲੋਕਾਂ ਨੂੰ ਝੁਕਾ ਕੇ ਆਪਣੇ ਆਸ਼ਰਮ ਵਿਚ ਬੁਲਾਉਂਦਾ ਹੈ।ਸਾਰੇ ਲੋਕ ਉਸਦਾ ਕਹਿਣਾ ਮੰਨ ਲੈਂਦੇ ਹਨ।' ਅਜਿਹੇ ਕਈ ਦਿਨ ਰਾਮ ਸਿੰਘ ਦੇ ਇਸ ਆਸ਼ਰਮ ਵਿਚ ਨਿਕਲ ਗਏ।ਜਦੋਂ ਗਾਂਧੀ ਜੀ ਸਾਬਰਮਤੀ ਦੇ ਆਸ਼ਰਮ ਵਿਚੋਂ ਨਿਕਲ ਕੇ ਭਾਰਤ ਦੇ ਹੋਰ ਹਿੱਸਿਆਂ ਵਿਚ ਸੁਤੰਤਰਾ ਸੰਗਰਾਮ ਦੀ ਲੜਾਈ ਦੇ ਲਈ ਨਿਕਲ ਪੈਂਦੇ ਸਨ ਉਦੋਂ ਆਸ਼ਰਮ ਸੁੰਨਾ ਸੁੰਨਾ ਲੱਗਦਾ ਸੀ।ਰਾਮ ਸਿੰਘ ਜਦੋਂ ਆਪਣੇ ਦੋਸਤਾਂ ਦੇ ਨਾਲ ਪੜ੍ਹਨ ਆਉਂਦਾ ਸੀ ਉਦੋਂ ਗਾਂਧੀ ਜੀ ਦੇ ਨਾ ਰਹਿਣ ਤੇ ਕੋਈ ਉਸ ਨੂੰ ਕਿਤੇ ਵੀ ਬਿਠਾ



ਦਿੰਦਾ ਸੀ।ਥੋੜ੍ਹਾ ਬਹੁਤ ਚਰਖੇ ਉੱਤੇ ਸੂਤ ਕੱਤਣ ਤੋਂ ਬਾਅਦ ਉਹ ਆਪਣੀ ਬਸਤੀ 'ਚ ਗਿਲੋਗੀ ਖੇਡਣ ਦੇ ਲਈ ਦੌੜ ਪੈਂਦਾ ਸੀ।ਜਦੋਂ ਗਾਂਧੀ ਜੀ ਬਾਹਰ ਜਾਂਦੇ ਸਨ ਉਦੋਂ ਹੀ ਬੱਕਰੀ ਦੇ ਦੋਵੇਂ ਬੱਚੇ ਪੇਟ ਭਰ ਕੇ ਆਪਣੀ ਮਾਂ ਦਾ ਦੁੱਧ ਪੀਂਦੇ ਸਨ ਅਤੇ ਸਾਰੇ ਆਸ਼ਰਮ 'ਚ ਟੱਪਦੇ, ਦੌੜਦੇ-ਫਿਰਦੇ ਸਨ।ਰਾਮ ਸਿੰਘ ਸੋਚਣ ਲੱਗਾ ਗਾਂਧੀ ਜੀ ਦੇ ਆਸ਼ਰਮ ਵਿਚ ਨਾ ਰਹਿਣ ਨਾਲ ਆਸ਼ਰਮ ਵੀ ਸੁੰਨਾ-ਸੁੰਨਾ ਲੱਗਦਾ ਹੈ।ਬੇਚਾਰੀ ਬੱਕਰੀ ਵੀ ਲਾਵਾਰਿਸ ਹੋ ਜਾਂਦੀ ਹੈ।ਉਸ ਨੂੰ ਕਾਜੂ ਬਦਾਮ ਖਾਣ ਨੂੰ ਨਹੀਂ ਮਿਲਦਾ।ਬਸ ਘਾਹ ਖਾ ਕੇ ਆਪਣੇ ਬੱਚਿਆਂ ਨੂੰ ਦੁੱਧ ਪਿਆਉਂਦੀ ਹੈ।ਰਾਮ ਸਿੰਘ ਨੂੰ ਲੱਗਦਾ ਕਿ ਇਹ ਬੱਕਰੀ ਕਿੰਨੀ ਭਾਗਾ ਵਾਲੀ ਹੈ, ਸਾਡੀ ਬਸਤੀ ਦੇ ਲੋਕਾਂ ਨੂੰ ਕਾਜੂ ਬਦਾਮ ਵੇਖਣ ਨੂੰ ਵੀ ਨਹੀਂ ਮਿਲਦਾ ਅਤੇ ਬੱਕਰੀ ਨੂੰ ਗਾਂਧੀ ਜੀ ਕਾਜੂ ਬਦਾਮ ਖਾਣ ਨੂੰ ਦਿੰਦੇ ਹਨ।ਪ੍ਰੰਤੂ ਬੱਕਰੀ ਆਪਣੇ ਬੱਚਿਆਂ ਨੂੰ ਰੱਜ ਕੇ ਦੁੱਧ ਨਹੀਂ ਪਿਆ ਸਕਦੀ ਸੀ। ਗਾਂਧੀ ਜੀ ਦੇ ਪੀਣ ਲਈ ਦੁੱਧ ਚੋ ਕੇ ਹੀ ਉਹ ਬੱਚਿਆਂ ਨੂੰ ਦੁੱਧ ਪਿਆ ਸਕਦੀ ਸੀ।ਸਾਡੇ ਛਾਰਾ ਬਸਤੀ ਦੇ ਲੋਕਾਂ ਨੂੰ ਭੁੱਖੇ ਪਿਆਸੇ ਰਹਿਣਾ ਪੈਂਦਾ ਹੈ।ਕਦੇ ਰੋਟੀ ਮਿਲੀ ਤਾਂ ਠੀਕ ਹੈ ਨਹੀਂ ਤਾਂ ਪਾਣੀ ਪੀ ਕੇ ਸੌਂ ਜਾਂਦੇ ਹਨ।ਰਾਮ ਸਿੰਘ ਨੂੰ ਲੱਗਦਾ ਸੀ, "ਮੈਂ ਇਸ ਅਪਰਾਧੀ ਜਨ-ਜਾਤੀ ਵਿਚ ਪੈਦਾ ਨਾ ਹੋ ਕੇ ਗਾਂਧੀ ਜੀ ਦੀ ਬੱਕਰੀ ਹੋ ਕੇ ਜਨਮ ਲੈਂਦਾ ਤਾਂ ਕਾਜੂ ਬਦਾਮ ਤਾਂ ਖਾਣ ਨੂੰ ਮਿਲਦੇ।" ਇਹ ਸੋਚ ਕੇ ਉਹ ਆਪਣੀ ਗੱਲ ਆਪਣੇ ਦਿਲ ਵਿਚ ਲਕੋ ਲੈਂਦਾ ਸੀ।ਪ੍ਰੰਤੂ ਆਦਮੀ ਦੇ ਜੀਉਣ ਦਾ ਕਿੰਨਾ ਅੰਤਰ ਹੈ ਇਹ ਆਸ਼ਰਮ 'ਚ ਆ ਕੇ ਹੀ ਦੇਖਿਆ।

ਰਾਮ ਸਿੰਘ ਦਾ ਪੜ੍ਹਨ ਲਿਖਣ ਵਿਚ ਮਨ ਲੱਗ ਗਿਆ ਸੀ।ਗਾਂਧੀ ਜੀ ਜਦੋਂ ਆਸ਼ਰਮ ਵਿਚ ਹੁੰਦੇ ਉਦੋਂ ਪੜ੍ਹਾਈ ਸ਼ੁਰੂ ਰਹਿੰਦੀ ਸੀ।ਪ੍ਰੰਤੂ ਇਕ ਸਮਾਂ ਅਜਿਹਾ ਆਇਆ ਜਦੋਂ ਗਾਂਧੀ ਜੀ ਬਹੁਤ ਦਿਨਾਂ ਤੱਕ ਆਜ਼ਾਦੀ ਦੀ ਲੜਾਈ ਦੇ ਲਈ ਭਾਰਤ ਦੇ ਕੋਨੇ ਕੋਨੇ ਵਿਚ ਚਲੇ ਗਏ ਸੀ।ਮੀਂਹ ਦਾ ਮੌਸਮ ਸੀ।ਰਾਮ ਸਿੰਘ ਅਤੇ ਛਾਰਾ ਬਸਤੀ ਦੇ ਬੱਚੇ ਭੁੱਖ ਨਾਲ ਤੜਫ ਰਹੇ ਸੀ।ਮੀਂਹ ਨਾਲ ਹੜ੍ਹ ਵਰਗੀ ਸਥਿਤੀ ਵਿਚ ਸਾਉਣ ਮਹੀਨੇ ਵਿਚ ਹਰ ਸਾਲ ਭੁੱਖੇ ਮਰਨ ਦੀ ਨੌਬਤ ਇਸ ਬਸਤੀ ਦੇ ਲੋਕਾਂ ਵਿਚ ਪਸਰੀ ਰਹਿੰਦੀ ਸੀ। ਪ੍ਰੰਤੂ ਇਸ ਸਾਲ ਕਾਲ ਪੈਣ ਤੇ ਪੰਜ ਛੇ ਦਿਨ ਛਾਰਾ ਲੋਕਾਂ ਦੀ ਇਸ ਬਸਤੀ 'ਚ ਚੁੱਲ੍ਹਾ ਜਲਣ ਦਾ ਨਾਂ ਨਹੀਂ ਲੈਂਦਾ ਸੀ।ਸਾਰੇ ਲੋਕ ਭੁੱਖ ਨਾਲ ਤੜਫ ਰਹੇ ਸਨ।ਚਾਰ ਪੰਜ ਦਿਨ ਭੁੱਖੇ ਰਹਿਣ ਨਾਲ ਰਾਮ ਸਿੰਘ ਵੀ ਬਹੁਤ ਪਰੇਸ਼ਾਨ ਸੀ।ਪਾਣੀ ਪੀ ਕੇ ਹੋਰ ਕਿੰਨੇ ਦਿਨ ਗੁਜਾਰਾਂਗੇ ਇਹ ਸੋਚ ਰਿਹਾ ਸੀ।ਆਪਣੇ ਦੋਸਤਾਂ ਦੇ ਨਾਲ ਜਦੋਂ ਆਸ਼ਰਮ ਵਿਚ ਜਾਂਦਾ, ਇਕ ਦੋ ਬਿਸਕੁਟ, ਅਤੇ ਮਿੱਠੀ ਗੋਲੀ ਨਾਲ ਰਾਹਤ ਮਿਲ ਜਾਂਦੀ ਸੀ।ਆਸ਼ਰਮ ਵਿਚ ਖਾਣਾ ਮੰਗਣ ਤੇ ਵੀ ਕੋਈ ਖਾਣਾ ਨਹੀਂ ਦਿੰਦਾ ਸੀ।ਇਕ ਦਿਨ ਰਾਮ ਸਿੰਘ ਭੁੱਖ ਨਾਲ ਬਹੁਤ ਪਰੇਸ਼ਾਨ ਹੋਇਆ।ਉਦੋਂ ਉਸ ਦੇ ਦਿਮਾਗ਼ ਵਿਚ ਆਇਆ ਕਿਉਂ ਨਾ ਅਸੀਂ ਬੁੱਢੇ ਬਾਬੇ ਦੇ ਆਸ਼ਰਮ ਤੋਂ ਕਾਜੂ ਬਦਾਮ ਖਾਣ ਵਾਲੀ ਬੱਕਰੀ ਨੂੰ ਬਣਾ ਕੇ ਖਾ ਲਈਏ।ਅਜਿਹੇ ਭੁੱਖੇ ਸਮੇਂ ਵਿਚ ਉਹ ਖਾਣ 'ਚ ਕਿੰਨੀ ਚੰਗੀ ਲੱਗੇਗੀ।ਅਜੇ ਤਾਂ ਖਾਣ ਲਈ ਸਾਰੇ ਰਸਤੇ ਬੰਦ ਹੋ ਗਏ ਹਨ।ਰਾਮ ਸਿੰਘ ਨੇ ਆਪਣੀ ਬਸਤੀ ਦੇ ਦੋਸਤਾਂ ਨੂੰ ਕਾਜੂ ਬਦਾਮ ਖਾਣ ਵਾਲੀ ਬੱਕਰੀ ਦੇ ਸਬੰਧ ਵਿਚ ਆਪਣੇ ਮਨ ਦੀ ਗੱਲ ਕਹਿ ਦਿੱਤੀ।ਆਸ਼ਰਮ ਵਿਚ ਪੜ੍ਹਨ ਆਉਣ ਵਾਲੇ ਬੱਚਿਆਂ ਦਾ ਇਰਾਦਾ ਪੱਕਾ ਹੋ ਗਿਆ।ਅੱਜ ਰਾਤ ਨੂੰ ਹੀ ਕਾਜੂ ਬਾਦਾਮ ਖਾਣ ਵਾਲੀ ਬੱਕਰੀ ਜਿਹੜੀ ਗਾਂਧੀ ਜੀ ਨੂੰ ਤੰਦਰੁਸਤ ਰੱਖਦੀ ਹੈ, ਉਸ ਬੱਕਰੀ ਨੂੰ ਅੱਜ ਅਸੀਂ ਆਸ਼ਰਮ ਵਿਚੋਂ ਚੁੱਕ ਲਵਾਂਗੇ।ਚੋਰੀ-ਛਿਪੇ ਆਪਣੀ ਬਸਤੀ ਵਿਚ ਲੈ ਆਵਾਂਗੇ।ਅਤੇ ਬਸਤੀ ਦੇ ਲੋਕ ਮਿਲ ਕੇ ਖਾਵਾਂਗੇ ਅਤੇ ਆਪਣੀ ਕਈ ਦਿਨਾਂ ਦੀ ਭੁੱਖ ਮਿਟਾ ਕੇ ਅਸੀਂ ਵੀ ਤੰਦਰੁਸਤ ਬਣ ਜਾਵਾਂਗੇ।ਇਹ ਇਰਾਦਾ ਮਨ ਵਿਚ ਕਰ ਲਿਆ।ਅਗਲੇ ਦਿਨ ਰਾਮ ਸਿੰਘ ਨੇ ਆਪਣੇ ਤਿੰਨ ਚਾਰ ਸਾਥੀਆਂ ਨਾਲ ਹਨੇਰੀ ਰਾਤ 'ਚ ਲੁਕ ਕੇ ਉੱਲੂ ਦੇ ਵਾਂਗ ਆਪਣਾ ਸ਼ਿਕਾਰ ਕਰਨ ਅਤੇ ਬਿੱਲੀ ਦੀ ਚਾਲ

ਵਾਂਗ ਸਹਿਜ ਨਾਲ ਪੈਰ ਰੱਖਦਿਆਂ ਆਸ਼ਰਮ ਦੇ ਅੰਦਰ ਵੜ ਗਏ। ਹੌਲੀ ਦੇਣੀ ਲੁਕ ਕੇ ਰਾਮ ਸਿੰਘ ਨੇ ਪਹਿਲੇ ਹੀ ਝਟਕੇ ਨਾਲ ਬੱਕਰੀ ਦਾ ਮੂੰਹ ਜੋਰ ਨਾਲ ਬੰਦ ਕਰਕੇ ਫੜ ਲਿਆ। ਜਿਸ ਨਾਲ ਬੱਕਰੀ ਕੋਈ ਸ਼ੋਰ ਨਾਲ ਪਾਵੇ। ਰਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਜੇਬ ਵਿਚ ਲਿਆਂਦਾ ਹੋਇਆ ਕਿੱਕਰ ਦਾ ਲੰਮਾ ਕੰਡਾ ਜਲਦੀ ਨਾਲ ਦੇਣ ਲਈ ਕਿਹਾ। ਰਾਮ ਸਿੰਘ ਦੇ ਸਾਥੀਆਂ ਨੇ ਤਿੰਨ ਚਾਰ ਲਿਆਂਦੇ ਹੋਏ ਕਿੱਕਰ ਕੇ ਕੰਡੇ ਰਾਮ ਸਿੰਘ ਦੇ ਹੱਥ ਵਿਚ ਦੇ ਦਿੱਤੇ। ਰਾਮ ਸਿੰਘ ਬੜੀ ਚਤੁਰਈ ਨਾਲ ਬੱਕਰੀ ਦੇ ਮੂੰਹ ਵਿਚੋਂ ਬੱਕਰੀ ਦੀ ਜੀਭ ਬਾਹਰ ਕੱਢ ਕੇ ਉਸ ਵਿਚ ਕੰਡਾ ਖਭੋ ਦਿੱਤਾ। ਰਾਮ ਸਿੰਘ ਨੂੰ ਬਚਪਨ ਤੋਂ ਪਤਾ ਸੀ, ਉਸਦੇ ਬਾਪ-ਦਾਦਾ ਭੇਡ ਬੱਕਰੀ ਦੀ ਚੋਰੀ ਕਰਦੇ ਸਮੇਂ। ਜੀਭ ਵਿਚ ਕਿੱਕਰ ਦਾ ਲੰਮੀ ਕੰਡਾ ਖਭੋਉਣ ਤੇ ਕਿੰਨਾ ਵੀ ਵੱਡਾ ਜਾਨਵਰ ਹੋਵੇ ਉਹ ਆਵਾਜ਼ ਨਹੀਂ ਕੱਢਦਾ ਸੀ। ਬਿਨਾ ਅਵਾਜ਼ ਕੱਢਦੇ ਹੋਇਆ ਭੇਡ ਬੱਕਰੀਆਂ ਖ਼ਾਮੋਸ਼ ਹੋ ਜਾਂਦੀਆਂ ਸਨ। ਪਿਓ-ਦਾਦਾ ਦਾ ਤਰੀਕਾ ਰਾਮ ਸਿੰਘ ਨੇ ਪਹਿਲੀ ਵਾਰ ਵਰਤਿਆ ਅਤੇ ਗਾਂਧੀ ਜੀ ਦੀ ਬੱਕਰੀ ਦੀ ਜ਼ੁਬਾਵ ਵਿਚ ਦੋ ਕੰਡੇ ਖਭੋ ਕੇ ਬੱਕਰੀ ਨੂੰ ਖਾਮੋਸ਼ ਕਰ ਦਿੱਤਾ ਅਤੇ ਆਪਣੀ ਪਿੱਠ ਉੱਤੇ ਲੱਦ ਕੇ ਹਨੇਰੀ ਰਾਤ ਵਿਚ ਆਸ਼ਰਮ ਦੇ ਬਾਹਰ ਨਿਕਲ ਆਇਆ। ਮਨ ਹੀ ਮਨ ਰਾਮ ਸਿੰਘ ਸੋਚ ਰਿਹਾ ਸੀ। ਬਾਪੂ ਜੀ ਦੀ ਬੱਕਰੀ ਚੋਰੀ ਕਰਕੇ ਉਹ ਚੰਗਾ ਕੰਮ ਨਹੀਂ ਕਰ ਰਹੇ ਨੇ। ਪ੍ਰੰਤੂ ਦੂਜੇ ਪਾਸੇ ਸੋਚਣ ਲੱਗਾ ਬਸਤੀ ਦੇ ਲੋਕ ਅੱਠ ਦੱਸ ਦਿਨ ਤੋਂ ਭੁੱਖੇ ਪਿਆਸੇ, ਪਾਣੀ ਪੀ ਕੇ ਦਿਨ ਲੰਘਾ ਰਹੇ ਸਨ। ਉਨ੍ਹਾਂ ਸਾਰਿਆਂ ਦੇ ਢਿੱਡ ਦੀ ਭੁੱਖ ਮਿਟਾਉਣ ਦੇ ਲਈ ਦੂਜਾ ਰਾਹ ਨਹੀਂ ਸੀ। ਭੁੱਖੇ ਮਰਨ ਨਾਲੋਂ ਬਾਪੂ ਦੀ ਬੱਕਰੀ ਚੋਰੀ ਕਰਕੇ ਖਾਣ ਵਿਚ ਕੋਈ ਬੁਰਾਈ ਨਹੀਂ ਅਜਿਹਾ ਸੋਚਦੇ ਹੋਇਆ ਹਨੇਰੀ ਰਾਤ ਵਿਚ ਬਸਤੀ ਵਿਚ ਆਇਆ। ਰਾਤ ਦੇ ਐਨੇ ਸਮੇਂ ਆਸ਼ਰਮ ਦੇ ਲੋਕਾਂ ਨੂੰ ਕੁਝ ਪਤਾ ਨਹੀਂ ਲੱਗਾ, ਪ੍ਰੰਤੂ ਬਸਤੀ ਦੇ ਕੁੱਤਿਆਂ ਨੂੰ ਖ਼ਬਰ ਮਿਲਦਿਆਂ ਹੀ ਜੋਰ ਜੋਰ ਨਾਲ ਭੌਂਕਣ ਲੱਗ ਪਏ।


ਰਾਮ ਸਿੰਘ ਦੇ ਸਾਰੇ ਸਾਥੀ ਪੱਥਰ ਮਾਰ ਕੇ ਕੁੱਤਿਆਂ ਨੂੰ ਭਜਾਉਣ ਅਤੇ ਖਾਮੋਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਪ੍ਰੰਤੂ ਰਾਤ ਨੂੰ ਬੱਕਰੀ ਲਿਆਉਣ ਦੀ ਖ਼ਬਰ ਸਾਰੀ ਬਸਤੀ ਨੂੰ ਪਤਾ ਲੱਗ ਗਈ। ਰਾਤ ਨੂੰ ਸਾਰੀ ਬਸਤੀ ਜਾਗ ਪਈ। ਮਰੇ ਹੋਏ ਜਾਨਵਰਾਂ ਦਾ ਪਤਾ ਲਗਦੇ ਹੀ ਸਾਰੀਆਂ ਇੱਲ੍ਹਾਂ ਆਸਮਾਨ ਵਿਚ ਜਿਵੇਂ ਇਕੱਠੀਆਂ ਹੋ ਕੇ ਮਰੇ ਹੋਏ ਜਾਨਵਰ ਉੱਤੇ ਟੁੱਟ ਪੈਂਦੀਆਂ ਹਨ ਉਸੇ ਤਰ੍ਹਾਂ ਛਾਰਾ ਬਸਤੀ ਦੇ ਲੋਕ ਰਾਮ ਸਿੰਘ ਵਲੋਂ ਲਿਆਂਦੀ ਹੋਈ ਬੱਕਰੀ ਉੱਤੇ ਟੁੱਟ ਪਏ ਅਤੇ ਉਸ ਬੱਕਰੀ ਨੂੰ ਰਾਤੋ ਰਾਤ ਹੀ ਪੂਰੀ ਤਰ੍ਹਾਂ ਮੁਕਾ ਕੇ ਹਜ਼ਮ ਕਰ ਲਿਆ। ਜਿਸ ਨਾਲ ਕੋਈ ਵੀ ਸਬੂਤ ਪਿੱਛੇ ਬਚਿਆ ਨਾ ਰਹਿ ਜਾਵੇ। ਰਾਮ ਸਿੰਘ ਨੂੰ ਗਾਂਧੀ ਜੀ ਦੀ ਬੱਕਰੀ ਚੋਰੀ ਕਰਨ ਦਾ ਜਿੰਨਾ ਗ਼ਮ ਸੀ ਉਸ ਤੋਂ ਵਧੇਰੇ ਖੁਸ਼ੀ ਆਪਣੀ ਸਾਰੀ ਬਿਰਾਦਰੀ ਦੇ ਮਾਂ-ਪਿਓ, ਭੈਣ ਭਰਾ, ਬੁੱਢੇ ਲੋਕਾਂ ਨੂੰ ਖਵਾਉਣ ਵਿਚ ਮਿਲੀ। ਉਸਨੂੰ ਭੁੱਖ ਨਾਲ ਮਰਨ ਤੋਂ ਮੈਨੂੰ ਬਚਾਇਆ। ਉਸਦੀ ਤਸੱਲੀ ਉਸਦੇ ਚਿਹਰੇ ਉੱਤੇ ਸੀ।

ਇਕ ਦਿਨ ਗਾਂਧੀ ਜੀ ਆਸ਼ਰਮ ਵਿਚ ਆਏ ਆਪਣੀ ਬੱਕਰੀ ਦੀ ਖ਼ਬਰ ਸੁਣਦੇ ਹੀ ਬੇਚੈਨ ਹੋ ਗਏ। ਗਾਂਧੀ ਜੀ ਆਪਣੇ ਆਸ਼ਰਮ ਦੇ ਲੋਕਾਂ ਨੂੰ ਜ਼ੋਰ ਜ਼ੋਰ ਨਾਲ ਬੋਲ ਕੇ ਕਹਿਣ ਲੱਗੇ। ਤੁਸੀਂ ਮੇਰੀ ਦੁੱਧ ਦੇਣ ਵਾਲੀ ਬੱਕਰੀ ਨਹੀਂ ਬਚਾ ਸਕੇ ਤਾਂ ਤੁਸੀਂ ਮੈਨੂੰ ਕਿਵੇਂ ਬਚਾਉਗੇ। ਇਸਦਾ ਮੈਨੂੰ ਸ਼ੱਕ ਹੋ ਰਿਹਾ ਹੈ। ਹੁਣ ਮੈਂ ਕਾਜੂ ਬਦਾਮ ਖਾਣ ਵਾਲੀ ਬੱਕਰੀ ਕਿੱਥੋਂ ਲੱਭ ਕੇ ਲੈ ਆਵਾਂ। ਮੇਰੀ ਬੱਕਰੀ ਕਿੰਨੀ ਚੰਗੀ ਸੀ। ਹਰ ਰੋਜ਼ ਦੋ ਗਲਾਸ ਦੁੱਧ ਮੈਨੂੰ ਪੀਣ ਨੂੰ ਦਿੰਦੀ ਸੀ। ਮੈਂ ਕਿੰਨਾ ਪ੍ਰਸੰਨ ਸੀ। ਬੱਕਰੀ ਚੋਰੀ ਹੋਣ ਤੇ ਗਾਂਧੀ ਜੀ ਦਾ ਮਨ ਦੁਖੀ ਹੋਇਆ ਅਤੇ ਉਹ ਕਹਿਣ ਲੱਗਾ ਇਹ ਚੋਰ ਬਸਤੀ ਤੋਂ ਆਉਣ ਵਾਲੇ ਛਾਰਾ ਮੁੰਡਿਆ ਦਾ ਹੀ ਕੰਮ ਹੈ। ਉਨ੍ਹਾਂ ਨੇ ਹੀ ਮੇਰੀ ਬੱਕਰੀ ਚੋਰੀ ਕੀਤੀ ਹੋਵੇਗੀ। ਅੱਜ ਤੋਂ ਉਨ੍ਹਾਂ ਬਦਮਾਸ਼ਾਂ ਦਾ ਆਸ਼ਰਮ ਵਿਚ ਆਉਣਾ ਬੰਦ ਕਰ ਦਿਓ। ਉਦੋਂ ਤੋਂ ਰਾਮ ਸਿੰਘ ਤੇ ਸਾਥੀ ਆਸ਼ਰਮ ਦੇ ਨਜ਼ਦੀਕ ਵੀ ਕਦੇ ਨਹੀਂ ਗਏ।



ਇਹ ਆਪ ਬੀਤੀ ਕਹਾਣੀ ਉਮਰ ਦੇ ਸੱਠ ਪੈਂਠ ਸਾਲ ਦੇ ਬਾਅਦ ਗਾਂਧੀ ਜੀ ਦੀ ਬੱਕਰੀ ਚੋਰੀ ਕਰਨ ਵਾਲੇ ਰਾਮ ਸਿੰਘ ਦਾ ਜਦੋਂ ਘੁਮੰਤੂ ਪਰੀਸ਼ਦ ਨੇ ਸਨਮਾਨ ਕਰਵਾਇਆ ਉਦੋਂ ਮੇਰੇ ਮਨ ਵਿਚ ਕੁਝ ਸਵਾਲ ਉਭਰ ਆਏ। ਮੈਂ ਮਨ ਵਿਚ ਸੋਚਣ ਲੱਗਾ ਅੰਗ੍ਰੇਜ਼ਾਂ ਦੇ ਵਿਰੁੱਧ ਬਗਾਵਤ ਕਰਕੇ ਅੰਗ੍ਰੇਜ਼ੋ ਭਾਰਤ ਛੱਡੋ ਦਾ ਨਾਆਰਾ ਦੇਣ ਵਾਲੇ ਇਹੀ ਮਹਾਤਮਾ ਗਾਂਧੀ ਸਨ। ਸਾਬਰਮਤੀ ਨਦੀ ਦੀ ਵਹਿੰਦੀ ਹੋਈ ਜਲ ਧਾਰਾ ਦੇ ਬਗਲ ਵਿਚ ਆਸ਼ਰਮ ਵਿਚ ਬੈਠ ਕੇ ਸਾਰੇ ਦੇਸ਼ ਵਾਸੀਆਂ ਨੂੰ ਸਾਬਰਮਤੀ ਜਲ ਧਾਰਾ ਦੇ ਸਾਮਾਨ ਆਪਣੀ ਵਿਚਾਰਧਾਰਾ ਨਾਲ ਲਲਕਾਰ ਕੇ ਦੇਸ਼ ਦੀ ਅਜ਼ਾਦੀ ਦਾ ਬਿਗੁਲ ਵਜਾਉਂਦੇ ਸਨ। ਗਾਂਧੀ ਜੀ ਦੇ ਇਕ ਇਸ਼ਾਰੇ ਉੱਤੇ ਲੱਖਾਂ ਲੋਕ ਮਰ ਮਿਟਣ ਨੂੰ ਤਿਆਰ ਸੀ। ਇਸ ਲਈ ਮੋਹਨ ਦਾਸ ਕਰਮ ਚੰਦ ਗਾਂਧੀ ਦਾ ਨਾਂ ਲੋਕਾਂ ਨੇ ਮਹਾਤਮਾ ਗਾਂਧੀ ਰੱਖਿਆ। ਸਾਬਰਮਤੀ ਦੀ ਜਲ ਧਾਰਾ ਦੀ ਇਕ ਇਕ ਬੂੰਦ ਪੀਣ ਨਾਲ (ਵਿਚਾਰਾਂ ਨਾਲ) ਸਾਰੇ ਭਾਰਤ ਵਿਚ ਨਵੀਂ ਕ੍ਰਾਂਤੀ ਆਈ, ਆਜ਼ਾਦੀ ਮਿਲ ਗਈ। ਪ੍ਰੰਤੂ ਗਾਂਧੀ ਜੀ ਦੇ ਆਸ਼ਰਮ ਦੇ ਇਕ ਕਿਲੋਮੀਟਰ ਦੂਰੀ ਦੇ ਫਾਸਲੇ 'ਚ ਪੈਦਾਇਸ਼ੀ ਸਮਝੀ ਗਈ ਗੁਨਾਹਗਾਰ ਜਾਤੀ ਦੇ ਇਹ ਘੁਮੰਤਰੂ ਬਣਜਾਰੇ, ਪਾਰਦੀ ਜਾਤੀਆਂ ਜਨਮਜਾਤ ਅਪਰਾਧੀ ਹੋਣ ਦਾ ਕਲੰਕ ਮੱਥੇ ਉੱਤੇ ਲੈ ਕੇ ਜੀਣ ਲਈ ਬੇਵੱਸ ਹਨ। ਅਤੇ ਆਜ਼ਾਦੀ ਦੀ ਪਹਿਲੀ ਜੰਗ ਅੰਗ੍ਰੇਜ਼ਾਂ ਨਾਲ ਲੜਨ ਵਾਲੇ ਇਸ ਚੋਰ ਬਸਤੀ ਵਿਚ ਸਾਬਰਮਤੀ ਦੇ ਪਾਣੀ ਦੀ (ਵਿਚਾਰ) ਦੀ ਬੂੰਦ ਵੀ ਪੀਣ ਲਈ ਕਿਓ ਨਹੀਂ ਮਿਲੀ? ਗਾਂਧੀ ਜੀ ਦਾ ਇਹ ਦੇਸ਼ ਉਸਦੇ ਆਜ਼ਾਦੀ ਦੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਕੀ ਕਦੇ ਬਦਨਾਮ, ਚੋਰ ਉਚੱਕੇ, ਛਾਰਾ ਬਸਤੀ ਦੇ ਰਾਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਦੀ ਆਜ਼ਾਦੀ ਮਿਲ ਸਕੇਗੀ? ਕੀ ਗਾਂਧੀ ਜੀ ਦੀ ਆਜ਼ਾਦੀ ਅਮੀਰ ਲੋਕਾਂ ਤੱਕ ਹੀ ਸੀਮਿਤ ਰਹੇਗੀ। ਅਜਿਹੇ ਕਈ ਸਵਾਲ ਮੇਰੇ ਮੰਨ ਵਿਚ ਉੱਠ ਰਹੇ ਹਨ।


**ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਡਾ. ਰਿਪਨਜੀਤ ਕੌਰ ਦੀ ਪਰਵਾਸੀ ਕਹਾਣੀ ਆਲੋਚਨਾ ਦੀ ਨਵੀਂ ਪੁਸਤਕ**



## ਆਪਣੀਆਂ ਆਪਣੀਆਂ ਹੱਦਾਂ / - ਸ਼ਰਣ ਕੁਮਾਰ ਲਿੰਬਾਲੇ

(Sharankumar Limbala)

ਮੈਂ ਬੱਸ ਅੱਡੇ ਉੱਤੇ ਉੱਤਰ ਗਿਆ। ਏਧਰ ਉਧਰ ਦੇਖਿਆ। ਕੋਈ ਨਹੀਂ ਆਇਆ ਸੀ। ਫੋਨ ਕਰਕੇ ਆਪਣੇ ਆਉਣ ਦੀ ਸੂਚਨਾ ਦੇਣ ਲਈ ਮੈਂ ਅੱਗੇ ਵਧ ਗਿਆ। ਏਨੇ ਨੂੰ ਦਿਨੇਸ਼ ਕਾਂਬਲੇ ਆ ਗਿਆ। ਉਹ ਮੇਰੇ ਅੰਦੋਲਨ ਦੇ ਸਮੇਂ ਦਾ ਦੋਸਤ ਹੈ। ਰਾਖਵੇਂਕਰਨ ਦੇ ਸਮੇਂ ਅਸੀਂ ਦੋਵੇਂ ਇਕ ਸਮੇਂ ਜੇਲ੍ਹ ਵਿਚ ਸੀ। ਜ਼ੇਲ੍ਹ ਵਿਚ ਹੀ ਅਸੀਂ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ। ਦਿਨੇਸ਼ ਇਥੇ ਇਕ ਅਖ਼ਬਾਰ ਵਿਚ ਕੰਮ ਕਰਦਾ ਰਿਹਾ ਹੈ।

ਕੁਝ ਲੋਕ ਕਹਿੰਦੇ ਹਨ, "ਅਸੀਂ ਸੁਤੰਤਰਤਾ ਸੰਗਰਾਮੀ ਹਾਂ।" ਉਂਝ ਅਸੀਂ ਵੀ ਕਹਿੰਦੇ ਰਹਿੰਦੇ ਹਾਂ 'ਅਸੀਂ ਅੰਦੋਲਨ ਤੋਂ ਨਿਕਲੇ ਹਾਂ।" 'ਅੰਦੋਲਨ', 'ਸਮਾਜ', 'ਕ੍ਰਾਂਤੀ' ਅਤੇ 'ਵਰਕਰ' ਇਹ ਸਾਡੇ ਸ਼ਬਦਾਂ ਦਾ ਦਾਇਰਾ ਹੈ। ਮੋਰਚਾ, ਅੰਦੋਲਨ, ਸੱਤਿਆਗ੍ਰਹਿ, ਸ਼ਿਵਰ, ਲੋਕਾਂ ਦੀਆਂ ਸਮੱਸਿਆਵਾਂ ਅਤੇ ਸੰਗਠਨ ਇਨ੍ਹਾਂ ਗੱਲਾਂ ਤੋਂ ਮੇਰਾ ਚਰਿਤਰ ਬਣਿਆ ਹੈ।

ਮੈਂ ਵਰਕਰ ਲੇਖਕ ਹਾਂ, ਇਸ ਲਈ ਸਾਹਿਤ ਤੇ ਦੁਨੀਆਂ ਵਿਚ ਮੇਰਾ ਕੁਝ ਵੱਖਰੀ ਕਿਸਮ ਦਾ ਨਾਂ ਹੈ। ਅੱਜ ਮੇਰੇ ਹੱਥੋਂ ਇਸ ਸ਼ਹਿਰ ਦੀ ਮਹਾਂਵਿਦਿਆਲਿਆ ਦੀ ਵਿਦਿਆਰਥੀ ਸੰਸਦ ਦਾ ਉਦਘਾਟਨ ਹੋਣ ਵਾਲਾ ਹੈ। ਜਿਨ੍ਹਾਂ ਹੱਥਾਂ ਨਾਲ ਅਸੀਂ ਮਰੇ ਹੋਏ ਡੰਗਰ ਘਸੀਟੇ, ਝਾੜੂ ਲਾਇਆ, ਉਨ੍ਹਾਂ ਹੱਥਾਂ ਨਾਲ ਅੱਜ ਇਕ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਇਹ ਉਦਘਾਟਨ ਹੋਵੇਗਾ। ਜ਼ਮਾਨਾ ਬਦਲਦਾ ਰਹਿੰਦਾ ਹੈ। ਵਰਗ ਬਦਲਦਾ ਜਾ ਰਿਹਾ ਹੈ।

ਮੇਰੀ ਪਹਿਲੀ ਮੁਲਾਕਾਤ ਦਿਨੇਸ਼ ਕਾਂਬਲੇ ਨੇ ਛਾਪੀ ਸੀ ਬੜੀ ਤਰਥੱਲੀ ਮਚਾ ਦਿੱਤੀ ਸੀ। ਮੈਂ ਵੀ ਬੜੀਆਂ ਬੋਲਡ ਗੱਲਾਂ ਕੀਤੀਆਂ ਸਨ। ਅੱਜ ਦਾ ਯੁੱਗ ਇਸ਼ਤਿਹਾਰਾ ਦਾ ਸਮਾਂ ਹੈ। ਜਦੋਂ ਤੱਕ ਤੁਸੀਂ ਖਲਬਲੀ ਮਚਾ ਦੇਣ ਵਾਲੀਆਂ ਗੱਲਾਂ ਨਹੀਂ ਬੋਲਦੇ ਉਦੋਂ ਤੱਕ ਲੋਕਾਂ ਦਾ ਧਿਆਨ ਤੁਹਾਡੇ ਪ੍ਰਤੀ ਖਿੱਚਿਆ ਨਹੀਂ ਜਾਂਦਾ। ਸਨਸਨੀਖੇਜ਼ ਗੱਲਾਂ ਕਰਨ ਤੇ ਭਾਸ਼ਣਾ ਦੇ ਸੱਦੇ ਵੀ ਵਧੇਰੇ ਮਿਲਣ ਲੱਗਦੇ ਹਨ। ਭੜਕੀਲੀਆਂ ਗੱਲਾਂ ਨਾ ਹੋਣ ਤਾਂ ਲੋਕ ਪੜ੍ਹਦੇ ਨਹੀਂ। ਅਤੇ ਅਸੀਂ ਤਾਂ ਲੋਕਾਂ ਦੇ ਲਈ ਹਾਂ। ਜ਼ਮਾਨਾਂ ਵੀ ਸਨਸ਼ਨੀਖੇਜ ਹੈ। ਲੋਕ ਵੀ ਸਨਸ਼ਨੀ ਚਾਹੁੰਦੇ ਹਨ। ਬੰਦੇ ਨੂੰ ਹਰ ਵੇਲੇ ਸਮੇਂ ਦੇ ਵਹਿਣ ਨਾਲ ਚੱਲਣਾ ਚਾਹੀਦਾ ਹੈ। ਗੱਡੀ ਇਕ ਵਾਰ ਪਟੜੀ ਉੱਤੋਂ ਉਤਰ ਗਈ ਤਾਂ ਉਸ ਨੂੰ ਪਟੜੀ ਉੱਤੇ ਲਿਆਉਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਹਮੇਸ਼ਾ ਪਟਰੀ ਉਤੇ ਰਹਿਣਾ ਪੈਂਦਾ ਹੈ। ਲੋਕਾਂ ਵਿਚ ਵਿਚਰਨਾ ਪੈਂਦਾ ਹੈ।

ਵਿਚਾਰ ਚਰਚਾ ਹੁੰਦੀਆਂ ਹਨ। ਸਮਾਗਮ ਹੁੰਦੇ ਹਨ। ਸੱਦਾ ਪੱਤਰ ਆਉਂਦੇ ਹਨ। ਕੋਈ ਕਥਾ ਕਰਾਉਂਦਾ ਹੈ, ਕੋਈ ਕੀਰਤਨ-ਪ੍ਰਵਚਨ ਕਰਾਉਂਦਾ ਹੈ, ਤੇ ਕੋਈ ਭ੍ਰਿਸ਼ਟਾਚਾਰ ਉੱਤੇ ਭਾਸ਼ਣ। ਅਸੀਂ ਕੁਝ ਮਸਾਲੇਦਾਰ ਬੋਲਣਾ ਹੁੰਦਾ ਹੈ, ਸੱਦਣ ਵਾਲਿਆਂ ਵੱਲ ਧਿਆਨ ਕਰਨਾ ਹੁੰਦਾ ਹੈ। ਉਸ ਦਿਨ ਆਪਣੀ ਸਥਿਤੀ ਗੋਧਨ ਦੇ ਤਿਓਹਾਰ ਉੱਤੇ ਬਲਦ ਵਰਗੀ ਹੁੰਦੀ ਹੈ। ਭਾਸ਼ਣ ਦਾ ਸੂਟ ਪਾ ਲੈਂਦਾ ਹਾਂ। ਭਾਸ਼ਣ ਵਿਚ ਚੁਟਕਲੇ, ਤਾੜੀਆਂ, ਹਮਦਰਦੀ ਵਾਲੇ ਵਾਕ, ਕੁਝ ਆਲੋਚਨਾ, ਕਿਸੇ ਨਵੀਂ ਗੱਲ ਦਾ ਜ਼ਿਕਰ, ਇਨ੍ਹਾਂ ਸਾਰਿਆਂ ਦੀ ਟੂਕਾਂ ਕੋਲ ਹੁੰਦੀਆਂ ਹੀ ਹਨ। ਉਨ੍ਹਾਂ ਉੱਤੇ ਕੇਵਲ ਇਕ ਨਜ਼ਰ ਫੇਰਨੀ ਹੁੰਦੀ ਹੈ, ਜਿਵੇਂ ਕਿ ਕਿਸੇ ਔਰਤ ਨੂੰ ਵੇਖਿਆ ਜਾਂਦਾ ਹੈ।



ਕਈ ਲੋਕ ਮੈਨੂੰ ਹੀ ਬੁਲਾਰੇ ਦੇ ਰੂਪ ਵਿਚ ਪਸੰਦ ਕਰਦੇ ਹਨ। ਮੈਂ ਬੜਾ ਬੈਲੇਸਿੰਗ ਬੋਲਦਾ ਹਾਂ। ਬਹੁਤ ਸਾਰੇ ਦਲਿਤ ਲੇਖਕ ਇਕ ਤਰਫ਼ਾ ਬੋਲਦੇ ਹਨ। ਹਿੰਦੂਆਂ ਦੇ ਦੇਵਤਿਆਂ ਨੂੰ ਗਾਲ੍ਹਾ ਦਿੰਦੇ ਹਨ। ਪਰੰਤੂ ਮੇਰੀਆਂ ਗੱਲਾਂ ਨੂੰ ਲੋਕ ਮੰਨਦੇ ਹਨ। ਮੈਂ ਵੀ ਹਰ ਥਾਂ ਜਾਂਦਾ ਹਾਂ। ਚਾਰ ਪੈਸੇ ਮਿਲ ਜਾਂਦੇ ਹਨ। ਚਾਰ ਅਖ਼ਬਾਰਾਂ ਵਿਚ ਨਾਂ ਛਪਦਾ ਹੈ। ਨਾਂ ਛਪ ਜਾਣ ਤੇ ਭਾਸ਼ਣਾ ਦੇ ਹੋਰ ਵੀ ਸੱਦਾ ਪੱਤਰ ਆਉਂਦੇ ਹਨ। ਖਾਣ ਨੂੰ ਚਿਕਨ ਮਿਲਦਾ ਹੈ। ਬੀਅਰ ਤੇ ਮਹਿੰਗੀ ਸ਼ਰਾਬ ਮਿਲਦੀ ਹੈ। ਰੇਸਟ ਹਾਊਸ ਦੀ ਮਹਿਮਾਨ ਨਿਵਾਜ਼ੀ ਮਿਲਦੀ ਹੈ। ਦੋ ਚਾਰ ਲੋਕਾਂ ਨਾਲ ਜਾਣ ਪਹਿਚਾਣ ਬਣਦੀ ਹੈ।

ਇਹ ਸਾਰਾ ਕੁਝ ਅੰਦੋਲਨ ਦਾ ਫ਼ਲ ਹੈ।

ਮੈਂ ਵਰਕਰਾਂ ਦੇ ਪ੍ਰਤੀ ਪ੍ਰਤੀਬੱਧ ਹਾਂ। ਵਰਕਰਾਂ ਦੇ ਘਰ ਆ ਜਾਣ ਉੱਤੇ ਲੱਗਦਾ ਹੈ ਕਿ ਪਤਨੀ ਦਾ ਭਰਾ ਆ ਗਿਆ। ਉਸਦੀ ਸੇਵਾ ਕਰਦਾ ਹਾਂ। ਉਸਨੂੰ ਖਵਾਉਂਦਾ ਪਿਉਂਦਾ ਹਾਂ। ਕੱਪੜੇ ਲੈ ਦਿੰਦੇ ਹਾਂ। ਆਪਣਾ ਚੰਦਾ ਵੀ ਦਿੰਦਾ ਹਾਂ। ਵਰਕਰ ਸੜਕ ਦਾ ਆਦਮੀ ਹੁੰਦਾ ਹੈ। ਮੇਰੇ ਬੰਗਲੇ ਵਿਚ ਆ ਕੇ ਉਸ ਨੂੰ ਮਾਣ ਤੇ ਅਚੰਭਾ ਵੀ ਹੁੰਦਾ ਹੈ। ਵਰਕਰ ਰੋਬੋਟ ਨਹੀਂ ਹੁੰਦਾ। ਇਹ ਵੀ ਇਨਸਾਨ ਹੁੰਦਾ ਹੈ। ਅੰਦੋਲਨ ਦੇ ਨਾਲ ਨਾਲ ਘਟੀਆਂ ਗੱਲਾਂ ਕਰਨ ਵਾਲੇ ਵਰਕਰ ਵੀ ਜਾਂ ਜਾਂਦੇ ਹਨ। ਇਕ ਦੋ ਦਿਨ ਡੇਰਾ ਲਾਈ ਰੱਖਦੇ ਹਨ। ਉਨ੍ਹਾਂ ਨੂੰ ਗ਼ਜ਼ਲਾਂ ਸੁਣਾਉਣਾ, ਬਹਿਸ ਕਰਨਾ, ਮੀਟ ਖਿਵਾਉਣਾ, ਸਾਰਾ ਕੁਝ ਚੰਗੇ ਢੰਗ ਨਾਲ ਹੁੰਦਾ ਹੈ।

ਕੋਈ ਵਰਕਰ ਤੰਬਾਕੂ ਖਾਣ ਵਾਲਾ ਹੁੰਦਾ ਹੈ। ਉਹਨੂੰ ਨਫ਼ਰਤ ਕਰਨ ਨਾਲ ਕਿਵੇਂ ਚੱਲੇਗਾ? ਉਹ ਆਪਣੇ ਅਨੁਭਵ ਐਨੇ ਆਵੇਗ ਨਾਲ ਦਿਲ ਖੋਲ ਕੇ ਦੱਸਦਾ ਹੈ । ਟੇਪ ਚੱਲਦੀ ਰਹਿੰਦੀ ਹੈ। ਮੈਂ ਵੀ ਉਸ ਨੂੰ ਹੱਲਾ ਸ਼ੇਰੀ ਦਿੰਦਾ ਹਾਂ। ਇਨ੍ਹਾਂ ਵਰਕਰਾਂ ਦੇ ਬਹੁਤ ਗਹਿਰੇ ਅਨੁਭਵਾ ਦੇ ਅਧਾਰ ਉੱਤੇ ਹੀ ਤਾਂ ਮੈਂ ਜੀ ਰਿਹਾ ਹਾਂ। ਵਰਕਰਾਂ ਦੇ ਨਾਲ ਬਹਿਸ ਕਰਦਾ ਹਾਂ ਤੇ ਲਿਖਦਾ ਹਾਂ। ਮੇਰੀਆਂ ਕਿਤਾਬਾਂ ਛਪ ਜਾਂਦੀਆਂ ਹਨ। ਪੁਸਤਕਾਂ ਉੱਤੇ ਬਹਿਸ ਹੁੰਦੀ ਹੈ। ਮੇਰੀਆਂ ਮੁਲਾਕਾਤਾਂ ਛਪ ਜਾਂਦੀਆਂ ਹਨ। ਭਾਸ਼ਣਾ ਦੇ ਸੱਦੇ ਆ ਜਾਂਦੇ ਹਨ। ਸੇਵਾ ਫ਼ਲ ਦੀ ਪ੍ਰਾਪਤੀ ਹੋ ਜਾਂਦੀ ਹੈ। ਪਾਠਕਾਂ ਦੀਆਂ ਚਿੱਠੀਆਂ ਆ ਜਾਂਦੀਆਂ ਹਨ। ਦੋ ਚਾਰ ਔਰਤਾਂ ਨਾਲ ਜਾਣ ਪਹਿਚਾਣ ਹੋ ਜਾਂਦੀ ਹੈ। ਸਭਾ, ਸੰਮੇਲਨਾਂ ਅਤੇ ਬੰਗਲਿਆਂ ਵਿਚ ਮੇਰਾ ਆਉਣਾ ਜਾਣਾ ਬਣਿਆ ਰਹਿੰਦਾ ਹੈ।

ਹੁਣ ਹਰ ਸ਼ਹਿਰ ਦੇ ਰੈਸਟ ਹਾਊਸ ਵਾਲੇ ਜਾਣੂ ਹੋ ਗਏ ਹਨ। ਹਰ ਇਕ ਸੂਟ ਜਾਣ ਪਛਾਣ ਵਾਲੇ ਦੋਸਤ ਦੇ ਵਾਂਗ ਜਾਣਿਆ ਪਛਾਣਿਆ ਹੁੰਦਾ ਹੈ। ਬੀਅਰ ਪੀ ਕੇ ਗੱਲਾਂ ਕਰਨ ਦੀ ਆਦਤ ਹੋ ਗਈ ਹੈ। ਲੋਕਾਂ ਦੀਆਂ ਸਮੱਸਿਆਵਾਂ ਵੀ ਉਹੀ ਹੁੰਦੀਆਂ ਹਨ। ਮੇਰਾ ਹੱਲ ਵੀ ਨਿਸਚਿਤ ਹੁੰਦਾ ਹੈ। ਬਸ ਸ਼ਹਿਰ ਵੱਖਰੇ ਵੱਖਰੇ ਹੁੰਦੇ ਹਨ। ਸਰੋਤੇ ਵੱਖਰੇ ਵੱਖਰੇ ਹੁੰਦੇ ਹਨ। ਹਰ ਸਾਲ ਮੈਂ ਇਕ ਵਿਸ਼ਾ ਲੱਭ ਲੈਂਦਾ ਹਾਂ। ਉਸੇ ਵਿਸ਼ੇ ਨੂੰ ਚਾਰੇ ਪਾਸੇ ਘੁਮਾਈ ਜਾਂਦਾ ਹਾਂ। ਤਰਕ ਨਾਲ ਲੋਕਾਂ ਦੀ ਭੀੜ 'ਕੱਠੀ ਕਰ ਲੈਂਦਾ ਹਾਂ। ਖ਼ਬਰ ਅਤੇ ਫੋਟੋ ਛਪਣ ਦੀ ਯੋਜਨਾ ਸਮਾਗਮ ਦੇ ਸੰਚਾਲਕ ਕਰਦੇ ਹਨ। ਮੈਨੂੰ ਅਖ਼ਬਾਰ ਦੀ ਕਟਿੰਗ ਭੇਜ ਦਿੰਦੇ ਹਨ। ਮੇਰਾ ਸਮਾਂ ਬਹੁਤ ਵਧੀਆਂ ਲੰਘ ਰਿਹਾ ਹੈ।

ਦਿਨੇਸ਼ ਦੇ ਨਾਲ ਮੈਂ ਚਾਹ ਪੀ ਰਿਹਾ ਹਾਂ।

"ਤੂੰ ਅੱਜ ਇਹ ਸੱਦਾ ਕਿਵੇਂ ਸਵੀਕਾਰ ਕਰ ਲਿਆ?"

"ਕਿਉਂ?"

"ਉਹ ਲੋਕ ਆਰ. ਆਰ. ਐਸ. ਵਾਲੇ ਹਨ।"

"ਆਪਣੇ ਵਿਚਾਰਾਂ ਨੂੰ ਕਿਸੇ ਵੀ ਮੰਚ ਉੱਤੇ ਪੇਸ਼ ਕਰਨ ਵਿਚ ਕਿਹੜਾ ਡਰ ਹੈ? ਸਾਡਾ ਆਪਣੇ

ਵਿਚਾਰਾਂ ਪ੍ਰਤੀ ਇਮਾਨਦਾਰ ਰਹਿਣਾ ਜ਼ਰੂਰੀ ਹੁੰਦਾ ਹੈ।"

"ਉਹ ਲੋਕ ਤੈਨੂੰ ਹਜ਼ਮ ਕਰਕੇ ਘਟਾਰ ਵੀ ਨਹੀਂ ਮਰਨਗੇ। ਤੇਰਾ ਤੱਖਾਪਨ ਖਤਮ ਹੋ ਜਾਵੇਗਾ। ਮੈਂ ਏਧਰ ਕੁਝ ਦਿਨਾਂ ਤੋਂ ਵੇਖ ਰਿਹਾ ਹਾਂ ਕਿ ਤੂੰ ਨਮਰਦ ਬਣ ਕੇ ਗੱਲਾਂ ਕਰ ਰਿਹਾਂ ਏਂ।"

"ਪਹਿਲਾਂ ਮੈਂ ਇਕ ਖਾਸ ਵਰਗ ਦੇ ਲਈ ਬੋਲਦਾ ਸੀ। ਹੁਣ ਮੈਨੂੰ ਸੁਣਨ ਦੇ ਲਈ ਕਈ ਵਰਗ ਦੇ ਲੋਕ ਆਉਂਦੇ ਹਨ। ਮੈਨੂੰ ਪਸੰਦ ਕਰਦੇ ਹਨ।"

ਦਿਨੇਸ ਚਲੇ ਗਿਆ। ਮੈਨੂੰ ਆਪਣੀ ਸੀਮਾ ਦਾ ਜ਼ਬਰਦਸਤ ਅਹਿਸਾਸ ਹੋ ਗਿਆ। ਮੈਂ ਬੇਚੈਨ ਹੋ ਉੱਠਿਆ। ਅੰਦੋਲਨ ਨੂੰ ਮੈਂ ਆਪਣੀ ਐਸ਼ ਦੀ ਵਸਤੂ ਬਣਾ ਦਿੱਤਾ ਸੀ।

ਮੈਂ ਪ੍ਰਬੰਧਕ ਨੂੰ ਫੋਨ ਕੀਤਾ। ਆਪਣੇ ਆਉਣ ਦੀ ਖ਼ਬਰ ਦਿੱਤੀ।

ਥੋੜੀ ਦੇਰ ਵਿਚ ਇਕ ਕਾਰ ਆ ਗਈ। ਕਾਰ ਵਿਚ ਮੈਨੂੰ ਇਕ ਆਲੀਸਾਨ ਬੰਗਲੇ ਵਿਚ ਲਿਆਂਦਾ ਗਿਆ। ਉਥੋਂ ਦੇ ਵਧੇਰੇ ਸੰਸਕਾਰ ਮੇਰੇ ਖਿਲਾਫ਼ ਸਨ।

ਏਧਰ ਮੇਰੀ ਭਾਸ਼ਾ ਸੁਧਰ ਰਹੀ ਸੀ। ਉਚਾਰਨ ਦਾ ਲਹਿਜਾ ਬ੍ਰਾਹਮਣੀ ਬਣਦਾ ਜਾ ਰਿਹਾ ਸੀ। ਪਹਿਰਾਵਾ ਵੀ ਸੱਭਿਆ ਹੋਈ ਜਾ ਰਿਹਾ ਸੀ। ਕੀ ਇਹ ਪਰਿਵਰਤਨ ਹੈ?

"ਯਾਤਰਾ ਕਿਸ ਤਰ੍ਹਾਂ ਦੀ ਰਹੀ?"

"ਥੱਕੇ ਹੋਵੋਗੇ?"

"ਨਹਾ ਲਓ?"

ਇਸ ਪਿਆਰ ਭਰੀ ਅਦਾਕਾਰੀ ਵਿਚ ਮੇਰਾ ਸਾਹ ਘੁੱਟਣ ਲੱਗ ਪਿਆ ਹੈ।

ਸਾਹੀ ਠਾਠ ਨਾਲ ਮੇਰਾ ਸਮਾਂ ਗੁਜਰ ਰਿਹਾ ਹੈ। ਖਾਣਾ, ਪੀਣਾ, ਗੱਲਾਂ ਕਰਨਾ। ਉਤਸਾਹ ਅਤੇ ਅਨੰਦ। ਮੇਰੀ ਆਓ ਭਗਤ ਕਰਨ ਵਾਲੇ ਬੜੇ ਸਭਿਆ ਤੇ ਖਾਂਦੇ ਪੀਂਦੇ ਘਰ ਦੇ ਹਨ। ਇਸ ਘਰ ਵਿਚ ਸੰਗੀਤ ਹੈ, ਕਲਾ ਹੈ, ਕਾਮ ਹੈ, ਲੋਕਾਂ ਦੀ ਭੀੜ ਹੈ। ਉਸਦੀ ਖੂਬਸੂਰਤ ਔਰਤ ਦੀ ਸੁੰਦਰਤਾ ਪਰੀਆਂ ਵਰਗੀ ਹੈ। ਮਨ ਖਿੜ ਉੱਠਦਾ ਹੈ। ਉਸ ਵਿਚ ਐਨੀ ਨਜ਼ਾਕਤ ਹੈ ਕਿ ਉਸਦੇ ਵੱਲ ਦੇਖਦਿਆਂ ਹੋਇਆ ਬੰਦਾ ਮੌਤ ਨੂੰ ਭੁਲ ਜਾਵੇ। ਦਯਾ ਪਵਾਰ, ਨਾਰਾਇਣ ਸੁਰਵੇ, ਲਕਸ਼ਮਣ ਮਾਨੇ ਅਤੇ ਪ੍ਰੋ ਈ. ਸੋਨਕਾਂਬਲੇ ਇਸ ਦੇ ਕੋਲ ਹੀ ਠਹਿਰਦੇ ਹਨ। ਅੰਮ੍ਰਿਤਾ ਪ੍ਰੀਤਮ, ਪੁ. ਲ. ਦੇਸ਼ ਪਾਂਡੇ, ਰਣਜੀਤ ਦਿਸਾਈ ਦੇ ਪੈਰਾਂ ਨਾਲ ਇਹ ਘਰ ਪਵਿੱਤਰ ਹੋ ਚੁੱਕਾ ਹੈ ਅਤੇ ਅੱਜ ਮੇਰੇ ਕਦਮਾ ਨੇ ਇਸ ਦੀ ਦਹਿਲੀਜ਼ ਨੂੰ ਭਾਗ ਲਾਏ ਹਨ।

ਪਰਿਵਾਰ ਦੇ ਨਾਲ ਮੇਰੀ ਵੀ ਤਸਵੀਰ ਉਤਾਰੀ ਜਾਂਦੀ ਹੈ। ਮੈਂ ਵੀ ਹੁਣ ਐਲਬਮ ਵਿਚ ਸ਼ਾਮਿਲ ਹੋ ਜਾਂਦਾ ਹਾਂ।

ਦੁਖ ਐਨੇ ਹੈ ਕਿ ਉਹ ਸੁੰਦਰ ਕੰਨਿਆ ਮੇਰੇ ਤੋਂ ਬਹੁਤ ਹੀ ਦੂਰ ਖੜੀ ਹੈ।

ਮੈਨੂੰ ਸਾਰਿਆਂ ਦੇ ਲਈ ਬੋਲਣਾ ਚਾਹੀਦਾ ਹੈ। ਕਿਸੇ ਦੀਆਂ ਭਾਵਨਾਵਾਂ ਨੂੰ ਦੁੱਖੀ ਕਰਨਾ ਕੀ ਠੀਕ ਹੈ?

"ਤੁਸੀਂ ਜਿਨ੍ਹਾਂ ਦੇ ਕੋਲ ਠਹਿਰ ਰਹੇ ਹੋ ਉਹ ਲੋਕ ਕੌਣ ਹਨ, ਇਸ ਦਾ ਕੁਝ ਪਤਾ ਹੈ?"

"ਨਹੀਂ, ਕਿਉਂ?"

"ਉਹ ਇਥੋਂ ਦੇ ਕੱਟੜ ਹਿੰਦੂਵਾਦੀ ਹਨ। ਪਿਛਲੇ ਸਾਲ ਇਸ ਸ਼ਹਿਰ ਵਿਚ ਦਲਿਤਾਂ ਦੀਆਂ ਪੰਜ ਝੁੱਗੀਆਂ ਸੜ ਗਈਆਂ ਸਨ। ਉਨ੍ਹਾਂ ਨੂੰ ਇਨ੍ਹਾਂ ਲੋਕਾਂ ਨੇ ਸਾੜ ਦਿੱਤਾ ਸੀ।"

"ਅਸੀਂ ਇਤਿਹਾਸ ਵਿਚ ਨਹੀਂ ਜਾਣਾ। ਲੋਕ ਬਦਲਦੇ ਹਨ। ਮੈਂ ਕਾਇਆ ਕਲਪ ਤੇ ਭਰੋਸਾ ਕਰਦਾ ਹਾਂ। ਮੈਂ ਪਰਿਵਰਤਨਸ਼ੀਲ ਹਾਂ। ਅੱਜ ਜਿਨ੍ਹਾਂ ਦੇ ਕੋਲ ਮੈਂ ਰੁਕਿਆ ਹੋਇਆ ਹਾਂ, ਉਨ੍ਹਾਂ ਨੇ ਧੁਰ ਅੰਦਰੋਂ ਮੈਨੂੰ



ਦੱਸ ਦਿੱਤਾ ਹੈ। ਉਹ ਜੇਕਰ ਜਾਤ-ਪਾਤ ਨੂੰ ਮੰਨਦੇ ਹੁੰਦੇ ਤਾਂ ਉਨ੍ਹਾਂ ਨੇ ਮੇਰਾ ਪ੍ਰਬੰਧ ਕਿਸੇ ਰੈਸਟ ਹਾਊਸ ਵਿਚ ਕਰ ਦਿੱਤਾ ਹੁੰਦਾ।"

"ਮੈਂ ਵੀ ਜਾਣਦਾ ਹਾਂ ਕਿ ਤੁਸੀਂ ਇਕ ਦਲਿਤ ਲੇਖਕ ਹੋ। ਤੁਸੀਂ ਏਥੇ ਅਮੀਰ ਘਰ ਦੇ ਮਹਿਮਾਨ ਬਣ ਕੇ ਰਹੋਗੇ ਅਤੇ ਸ਼ਾਮ ਨੂੰ ਆਲੀਸ਼ਾਨ ਥਿਏਟਰ ਵਿਚ ਸੂਟ ਪਾ ਕੇ ਦਲਿਤਾਂ ਦੇ ਦੁੱਖਾਂ ਦਰਦਾਂ ਉੱਤੇ ਬੋਲੋਗੇ। ਉਨ੍ਹਾਂ ਦੀ ਅਧੀਨਗੀ ਸਵਿਕਾਰ ਕਰੋਗੇ। ਇਹ ਸਾਰਾ ਕੁਝ ਤਰਕ ਸੰਗਤ ਹੈ। ਤੇਰਾ ਅਤੇ ਆਮ ਆਦਮੀ ਦਾ ਏਥੇ ਕੀ ਸਬੰਧ ਹੈ? ਤੁਸੀਂ ਆਮ ਆਦਮੀ ਦੇ ਦੁੱਖ ਦਾ ਬਜ਼ਾਰ ਸਜ਼ਾ ਰਹੇ ਹੋ?"

"ਦੇਖ ਮੇਰੀਆਂ ਕੁਝ ਸੀਮਾਵਾਂ ਹਨ। ਅੰਦੋਲਨ ਵਿਚ ਹਰ ਇਕ ਦਾ ਆਪਣਾ ਰੋਲ ਹੁੰਦਾ ਹੈ। ਵਰਕਰ ਨੂੰ ਕੰਮ ਕਰਨਾ ਚਾਹੀਦਾ ਹੈ, ਤਾਂ ਕਲਾਕਾਰ ਨੂੰ ਸੱਭਿਆਚਾਰਕ ਮੋਰਚੇ ਉੱਤੇ ਸ਼ਬਦਾਂ ਦੇ ਰਾਹੀਂ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਲੋਕਾਂ ਦਾ ਪੱਖ ਰੱਖਣਾ ਚਾਹੀਦਾ ਹੈ। ਮੈਂ ਆਪਣੀ ਪੱਧਰ ਉੱਤੇ ਕੰਮ ਕਰ ਰਿਹਾ ਹਾਂ। ਅੰਦੋਲਨ ਦੇ ਵਿਰੋਧ ਵਿਚ ਤਾਂ ਕੁਝ ਨਹੀਂ ਲਿਖ ਰਿਹਾ ਹਾਂ?"

"ਤੁਸੀਂ ਅੰਦੋਲਨ ਨੂੰ ਪੂੰਜੀ ਬਣਾ ਕੇ ਜੀ ਰਹੇ ਹੋ। ਸਮਝੇ? ਵਰਕਰ ਜੇਲ੍ਹ ਜਾ ਰਹੇ ਹਨ। ਅਤੇ ਤੂੰ ਏਧਰ ਸਭਾ ਸੰਮੇਲਨਾ ਵਿਚ ਇਨ੍ਹਾਂ ਲੋਕਾਂ ਦਾ ਸਤਿਕਾਰ ਅਤੇ ਆਓ ਭਗਤ ਸਵਿਕਾਰ ਕਰ ਰਿਹਾ ਏਂ। ਇਹ ਕਿੱਥੋਂ ਦੀ ਪ੍ਰਤੀਬੱਧਤਾ ਹੈ?"

"ਮੇਰੀਆਂ ਕੁਝ ਸੀਮਾਵਾਂ ਹਨ। ਮੈਂ ਵਰਕਰ ਤਾਂ ਨਹੀਂ ਹਾਂ। ਮੇਰੇ ਕੋਲੋਂ ਲੰਮੀਆਂ ਚੌੜੀਆਂ ਆਸਾਂ ਰੱਖਣੀਆਂ ਠੀਕ ਨਹੀਂ ਹੋਣਗੀਆਂ।"

"ਸਮਾਗਮ ਬਹੁਤ ਚੰਗਾ ਤੇ ਸ਼ਾਨਦਾਰ ਰਿਹਾ।"

"ਤੁਸੀਂ ਬਹੁਤ ਚੰਗਾ ਬੋਲੇ।"

"ਬਹੁਤ ਵੱਡੀ ਸੰਖਿਆ ਵਿਚ ਲੋਕ ਆਏ ਹੋਏ ਸਨ।"

"ਹਮੇਸ਼ਾ ਚੇਅਰਮੈਨ ਸਾਹਿਬ ਕਿਸੇ ਵੀ ਸਮਾਗਮ ਵਿਚ ਨਹੀਂ ਜਾਂਦੇ। ਪ੍ਰੰਤੂ ਅੱਜ ਆਪਣੇ ਸਮਾਗਮ ਵਿਚ ਆਪਣੀ ਪੂਰੀ ਸਰਧਾ ਨਾਲ ਹਾਜ਼ਿਰ ਸਨ। ਜਾਣਕਾਰ ਲੋਕ ਆ ਗਏ ਸਨ। ਤੁਸੀਂ ਲੋਕਾਂ ਦਾ ਮਨ ਜਿੱਤ ਲਿਆ। ਬਹੁਤ ਦਿਨਾਂ ਤੋਂ ਬਾਅਦ ਚੰਗਾ ਭਾਸ਼ਣ ਸੁਣਨ ਨੂੰ ਮਿਲਿਆ ਹੈ। ਇਸ ਗੱਲ ਦੀ ਉਨ੍ਹਾਂ ਨੂੰ ਬੜੀ ਤਸੱਲੀ ਹੋਈ। ਕੁਝ ਦਿਨ ਪਹਿਲਾਂ ਜਿਹੜੇ ਬੁਲਾਰੇ ਆਏ ਸਨ। ਉਨ੍ਹਾਂ ਦਾ ਨਾਂ ਲੈਣ ਦੀ ਭਲਾ ਕੀ ਤੁਕ ਸੀ। ਪਰੰਤੂ ਐਨੀ ਦੂਰੀ ਪੀ ਚੁੱਕੇ ਸੀ ਕਿ ਠੀਕ ਤਰ੍ਹਾਂ ਬੋਲਣਾ ਤਾਂ ਦੂਰ ਦੀ ਗੱਲ ਸੀ, ਖਾਣਾ ਵੀ ਠੀਕ ਤਰ੍ਹਾਂ ਨਹੀਂ ਖਾ ਸਕੇ। ਉਨ੍ਹਾਂ ਨੇ ਸਾਨੂੰ ਬਹੁਤ ਤਕਲੀਫ਼ ਦਿੱਤੀ। ਤੁਹਾਡਾ ਸੁਭਾ ਸਾਨੂੰ ਪਸੰਦ ਆ ਗਿਆ। ਠੀਕ ਹੈ ਬਾਹਰ ਅੰਦਰ ਜਾਣ ਤੇ ਬੰਦਾ ਪੀ ਲੈਂਦਾ ਹੈ। ਅਸੀਂ ਮਨ੍ਹਾਂ ਨਹੀਂ ਕਰਦੇ। ਅਸੀਂ ਵੀ ਪੀਂਦੇ ਹਾਂ। ਪ੍ਰੰਤੂ ਸਮਾਗਮ ਤੋਂ ਬਾਅਦ ਹੀ ਪੀਣੀ ਠੀਕ ਹੈ।"

"ਹੁਣ ਅਸੀਂ ਚੇਅਰਮੈਨ ਸਾਹਿਬ ਦੇ ਘਰ ਚਾਹ ਉੱਤੇ ਜਾਣਾ ਹੈ।"

ਮੁੱਖੀ, ਪ੍ਰਧਾਨ, ਚੇਅਰਮੈਨ, ਹੈੱਡ ਆਫ ਦੀ ਡਿਪਾਰਟਮੈਂਟ ਸਮਾਗਮ ਦੇ ਪ੍ਰਬੰਧਕ, ਅਧਿਆਪਕ, ਸ਼ਹਿਰ ਦੇ ਪੁਰਾਤਨ ਰਾਮ ਮੰਦਿਰ, ਨ੍ਰਿਤ ਥਿਏਟਰ, ਇਥੋਂ ਦੀ ਪ੍ਰਸਿੱਧ ਮਿੱਲ੍ਹ। ਕਈ ਸਥਾਨ ਵੇਖੇ। ਕਿੰਨੇ ਚੰਗੇ ਲੋਕ ਹਨ ਇਹ! ਕਿਤੇ ਵੀ ਕੋਈ ਵਿਤਕਰਾ ਨਹੀਂ। ਅਪਣੱਤ, ਮਿੱਤਰਤਾ ਅਤੇ ਪਿਆਰ ਦਾ ਪ੍ਰਗਟਾਵਾ ਅਤੇ ਹਰ ਇਕ ਵਿਚਾਰ ਵਿਚ ਸਭਿਆ ਸੁਭਾ ਪ੍ਰਗਟ ਹੋ ਰਿਹਾ ਸੀ। ਅਸੀਂ ਐਵੇਂ ਹੀ ਇਨ੍ਹਾਂ ਦੇ ਵਿਰੋਧ ਵਿਚ ਹੁਣ ਤੱਕ ਲਿਖਿਆ, ਬੋਲਦੇ ਰਹੇ। ਸਾਡਾ ਆਪਸੀ ਸੰਵਾਦ ਹੋਣਾ ਚਾਹੀਦਾ ਹੈ। ਇਸ ਨਾਲ ਸਾਰੀਆਂ ਗ਼ਲਤ ਫਹਿਮੀਆਂ ਦੂਰ ਹੋ ਜਾਣਗੀਆਂ।

ਸਾਰਿਆਂ ਤੋਂ ਵਿਦਾਇਗੀ ਲੈਂਦਿਆਂ ਹੋਇਆ ਕਿੰਨਾ ਕਸ਼ਟ ਹੋਵੇਗਾ।

"ਭਾਈ ਸਾਹਿਬ ਅਸੀਂ ਜਾਤੀਭੇਦ ਨੂੰ ਨਹੀਂ ਮੰਨਦੇ। ਕੱਲ ਤੱਕ ਸਾਡੇ ਕੋਲ ਇਕ ਦਲਿਤ ਵਿਦਿਆਰਥੀ ਰਹਿੰਦਾ ਸੀ। ਮੇਰੀ ਚਾਹ ਵੀ ਉਹ ਬਣਾ ਦਿੰਦਾ ਸੀ।"

ਮੈਂ ਸੁਣ ਕੇ ਧੰਨ ਹੋ ਗਿਆ।

ਮੇਰੇ ਸਾਹਮਣੇ ਰੱਖੀ ਹੋਈ ਚਾਹ ਦੀ ਪਿਆਲੀ ਕਹਿਣ ਉੱਤੇ ਵੀ ਮਹਿਰੀ ਚੁੱਕ ਕੇ ਨਹੀਂ ਲਗਾਈ। ਇਹ ਵੇਖ ਉਸਦੀ ਸੁੰਦਰ ਕੰਨਿਆ ਵੀ ਉੱਠ ਪਈ ਅਤੇ ਜਾਂਦੇ ਹੋਇਆ ਮੇਰੀ ਚਾਹ ਦੀ ਪਿਆਲੀ ਅਤੇ ਪਾਣੀ ਦਾ ਗਿਲਾਸ ਚੁੱਕ ਕੇ ਲੈ ਗਈ।

ਕੁਝ ਦੇਰ ਬਾਅਦ ਮੈਂ ਉਸ ਘਰ ਵਿਚੋਂ ਵਿਦਾ ਹੋਇਆ। ਬੱਸ ਅੱਡੇ ਉੱਤੇ ਚੜਾਉਣ ਲਈ ਦਿਨੇਸ਼ ਹਾਜ਼ਿਰ ਸੀ। ਉਸ ਨੂੰ ਮੈਂ ਦੱਸਿਆ ਕਿ ਮੇਰੀ ਖ਼ਬਰ ਫੋਟੋ ਦੇ ਨਾਲ ਵੱਡੇ ਅੱਖਰਾਂ ਵਿਚ ਆਉਣੀ ਚਾਹੀਦੀ ਹੈ।

"ਤੈਨੂੰ ਪਤਾ ਹੈ ਤੇਰੇ ਵੱਲੋਂ ਵਰਤੇ ਗਏ ਸਾਰੇ ਭਾਂਢੇ ਵੱਖਰੇ ਰੱਖੇ ਹੋਏ ਸੀ। ਜਿਹੜੇ ਕੱਪੜਿਆਂ ਦੀ ਤੂੰ ਵਰਤੋਂ ਕੀਤੀ ਸੀ, ਉਹ ਸਾਰੇ ਹੁਣੇ ਨੈਸ਼ਨਲ ਲਾਂਡਰੀ ਵਿਚ ਧਵਾਉਣ ਲਈ ਭੇਜ ਦਿੱਤੇ ਸਨ। ਚਾਹੇ ਤੂੰ ਇਹ ਵੇਖ ਸਕਦਾ ਏਂ।"

ਮਹਿਰੀ ਜਦੋਂ ਮੇਰੇ ਭਾਂਡੇ ਚੁੱਕਣ ਲੱਗੀ ਸੀ ਤਾਂ ਉਦੋਂ ਸਾਰੇ ਲੋਕ ਕਿੰਨੇ ਪਰੇਸ਼ਾਨ ਹੋ ਗਏ ਸਨ! ਦਿਨੇਸ਼ ਦੇ ਕਹਿਣ ਵਿਚ ਸੱਚਾਈ ਹੈ। ਉਸ ਘਰ ਵਿਚ ਮੇਰੇ ਲਈ ਹਰ ਇਕ ਚੀਜ਼ ਵੱਖਰੀ ਰੱਖੀ ਹੋਈ ਸੀ। ਉਥੇ ਹੀ ਸ਼ਾਲ, ਪਿਆਲਾ, ਉਥੇ ਹੀ ਕੋਟ, ਉਥੇ ਹੀ ਥਾਲੀ, ਉਥੇ ਕੁਰਸੀ।

"ਤੁਸੀਂ ਦਲਿਤ ਲੇਖਕ ਉਨ੍ਹਾਂ ਦੇ ਘਰ ਜਾ ਕੇ ਰਹਿਣ ਲੱਗਦੇ ਹੋ ਤਾਂ ਉਨ੍ਹਾਂ ਦੀ ਪ੍ਰਗਤੀਸ਼ੀਲਤਾ ਨੂੰ ਚਾਰ ਚੰਨ ਲੱਗ ਜਾਂਦੇ ਹਨ। ਸਮਝ ਗਏ? ਉਹ ਇਸ ਪਿੰਡ ਵਿਚ ਰਹਿਣ ਵਾਲੇ ਦਲਿਤ ਬੰਦੇ ਨੂੰ ਮਾਮੂਲੀ ਭੀਖ ਤੱਕ ਨਹੀਂ ਦਿੰਦੇ!"

ਦਿਨੇਸ਼ ਦੇ ਸ਼ਬਦ ਮੇਰੇ ਸੀਨੇ ਵਿਚ ਆਰ ਪਾਰ ਖੁੱਭ ਰਹੇ ਸਨ ਅਤੇ ਮੈਂ ਮਿੱਟੀ ਦੇ ਢੇਰ ਦੀ ਤਰ੍ਹਾਂ ਸੰਵੇਦਨਹੀਣ ਬਣ ਗਿਆ ਸੀ। ਉਸ ਘਰ ਦੀਆਂ ਸੀਮਾਵਾਂ ਨੂੰ ਮੈਂ ਜਾਣ ਲਿਆ ਸੀ। ਮੇਰੀ ਆਪਣੀ ਅਤੇ ਉਨ੍ਹਾਂ ਦੀ ਇਨਸਾਨੀਅਤ ਦੀਆਂ ਸੀਮਾਵਾਂ ਨੂੰ ਵੀ। ✪





ਪੰਜਾਬੀ ਗਲਪ ਵਿਚ ਮਹੱਤਵਪੂਰਨ ਥਾਂ ਰੱਖਣ ਵਾਲੇ ਸੁੱਘੜ ਕਥਾਕਾਰ **ਕੁਲਜੀਤ** ਦਾ ਵੱਡ ਅਕਾਰੀ ਨਾਵਲ ਜੋ ਹੁਣ ਤੱਕ ਚਰਚਾ ਦਾ ਕੇਂਦਰ ਬਿੰਦੂ ਰਿਹਾ

# ਕਿੱਟੀ ਮਾਰਸ਼ਲ

'ਕਿੱਟੀ ਮਾਰਸ਼ਲ' ਪਰਵਾਸੀ ਜੀਵਨ ਦੀਆਂ ਸਮਾਜਕ ਤੇ ਪਰਿਵਾਰਕ ਦੁਸ਼ਵਾਰੀਆਂ, ਮਾਨਸਿਕ ਗੁੰਝਲਾ ਤੇ ਰਿਸ਼ਤਿਆਂ ਦੇ ਤਿੜਕਣ ਦੀ ਗਾਥਾ ਹੈ। ਪਦਾਰਥਕ ਲਾਲਸਾਵਾਂ ਘੁੰਮਣਘੇਰੀ ਵਿਚ ਘਿਰੇ ਕਿਰਦਾਰ ਅਨੇਕਾਂ ਵਿਸੰਗਤੀਆਂ ਵਿਚ ਜੀਣ ਲਈ ਮਜਬੂਰ ਹ

ਇਸ ਨਾਵਲ ਨੂੰ ਪਾਠਕਾਂ ਵਲੋਂ ਭਰਪੂਰ ਹੰਗਾਰਾ ਮਿਲਣ ਤੇ
ਨਵਾਂ ਕਹਾਣੀ ਸੰਗ੍ਰਹਿ ਲੋਕ ਗੀਤ ਪ੍ਰਕਾਸ਼ਨ ਵਲੋਂ
ਬਹੁਤ ਜਲਦੀ ਛਪ ਕੇ ਆ ਰਿਹਾ ਹੈ।

ਮੁੱਲ: 495 ਰੁਪਏ, ਪੰਨੇ: 420

ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ





**ਪਰਵਾਜ਼ ਪ੍ਰਕਾਸ਼ਨ ਜਲੰਧਰ ਵਲੋਂ ਪ੍ਰਕਾਸ਼ਤ ਨਵੀਂ ਪੁਸਤਕ-**
**ਦਲਿਤ ਸਮਾਜ (ਲੇਖ ਸੰਗ੍ਰਹਿ)**
**ਜਿਸ ਨੂੰ ਸੰਪਾਦਤ ਕੀਤਾ ਹੈ ਪਰਮਜੀਤ ਦੁਸਾਂਝ ਨੇ।**
**288 ਪੰਨਿਆਂ ਦੀ ਇਹ ਪੁਸਤਕ ਅਨੇਕਾਂ ਨਵੇਂ ਮੁੱਦੇ ਉਭਾਰਦੀ ਹੈ।**




**ਮੁੱਲ 280 ਰੁ., ਪੰਨੇ 288**

ਪਰਮਜੀਤ ਦੁਸਾਂਝ ਨੇ ਮਾਨਵਵਾਦੀ, ਅੰਬੇਡਕਰਵਾਦੀ, ਸਿੱਖੀ, ਖੱਬੇ ਪੱਖੀ-ਮਾਰਕਸਵਾਦੀ ਸੋਚ ਰੱਖਣ ਵਾਲੇ ਵਿਦਵਾਨਾਂ ਕੋਲੋਂ ਉਚੇਚਾ ਜਤਨ ਕਰਕੇ ਪੰਜਾਬ ਦੇ ਦਲਿਤ ਸਮਾਜ ਬਾਰੇ ਲੇਖ ਲਿਖਵਾ ਕੇ ਆਪਸ ਵਿਚ ਸਭ ਦਾ ਸੰਵਾਦ ਰਚਾਇਆ ਹੈ। ਇਸ ਤਰ੍ਹਾਂ ਦਾ ਸੰਵਾਦ ਤੋਰਨ ਵਾਲੀ ਸਾਇਦ ਇਹ ਪਹਿਲੀ ਸੰਪਾਦਤ ਪੁਸਤਕ ਹੈ। ਸਾਰੇ ਚਿੰਤਕਾਂ ਨੇ ਸਹਿਜਤਾ ਨਾਲ ਸੰਵਾਦ ਤੋਰਿਆ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਸ ਪੁਸਤਕ ਰਾਹੀਂ ਬੁੱਧੀਜੀਵੀ ਵਰਗ 'ਚ ਪੰਜਾਬ 'ਚ ਜਾਤ ਪਾਤ ਦੇ ਮਸਲੇ ਨੂੰ ਲੈ ਕੇ, ਉਨ੍ਹਾਂ ਦੀ ਸਮਾਜਿਕ ਸਪੇਸ ਨੂੰ ਲੈ ਕੇ, ਰਾਜੀਤਿਕ ਪਹੁੰਚ ਨੂੰ ਲੈ ਕੇ ਅਤੇ ਧਾਰਮਿਕ ਖੁਦਮੁਖਤਾਰੀ ਨੂੰ ਲੈ ਕੇ ਉਸਾਰੂ ਸੰਵਾਦ ਤੁਰੇਗਾ। ਇਸ ਪੁਸਤਕ ਵਿਚ ਹੇਠ ਲਿਖੇ ਵਿਦਵਾਨਾਂ ਦੇ ਲੇਖ ਹਨ।

**Parwaz Parkashan**
Vill. Dharampur, P.O. Khambra
Distt.Jalandhar-144026,Punjab. Ph. 94170-64350
e-mail:parwazparkashan@gmail.com
Web:www.parwazparkashan.com

## ਕੌਮਾਂਤਰੀ ਲੇਖਕ ਮੰਚ (ਕਲਮ) ਵੱਲੋਂ ਬਾਪੂ ਜਗੀਰ ਸਿੰਘ ਕੰਬੋਜ ਯਾਦਗਾਰੀ ਪੁਰਸਕਾਰ ਸਮਾਰੋਹ ਤੇ ਕਵੀ ਦਰਬਾਰ

ਕੌਮਾਂਤਰੀ ਲੇਖਕ ਮੰਚ (ਕਲਮ) ਇਕ ਵਾਰ ਫਿਰ ਤੁਹਾਡੇ ਨਾਲ ਆਪਣੀਆਂ ਮੋਹ-ਤੰਦਾਂ ਪੱਕੀਆਂ ਕਰਨ ਦੀ ਪਹਿਲ-ਕਦਮੀਂ ਦਾ ਹੁੰਗਾਰਾ ਸੁਣਨ-ਹਿਤ ਤੁਹਾਨੂੰ ਮੁਖ਼ਾਤਿਬ ਹੋਣ ਜਾ ਰਿਹਾ ਹੈ, "ਬਾਪੂ ਜਗੀਰ ਸਿੰਘ ਕੰਬੋਜ ਯਾਦਗਾਰੀ ਪੁਰਸਕਾਰ ਸਮਾਰੋਹ ਤੇ ਵਿਸ਼ਾਲ ਕਵੀ-ਦਰਬਾਰ ਰਾਹੀਂ। ਜ਼ਾਹਿਰ ਹੈ ਕਿ ਤੁਹਾਡੀ ਹਾਜ਼ਰੀ ਸਾਡੇ ਲਈ ਮਾਣ-ਮੱਤੇ ਅਹਿਸਾਸ ਦੀ ਜ਼ਾਮਨ ਹੋਵੇਗੀ। ਹੇਠ ਲਿਖੇ ਪ੍ਰੋਗਰਾਮ ਅਨੁਸਾਰ ਦਰਸ਼ਨ ਦੇਣ ਦੀ ਖੇਚਲ ਕਰਨਾ ਜੀ !

ਥਿੱਤ-ਵਾਰ : 13 ਦਸੰਬਰ, 2014, ਦਿਨ ਸ਼ਨਿਚਰਵਾਰ
ਸਮਾਂ: 10.30 ਵਜੇ ਸਵੇਰੇ
ਸਥਾਨ: ਜੀ. ਜੀ. ਐੱਚ ਜੀ. ਬੇਟ ਖਾਲਸਾ ਸੀਨੀ. ਸੈਕੰਡਰੀ ਸਕੂਲ, ਮਹਿਤਪੁਰ, ਤਹਿ: ਨਕੋਦਰ, ਜ਼ਿਲ੍ਹਾ: ਜਲੰਧਰ

ਪੁਰਸਕਾਰ :
1. ਬਾਪੂ ਜਗੀਰ ਸਿੰਘ ਕੰਬੋਜ ਯਾਦਗਾਰੀ ਕਲਮ ਪੁਰਸਕਾਰ
:ਡਾ. ਐੱਸ. ਤਰਸੇਮ
2. ਡਾ. ਕੇਸਰ ਸਿੰਘ ਕੇਸਰ ਯਾਦਗਾਰੀ ਕਲਮ ਪੁਰਸਕਾਰ
:ਡਾ. ਸੁਖਦੇਵ ਸਿੰਘ ਸਿਰਸਾ
3. ਸ਼ਾਇਰ ਬਲਵਿੰਦਰ ਰਿਸ਼ੀ ਯਾਦਗਾਰੀ ਕਲਮ ਪੁਰਸਕਾਰ
:ਜਸਵੰਤ ਜ਼ਫ਼ਰ
4. ਨਵ-ਪ੍ਰਤਿਭਾ ਕਲਮ ਪੁਰਸਕਾਰ
:ਅਨਿਲ ਆਦਮ

*ਕਵੀ ਦਰਬਾਰ : ਸ਼ਾਇਰੀ ਦੇ ਅੰਬਰ ਨੂੰ ਰਸ਼ਨਾਉਣ ਵਾਲੇ ਸ਼ਾਇਰਾਂ ਦੀ ਕਾਵਿਕਾਰੀ ਦਾ ਨਿਰੰਤਰ ਪ੍ਰਵਾਹ*

ਹੁੰਗਾਰੇ ਦੀ ਉਡੀਕ ਵਿਚ
ਸੁਖਵਿੰਦਰ ਕੰਬੋਜ
(ਚੇਅਰਮੈਨ ਕਲਮ)
ਕੁਲਵਿੰਦਰ
(ਉਪ ਚੇਅਰਮੈਨ ਕਲਮ)
ਲਖਵਿੰਦਰ ਜੌਹਲ
(ਪ੍ਰਧਾਨ ਕਲਮ)

ਸਵਾਗਤ ਕਰਦਾ
ਸ਼੍ਰੀਮਤੀ ਮਨਪ੍ਰੀਤ ਕੌਰ ਵਿਰਕ
(ਪ੍ਰਿੰਸੀਪਲ)
ਸੁਰਜੀਤ ਜੱਜ
94173-04446
(ਜਨਰਲ ਸਕੱਤਰ ਕਲਮ)



# ਗਰਾਮ ਪੰਚਾਇਤ ਦੁਧਾਲਾ

## ਬਲਾਕ ਔੜ, ਜ਼ਿਲ੍ਹਾ : ਸ਼ਹੀਦ ਭਗਤ ਸਿੰਘ ਨਗਰ

***ਪੰਚਾਇਤ ਦੀਆਂ ਮੰਗਾਂ***

1. ਜਿਮ ਦੀ ਬਿਲਡੰਗ ਦੀ ਉਸਾਰੀ
2. ਆਂਗਨਬਾੜੀ ਸੈਂਟਰ ਦੀ ਉਸਾਰੀ
3. ਗਲੀਆਂ ਨਾਲੀਆਂ ਪੱਕੀਆਂ ਕਰਨਾ
4. ਲੈਟਰੀਨਾਂ ਦੀ ਉਸਾਰੀ
5. ਕਮਿਊਨਿਟੀ ਸੈਂਟਰ ਦੀ ਉਸਾਰੀ
6. ਲਾਇਬਰੇਰੀ ਦੀ ਉਸਾਰੀ
7. ਸਟਰੀਟ ਲਾਇਟਾਂ ਦਾ ਪ੍ਰਬੰਧ

**ਪੰਚਾਇਤ ਵਲੋਂ ਕੀਤੇ ਗਏ ਕਾਰਜ**

1. ਸ਼ਮਸ਼ਾਨ ਘਾਟ ਦੀ ਇਮਾਰਤ ਦੀ ਉਸਾਰੀ
2. ਪਸ਼ੂ ਹਸਪਤਾਲ 'ਚ ਲੈਟਰੀਨ ਤੇ ਬਾਥਰੂਮ ਦੀ ਉਸਾਰੀ
3. ਗਲੀਆਂ ਨਾਲੀਆਂ ਦੀ ਉਸਾਰੀ
4. ਨਰੇਗਾ ਤਹਿਤ ਪੰਚਾਇਤ ਜ਼ਮੀਨ ਨੂੰ ਸਮਤਲ ਕਰਨ ਦਾ ਕਾਰਜ



ਸਰਪੰਚ
ਸ੍ਰ.ਸਤਨਾਮ ਸਿੰਘ



ਰਾਮ ਲੁਭਾਇਆ



ਹਰਪਾਲ ਸਿੰਘ,



ਲਛਮਣ ਦਾਸ



ਬਹਾਦਰ ਸਿੰਘ



ਸਤਨਾਮ ਕੌਰ

ਸਰਪੰਚ ਸ੍ਰ. ਸਤਨਾਮ ਸਿੰਘ
(94178-79039)
ਪੰਚ ਸ੍ਰ. ਬਹਾਦਰ ਸਿੰਘ,
ਪੰਚ ਸ੍ਰ. ਹਰਪਾਲ ਸਿੰਘ, ਪੰਚ ਸ਼੍ਰੀ ਰਾਮ ਲੁਭਾਇਆ, ਪੰਚ ਸ਼੍ਰੀ ਲਛਮਣ ਦਾਸ,
ਪੰਚ ਸ਼੍ਰੀਮਤੀ ਸਤਨਾਮ ਕੌਰ,
ਪੰਚ ਸ੍ਰ. ਹਰਭਜਨ ਸਿੰਘ,
ਪੰਚ ਸ਼੍ਰੀਮਤੀ ਕਾਂਤਾ ਰਾਣੀ